ਐਤਵਾਰ, 12 ਅਕਤੂਬਰ, 2025
27 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 132

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 12 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪ੍ਰੂਫ਼-ਰੀਡ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

# ਵਿਰੋਧੀ ਪਾਰਟੀਆਂ ਬਦਲਾਖ਼ੋਰੀ ਦੇ ਉਦੇਸ਼ ਨਾਲ ਚਾਹੁੰਦੀਆਂ ਸੱਤਾ : ਭਗਵੰਤ ਮਾਨ

## ਰਾਮਪੁਰਾ ਫੂਲ ਵਿਖੇ ਨਵਾਂ ਬਣਿਆ ਰੇਲਵੇ ਓਵਰ ਬ੍ਰਿਜ ਲੋਕਾਂ ਨੂੰ ਸਮਰਪਤ



**ਰਾਮਪੁਰਾ ਫੂਲ (ਬਠਿੰਡਾ)** : ਪੰਜਾਬ ਸਰਕਾਰ ਵਿਰੁੱਧ ਗੁਮਰਾਹਕੁੰਨ ਪ੍ਰਚਾਰ ਲਈ ਵਿਰੋਧੀ ਪਾਰਟੀਆਂ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਲੋਕਾਂ ਦੀ ਸੇਵਾ ਕਰਨ ਦੀ ਬਜਾਏ ਸਿਰਫ਼ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਅਤੇ ਬਦਲਾਖੋਰੀ ਦੇ ਉਦੇਸ਼ ਨਾਲ ਸੱਤਾ ਵਿੱਚ ਆਉਣਾ ਚਾਹੁੰਦੇ ਹਨ।

ਇੱਥੇ ਰੇਲਵੇ ਓਵਰ ਬ੍ਰਿਜ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾ ਤੋਂ ਈਰਖਾ ਕਰਦੀਆਂ ਹਨ, ਕਿਉਂਕਿ ਉਹ ਇਹ ਹਜ਼ਮ ਨਹੀਂ ਕਰ ਪਾ ਰਹੀਆਂ ਕਿ ਇੱਕ ਆਮ ਪਰਵਾਰ ਨਾਲ ਸੰਬੰਧਤ ਵਿਅਕਤੀ ਸੂਬੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾ ਰਿਹਾ ਹੈ। ਉਨ੍ਹਾ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਦੇ ਲੋਕ-ਵਿਰੋਧੀ ਅਤੇ ਪੰਜਾਬ-ਵਿਰੋਧੀ ਸਟੈਂਡ ਕਾਰਨ ਸੂਬੇ ਦੇ ਲੋਕਾਂ ਦਾ ਉਨ੍ਹਾਂ ਤੋਂ ਵਿਸ਼ਵਾਸ ਉੱਠ ਗਿਆ ਹੈ। ਮਾਨ ਨੇ ਕਿਹਾ ਕਿ ਸੂਬੇ ਦੇ ਲੋਕ ਪੰਜਾਬ ਨੂੰ ਬਰਬਾਦ ਕਰਨ ਜਾਂ ਸ੍ਰੀ ਹਰਿਮੰਦਰ ਸਾਹਿਬ 'ਤੇ ਟੈਂਕਾਂ-ਤੋਪਾਂ ਨਾਲ ਹਮਲਾ ਕਰਨ ਵਾਲੀਆਂ ਇਨ੍ਹਾਂ ਪਾਰਟੀਆਂ ਨੂੰ ਕਦੇ ਮੁਆਫ਼ ਨਹੀਂ ਕਰਨਗੇ।

ਸੁਖਬੀਰ ਸਿੰਘ ਬਾਦਲ ਦੇ ਕਿਸਾਨ ਹੋਣ ਦੇ ਦਾਅਵੇ 'ਤੇ ਵਿਅੰਗ ਕੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਆਗੂ ਨੂੰ ਇਹ ਰਾਜ਼ ਹਰ ਇੱਕ ਨੂੰ ਖੁੱਲ੍ਹ ਕੇ ਦੱਸਣਾ ਚਾਹੀਦਾ ਹੈ ਕਿ ਖੇਤੀ ਕਰਕੇ ਏਨਾ ਵੱਡਾ ਟਰਾਂਸਪੋਰਟ ਕਾਰੋਬਾਰ ਅਤੇ ਹੋਟਲ ਕਿਵੇਂ ਬਣਾਏ ਜਾ ਸਕਦੇ ਹਨ। ਹਰ ਕੋਈ ਜਾਣਦਾ ਹੈ ਕਿ ਅਕਾਲੀਆਂ ਨੇ ਸੂਬੇ ਦੀ ਦੌਲਤ ਨੂੰ ਰੱਜ ਕੇ ਲੁੱਟਿਆ ਹੈ, ਜਿਸ ਨਾਲ ਉਨ੍ਹਾਂ ਆਪਣੇ ਇਹ ਵੱਡੇ ਕਾਰੋਬਾਰ ਸਥਾਪਤ ਕੀਤੇ ਹਨ। ਇਨ੍ਹਾਂ ਲੋਕਾਂ ਨੇ ਸੂਬੇ ਵਿੱਚ ਚਿੱਟੇ ਦਾ ਨਸ਼ਾ ਲਿਆਂਦਾ ਅਤੇ ਇਸ ਨੂੰ ਸਰਪ੍ਰਸਤੀ ਦਿੱਤੀ, ਜਿਸ ਨਾਲ ਵੱਡੇ ਪੱਧਰ 'ਤੇ ਪੀੜ੍ਹੀਆਂ ਦਾ ਘਾਣ ਹੋਇਆ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਸੂਬੇ ਵਿੱਚ 19,000 ਕਿਲੋਮੀਟਰ ਤੋਂ ਵੱਧ ਲਿੰਕ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਮੁਹਿੰਮ ਦਾ • ਬਾਕੀ ਸਫਾ 2 'ਤੇ

## ਨੌਜਵਾਨਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਇਆ ਜਾਵੇਗਾ

**ਬਰਨਾਲਾ (ਰਾਜਿੰਦਰ ਬਰਾੜ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਉਨ੍ਹਾਂ ਨੂੰ ਦੇਸ਼ ਅਤੇ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਬਰਾਬਰ ਦੇ ਭਾਈਵਾਲ ਬਣਾਇਆ ਜਾ ਸਕੇ।ਐਸ ਡੀ ਕਾਲਜ ਬਰਨਾਲਾ ਵਿਖੇ ਕਰਵਾਏ ਗਏ ਖੇਤਰੀ ਯੁਵਕ ਮੇਲੇ ਵਿੱਚ ਭਾਗੀਦਾਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਅਤੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਹੋਰ ਇਨਕਲਾਬੀ ਨਾਇਕਾਂ ਤੋਂ ਪ੍ਰੇਰਨਾ ਲੈਣ ਲਈ ਕਿਹਾ।ਉਨ੍ਹਾ ਕਿਹਾ ਕਿ ਇਨ੍ਹਾਂ ਨੌਜਵਾਨ ਨਾਇਕਾਂ ਦੇ ਆਦਰਸ਼ ਅਤੇ ਕੁਰਬਾਨੀਆਂ ਅੱਜ ਦੇ ਨੌਜਵਾਨਾਂ ਨੂੰ ਦੇਸ਼ ਦੀ ਨਿਰਸਵਾਰਥ ਸੇਵਾ ਵਾਸਤੇ ਪ੍ਰੇਰਿਤ ਕਰਨ ਲਈ ਮਾਰਗਦਰਸ਼ਕ ਵਜੋਂ ਕੰਮ ਕਰਦੀਆਂ ਹਨ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ।ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਇੱਕ ਪਾਸੇ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਬੇਮਿਸਾਲ ਕਦਮ ਚੁੱਕੇ ਗਏ ਹਨ, ਉਥੇ ਦੂਜੇ ਪਾਸੇ ਉਨ੍ਹਾਂ ਦੀ ਬੇਅੰਤ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਾਉਣ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਜਿਸ ਤਰ੍ਹਾਂ ਹਵਾਈ ਅੱਡਿਆਂ 'ਤੇ ਰਨਵੇਅ ਹਵਾਈ ਜਹਾਜ਼ ਨੂੰ ਸੁਚਾਰੂ ਢੰਗ ਨਾਲ ਉਡਾਣ ਭਰਨ 'ਚ ਸਹਾਈ ਹੁੰਦੇ ਹਨ, ਉਸੇ ਤਰ੍ਹਾਂ ਸੂਬਾ ਸਰਕਾਰ ਨੌਜਵਾਨਾਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੀ ਹੈ।



# ਹਜ਼ਾਰਾਂ ਫਲਸਤੀਨੀ ਖੰਡਰ ਬਣੇ ਘਰਾਂ 'ਚ ਪਰਤੇ

**ਗਾਜ਼ਾ** : ਅਮਰੀਕਾ ਦੀ ਵਿਚੋਲਗੀ ਤੋਂ ਬਾਅਦ ਸ਼ੁੱਕਰਵਾਰ ਜੰਗਬੰਦੀ ਲਾਗੂ ਹੋਣ ਉਪਰੰਤ ਹਜ਼ਾਰਾਂ ਫਲਸਤੀਨੀ ਮੁਕੰਮਲ ਤਬਾਹ ਹੋਈ ਉਤਰੀ ਗਾਜ਼ਾ ਪੱਟੀ ਵੱਲ ਮੁੜਨੇ ਸ਼ੁਰੂ ਹੋ ਗਏ ਹਨ। ਸਾਰੇ ਬੰਧਕਾਂ ਨੂੰ 2 ਦਿਨਾਂ ਦੇ ਅੰਦਰ ਰਿਹਾਅ ਕੀਤਾ ਜਾਣਾ ਤੈਅ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਜੰਗਬੰਦੀ ਯੋਜਨਾ ਅਨੁਸਾਰ ਇਜ਼ਰਾਈਲੀ ਫੌਜਾਂ ਦੇ ਹੌਲੀ-ਹੌਲੀ ਪਿੱਛੇ ਹਟਣ ਤੇ ਗਾਜ਼ਾ 'ਤੇ ਕੌਣ ਸ਼ਾਸਨ ਕਰੇਗਾ ਅਤੇ ਕੀ ਹਮਾਸ ਹਥਿਆਰਬੰਦ ਹੋਵੇਗਾ, ਇਸ ਬਾਰੇ ਸਵਾਲ ਅਜੇ ਵੀ ਖੜ੍ਹੇ ਹਨ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸੰਕੇਤ ਦਿੱਤਾ ਸੀ ਕਿ ਜੇ ਹਮਾਸ ਆਪਣੇ ਹਥਿਆਰ ਨਹੀਂ ਛੱਡਦਾ ਤਾਂ ਇਜ਼ਰਾਈਲ ਆਪਣੇ ਹਮਲੇ ਨੂੰ ਦੁਬਾਰਾ ਸ਼ੁਰੂ ਕਰ ਸਕਦਾ ਹੈ। ਫਿਰ ਵੀ ਤਾਜ਼ਾ ਜੰਗਬੰਦੀ ਦੋ ਸਾਲਾਂ ਦੀ ਇੱਕ ਤਬਾਹਕੁੰਨ ਜੰਗ ਨੂੰ ਖਤਮ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਲੜਾਈ ਕਾਰਨ ਹਜ਼ਾਰਾਂ ਫਲਸਤੀਨੀ ਮਾਰੇ ਗਏ ਅਤੇ ਗਾਜ਼ਾ ਦੀ ਲਗਭਗ 20 ਲੱਖ ਆਬਾਦੀ ਵਿੱਚੋਂ ਕਰੀਬ 90 ਫੀਸਦੀ ਨੂੰ ਬੇਘਰ ਕਰ ਦਿੱਤਾ ਹੈ। ਗਾਜ਼ਾ ਦੇ ਦੱਖਣੀ ਸ਼ਹਿਰ ਖਾਨ ਯੂਨਿਸ ਵਿੱਚ ਇਜ਼ਰਾਈਲੀ ਫੌਜਾਂ ਦੇ ਪਿੱਛੇ ਹਟਣ ਤੋਂ ਬਾਅਦ ਸੈਂਕੜੇ ਫਲਸਤੀਨੀਆਂ ਨੂੰ ਤਬਾਹ ਹੋਈਆਂ ਇਮਾਰਤਾਂ, ਮਲਬਾ ਅਤੇ ਤਬਾਹੀ ਮਿਲੀ। ਖਾਨ ਯੂਨਿਸ ਤੋਂ ਉਜਾੜ ਦਿੱਤੀ ਗਈ ਫਾਤਮਾ ਰਦਵਾਨ ਨੇ ਕਿਹਾ, 'ਕੁਝ ਵੀ ਨਹੀਂ ਬਚਿਆ, ਸਿਰਫ਼ ਕੁਝ ਕੱਪੜੇ, ਲੱਕੜ ਦੇ ਟੁਕੜੇ ਅਤੇ ਬਰਤਨ।' ਉਸ ਨੇ ਕਿਹਾ ਕਿ ਲੋਕ ਅਜੇ ਵੀ ਮਲਬੇ ਹੇਠੋਂ ਲਾਸ਼ਾਂ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ। ਹਾਨੀ ਓਮਰਾਨ, ਜਿਸ ਨੂੰ ਖਾਨ ਯੂਨਿਸ ਤੋਂ ਉਜਾੜ ਦਿੱਤਾ ਗਿਆ ਸੀ, ਨੇ ਕਿਹਾ, 'ਅਸੀਂ ਇੱਕ ਅਜਿਹੀ ਜਗ੍ਹਾ 'ਤੇ ਆਏ ਹਾਂ, ਜਿਸ ਦੀ ਪਛਾਣ ਨਹੀਂ ਹੋ ਸਕਦੀ... ਹਰ ਜਗ੍ਹਾ ਤਬਾਹੀ ਹੈ।'

## ਸੋਨੀਆ ਵੱਲੋਂ ਮਰਹੂਮ ਆਈ ਪੀ ਐੱਸ ਅਧਿਕਾਰੀ ਦੀ ਪਤਨੀ ਨੂੰ ਪੱਤਰ

**ਨਵੀਂ ਦਿੱਲੀ** : ਕਾਂਗਰਸ ਸੰਸਦੀ ਪਾਰਟੀ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਹਰਿਆਣਾ ਦੇ ਮਰਹੂਮ ਆਈ ਪੀ ਐੱਸ ਅਧਿਕਾਰੀ ਵਾਈ. ਪੂਰਨ ਕੁਮਾਰ ਦੀ ਪਤਨੀ ਅਮਨੀਤ ਪੀ. ਕੁਮਾਰ ਨੂੰ ਇੱਕ ਸ਼ੋਕ ਪੱਤਰ ਲਿਖਿਆ ਹੈ। ਜ਼ਿਕਰਯੋਗ ਹੈ ਕਿ ਹਰਿਆਣਾ ਦੇ ਸੀਨੀਅਰ ਪੁਲਸ ਅਧਿਕਾਰੀ ਨੇ ਜਾਤੀ ਵਿਤਕਰੇ ਕਾਰਨ ਖੁਦਕੁਸ਼ੀ ਕਰ ਲਈ ਸੀ। ਸੋਨੀਆ ਗਾਂਧੀ ਨੇ ਪੱਤਰ ਵਿੱਚ ਖੁਦਕੁਸ਼ੀ ਨੂੰ ਹੈਰਾਨ ਕਰਨ ਵਾਲਾ ਅਤੇ ਦਰਦਨਾਕ ਕਦਮ ਕਰਾਰ ਦਿੱਤਾ ਹੈ। ਉਨ੍ਹਾ ਕਿਹਾ ਕਿ ਵਾਈ. ਪੂਰਨ ਕੁਮਾਰ ਦੀ ਖੁਦਕੁਸ਼ੀ ਦਰਸਾਉਂਦੀ ਰਹੇਗੀ ਕਿ ਵਿਤਕਰੇ ਭਰੇ ਰਵੱਈਏ ਕਾਰਨ ਉੱਚ ਪੱਧਰ ਦੇ ਅਧਿਕਾਰੀਆਂ ਨੂੰ ਵੀ ਸਮਾਜਿਕ ਨਿਆਂ ਨਹੀਂ ਮਿਲਦਾ। ਉਨ੍ਹਾਂ ਆਈ ਪੀ ਐੱਸ ਅਧਿਕਾਰੀ ਦੀ ਪਤਨੀ ਨੂੰ ਕਿਹਾ ਕਿ ਨਿਆਂ ਲਈ ਤੁਹਾਡੀ ਲੜਾਈ ਵਿੱਚ ਕਰੋੜਾਂ ਭਾਰਤੀ ਤੁਹਾਡੇ ਨਾਲ ਡਟ ਕੇ ਖੜ੍ਹੇ ਹਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪਾਰਟੀ ਨੇਤਾ ਰਾਹੁਲ ਗਾਂਧੀ ਨੇ ਵੀ ਉਨ੍ਹਾਂ ਹਾਲਾਤ ਦੀ ਨਿੰਦਾ ਕੀਤੀ, ਜਿਨ੍ਹਾਂ ਪੂਰਨ ਕੁਮਾਰ ਨੂੰ ਸਖ਼ਤ ਕਦਮ ਚੁੱਕਣ ਲਈ ਪ੍ਰੇਰਿਤ ਕੀਤਾ।



## ਆਇਰਲੈਂਡ 'ਚ ਭਾਰਤੀ ਔਰਤ 'ਤੇ ਨਸਲੀ ਹਮਲਾ

**ਡਬਲਿਨ** : ਇੱਥੇ ਇੱਕ ਭਾਰਤੀ ਨਾਗਰਿਕ ਮਹਿਲਾ ਨਾਲ ਨਸਲੀ ਵਿਤਕਰੇ ਦੀ ਘਟਨਾ ਸਾਹਮਣੇ ਆਏ ਆਈ ਹੈ। ਜ਼ਿਕਰਯੋਗ ਹੈ ਕਿ ਸਵਾਤੀ ਵਰਮਾ ਨੂੰ ਇੱਕ ਪ੍ਰੇਸ਼ਾਨ ਕਰਨ ਵਾਲੇ ਨਸਲੀ ਹਮਲੇ ਦਾ ਸਾਹਮਣਾ ਕਰਨਾ ਪਿਆ, ਜਦੋਂ ਉਹ ਆਪਣੇ ਘਰ ਜਾ ਰਹੀ ਸੀ। ਇੱਕ ਅਣਜਾਣ ਮਹਿਲਾ ਨੇ ਉਸ ਨੂੰ ਰੋਕਿਆ ਅਤੇ ਮੌਜੂਦਗੀ ਬਾਰੇ ਨਫ਼ਰਤ ਭਰੇ ਸਵਾਲ ਕੀਤੇ। ਇਸ ਬਾਰੇ ਸਵਾਤੀ ਵਰਮਾ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਵੀ ਸਾਂਝੀ ਕੀਤੀ ਹੈ। ਵਰਮਾ ਨੂੰ ਰੋਕਣ ਵਾਲੀ ਮਹਿਲਾ ਨੇ ਡਬਲਿਨ ਸਿਟੀ ਯੂਨੀਵਰਸਿਟੀ (ਡੀ ਸੀ ਯੂ) ਦਾ ਬੈਜ ਪਾਇਆ ਹੋਇਆ ਸੀ। ਵਰਮਾ ਨੇ ਸੋਚਿਆ ਕਿ ਔਰਤ ਕੁਝ ਪੁੱਛਣਾ ਚਾਹੁੰਦੀ ਹੈ, ਪਰ ਇਸ ਦੀ ਬਜਾਏ ਉਸ ਨੂੰ ਨਸਲੀ ਭੇਦਭਾਵ ਨਾਲ ਭਰੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਔਰਤ ਨੇ ਹਮਲਾਵਰ ਸੁਰ ਵਿੱਚ ਪੁੱਛਿਆ, 'ਤੁਸੀਂ ਆਇਰਲੈਂਡ ਕਿਉਂ ਆਏ ਹੋ? ਤੁਸੀਂ ਇੱਥੇ ਕੀ ਕਰ ਰਹੇ ਹੋ? ਤੁਸੀਂ ਵਾਪਸ ਭਾਰਤ ਕਿਉਂ ਨਹੀਂ ਚਲੇ ਜਾਂਦੇ?' ਵਰਮਾ, ਜੋ ਕਿ ਹੈਰਾਨ ਅਤੇ ਡਰੀ ਹੋਈ ਸੀ, ਨੇ ਸ਼ਾਂਤ ਰਹਿਣ ਦੀ ਕੋਸ਼ਿਸ਼ ਕੀਤੀ।

## ਆਮ ਦਲਿਤ ਲਈ ਨਹੀਂ ਬਚੀ ਕੋਈ ਉਮੀਦ : ਸਿਸੋਦੀਆ

**ਚੰਡੀਗੜ੍ਹ (ਗੁਰਜੀਮ ਬਿੱਲਾ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਸ਼ਨੀਵਾਰ ਮਰਹੂਮ ਆਈ ਪੀ ਐਸ ਅਧਿਕਾਰੀ ਵਾਈ ਪੂਰਨ ਕੁਮਾਰ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦੀ ਦੁਖਦਾਈ ਮੌਤ (ਖੁਦਕੁਸ਼ੀ) ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸਿਸੋਦੀਆ ਨੇ ਦੁਖੀ ਪਰਵਾਰ ਨਾਲ ਮੁਲਾਕਾਤ ਕੀਤੀ ਅਤੇ ਜਾਤੀ-ਅਧਾਰਤ ਜ਼ੁਲਮ ਅਤੇ ਪ੍ਰਣਾਲੀਗਤ ਉਦਾਸੀਨਤਾ ਕਾਰਨ ਇੱਕ ਇਮਾਨਦਾਰ ਅਤੇ ਵਚਨਬੱਧ ਅਧਿਕਾਰੀ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ।ਪਰਵਾਰ ਨੂੰ ਮਿਲਣ ਤੋਂ ਬਾਅਦ ਸਿਸੋਦੀਆ ਨੇ ਕਿਹਾ, ਮੈਂ ਹੁਣੇ ਹੀ ਪੂਰਨ ਕੁਮਾਰ ਦੇ ਪਰਵਾਰ ਨੂੰ ਮਿਲਿਆ ਹਾਂ, ਉਹ ਬਹੁਤ ਹੀ ਦੁਖੀ ਹਨ। ਇੱਕ ਸਤਿਕਾਰਯੋਗ ਪਰਵਾਰ ਦੇ ਇੱਕ ਪੜ੍ਹੇ-ਲਿਖੇ, ਯੋਗ ਪੁੱਤ ਨੂੰ ਖੁਦਕੁਸ਼ੀ ਕਰਨ ਲਈ ਸਿਰਫ਼ ਇਸ ਲਈ ਮਜਬੂਰ ਕੀਤਾ ਗਿਆ ਕਿਉਂਕਿ ਉਹ ਦਲਿਤ ਸੀ। ਅਧਿਕਾਰੀਆਂ ਨੇ ਉਸ ਦੇ ਸਰੀਰ ਨਾਲ ਜਿਸ ਤਰ੍ਹਾਂ ਵਿਵਹਾਰ ਕੀਤਾ, ਪੁਲਸ ਦਾ ਸ਼ੱਕੀ ਵਿਵਹਾਰ ਅਤੇ ਤੱਥਾਂ ਨੂੰ ਦਬਾਉਣ ਦੀ ਕੋਸ਼ਿਸ਼ ਬਹੁਤ • ਬਾਕੀ ਸਫਾ 2 'ਤੇ



## ਡਿਜੀਟਲ ਯੁੱਗ 'ਚ ਲੜਕੀਆਂ ਸਭ ਤੋਂ ਵੱਧ ਅਸੁਰੱਖਿਅਤ : ਗਵਈ

**ਨਵੀਂ ਦਿੱਲੀ** : ਭਾਰਤ ਦੇ ਚੀਫ ਜਸਟਿਸ ਬੀ ਆਰ ਗਵਈ ਨੇ ਕਿਹਾ ਕਿ ਅਜੋਕੇ ਡਿਜੀਟਲ ਯੁੱਗ ਵਿਚ ਲੜਕੀਆਂ ਸਭ ਤੋਂ ਵੱਧ ਅਸੁਰੱਖਿਅਤ ਹਨ। ਉਨ੍ਹਾ ਕਿਹਾ ਕਿ ਇਸ ਡਿਜੀਟਲ ਯੁੱਗ ਵਿਚ ਲੜਕੀਆਂ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੀਆਂ ਹਨ। ਇਹ ਤਕਨੀਕ ਕਈ ਪਾਸਿਉਂ ਸ਼ੋਸ਼ਣ ਦਾ ਜ਼ਰੀਆ ਬਣ ਗਈ ਹੈ। ਗਵਈ ਨੇ ਸੁਪਰੀਮ ਕੋਰਟ ਦੀ ਜੁਵੇਨਾਈਲ ਜਸਟਿਸ ਕਮੇਟੀ ਅਤੇ ਯੂਨੀਸੈਫ ਇੰਡੀਆ ਵੱਲੋਂ ਕਰਵਾਏ ਕੌਮੀ ਸਮਾਗਮ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਲੜਕੀਆਂ ਲਈ ਅੱਜ ਆਨਲਾਈਨ ਹਰਾਸਮੈਂਟ, ਸਾਈਬਰ ਬੁਲਿੰਗ, ਨਿੱਜੀ ਜਾਣਕਾਰੀ ਦੀ ਦੁਰਵਰਤੋਂ ਤੇ ਡੀਪਫੇਕ ਤਸਵੀਰਾਂ ਨਾਲ ਜੂਝਣਾ ਪੈ ਰਿਹਾ ਹੈ।



## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਡਾ. ਰਮਨ (ਫਗਵਾੜਾ) 88378-31314


ਰਮੇਸ਼ ਕਟਾਰੀਆ ਰਾਜਪੁਰਾ 99880-13675


ਕ੍ਰਿਸ਼ਨ ਗਰਗ ਚੰਡੀਗੜ੍ਹ 94175-93500


ਸੁਖਵਿੰਦਰ ਸਫਰੀ ਟੂਟੋਮਜਾਰਾ 99158-16713


ਸੰਜੀਵ ਅਰੋੜਾ ਜਗਰਾਓਂ 98145-56990


ਹਰਬਿੰਦਰ ਸਿੰਘ ਰਾਣਾ ਵੇਰਕਾ (ਅੰਮ੍ਰਿਤਸਰ) 98881-45991


ਰੀਨਾ ਸ਼ਰਮਾ ਨਕੋਦਰ 79861-27371


ਹਰਭਜਨ ਢਿੱਲੋਂ ਭਲਾਣ (ਨੰਗਲ) 94645-21052


ਮਲਵਿੰਦਰ ਸਿੰਘ ਬਟਾਲਾ 98550-20576

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਗੁਰੂ ਤੇਗ ਬਹਾਦਰ ਦੇ 350 ਸਾਲਾ ਸ਼ਹੀਦੀ ਦਿਹਾੜੇ ਉੱਤੇ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਦੀ ਮੰਗ ਕੀਤੀ ਹੈ। ਇਸ ਸੰਬੰਧੀ ਬੈਂਸ ਨੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਪੱਤਰ ਲਿਖਿਆ ਹੈ। ਉਨ੍ਹਾ ਪੱਤਰ ਵਿੱਚ ਮੰਗ ਕੀਤੀ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਦੀ ਸ਼ਤਾਬਦੀ ਸੰਬੰਧੀ ਸ੍ਰੀ ਆਨੰਦਪੁਰ ਸਾਹਿਬ ਲਈ ਵਿਸ਼ੇਸ਼ 'ਵੰਦੇ ਭਾਰਤ' ਰੇਲ ਗੱਡੀ ਅਤੇ ਹੋਰ ਵਿਸ਼ੇਸ਼ ਰੇਲ ਗੱਡੀ ਚਲਾਈ ਜਾਵੇ। ਉਨ੍ਹਾ ਕਿਹਾ ਕਿ ਇਸ ਮਹਾਨ ਪਵਿੱਤਰ ਦਿਹਾੜੇ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ, ਕਰੋੜਾਂ ਸੰਗਤ ਦੇ ਸ੍ਰੀ ਆਨੰਦਪੁਰ ਸਾਹਿਬ ਪਹੁੰਚਣ ਦੀ ਉਮੀਦ ਹੈ। ਸੰਗਤਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਲੀ, ਮਹਾਰਾਸ਼ਟਰ, ਪਟਨਾ, ਅੰਮ੍ਰਿਤਸਰ ਸਮੇਤ ਹੋਰ ਸੂਬਿਆਂ ਤੋਂ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣ।

# ਅਮਰੀਕਾ-ਚੀਨ ਵਪਾਰਕ ਜੰਗ ਭਖੀ

## ਟਰੰਪ ਨੇ ਚੀਨ 'ਤੇ 100 ਫ਼ੀਸਦੀ ਟੈਰਿਫ ਲਾਇਆ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ਤੋਂ ਦਰਾਮਦ ਉਪਰ 100 ਫੀਸਦੀ ਟੈਰਿਫ ਲਾਉਣ ਦਾ ਐਲਾਨ ਕੀਤਾ ਹੈ। ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ ਚੀਨੀ ਸਾਮਾਨ 'ਤੇ 'ਕਿਸੇ ਵੀ ਟੈਰਿਫ ਤੋਂ ਇਲਾਵਾ ਜੋ ਉਹ ਮੌਜੂਦਾ ਸਮੇਂ ਅਦਾ ਕਰ ਰਹੇ ਹਨ', 1 ਨਵੰਬਰ ਤੋਂ ਪ੍ਰਭਾਵੀ ਤੌਰ 'ਤੇ 100 ਫ਼ੀਸਦੀ ਟੈਰਿਫ ਲਗਾਵੇਗਾ। ਉਨ੍ਹਾਂ ਕਿਹਾ ਕਿ ਉਸੇ ਦਿਨ ਤੋਂ ਸਾਰੇ ਮਹੱਤਵਪੂਰਨ ਸਾਫਟਵੇਅਰ 'ਤੇ ਨਿਰਯਾਤ ਨਿਯੰਤਰਣ ਲਗਾਏ ਜਾਣਗੇ। ਸੋਸ਼ਲ ਮੀਡੀਆ ਟਰੁੱਥ ਸੋਸ਼ਲ 'ਤੇ ਇੱਕ ਪੋਸਟ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਇਸ ਤੱਥ ਦੇ ਆਧਾਰ 'ਤੇ ਕਿ ਚੀਨ ਨੇ ਬੇਮਿਸਾਲ ਸਖ਼ਤ ਰੁਖ਼ ਅਪਣਾਇਆ ਹੈ, ਜਿਸ ਦੇ ਜਵਾਬ ਵਿੱਚ ਸੰਯੁਕਤ ਰਾਜ ਅਮਰੀਕਾ ਚੀਨ 'ਤੇ 100 ਫ਼ੀਸਦੀ ਟੈਰਿਫ ਲਗਾਵੇਗਾ।' ਟਰੰਪ ਨੇ ਇਹ ਐਲਾਨ ਚੀਨ ਵੱਲੋਂ 'ਦੁਨੀਆ ਨੂੰ ਇੱਕ ਪੱਤਰ' ਭੇਜ ਕੇ 'ਵਪਾਰ 'ਤੇ ਇੱਕ ਅਸਾਧਾਰਨ ਹਮਲਾਵਰ ਰੁਖ਼' ਅਪਣਾਉਣ ਦੇ ਜਵਾਬ ਵਿੱਚ ਕੀਤਾ ਹੈ। ਟਰੰਪ ਨੇ ਕਿਹਾ, 'ਇਹ ਹੁਣੇ ਪਤਾ ਲੱਗਾ ਹੈ ਕਿ ਚੀਨ ਨੇ ਵਪਾਰ 'ਤੇ ਇੱਕ ਬਹੁਤ ਹੀ ਹਮਲਾਵਰ ਰੁਖ਼ ਅਪਣਾਇਆ ਹੈ, ਜਿਸ ਵਿੱਚ ਦੁਨੀਆ ਨੂੰ ਇੱਕ ਬਹੁਤ ਹੀ ਵਿਰੋਧੀ ਪੱਤਰ ਭੇਜਿਆ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਉਹ 1 ਨਵੰਬਰ 2025 ਤੋਂ ਪ੍ਰਭਾਵੀ ਹੋ ਕੇ ਉਨ੍ਹਾਂ ਦੁਆਰਾ ਬਣਾਏ ਗਏ ਲਗਭਗ ਹਰ ਉਤਪਾਦ 'ਤੇ ਵੱਡੇ ਪੱਧਰ ਉੱਤੇ ਨਿਰਯਾਤ ਨਿਯੰਤਰਣ ਲਗਾਉਣ ਜਾ ਰਹੇ ਹਨ ਅਤੇ ਕੁਝ ਤਾਂ ਉਨ੍ਹਾਂ ਦੁਆਰਾ ਬਣਾਏ ਵੀ ਨਹੀਂ ਗਏ। ਬਿਨਾਂ ਕਿਸੇ ਅਪਵਾਦ ਦੇ ਇਹ ਸਾਰੇ ਦੇਸ਼ਾਂ ਨੂੰ ਪ੍ਰਭਾਵਤ ਕਰਦਾ ਹੈ ਅਤੇ ਸਪੱਸ਼ਟ ਤੌਰ 'ਤੇ ਉਨ੍ਹਾਂ ਦੁਆਰਾ ਸਾਲ ਪਹਿਲਾਂ ਬਣਾਈ ਗਈ ਇੱਕ ਯੋਜਨਾ ਸੀ। ਇਹ ਕੌਮਾਂਤਰੀ ਵਪਾਰ ਵਿੱਚ ਬਿਲਕੁਲ ਅਣਸੁਣਿਆ ਹੈ ਅਤੇ ਦੂਜੇ ਦੇਸ਼ਾਂ ਨਾਲ ਨਜਿੱਠਣ ਵਿੱਚ ਇੱਕ ਨੈਤਿਕ ਅਪਮਾਨ ਹੈ।' ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਇਹ ਵਿਸ਼ਵਾਸ ਕਰਨਾ ਅਸੰਭਵ ਹੈ ਕਿ ਚੀਨ ਨੇ ਅਜਿਹੀ ਕਾਰਵਾਈ ਕੀਤੀ ਹੋਵੇਗੀ, ਪਰ ਉਨ੍ਹਾਂ ਕੀਤੀ ਹੈ।' ਟਰੰਪ ਦਾ ਇਹ ਐਲਾਨ ਚੀਨ ਵੱਲੋਂ ਧਰਤੀ ਦੇ ਦੁਰਲੱਭ ਖਣਿਜ ਪਦਾਰਥਾਂ ਦੇ ਨਿਰਯਾਤ 'ਤੇ ਪਾਬੰਦੀਆਂ ਵਧਾਉਣ, ਆਪਣੀ ਨਿਯੰਤਰਣ ਸੂਚੀ ਦਾ ਵਿਸਥਾਰ ਕਰਨ ਅਤੇ ਉਤਪਾਦਨ ਤਕਨਾਲੋਜੀਆਂ ਅਤੇ ਵਿਦੇਸ਼ੀ ਐਪਲੀਕੇਸ਼ਨਾਂ ਨੂੰ ਕਵਰ ਕਰਨ ਲਈ ਪਾਬੰਦੀਆਂ ਵਧਾਉਣ ਦੇ ਜਵਾਬ 'ਚ ਆਇਆ ਹੈ, ਜਿਸ ਵਿੱਚ ਫ਼ੌਜੀ ਅਤੇ ਸੈਮੀਕੰਡਕਟਰ ਸੈਕਟਰ ਸ਼ਾਮਲ ਹਨ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਟਰੰਪ ਨੇ ਕਿਹਾ ਸੀ ਕਿ ਪੇਈਚਿੰਗ ਵੱਲੋਂ ਧਰਤੀ ਦੇ ਦੁਰਲੱਭ ਤੱਤਾਂ 'ਤੇ ਵਿਆਪਕ ਨਵੇਂ ਨਿਰਯਾਤ ਨਿਯੰਤਰਣ ਲਗਾ ਕੇ 'ਬਹੁਤ ਵਿਰੋਧੀ' ਕਦਮ ਚੁੱਕਣ ਤੋਂ ਬਾਅਦ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ 'ਮਿਲਣ ਦਾ ਕੋਈ ਕਾਰਨ ਨਹੀਂ'। ਉਨ੍ਹਾ ਚੇਤਾਵਨੀ ਦਿੱਤੀ ਸੀ ਕਿ ਸੰਯੁਕਤ ਰਾਜ ਅਮਰੀਕਾ ਸਖ਼ਤ ਜਵਾਬੀ ਉਪਾਵਾਂ ਨਾਲ ਜਵਾਬ ਦੇਣ ਦੀ ਤਿਆਰੀ ਕਰ ਰਿਹਾ ਹੈ, ਜਿਸ ਵਿੱਚ ਚੀਨੀ ਸਾਮਾਨਾਂ 'ਤੇ 'ਟੈਰਿਫ ਵਿੱਚ ਭਾਰੀ ਵਾਧਾ' ਸ਼ਾਮਲ ਹੈ।

## ਪਾਕਿ 'ਚ 7 ਪੁਲਸ ਮੁਲਾਜ਼ਮ ਤੇ 6 ਅੱਤਵਾਦੀ ਹਲਾਕ

**ਪੇਸ਼ਾਵਰ** : ਉੱਤਰ-ਪੱਛਮੀ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਪੁਲਸ ਸਿਖਲਾਈ ਕੇਂਦਰ ਦੇ ਸਕੂਲ 'ਤੇ ਆਤਮਘਾਤੀ ਹਮਲੇ ਤੋਂ ਬਾਅਦ ਪੰਜ ਘੰਟੇ ਤੱਕ ਗੋਲੀਬਾਰੀ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਵਿਚ 6 ਪੁਲਸ ਕਰਮਚਾਰੀਆਂ ਦੀ ਮੌਤ ਹੋ ਗਈ। ਡੇਰਾ ਇਸਮਾਈਲ ਖਾਨ ਜ਼ਿਲ੍ਹੇ ਦੇ ਰੱਤਾ ਕੁਲਾਚੀ ਪੁਲਸ ਟਰੇਨਿੰਗ ਸਕੂਲ 'ਤੇ ਹਮਲੇ ਤੋਂ ਬਾਅਦ ਪੁਲਸ ਕਰਮਚਾਰੀਆਂ ਵੱਲੋਂ ਜਵਾਬੀ ਗੋਲੀਬਾਰੀ ਵਿਚ 6 ਦਹਿਸ਼ਤਗਰਦਾਂ ਨੂੰ ਪਹਿਲਾਂ ਹੀ ਮਾਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਇੱਕ ਪੁਲਸ ਮੁਲਾਜ਼ਮ ਦੀ ਮੌਤ ਹੋਣ ਦੀ ਖਬਰ ਮਿਲੀ ਸੀ, ਜਿਸ ਨਾਲ ਹਮਲੇ ਵਿੱਚ ਮਾਰੇ ਗਏ ਸੁਰੱਖਿਆ ਕਰਮਚਾਰੀਆਂ ਦੀ ਗਿਣਤੀ ਸੱਤ ਹੋ ਗਈ ਹੈ।

## ਪ੍ਰੇਮ ਵਿਆਹ ਮਗਰੋਂ ਕਰਵਾਇਆ 'ਧੰਦਾ', ਪਤੀ ਗ੍ਰਿਫ਼ਤਾਰ

**ਮੋਗਾ** : ਮੋਗਾ ਵਿੱਚ ਇੱਕ ਲੜਕੀ ਨੇ ਦੋਸ਼ ਲਾਇਆ ਕਿ ਉਸ ਦੇ ਪਤੀ ਅਤੇ ਕਈ ਸਿਆਸੀ ਅਸਰ-ਰਸੂਖ ਰੱਖਦੇ ਵਿਅਕਤੀਆਂ ਨੇ ਉਸ ਨੂੰ ਦੇਹ ਵਪਾਰ ਦੀ ਦਲਦਲ 'ਚ ਧੱਕ ਦਿੱਤਾ ਅਤੇ ਨਸ਼ੇ ਦੀ ਲਤ ਲਾ ਦਿੱਤੀ। 7 ਸਾਲ ਤੱਕ ਸੰਤਾਪ ਝੱਲਣ ਮਗਰੋਂ ਹੁਣ ਮਹਿਲਾ ਏਡਜ਼ ਅਤੇ ਹੈਪੇਟਾਇਟਸ ਸੀ ਨਾਲ ਜੂਝ ਰਹੀ ਹੈ। ਮੋਗਾ ਦੇ ਪੁਲਸ ਥਾਣਾ ਸ਼ਹਿਰੀ ਦੱਖਣੀ ਵਿੱਚ ਦਰਜ ਕੀਤੀ ਗਈ ਐੱਫ ਆਈ ਆਰ ਮੁਤਾਬਕ 24 ਸਾਲਾ ਪੀੜਤ ਲੜਕੀ ਪਰਵਾਰ ਨੂੰ 27 ਸਤੰਬਰ ਨੂੰ ਬੇਹੋਸ਼ੀ ਦੀ ਹਾਲਤ 'ਚ ਮਿਲੀ ਅਤੇ ਬਾਅਦ ਵਿੱਚ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਐੱਫ ਆਈ ਆਰ ਮੁਤਾਬਕ ਮੁਟਿਆਰ ਨਾਲ ਇਸ ਸਾਰੇ ਵਰਤਾਰੇ ਦੀ ਸ਼ੁਰੂਆਤ 2017 ਵਿੱਚ ਹੋਈ, ਜਦੋਂ ਉਹ ਸਿਰਫ਼ 16 ਸਾਲ ਦੀ ਸੀ। ਪੀੜਤਾ ਨੇ ਦੋਸ਼ ਲਾਇਆ ਕਿ ਮੁੱਖ ਮੁਲਜ਼ਮ ਗੌਰਵ ਉਰਫ਼ ਗੌਰੀ ਹੈ, ਜਿਸ ਨੇ ਉਸ ਨੂੰ ਆਪਣੇ ਨਾਲ ਵਿਆਹ ਕਰਨ ਲਈ ਮਜਬੂਰ ਕੀਤਾ। ਵਿਆਹ ਤੋਂ ਬਾਅਦ ਉਸ ਦੀ ਜ਼ਿੰਦਗੀ ਨਰਕ ਬਣ ਗਈ। ਮੁਲਜ਼ਮ ਨੇ ਕਥਿਤ ਤੌਰ 'ਤੇ ਪੀੜਤਾ ਨੂੰ ਸਰੀਰਕ ਤਸੀਹੇ ਦਿੱਤੇ, ਉਸ ਨੂੰ ਨਸ਼ੀਲਾ ਪਦਾਰਥ ਲੈਣ ਲਈ ਮਜਬੂਰ ਕੀਤਾ ਅਤੇ ਉਸ ਨੂੰ ਹੋਰ ਆਦਮੀਆਂ ਕੋਲ ਭੇਜਣਾ ਸ਼ੁਰੂ ਕਰ ਦਿੱਤਾ। ਲੜਕੀ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਕਿਵੇਂ ਉਸ ਨੂੰ ਮੋਗਾ ਦੇ ਕਈ ਅਦਾਰਿਆਂ ਵਿੱਚ ਸੈਕਸ ਵਰਕਰ ਵਜੋਂ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਪੀੜਤਾ ਦੀ ਸ਼ਿਕਾਇਤ ਵਿੱਚ ਇੱਕ ਨਗਰ ਕੌਂਸਲਰ, ਇੱਕ ਸਰਪੰਚ ਅਤੇ ਇੱਕ ਹੋਟਲ ਦਾ ਕ ਥਿ ਤ • ਬਾਕੀ ਸਫਾ 2 'ਤੇ

## ਪ੍ਰਧਾਨ ਮੰਤਰੀ ਵੱਲੋਂ 35,440 ਕਰੋੜ ਦੀਆਂ ਖੇਤੀ ਸਕੀਮਾਂ ਲਾਂਚ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿੱਚਰਵਾਰ ਕੁੱਲ 35,440 ਕਰੋੜ ਦੀ ਲਾਗਤ ਵਾਲੀਆਂ ਦੋ ਪ੍ਰਮੁੱਖ ਖੇਤੀਬਾੜੀ ਸਕੀਮਾਂ ਦੀ ਸ਼ੁਰੂਆਤ ਕੀਤੀ, ਜਿਸ 'ਚ ਦਾਲਾਂ ਵਿੱਚ ਆਤਮ-ਨਿਰਭਰਤਾ ਲਈ ਇੱਕ ਮਿਸ਼ਨ ਵੀ ਸ਼ਾਮਲ ਹੈ। ਉਨ੍ਹਾ ਕਿਸਾਨਾਂ ਨੂੰ ਘਰੇਲੂ ਤੇ ਵਿਸ਼ਵਵਿਆਪੀ ਮੰਗ ਨੂੰ ਪੂਰਾ ਕਰਨ ਲਈ ਉਤਪਾਦਨ ਵਧਾਉਣ ਦਾ ਸੱਦਾ ਦਿੱਤਾ। ਕੌਮੀ ਰਾਜਧਾਨੀ ਵਿਖੇ ਪੂਸਾ ਕੈਂਪਸ ਵਿੱਚ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ 2047 ਤੱਕ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਕਿਸਾਨਾਂ ਦੀ ਅਹਿਮ ਭੂਮਿਕਾ ਹੈ। ਮੋਦੀ ਨੇ ਕਿਹਾ ਕਿ ਦੋ ਵੱਡੀਆਂ ਯੋਜਨਾਵਾਂ (24,000 ਕਰੋੜ ਦੀ ਪ੍ਰਧਾਨ ਮੰਤਰੀ ਧਨ ਧਾਨਿਆ ਕ੍ਰਿਸ਼ੀ ਯੋਜਨਾ ਅਤੇ 11,440 ਕਰੋੜ ਦਾ ਮਿਸ਼ਨ ਫਾਰ ਆਤਮ-ਨਿਰਭਰਤਾ ਇਨ ਪਲਸੇਜ਼) ਲੱਖਾਂ ਕਿਸਾਨਾਂ ਦੀ ਕਿਸਮਤ ਬਦਲ ਦੇਣਗੀਆਂ। ਪ੍ਰਧਾਨ ਮੰਤਰੀ ਨੇ ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਖ਼ੁਰਾਕ ਪ੍ਰੋਸੈਸਿੰਗ ਖੇਤਰਾਂ ਵਿੱਚ 5,450 ਕਰੋੜ ਤੋਂ ਵੱਧ ਦੇ ਪ੍ਰੋਜੈਕਟਾਂ ਦਾ ਉਦਘਾਟਨ ਵੀ ਕੀਤਾ, ਜਦੋਂ ਕਿ ਲਗਭਗ 815 ਕਰੋੜ ਦੇ ਵਾਧੂ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ।

## ਜਬਰ-ਜ਼ਨਾਹ ਮਾਮਲੇ 'ਚ ਭਾਜਪਾ ਪ੍ਰਧਾਨ ਦਾ ਅਸਤੀਫਾ ਮੰਗਿਆ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਮਹਿਲਾ ਕਾਂਗਰਸ ਨੇ ਸੋਲਨ ਜ਼ਿਲ੍ਹੇ ਵਿੱਚ ਦਰਜ ਜਬਰ-ਜ਼ਨਾਹ ਦੇ ਮਾਮਲੇ ਵਿੱਚ ਭਾਜਪਾ ਆਗੂ ਰਾਜੀਵ ਬਿੰਦਲ ਦੇ ਭਰਾ ਰਾਮ ਕੁਮਾਰ ਬਿੰਦਲ ਦੀ ਗ੍ਰਿਫਤਾਰੀ ਤੋਂ ਬਾਅਦ ਭਾਜਪਾ ਦੇ ਸੂਬਾ ਪ੍ਰਧਾਨ ਡਾ. ਰਾਜੀਵ ਬਿੰਦਲ ਦੇ ਅਸਤੀਫੇ ਦੀ ਮੰਗ ਕੀਤੀ ਹੈ। ਸ਼ਿਮਲਾ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਿਮਾਚਲ ਪ੍ਰਦੇਸ਼ ਮਹਿਲਾ ਕਾਂਗਰਸ ਦੀ ਪ੍ਰਧਾਨ ਜੈਨਬ ਚੰਦੇਲ ਨੇ ਕਿਹਾ ਕਿ ਇਸ ਘਟਨਾ ਕਾਰਨ ਸੂਬਾ ਸ਼ਰਮਸਾਰ ਹੋ ਗਿਆ ਹੈ ਤੇ ਭਾਜਪਾ ਆਗੂਆਂ ਨੇ ਇਸ ਮਾਮਲੇ 'ਤੇ ਚੁੱਪ ਧਾਰੀ ਹੋਈ ਹੈ। ਚੰਦੇਲ ਨੇ ਕਿਹਾ, 'ਸੋਲਨ ਵਿੱਚ ਵਾਪਰੀ ਘਟਨਾ ਨੇ ਪੂਰੇ ਸੂਬੇ ਨੂੰ ਸ਼ਰਮਸਾਰ ਕਰ ਦਿੱਤਾ ਹੈ, ਪਰ ਮਹਿਲਾ ਕਾਂਗਰਸ ਚੁੱਪ ਕਰ ਕੇ ਨਹੀਂ ਬੈਠੇਗੀ। ਪੀੜਤਾ ਨਿਆਂ ਦੀ ਹੱਕਦਾਰ ਹੈ ਅਤੇ ਸਰਕਾਰ ਨੂੰ ਉਸ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ, ਕਿਉਂਕਿ ਇਹ ਇੱਕ ਉੱਚ ਪੱਧਰੀ ਮਾਮਲਾ ਹੈ, ਜਿੱਥੇ ਉਸ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਉਨ੍ਹਾ ਭਾਜਪਾ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪਾਰਟੀ ਸਿਰਫ ਰਾਜਨੀਤਕ ਲਾਭ ਲਈ 'ਬੇਟੀ ਬਚਾਓ' ਵਰਗੇ ਨਾਅਰਿਆਂ ਦੀ ਵਰਤੋਂ ਕਰਦੀ ਹੈ, ਜਦੋਂ ਕਿ ਅਸਲ ਵਿੱਚ ਔਰਤਾਂ ਦੀ ਸੁਰੱਖਿਆ ਕਰਨ ਵਿੱਚ ਅਸਫਲ ਰਹੀ ਹੈ ਤੇ ਸੂਬੇ ਵਿਚ ਔਰਤਾਂ ਨੂੰ ਨਿਆਂ ਨਹੀਂ ਮਿਲ ਰਿਹਾ। ਭਾਜਪਾ ਨਾਅਰਿਆਂ ਵਿੱਚ ਔਰਤਾਂ ਦੀ ਸੁਰੱਖਿਆ ਦੀ ਗੱਲ ਕਰਦੀ ਹੈ, ਪਰ ਸੱਚਾਈ ਬਿਲਕੁਲ ਵੱਖਰੀ ਹੈ।'



ਰਾਜੀਵ ਬਿੰਦਲ

## ਅੱਜ-ਨਾਮਾ

ਮੌਸਮ ਬਦਲਣ ਦੇ ਫੇਰ ਜਦ ਦਿਨ ਆਏ,
ਠੰਢ ਵੀ ਲੱਗੀ ਵਿਖਾਉਣ ਹੈ ਰੰਗ ਮੀਆਂ।
ਕਿਸੇ ਦੀ ਛਿੱਕਾਂ ਦੀ ਲੜੀ ਹੀ ਟੁੱਟਦੀ ਨਾ,
ਖੁਸ਼ਕ ਕਿਸੇ ਨੂੰ ਛਿੜੀ ਪਈ ਖੰਘ ਮੀਆਂ।
ਸਵੇਰੇ ਕੰਮ ਲਈ ਜਾਂਦੇ ਨੂੰ ਠੰਢ ਲੱਗਦੀ,
ਲੜਨੀ ਪੈਣੀ ਤਾਂ ਪੇਟ ਲਈ ਜੰਗ ਮੀਆਂ।
ਪੁੱਛ ਲਉ ਕਿਸੇ ਨੂੰ ਕਰੂ ਫਿਰ ਸੌ ਗੱਲਾਂ,
ਆਪਣੀ ਥਾਂ 'ਤੇ ਜਿੱਦਾਂ ਉਹ ਤੰਗ ਮੀਆਂ।
ਸਮਾਂ ਸਰਦੀ ਦਾ ਅਜੇ ਹੈ ਸ਼ੁਰੂ ਹੋਇਆ,
ਪਾਉਣਾ ਧੁੰਦ ਵੀ ਅਜੇ ਘਨਘੋਰ ਮੀਆਂ।
ਗਰਮੀ-ਸਰਦੀ ਦੇ ਚੱਲਦੇ ਸਦਾ ਚੱਕਰ,
ਕਾਹਦਾ ਸਮੇਂ ਦੇ ਮੂਹਰੇ ਹੈ ਜ਼ੋਰ ਮੀਆਂ।

-ਤੀਸ ਮਾਰ ਖਾਂ

# ਗ਼ਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਪੱਕੇ ਪੈਰੀਂ



**ਜਲੰਧਰ (ਕੇਸਰ)**

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਵੱਲੋਂ ਕੁਇਜ਼, ਭਾਸ਼ਣ, ਗਾਇਨ, ਪੇਂਟਿੰਗ ਮੁਕਾਬਲੇ, ਗੀਤ-ਸੰਗੀਤ, ਰੰਗਮੰਚ, ਕਵੀ ਦਰਬਾਰ, ਫ਼ਿਲਮ ਸ਼ੋਅ, ਪੁਸਤਕ ਪ੍ਰਦਰਸ਼ਨੀ, ਲੰਗਰ, ਦੇਖ-ਰੇਖ, ਮੈਡੀਕਲ, ਤਿਆਰੀ ਮੁਹਿੰਮ, ਵਰਕਸ਼ਾਪ ਆਦਿ ਸੰਬੰਧੀ ਦਰਜਨ ਦੇ ਕਰੀਬ ਸਬ-ਕਮੇਟੀਆਂ ਦੇ ਅਹੁਦੇਦਾਰਾਂ ਅਤੇ ਸੰਗੀ-ਸਾਥੀਆਂ ਦੀ ਭਰਵੀਂ ਮੀਟਿੰਗ ਨੇ ਗ਼ਦਰੀ ਬਾਬਿਆਂ ਦੇ 34ਵੇਂ ਮੇਲੇ ਦੀਆਂ ਸਭਨਾਂ ਤਿਆਰੀਆਂ ਨੂੰ ਪੱਕੇ ਪੈਰੀਂ ਕਰਨ 'ਤੇ ਜ਼ੋਰ ਦਿੱਤਾ। ਮੀਟਿੰਗ 'ਚ ਹਾਜ਼ਰ ਮੈਂਬਰਾਂ ਨੇ ਸਿਲਸਿਲੇਵਾਰ ਸਭਨਾਂ ਮੁਕਾਬਲਿਆਂ ਅਤੇ ਪੇਸ਼ਕਾਰੀਆਂ ਉਪਰ ਆਪਣੇ ਵਿਚਾਰ ਪੇਸ਼ ਕਰਦਿਆਂ ਤਸੱਲੀ ਪ੍ਰਗਟ ਕੀਤੀ ਕਿ ਗ਼ਦਰ ਲਹਿਰ ਦੀ ਮਹਾਨ ਸੰਗਰਾਮਣ ਗ਼ਦਰੀ ਗੁਲਾਬ ਕੌਰ ਦੀ ਵਿਛੋੜਾ ਸ਼ਤਾਬਦੀ (1925-2025) ਨੂੰ ਸਮਰਪਤ 'ਮੇਲਾ ਗ਼ਦਰੀ ਬਾਬਿਆਂ ਦਾ' ਗ਼ਦਰ ਲਹਿਰ ਦੀ ਬੁਨਿਆਦੀ ਆਧਾਰਸ਼ਿਲਾ, ਉਦੇਸ਼ ਅਤੇ ਨਿਸ਼ਾਨਿਆਂ ਉਪਰ ਡਟ ਕੇ ਪਹਿਰਾ ਦਿੰਦਾ ਹੋਇਆ ਉਸ ਦੀ ਪ੍ਰਸੰਗਕਤਾ ਉਪਰ ਜ਼ੋਰ ਦੇਣ ਅਤੇ ਅਜੋਕੇ ਸਮੇਂ ਦੇ ਮਘਦੇ, ਭਖ਼ਦੇ ਮੁੱਦਿਆਂ ਨੂੰ ਕੇਂਦਰ 'ਚ ਰੱਖਣ 'ਤੇ ਉਚੇਚਾ ਜ਼ੋਰ ਦੇਵੇਗਾ। ਸਨਿੱਚਰਵਾਰ ਦੀ ਮੀਟਿੰਗ ਦਾ ਸਾਰ-ਤੱਤ ਸਾਂਝਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਤੋਂ ਹੀ ਜਲੰਧਰ ਸ਼ਹਿਰ, ਇਸ ਦੇ ਇਰਦ-ਗਿਰਦ ਦੇ ਵਿੱਦਿਅਕ ਅਦਾਰਿਆਂ, ਜਨਤਕ ਸੰਸਥਾਵਾਂ ਅਤੇ ਲੋਕਾਂ ਤੱਕ ਵਿਸ਼ੇਸ਼ ਸੰਪਰਕ ਮੁਹਿੰਮ ਲਾਮਬੰਦ ਕਰਕੇ ਮੇਲੇ ਦੀ ਹਰ ਪੱਖੋਂ ਕਾਮਯਾਬੀ ਲਈ ਸੰਗ ਸਾਥ ਹਾਸਲ ਕਰਨ ਲਈ ਉੱਦਮ ਜੁਟਾਇਆ ਜਾਏਗਾ।

ਉਹਨਾਂ ਦੱਸਿਆ ਕਿ ਮੇਲੇ 'ਚ ਕਾਰਪੋਰੇਟ, ਫ਼ਿਰਕੂ ਫਾਸ਼ੀ ਹੱਲਾ, ਫਲਸਤੀਨ ਦੀ ਆਜ਼ਾਦੀ ਦਾ ਮੁੱਦਾ, ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਕਤਲੇਆਮ, ਫ਼ਰੀ ਟਰੇਡ, ਪ੍ਰਵਾਸ ਦਾ ਦਰਦ, ਪੰਜਾਬ ਅੰਦਰ ਵੀ ਪ੍ਰਵਾਸੀ ਕਾਮਿਆਂ ਪ੍ਰਤੀ ਜ਼ਹਿਰੀਲਾ ਪ੍ਰਚਾਰ ਕਾਟ ਕਰਨ, ਬੇਜ਼ਮੀਨੇ ਲੋਕਾਂ ਅਤੇ ਜ਼ਮੀਨਾਂ ਖੋਹੇ ਜਾਣ, ਨਸ਼ਿਆਂ ਦੇ ਦਰਿਆ, ਮੁਲਕ ਦੇ ਕੌਮੀ ਮਾਲ ਖ਼ਜ਼ਾਨੇ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਲੁਟਾਏ ਜਾਣ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਅਤੇ ਗ਼ਦਰੀ ਦੇਸ਼ • ਬਾਕੀ ਸਫਾ 2 'ਤੇ

### ਇੰਗਲੈਂਡ ਦੀਆਂ ਸੰਸਥਾਵਾਂ ਵੱਲੋਂ ਲੰਗਰ ਦੀਆਂ ਸੇਵਾਵਾਂ



ਆਈ ਡਬਲਯੂ ਏ (ਗ੍ਰੇਟ ਬ੍ਰਿਟੇਨ) ਅਤੇ ਸ਼ਹੀਦ ਊਧਮ ਸਿੰਘ ਟਰੱਸਟ ਬਰਮਿੰਘਮ (ਯੂ ਕੇ) ਵੱਲੋਂ ਲੋਕਾਂ ਕੋਲੋਂ ਇਕੱਤਰ ਕੀਤੀ ਸਾਢੇ ਅੱਠ ਲੱਖ ਰੁਪਏ ਦੀ ਰਾਸ਼ੀ ਇਹਨਾਂ ਸੰਸਥਾਵਾਂ ਦੇ ਪ੍ਰਤੀਨਿਧ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕੁਲਬੀਰ ਸਿੰਘ ਸੰਘੇੜਾ ਕਮੇਟੀ ਮੈਂਬਰਾਂ ਨੂੰ ਸੌਂਪਦੇ ਹੋਏ।

12-OCT-PAGE-1.qxd 10/11/2025 11:14 PM Page 2



## ਸਰਕਾਰ ਹੜ੍ਹ ਪੀੜਤ ਲੋਕਾਂ ਲਈ ਵਿੱਤੀ ਸਹਾਇਤਾ ਤੁਰੰਤ ਜਾਰੀ ਕਰੇ : ਲੱਖੋਵਾਲ

**ਸਮਰਾਲਾ (ਸੁਰਜੀਤ ਸਿੰਘ)**- ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੀ ਮੀਟਿੰਗ ਹਰਿੰਦਰ ਸਿੰਘ ਲੱਖੋਵਾਲ ਦੀ ਪ੍ਰਧਾਨਗੀ ਹੇਠ ਹੋਈ।ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਤੇ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਨੇ ਸਾਂਝਾ ਬਿਆਨ ਦਿੰਦਿਆਂ ਕਿਹਾ ਕਿ ਪਿਛਲੇ ਦਿਨੀ ਭਾਰੀ ਹੜ੍ਹਾਂ ਕਾਰਨ ਪੰਜਾਬ ਦੇ ਕਿਸਾਨਾਂ ਦੀ ਲੱਖਾਂ ਏਕੜ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ ਕੀਮਤੀ ਜਾਨਾਂ ਵੀ ਚਲੀਆਂ ਗਈਆਂ, ਮਸ਼ੀਨਰੀ, ਪਸ਼ੂਆਂ ਤੇ ਘਰਾਂ ਦਾ ਭਾਰੀ ਨੁਕਸਾਨ ਹੋ ਗਿਆ।ਕੇਂਦਰ ਸਰਕਾਰ ਨੇ ਪੰਜਾਬ ਨੂੰ 1600 ਕਰੋੜ ਰੁਪਏ ਦੀ ਸਹਾਇਤਾ ਦੇਣ ਤੇ ਪੰਜਾਬ ਦੇ 20 ਹਜ਼ਾਰ ਰੁਪਏ ਪ੍ਰਤੀ ਏਕੜ ਕਿਸਾਨਾਂ ਨੂੰ ਦੇਣ ਦਾ ਐਲਾਨ ਕੀਤਾ, ਜੋਕਿ ਨਾਕਾਫੀ ਹੈ।ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਅਜੇ ਤੱਕ ਕੋਈ ਵੀ ਸਹਾਇਤਾ ਰਾਸ਼ੀ ਲੋਕਾਂ ਨੂੰ ਨਹੀਂ ਮਿਲੀ।ਉਨ੍ਹਾਂ ਮੰਗ ਕੀਤੀ ਕਿ ਸਹਾਇਤਾ ਰਾਸ਼ੀ ਵਿੱਚ ਵਾਧਾ ਕੀਤਾ ਜਾਵੇ।ਕਿਸਾਨਾਂ ਨੂੰ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ, ਮ੍ਰਿਤਕ ਪਰਿਵਾਰਾਂ ਨੂੰ 25 ਲੱਖ ਰੁਪਏ ਨਕਦ, ਢਹੇ ਘਰ ਦਾ 10 ਲੱਖ ਰੁਪਏ ਮੁਆਵਜ਼ਾ, ਮਰੇ ਪਸ਼ੂਆਂ ਲਈ ਇੱਕ ਲੱਖ ਰੁਪਏ ਪ੍ਰਤੀ ਪਸ਼ੂ ਮੁਆਵਜ਼ਾ ਤੇ ਆਉਣ ਵਾਲੀ ਫਸਲ ਲਈ ਖਾਦਾਂ, ਬੀਜਾਂ ਤੇ ਦਵਾਈਆਂ ਦਾ ਪ੍ਰਬੰਧ ਸਰਕਾਰ ਆਪਣੇ ਤੌਰ 'ਤੇ ਕਰੇ ਅਤੇ ਕਰਜ਼ੇ ਦੀਆਂ ਕਿਸ਼ਤਾਂ ਅੱਗੇ ਪਾਉਣੀਆਂ ਤੇ ਮੁਫ਼ਤ ਡਾਕਟਰੀ ਸਹੂਲਤ ਹੜ੍ਹ ਪੀੜਤ ਲੋਕਾਂ ਤੱਕ ਪਹੁੰਚ ਚਾਹੀਦੀ।ਸਰਕਾਰ ਤੋਂ ਮੰਗ ਹੈ ਕਿ ਹੜ੍ਹ ਮਾਰੇ ਲੋਕਾਂ ਨੂੰ 25 ਹਜ਼ਾਰ ਕਰੋੜ ਦੀ ਰਾਹਤ ਫੌਰੀ ਤੌਰ 'ਤੇ ਦਿੱਤੀ ਜਾਵੇ ਨਾ ਕਿ ਫੋਕੇ ਐਲਾਨ ਹੀ ਕੀਤੇ ਜਾਣ ਤੇ ਦੂਜਾ ਸਾਡੀ ਮੰਗ ਇਹ ਹੈ ਕਿ ਹੜ੍ਹ ਬੀਬੀਐੱਮਬੀ ਦੀ ਨਲਾਇਕੀ ਕਾਰਨ ਆਏ, ਜਿਸ ਨੇ ਸਮੇਂ ਸਿਰ ਡਰੇਨਾਂ, ਡੈਮਾਂ ਤੇ ਉਨ੍ਹਾਂ ਦੇ ਫਲੱਡ ਗੇਟਾਂ ਦੀ ਸਫਾਈ ਤੇ ਜਾਂਚ ਨਹੀਂ ਕੀਤੀ ਤੇ ਨਾ ਹੀ ਡੈਮਾਂ ਤੋਂ ਸਮੇਂ ਰਹਿੰਦੇ ਪਾਣੀ ਹੀ ਛੱਡਿਆ ਗਿਆ। ਇਸ ਲਈ ਸਾਡੀ ਮੰਗ ਹੈ ਕਿ ਕੁਤਾਹੀ ਵਰਤਣ ਵਾਲੇ ਹੁਕਮਰਾਨਾਂ, ਅਫਸਰਾਂ ਤੇ ਉੱਚ-ਅਧਿਕਾਰੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ ਤੇ ਇਸ ਦੀ ਜੁਡੀਸ਼ੀਅਲ ਜਾਂਚ ਵੀ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਤੋਂ ਕਰਵਾਈ ਜਾਵੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਹੜ੍ਹਾਂ ਦੀ ਅਸਲੀਅਤ ਦਾ ਪਤਾ ਚੱਲ ਸਕੇ।



## ਕੈਬਨਿਟ ਮੰਤਰੀ ਖੁੱਡੀਆਂ ਨੇ ਮੰਡੀ ਕਬਰਵਾਲਾ ਵਿਖੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ

**ਕਿਸਾਨਾਂ ਨੂੰ ਮੰਡੀਆਂ 'ਚ ਸੁੱਕਾ ਝੋਨਾ ਲਿਆਉਣ ਦੀ ਅਪੀਲ**

**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵੀਰਵਾਰ ਹਲਕੇ ਦੇ ਪਿੰਡ ਕਬਰਵਾਲਾ ਵਿਖੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਖਰੀਦ, ਲਿਫਟਿੰਗ ਤੇ ਅਦਾਇਗੀ ਦਾ ਕੰਮ ਲਗਾਤਾਰ ਜਾਰੀ ਹੈ ਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 7420 ਮੀਟਰਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ 4040 ਮੀਟਰਕ ਟਨ ਝੋਨਾ ਖ੍ਰੀਦਿਆ ਜਾ ਚੁੱਕਾ ਹੈ।ਉਨ੍ਹਾਂ ਕਿਹਾ ਕਿ ਕੱਲ੍ਹ ਸ਼ਾਮ ਖਰੀਦੇ ਗਏ ਝੋਨੇ ਵਿੱਚੋਂ 1920 ਮੀਟਰਕ ਟਨ ਝੋਨਾ ਪਨਗ੍ਰੇਨ ਨੇ, 763 ਮੀਟਰਕ ਟਨ ਝੋਨਾ ਮਾਰਕਫੈੱਡ ਨੇ, 567 ਮੀਟਰਕ ਟਨ ਝੋਨਾ ਪਨਸਪ, 740 ਮੀਟਰਕ ਟਨ ਝੋਨਾ ਵੇਅਰ ਹਾਊਸ ਤੇ 65 ਮੀਟਰਕ ਟਨ ਝੋਨਾ ਪ੍ਰਾਈਵੇਟ ਵਪਾਰੀਆਂ ਨੇ ਖਰੀਦਿਆ ਹੈ।ਕੈਬਨਿਟ ਮੰਤਰੀ ਨੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਤੇ ਹੋਰ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਜੇਕਰ ਕੋਈ ਉਨ੍ਹਾਂ ਦੇ ਆਸ-ਪਾਸ ਵੀ ਕਿਸਾਨ ਅੱਗ ਲਗਾਉਂਦਾ ਹੈ ਤਾਂ ਉਸ ਨੂੰ ਵੀ ਰੋਕ ਕੇ ਜ਼ਿਲ੍ਹਾ ਪ੍ਰਸ਼ਾਸਨ ਦਾ ਸਾਥ ਦੇਣ।ਉਨ੍ਹਾਂ ਕਿਸਾਨਾਂ ਨੂੰ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਨੂੰ ਫਸਲ ਵੇਚਣ ਵਿੱਚ ਕੋਈ ਪ੍ਰੇਸ਼ਾਨੀ ਨਾ ਆਵੇ।



## ਚੇਅਰਮੈਨ ਰਣਜੋਧ ਹਡਾਣਾ ਵੱਲੋਂ ਨਜਾਇਜ਼ ਕਬਜ਼ਾ ਧਾਰਕਾਂ 'ਤੇ ਕਰਵਾਈ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਹਲਕਾ ਸਨੌਰ ਦੀ ਸਬਜ਼ੀ ਮੰਡੀ ਵਿਖੇ ਹਲਕਾ ਇੰਚਾਰਜ ਸਨੌਰ ਤੇ ਚੇਅਰਮੈਨ ਪੀ ਆਰ ਟੀ ਸੀ ਰਣਜੋਧ ਹਡਾਣਾ ਵੱਲੋਂ ਆੜ੍ਹਤੀ ਵੈੱਲਫੇਅਰ ਸੁਸਾਇਟੀ ਦੇ ਨੁਮਾਇੰਦਿਆਂ ਤੇ ਮੰਡੀ ਦੇ ਹੋਰ ਵਪਾਰੀਆਂ ਨਾਲ ਪ੍ਰਬੰਧਾਂ ਨੂੰ ਲੈ

- **ਸਾਰੇ ਇਕਮੁੱਠ ਹੋ ਕੇ ਚੱਲਣ ਤਾਂ ਮੰਡੀ ਦੀ ਨੁਹਾਰ ਬਦਲੀ ਜਾ ਸਕਦੀ ਹੈ : ਹਡਾਣਾ**

ਕੇ ਵਿਸ਼ੇਸ਼ ਗੱਲਬਾਤ ਕੀਤੀ ਗਈ। ਹਡਾਣਾ ਨੇ ਮੰਡੀ ਅੰਦਰ ਮੌਜੂਦ ਗੰਦਗੀ ਤੇ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦੇ ਵੀ ਸਖ਼ਤ ਨਿਰਦੇਸ਼ ਦਿੱਤੇ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਵੀ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਮੰਡੀ ਦੀ ਸਫ਼ਾਈ ਤੇ ਪ੍ਰਬੰਧਾਂ ਵਿੱਚ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਚੇਅਰਮੈਨ ਹਡਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੰਡੀ ਵਿੱਚ ਜਿੱਥੇ ਵੀ ਨਜਾਇਜ਼ ਕਬਜ਼ਿਆਂ ਨੂੰ ਖਾਲੀ ਕਰਵਾ ਕੇ ਮੰਡੀ ਨੂੰ ਸਾਫ਼-ਸੁਥਰਾ ਰੱਖਣ ਲਈ ਬਣਦੀ ਜਲਦ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਮੰਡੀ ਕਿਸੇ ਇੱਕ ਵਿਅਕਤੀ ਦੀ ਨਹੀਂ, ਸਗੋਂ ਸਾਰੇ ਆੜ੍ਹਤੀਆਂ ਤੇ ਕਿਸਾਨ ਭਰਾਵਾਂ ਦੀ ਸਾਂਝੀ ਜਗ੍ਹਾ ਹੈ, ਇਸ ਲਈ ਇਸ ਦੀ ਸੰਭਾਲ ਸਾਡੀ ਜ਼ਿੰਮੇਵਾਰੀ ਹੈ।ਉਨ੍ਹਾਂ ਮੰਡੀ ਵਿੱਚ ਰੌਸ਼ਨੀ ਦੇ ਪ੍ਰਬੰਧਾਂ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਰਾਤ ਦੇ ਸਮੇਂ ਮੰਡੀ ਵਿੱਚ ਪੂਰੀ ਰੌਸ਼ਨੀ ਹੋਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ ਤੇ ਖਰੀਦਦਾਰਾਂ ਨੂੰ ਕੋਈ ਮੁਸ਼ਕਲ ਨਾ ਆਵੇ।ਇਸ ਲਈ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਵੀ ਲਾਈਟਾਂ ਦੀ ਜਾਂਚ ਕਰਕੇ ਤੁਰੰਤ ਬਦਲਣ ਦੇ ਵੀ ਆਦੇਸ਼ ਦੇ ਦਿੱਤੇ ਹਨ। ਇਸ ਮੌਕੇ ਹਡਾਣਾ ਨੇ ਮੰਡੀ ਦੇ ਵਿਕਾਸ ਦੇ ਬਾਕੀ ਰਹਿੰਦੇ ਕੰਮਾਂ ਦੀ ਵੀ ਸਮੀਖਿਆ ਕੀਤੀ।ਉਨ੍ਹਾਂ ਦਾਅਵਾ ਕੀਤਾ ਕਿ ਸਾਰੇ ਬਕਾਇਆ ਕੰਮ ਜਲਦ ਹੀ ਪੂਰੇ ਕੀਤੇ ਜਾਣਗੇ ਤਾਂ ਜੋ ਮੰਡੀ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਸੁਵਿਧਾਵਾਂ ਮਿਲ ਸਕਣ। ਚੇਅਰਮੈਨ ਨੇ ਮੰਡੀ ਦੇ ਸਾਰੇ ਨੁਮਾਇੰਦਿਆਂ ਨੂੰ ਇਕੱਠੇ ਬੈਠ ਕੇ ਮਿਲਜੁਲ ਕੇ ਕੰਮ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਜਦੋਂ ਸਾਰੇ ਇਕਮੁੱਠ ਹੋ ਕੇ ਚੱਲਣਗੇ, ਤਦ ਹੀ ਸਾਰੀ ਮੰਡੀ ਦਾ ਚਿਹਰਾ ਬਦਲਿਆ ਜਾ ਸਕਦਾ ਹੈ ਤੇ ਕਿਸਾਨਾਂ ਲਈ ਵਧੀਆ ਵਾਤਾਵਰਣ ਬਣਾਇਆ ਜਾ ਸਕਦਾ ਹੈ।ਅੰਤ ਵਿੱਚ ਉਨ੍ਹਾਂ ਚੇਤਾਵਨੀ ਦਿੱਤੀ ਕਿ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਜਿਹੜਾ ਵੀ ਕਰਮਚਾਰੀ ਜਾਂ ਵਿਅਕਤੀ ਮੰਡੀ ਦੀ ਸਫ਼ਾਈ ਜਾਂ ਪ੍ਰਬੰਧਾਂ ਵਿੱਚ ਰੁਕਾਵਟ ਪੈਦਾ ਕਰੇਗਾ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ।



## ਕੈਬਨਿਟ ਮੰਤਰੀ ਖੁੱਡੀਆਂ ਨੇ ਵੱਖ-ਵੱਖ ਪਿੰਡਾਂ 'ਚ ਸੜਕਾਂ ਦੀ ਮੁਰੰਮਤ ਦੇ ਰੱਖੇ ਨੀਂਹ ਪੱਥਰ

- **1.75 ਕਰੋੜ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ 9 ਸ਼ੈੱਡਾਂ ਦਾ ਕੀਤਾ ਉਦਘਾਟਨ**

**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਹਲਕਾ ਲੰਬੀ ਦੇ ਪਿੰਡ ਫਤਿਹਪੁਰ ਮਨੀਆਂ ਵਾਲਾ, ਫੁੱਲੂ ਖੇੜਾ, ਭਾਈ ਕੇਰਾ, ਕੋਲਿਆਂਵਾਲੀ, ਕਬਰ ਵਾਲਾ ਤੇ ਆਲਮਵਾਲਾ ਵਿਖੇ ਸੜਕਾਂ ਦੀ ਮੁਰੰਮਤ ਸਬੰਧੀ 23 ਕਰੋੜ 80 ਲੱਖ ਰੁਪਏ ਅਤੇ ਸ਼ੈੱਡਾਂ ਦੀ ਉਸਾਰੀ ਲਈ 1 ਕਰੋੜ 75 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ। ਕੈਬਨਿਟ ਮੰਤਰੀ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੰਬੀ ਹਲਕੇ ਦੇ ਇਨ੍ਹਾਂ ਪਿੰਡਾਂ ਤੇ ਢਾਣੀਆਂ ਵਿੱਚ ਇੱਕ ਦੂਜੇ ਨੂੰ ਜੋੜਦੀਆਂ 41 ਸੜਕਾਂ ਦੀ ਮੁਰੰਮਤ ਕੀਤੀ ਜਾਣੀ ਹੈ, ਜਿਨ੍ਹਾਂ ਦੀ ਲੰਬਾਈ 118.93 ਕਿਲੋਮੀਟਰ ਹੈ, ਜਿਨ੍ਹਾਂ 'ਤੇ 23 ਕਰੋੜ 80 ਲੱਖ ਰੁਪਏ ਦੀ ਲਾਗਤ ਦਾ ਖਰਚਾ ਆਵੇਗਾ।ਇਸ ਤੋਂ ਇਲਾਵਾ ਇਨ੍ਹਾਂ ਪਿੰਡਾਂ ਵਿੱਚ ਹਸਪਤਾਲ, ਆਂਗਣਵਾੜੀ ਸੈਂਟਰ, ਛੱਪੜਾਂ ਆਦਿ ਦੇ ਕੰਮ ਕਰਵਾਏ ਜਾਣੇ ਹਨ।ਉਨ੍ਹਾਂ ਦੱਸਿਆ ਕਿ 9 ਪਿੰਡਾਂ, ਜਿਵੇਂ ਕਿ ਪਿੰਡ ਫੁੱਲੂ ਖੇੜਾ, ਆਲਮਵਾਲਾ, ਫਤਿਹਪੁਰ ਮਨੀਆਂ, ਕਬਰਵਾਲਾ, ਪੰਨੀਵਾਲਾ, ਮਿੱਡਾ, ਡੱਬਵਾਲੀ ਰਹੂੜਿਆਂਵਾਲੀ, ਧੌਲਾ ਕਿੰਗਰਾ ਤੇ ਬੋਦੀਵਾਲਾ ਵਿਖੇ ਸ਼ੈੱਡ ਬਣਾਏ ਜਾ ਰਹੇ ਹਨ, ਜਿਸ 'ਤੇ ਕੁੱਲ 1 ਕਰੋੜ 75 ਲੱਖ ਰੁਪਏ ਦੀ ਲਾਗਤ ਆਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਤੇ ਹਲਕੇ ਦੇ ਸਾਰੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨਾ ਸਰਕਾਰ ਦੀ ਮੁੱਖ ਤਰਜੀਹ ਹੈ। ਇਸ ਮੌਕੇ ਐਕਸੀਅਨ ਮੰਡੀ ਬੋਰਡ ਵੀਨਸ ਗਰਗ, ਐੱਸ. ਐੱਚ. ਓ. ਕਬਰਵਾਲਾ ਹਰਪ੍ਰੀਤ ਕੌਰ, ਨਾਇਬ ਤਹਿਸੀਲਦਾਰ ਲੰਬੀ ਗੁਰਦੀਪ ਸਿੰਘ, ਜੀ. ਏ. ਮੰਡੀ ਬੋਰਡ ਰਵਨੀਤ ਸਿੰਘ, ਬੀ.ਡੀ.ਪੀ.ਓ. ਲੰਬੀ ਰਾਕੇਸ਼ ਬਿਸ਼ਨੋਈ, ਗੁਰਬਾਜ ਸਿੰਘ ਵਣਵਾਲਾ, ਰਾਜਾ ਮਾਹੂਆਣਾ, ਗੁਰਬਾਜ ਸਿੰਘ ਪੀ.ਏ., ਜਗਰੂਪ ਸਿੰਘ ਜਰਖੜ, ਕੁਲਵਿੰਦਰ ਸਿੰਘ ਸਰਪੰਚ ਮਨੀਆਂਵਾਲਾ, ਗੁਰਮੀਤ ਸਿੰਘ ਨਕੱਈ, ਡਾਕਟਰ ਜਗਤਾਰ ਸਿੰਘ, ਗੁਰਪ੍ਰੀਤ ਸਿੰਘ ਸਰਪੰਚ ਫੁੱਲੂਖੇੜਾ, ਮਨਜੀਤ ਸਿੰਘ ਸਰਪੰਚ ਅਰਨੀਵਾਲਾ, ਵੱਸਣ ਸਿੰਘ ਸਾਬਕਾ ਸਰਪੰਚ, ਗੁਰਦੀਪ ਸਿੰਘ ਸਾਬਕਾ ਸਰਪੰਚ, ਰਵਿੰਦਰ ਕੌਰ ਸਰਪੰਚ ਭਾਈਕੇਰਾ ਤੋਂ ਇਲਾਵਾ ਸਬੰਧਤ ਪਿੰਡਾਂ ਦੇ ਸਰਪੰਚ, ਪੰਚ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਸ਼ਾਮਲ ਸਨ।




## ਗੁਰਮਤਿ ਰਾਗੀ ਗ੍ਰੰਥੀ ਸਭਾ ਦੀ ਚੋਣ, ਭਾਈ ਮਨਜੀਤ ਸਿੰਘ ਸ਼ਹਿਰੀ ਪ੍ਰਧਾਨ ਤੇ ਬਲਜਿੰਦਰ ਸਿੰਘ ਜਨਰਲ ਸਕੱਤਰ ਬਣੇ

**ਮੋਗਾ (ਇਕਬਾਲ ਸਿੰਘ ਖਹਿਰਾ)**- ਗੁਰਮਤਿ ਰਾਗੀ ਗ੍ਰੰਥੀ ਸਭਾ ਮੋਗਾ ਪੰਜਾਬ ਦੀ ਮੀਟਿੰਗ ਗੁਰਦੁਆਰਾ ਸ੍ਰੀ ਨਾਮਦੇਵ ਭਵਨ ਅਕਾਲਸਰ ਰੋਡ ਮੋਗਾ ਸ਼ਹਿਰ ਦੀ ਸਾਲਾਨਾ ਚੋਣ ਸ਼ਹਿਰੀ ਪ੍ਰਧਾਨ ਰਾਗੀ ਭਾਈ ਸੋਹਣ ਸਿੰਘ ਖਾਲਸਾ ਮੋਗੇ ਵਾਲੇ ਮੀਤ ਪ੍ਰਧਾਨ ਭਾਈ ਰਣਵੀਰ ਸਿੰਘ ਖੋਸਾ, ਚੇਅਰਮੈਨ ਭਾਈ ਮਨਜੀਤ ਸਿੰਘ ਟੀਚਰ ਕਾਲੋਨੀ, ਸੀਨੀਅਰ ਮੀਤ ਪ੍ਰਧਾਨ ਭਾਈ ਸਤਨਾਮ ਸਿੰਘ ਮੋਗਾ, ਮੁੱਖ ਸਲਾਹਕਾਰ ਕਰਮਜੀਤ ਸਿੰਘ ਰੋਡੇ ਅਤੇ ਮੋਗਾ ਸ਼ਹਿਰ ਦੇ ਸਮੂਹ ਮੈਂਬਰ ਸਾਹਿਬਾਨਾਂ ਦੀ ਰਹਿਨੁਮਾਈ ਹੇਠ ਸਰਬ ਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਸਰਪ੍ਰਸਤ ਰਾਗੀ ਭਾਈ ਸੋਹਣ ਸਿੰਘ ਖਾਲਸਾ ਮੋਗੇ, ਸ਼ਹਿਰੀ ਪ੍ਰਧਾਨ ਭਾਈ ਮਨਜੀਤ ਸਿੰਘ ਟੀਚਰ ਕਾਲੋਨੀ, ਚੇਅਰਮੈਨ ਭਾਈ ਰਣਵੀਰ ਸਿੰਘ ਖੋਸਾ, ਮੀਤ ਪ੍ਰਧਾਨ ਰਾਗੀ ਭਾਈ ਸਤਨਾਮ ਸਿੰਘ ਮੋਗਾ, ਜਰਨਲ ਸਕੱਤਰ ਭਾਈ ਬਲਜਿੰਦਰ ਸਿੰਘ ਸੋਢੀ ਨਗਰ, ਸੀਨੀਅਰ ਮੀਤ ਪ੍ਰਧਾਨ ਭਾਈ ਕਰਮਜੀਤ ਸਿੰਘ ਰੋਡੇ, ਵਾਇਸ ਮੀਤ ਪ੍ਰਧਾਨ ਭਾਈ ਮਹਿੰਗਾ ਸਿੰਘ ਮੋਗਾ, ਮੁੱਖ ਸਲਾਹਕਾਰ ਰਾਗੀ ਰਛਪਾਲ ਸਿੰਘ ਮੋਗਾ, ਖਜ਼ਾਨਚੀ ਭਾਈ ਹਰਦੀਪ ਜਿੰਦੂ, ਮੁੱਖ ਬੁਲਾਰਾ ਸੁਖਚੈਨ ਸਿੰਘ ਜ਼ਖ਼ਮੀ, ਪ੍ਰਚਾਰਕ ਸਕੱਤਰ ਭਾਈ ਜਸਪ੍ਰੀਤ ਸਿੰਘ, ਵਾਇਸ ਜਰਨਲ ਸਕੱਤਰ ਭਾਈ ਪਰਗਟ ਸਿੰਘ ਮੋਗਾ, ਪੱਤਰਕਾਰ ਭਾਈ ਬਲਵੀਰ ਸਿੰਘ ਪਾਂਧੀ, ਸਹਾਇਕ ਸਲਾਹਕਾਰ ਭਾਈ ਲਖਵਿੰਦਰ ਸਿੰਘ ਮੋਗਾ, ਮੁੱਖ ਦਫ਼ਤਰ ਸਕੱਤਰ ਭਾਈ ਸੁਖਦਰਸ਼ਨ ਸਿੰਘ ਪੰਮਾ, ਸਹਾਇਕ ਦਫ਼ਤਰ ਸਕੱਤਰ ਭਾਈ ਪ੍ਰਿਥੀਪਾਲ ਸਿੰਘ ਬੇਦੀ ਨਗਰ, ਸਹਾਇਕ ਚੇਅਰਮੈਨ ਭਾਈ ਮੇਜਰ ਸਿੰਘ ਅਫੈਕਸ ਕਾਲੋਨੀ, ਸੀਨੀਅਰ ਮੈਂਬਰ ਦਰਸ਼ਨ ਸਿੰਘ ਮੋਗਾ, ਸੀਨੀਅਰ ਮੈਂਬਰ ਸੁਖਦੇਵ ਸਿੰਘ ਬਿੱਟੂ ਮੋਗਾ, ਸਹਾਇਕ ਮੁੱਖ ਬੁਲਾਰਾ ਭਾਈ ਮੇਜਰ ਸਿੰਘ ਮੋਗਾ, ਸਹਾਇਕ ਸੀਨੀਅਰ ਮੀਤ ਪ੍ਰਧਾਨ ਭਾਈ ਸਵਰਨ ਸਿੰਘ ਸੋਨੀ, ਸੀਨੀਅਰ ਮੈਂਬਰ ਭਾਈ ਆਤਮਾ ਸਿੰਘ ਜੱਸਲ, ਸੀਨੀਅਰ ਮੈਂਬਰ ਭਾਈ ਮਹਿੰਦਰ ਸਿੰਘ ਮੋਗਾ, ਸੀਨੀਅਰ ਮੈਂਬਰ ਭਾਈ ਓਂਕਾਰ ਸਿੰਘ ਮੋਗਾ, ਸੀਨੀਅਰ ਮੈਂਬਰ ਗੁਰਜੰਟ ਸਿੰਘ ਮੋਗਾ, ਸ਼ਹਿਰੀ ਪ੍ਰਧਾਨ ਭਾਈ ਮਨਜੀਤ ਸਿੰਘ ਟੀਚਰ ਕਾਲੋਨੀ, ਚੇਅਰਮੈਨ ਭਾਈ ਰਣਵੀਰ ਸਿੰਘ ਖੋਸਾ ਮਾਈ ਜਾਨਕੀ, ਸਰਪ੍ਰਸਤ ਰਾਗੀ ਭਾਈ ਸੋਹਣ ਸਿੰਘ ਖਾਲਸਾ ਮੋਗੇ ਵਾਲੇ ਚੁਣੇ ਗਏ।



## ਭਾਸ਼ਾ ਉਤਸਵਾਂ 'ਚ ਪੈਰਾਡਾਈਜ਼ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਦੇ ਵਿਦਿਆਰਥੀਆਂ ਨੇ ਪਟਿਆਲਾ ਸਹੋਦਿਆ ਸਕੂਲ ਕੰਪਲੈਕਸ ਅਧੀਨ ਆਯੋਜਿਤ ਇੰਗਲਿਸ਼ ਤੇ ਹਿੰਦੀ ਉਤਸਵ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ।ਦਿੱਲੀ ਪਬਲਿਕ ਸਕੂਲ ਪਟਿਆਲਾ ਵੱਲੋਂ ਆਯੋਜਿਤ ਇੰਗਲਿਸ਼ ਉਤਸਵ ਦੌਰਾਨ, ਪਹਿਲੀ ਜਮਾਤ ਦੀ ਕਿਨਾਇਆ ਕਾਂਸਲ ਨੇ ਤੁਕਬੰਦੀ ਗੂੰਜ ਸ਼੍ਰੇਣੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸ ਨੇ ਆਪਣੇ ਆਤਮਵਿਸ਼ਵਾਸ, ਸੁਰੀਲੇ ਉਚਾਰਣ ਤੇ ਭਾਵਪੂਰਨ ਅਦਾਇਗੀ ਨਾਲ ਦਰਸ਼ਕਾਂ ਨੂੰ ਮੋਹ ਲਿਆ।ਇਸੇ ਤਰ੍ਹਾਂ ਗੋਲਡਨ ਏਰਾ ਪਬਲਿਕ ਸਕੂਲ ਵਿੱਚ ਆਯੋਜਤ ਹਿੰਦੀ ਉਤਸਵ ਵਿੱਚ ਗਗਨਦੀਪ ਕੌਰ ਨੇ ਮੋਨੋ ਹੌਰਰ ਐਕਟ ਸ਼੍ਰੇਣੀ ਵਿੱਚ ਤੀਜਾ ਸਥਾਨ ਹਾਸਲ ਕੀਤਾ।ਉਸ ਦੀ ਬੇਮਿਸਾਲ ਅਦਾਕਾਰੀ ਤੇ ਸਟੇਜ ਮੌਜੂਦਗੀ ਨੇ ਸਾਰੇ ਦਰਸ਼ਕਾਂ 'ਤੇ ਗਹਿਰਾ ਪ੍ਰਭਾਵ ਛੱਡਿਆ।ਸਕੂਲ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਸਕੂਲ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਰਗਦਰਸ਼ਕ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਪ੍ਰਾਪਤੀ ਲਈ ਵਧਾਈ ਦਿੰਦਿਆਂ ਵਿਦਿਆਰਥੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ।ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਸਿਰਜਣਾਤਮਕਤਾ, ਆਤਮਵਿਸ਼ਵਾਸ ਤੇ ਭਾਸ਼ਾਈ ਪ੍ਰਤਿਭਾ ਨੂੰ ਨਿਖਾਰਦੇ ਹਨ ਅਤੇ ਉਨ੍ਹਾਂ ਨੂੰ ਭਵਿੱਖ ਲਈ ਪ੍ਰੇਰਿਤ ਕਰਦੇ ਹਨ।



## ਰੈੱਡ ਰਿਬਨ ਕਲੱਬਾਂ ਦੇ ਨੋਡਲ ਅਫਸਰ ਤੇ ਪੀਅਰ ਐਜੂਕੇਟਰਾਂ ਦੀ ਮੀਟਿੰਗ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਜ਼ਿਲ੍ਹੇ ਵਿੱਚ ਚੱਲ ਰਹੇ ਸਮੂਹ ਰੈੱਡ ਰਿਬਨ ਕਲੱਬਾਂ ਦੇ ਨੋਡਲ ਅਫਸਰ ਤੇ ਪੀਅਰ ਐਜੂਕੇਟਰਾਂ ਦੀ ਐਡਵੋਕੇਸੀ ਮੀਟਿੰਗ ਹੋਈ, ਜਿਸ ਦੀ ਅਗਵਾਈ ਡਾ. ਦਿਲਵਰ ਸਿੰਘ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਨੇ ਕੀਤੀ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ 43 ਰੈੱਡ ਰਿਬਨ ਕਲੱਬ ਕਾਰਜਸ਼ੀਲ ਹਨ ਤੇ ਸਾਲ 2025-26 ਦੀਆਂ ਰੈੱਡ ਰਿਬਨ ਕਲੱਬ ਦੀਆਂ ਗਤੀਵਿਧੀਆਂ ਲਈ ਡਾਇਰੈਕਟੋਰੇਟ ਯੁਵਕ ਸੇਵਾਵਾਂ ਵੱਲੋਂ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਚੰਡੀਗੜ੍ਹ ਦੇ ਸਹਿਯੋਗ ਨਾਲ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਨਾਲ ਹੀ ਰੈੱਡ ਰਿਬਨ ਕਲੱਬ ਦੀਆਂ ਗਤੀਵਿਧੀਆਂ ਦਾ ਸਾਲਾਨਾ ਕੈਲੰਡਰ ਵੀ ਜਾਰੀ ਕੀਤਾ ਗਿਆ ਹੈ।ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਰੈੱਡ ਰਿਬਨ ਕਲੱਬਾਂ ਵੱਲੋਂ ਸਵੈ-ਇੱਛਕ ਖ਼ੂਨ ਦਾਨ ਦਿਵਸ, ਵਿਸ਼ਵ ਏਡਜ਼ ਦਿਵਸ, ਰਾਸ਼ਟਰੀ ਯੁਵਾ ਦਿਵਸ ਤੇ ਸਪਤਾਹ, ਵਿਸ਼ਵ ਟੀ. ਬੀ. ਦਿਵਸ, ਇੰਟਰਨੈਸ਼ਨਲ ਯੁਵਾ ਦਿਵਸ ਆਦਿ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ ਤੇ ਰੈੱਡ ਰਿਬਨ ਕਲੱਬਾਂ ਦਾ ਮਕਸਦ ਵਿੱਦਿਅਕ ਸੰਸਥਾਵਾਂ ਦੇ ਨੌਜਵਾਨਾਂ ਨੂੰ ਐੱਚ. ਆਈ. ਵੀ./ਏਡਜ਼, ਨਸ਼ੇ ਤੇ ਟੀ.ਬੀ. ਆਦਿ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨਾ ਅਤੇ ਨਾਲ ਹੀ ਉਨ੍ਹਾਂ ਨੂੰ ਸਿਹਤਮੰਦ ਰਹਿਣ ਤੇ ਖ਼ੂਨ ਦਾਨ ਕਰਨ ਵਾਸਤੇ ਉਤਸ਼ਾਹਤ ਕਰਨਾ ਹੈ।



## ਪਾਵਰਕਾਮ ਤੇ ਪੀ ਐੱਸ ਟੀ ਸੀ ਐੱਲ ਜਥੇਬੰਦੀਆਂ ਵੱਲੋਂ ਸਰਕਾਰ ਨੂੰ ਚਿਤਾਵਨੀ

**ਸਰਕਾਰੀ ਜ਼ਮੀਨਾਂ ਵੇਚਣ ਦੀ ਕੋਸ਼ਿਸ਼ ਕੀਤੀ ਤਾਂ ਕੀਤਾ ਜਾਵੇਗਾ ਵੱਡਾ ਸੰਘਰਸ਼ : ਆਗੂ**

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੀ ਐੱਸ ਪੀ ਸੀ ਐੱਲ ਤੇ ਪੀ ਐੱਸ ਟੀ ਸੀ ਐੱਲ ਦੀਆਂ ਜਾਇਦਾਦਾਂ ਨੂੰ ਵੇਚਣ ਦੀ ਚੱਲ ਰਹੀ ਚਰਚਾ ਬਾਰੇ ਪੰਜਾਬ ਦੇ ਬਿਜਲੀ ਖੇਤਰ ਦੀ ਨੁਮਾਇੰਦਗੀ ਕਰਨ ਵਾਲੀਆਂ ਸਾਰੀਆਂ ਜਥੇਬੰਦੀਆਂ ਦੀ ਮੀਟਿੰਗ ਹੋਈ, ਜਿਸ ਵਿੱਚ ਬਿਜਲੀ ਖੇਤਰ ਦੀਆਂ ਕੀਮਤੀ ਜ਼ਮੀਨਾਂ ਤੇ ਜਾਇਦਾਦਾਂ ਨੂੰ ਵੇਚਣ/ਲੀਜ਼ 'ਤੇ ਦੇਣ ਦੇ ਕਦਮ ਦਾ ਵਿਰੋਧ ਕਰਨ ਦਾ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ।ਸਮੂਹ ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਮੁਦਰੀਕਰਨ ਦੇ ਨਾਂ 'ਤੇ ਸਾਡੇ ਪਾਵਰ ਹਾਊਸ, ਦਫਤਰ, ਸਟੋਰ ਸਥਿਤ ਹਨ ਤੇ ਕੁਝ ਖਾਲੀ ਜ਼ਮੀਨਾਂ ਹਨ, ਜੋ ਕਿ ਜਨਤਾ ਨੂੰ ਬਿਜਲੀ ਸੇਵਾਵਾਂ ਪ੍ਰਦਾਨ ਕਰਨ ਲਈ ਵਿਭਾਗ ਦੇ ਭਵਿੱਖ ਦੇ ਵਿਕਾਸ ਲਈ ਵਰਤੇ ਜਾਣਗੇ, ਨੂੰ ਵੇਚਣ ਦੀ ਕੋਸ਼ਿਸ਼ ਦਾ ਸਾਰੇ ਕਰਮਚਾਰੀ ਤੇ ਇੰਜੀਨੀਅਰ/ਅਧਿਕਾਰੀ ਵਿਰੋਧ ਕਰਨਗੇ। ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਕਾਰਵਾਈਆਂ ਪੀ ਐੱਸ ਪੀ ਸੀ ਐੱਲ ਤੇ ਪੀ ਐੱਸ ਟੀ ਸੀ ਐੱਲ ਦੀ ਹੋਂਦ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ।ਇਸ ਸਬੰਧੀ ਪੀ ਐੱਸ ਈ ਬੀ ਮੁੱਖ ਦਫਤਰ ਦੇ ਮੁੱਖ ਗੇਟ ਅੱਗੇ ਮੁਦਰੀਕਰਨ ਦੇ ਨਾਂਅ ਹੇਠ ਬਿਜਲੀ ਖੇਤਰ ਦੀਆਂ ਕੀਮਤੀ ਜ਼ਮੀਨਾਂ ਨੂੰ ਵੇਚਣ ਦੀ ਸਰਕਾਰੀ ਕੋਸ਼ਿਸ਼ ਖਿਲਾਫ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ ਤੇ ਸੀ ਐੱਮ ਡੀ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਮੀਟਿੰਗ ਵਿੱਚ ਇੰਜ. ਜਤਿੰਦਰ ਗਰਗ, ਇੰਜ. ਦਵਿੰਦਰ ਗੋਇਲ, ਇੰਜ. ਅਜੇ ਪਾਲ ਸਿੰਘ ਅਟਵਾਲ ਪੀਐੱਸਈਬੀ ਇੰਜ. ਐਸੋਸੀਏਸ਼ਨ, ਇੰਜ. ਅਮਨਦੀਪ ਜੇਹਲਵੀ, ਇੰਜ. ਚੰਚਲ ਕੁਮਾਰ, ਇੰਜ. ਵਿਕਾਸ ਗੁਪਤਾ, ਜੂਨੀਅਰ ਇੰਜੀਨੀਅਰਜ਼ ਕੌਂਸਲ ਤੋਂ ਕੁਲਦੀਪ ਸਿੰਘ ਉਧੋਕੇ, ਹਰਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਟੈਕਨੀਕਲ ਸਰਵਿਸਿਜ਼ ਯੂਨੀਅਨ, ਅਵਤਾਰ ਸਿੰਘ ਕੈਂਥ ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚਾ, ਗੁਰਪ੍ਰੀਤ ਸਿੰਘ ਜੱਸਲ, ਗੁਰਵਿੰਦਰ ਸਿੰਘ, ਅਮਿਤ ਕੁਮਾਰ, ਅਸ਼ੀਸ਼ ਸਿੰਘ ਪੀ.ਐੱਸ.ਈ.ਬੀ. ਅਕਾਊਂਟਸ ਆਡਿਟ ਐਂਡ ਐਡਮਨਿਸਟਰੇਟਿਵ ਸਰਵਿਸਿਜ਼ ਐਸੋਸੀਏਸ਼ਨ, ਇੰਜ. ਤੇਜਿੰਦਰ ਸਿੰਘ ਪੀ ਐੱਸ ਪੀ ਸੀ ਐੱਲ/ਪੀ ਐੱਸ ਟੀ ਸੀ ਐੱਲ ਆਈ ਟੀ ਅਫ਼ਸਰ ਐਸੋਸੀਏਸ਼ਨ, ਗੀਤਿੰਦਰ ਗਲਵੱਟੀ ਐੱਚ ਆਰ ਅਫ਼ਸਰ ਐਸੋਸੀਏਸ਼ਨ ਵੱਲੋਂ ਸ਼ਾਮਲ ਹੋਏ।ਸਮੂਹ ਯੂਨੀਅਨਾਂ ਦੀ ਲੀਡਰਸ਼ਿਪ ਨੇ ਚਿਤਾਵਨੀ ਦਿੱਤੀ ਕਿ ਜੇਕਰ ਵਿਭਾਗ ਦੀਆਂ ਜਾਇਦਾਦਾਂ/ਸੰਪੱਤੀਆਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਈ ਕੋਸ਼ਿਸ਼ ਕੀਤੀ ਗਈ ਤਾਂ ਪੰਜਾਬ ਭਰ ਦੀਆਂ ਸਾਰੀਆਂ ਯੂਨੀਅਨਾਂ ਤੁਰੰਤ ਰੋਸ ਪ੍ਰਦਰਸ਼ਨ ਕਰਨਗੀਆਂ।



## ਟਰੱਕ ਯੂਨੀਅਨ ਦੀ ਨਵੀਂ ਚੁਣੀ ਟੀਮ ਦਾ ਵਿਧਾਇਕ ਵੱਲੋਂ ਸਨਮਾਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਟਰੱਕ ਯੂਨੀਅਨ ਪਾਤੜਾਂ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਕੀਤੀ ਗਈ।ਇਸ ਦੌਰਾਨ ਪਿਛਲੇ ਸਮੇਂ ਤੋਂ ਪ੍ਰਧਾਨ ਚਲੇ ਆ ਰਹੇ ਸੀਨੀਅਰ ਆਪ ਆਗੂ ਰਣਜੀਤ ਸਿੰਘ ਵਿਰਕ ਡਰੋਲੀ ਨੂੰ ਮੁੜ ਤੋਂ ਟਰੱਕ ਯੂਨੀਅਨ ਦਾ ਪ੍ਰਧਾਨ ਬਣਾਇਆ ਗਿਆ ਹੈ।ਇਸ ਤੋਂ ਇਲਾਵਾ 11 ਮੈਂਬਰੀ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਅਮੀਰ ਸਿੰਘ ਅਤਾਲਾਂ, ਹਰਦੀਪ ਸਿੰਘ ਖਾਂਗ, ਰਛਪਾਲ ਸਿੰਘ ਸਾਬਕਾ ਸਰਪੰਚ, ਧਰਮਾ ਸਿੰਘ ਦੁਤਾਲ, ਜੋਗਿੰਦਰ ਸਿੰਘ ਖਾਸਪੁਰ, ਜਸਵਿੰਦਰ ਸਿੰਘ ਸੇਲਵਾਲਾ, ਸੁਖਵਿੰਦਰ ਸਿੰਘ ਦਿਓਗੜ੍ਹ, ਗੁਰਦੀਪ ਸਿੰਘ ਬੁਰੜ੍ਹ, ਸਰਬਜੀਤ ਸਿੰਘ ਖਾਂਗ, ਪਿਆਰਾ ਸਿੰਘ ਤੇ ਅਮਨਦੀਪ ਸਿੰਘ ਨਿਆਲ ਨੂੰ ਸ਼ਾਮਲ ਕੀਤਾ ਗਿਆ ਹੈ।ਟਰੱਕ ਯੂਨੀਅਨ ਦੇ ਨਵੇਂ ਚੁਣੇ ਗਏ ਅਹੁਦੇਦਾਰਾਂ ਦਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਨਵੀਂ ਚੁਣੀ ਗਈ ਟੀਮ ਦਾ ਸਨਮਾਨ ਕਰਨ ਉਪਰੰਤ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਟਰੱਕ ਯੂਨੀਅਨ ਪਾਤੜਾਂ ਦੀ ਮਿਹਨਤੀ ਟੀਮ ਵੱਲੋਂ ਪਿਛਲੇ ਸਮੇਂ ਦੌਰਾਨ ਵਪਾਰੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਗਈ।ਮੁੜ ਤੋਂ ਪ੍ਰਧਾਨ ਚੁਣੇ ਗਏ ਰਣਜੀਤ ਸਿੰਘ ਵਿਰਕ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਕਿਹਾ ਕਿ ਨਵੀਂ ਚੁਣੀ ਗਈ ਕਮੇਟੀ ਵਿੱਚ ਵੀ ਸਾਰੇ ਇਮਾਨਦਾਰ ਤੇ ਮਿਹਨਤੀ ਉਪਰੇਟਰਾਂ ਨੂੰ ਸ਼ਾਮਲ ਕੀਤਾ ਗਿਆ ਹੈ।ਇਸ ਦੌਰਾਨ ਪ੍ਰਧਾਨ ਬਣੇ ਰਣਜੀਤ ਸਿੰਘ ਵਿਰਕ ਨੇ ਕਿਹਾ ਕਿ ਉਨ੍ਹਾਂ ਆਪਣੇ ਪਿਛਲੇ ਕਾਰਜਕਾਲ ਦੌਰਾਨ ਜਿੱਥੇ ਟਰੱਕ ਆਪ੍ਰੇਟਰਾਂ ਦੀਆਂ ਮੁਸ਼ਕਲਾਂ ਦਾ ਪੂਰੀ ਤਰ੍ਹਾਂ ਹੱਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ, ਉੱਥੇ ਵਪਾਰੀ ਵਰਗ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ, ਇਸ ਗੱਲ ਦਾ ਵੀ ਪੂਰਾ ਧਿਆਨ ਰੱਖਿਆ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਉਹ ਆਪ੍ਰੇਟਰਾਂ ਤੇ ਵਪਾਰੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦੇਣਗੇ।



## ਐੱਲ ਡੀ ਆਰ ਦੀਆਂ ਖਿਡਾਰਨਾਂ ਨੇ ਸਟੇਟ ਲਈ ਕੀਤਾ ਕੁਆਲੀਫਾਈ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ ਪੂਜਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੁਕਾਬਲਿਆਂ ਵਿੱਚ ਐੱਲ.ਡੀ.ਆਰ. ਕੌਨਵੈਂਟ ਸਕੂਲ ਦੀਆਂ ਅੰਡਰ-14 ਦੀਆਂ ਕੁੜੀਆਂ ਨੇ ਸਟੇਟ ਲਈ ਕੀਤਾ ਕੁਆਲੀਫਾਈ।ਇਨ੍ਹਾਂ ਵਿੱਚੋਂ ਪ੍ਰਭੂਨੂਰ ਕੌਰ ਨੇ 100 ਮੀ. ਦੌੜ ਵਿੱਚ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਅਤੇ ਤਾਜਵੀਰ ਕੌਰ ਨੇ ਵੀ 400 ਮੀ. ਦੌੜ ਵਿੱਚ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਦੇ ਚੇਅਰਮੈਨ ਅਜੇ ਅਰੋੜਾ ਤੇ ਸਕੂਲ ਪ੍ਰਿੰਸੀਪਲ ਮੈਡਮ ਗੁੰਜਨ ਵੱਲੋਂ ਪੀ.ਟੀ.ਆਈ. ਟੀਚਰ ਗੁਰਜਿੰਦਰ ਸਿੰਘ, ਸਟਾਫ ਤੇ ਇਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਇਸੇ ਤਰ੍ਹਾਂ ਤਰੱਕੀਆਂ ਕਰਨ ਦੀ ਪ੍ਰੇਰਨਾ ਦਿੱਤੀ।



## ਪਾਰਟੀ ਵੱਲੋਂ ਜ਼ਿੰਮੇਵਾਰੀ ਦੇਣ 'ਤੇ ਵਿਧਾਇਕ ਕਾਕਾ ਬਰਾੜ ਦਾ ਧੰਨਵਾਦ

- **ਵਿਕਰਮ ਵਿੱਕੀ ਮੀਡੀਆ ਕੋਆਰਡੀਨੇਟਰ ਤੇ ਜੈ ਚੰਦ ਭੰਡਾਰੀ ਵਾਈਸ ਕੋਆਰਡੀਨੇਟਰ ਬਣੇ**

**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)** : ਆਮ ਆਦਮੀ ਪਾਰਟੀ ਵੱਲੋਂ ਜਥੇਬੰਦਕ ਢਾਂਚੇ ਦਾ ਐਲਾਨ ਕਰਦਿਆਂ ਪਿਛਲੇ ਲੰਬੇ ਸਮੇਂ ਤੋਂ ਮੀਡੀਆ ਨਾਲ ਜੁੜੇ ਵਿਕਰਮ ਕੁਮਾਰ ਵਿੱਕੀ ਨੂੰ ਮੀਡੀਆ ਹਲਕਾ ਕੋਆਰਡੀਨੇਟਰ ਤੇ ਜੈ ਚੰਦ ਭੰਡਾਰੀ ਨੂੰ ਵਾਈਸ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ।ਇਸ ਨਾਲ ਵਰਕਰਾਂ ਵਿੱਚ ਭਾਰੀ ਜੋਸ਼ ਪਾਇਆ ਜਾ ਰਿਹਾ ਹੈ।ਇਸ ਮੌਕੇ ਬੋਲਦਿਆਂ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਵਿਕਰਮ ਕੁਮਾਰ ਵਿੱਕੀ ਪਿਛਲੇ ਲੰਬੇ ਸਮੇਂ ਤੋਂ ਮੀਡੀਆ ਨਾਲ ਜੁੜੇ ਹੋਏ ਹਨ।ਉਨ੍ਹਾਂ ਦਾ ਇਸ ਕੰਮ ਵਿੱਚ ਲੰਬਾ ਤਜਰਬਾ ਹੈ, ਜਿਸ ਕਾਰਨ ਪਾਰਟੀ ਵੱਲੋਂ ਬਹੁਤ ਵਧੀਆ ਫੈਸਲਾ ਲਿਆ ਤੇ ਇਹ ਜ਼ਿੰਮੇਵਾਰੀ ਇਨ੍ਹਾਂ ਸਾਥੀਆਂ ਨੂੰ ਦਿੱਤੀ ਗਈ।ਨਵਨਿਯੁਕਤ ਹਲਕਾ ਪ੍ਰਧਾਨ ਵਿਕਰਮ ਕੁਮਾਰ ਵਿੱਕੀ ਤੇ ਵਾਈਸ ਪ੍ਰਧਾਨ ਜੈ ਚੰਦ ਭੰਡਾਰੀ ਨੇ ਆਖਿਆ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ, ਇਮਾਨਦਾਰੀ ਤੇ ਲਗਨ ਨਾਲ ਨਿਭਾਈ ਜਾਵੇਗੀ।ਉਨ੍ਹਾਂ ਵੱਲੋਂ ਇਸ ਨਿਯੁਕਤੀ 'ਤੇ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਸ੍ਰੀ ਮੁਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਸੂਬਾ ਵਾਈਸ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਵਿਸ਼ਵਾਸ ਦੁਆਇਆ ਕਿ ਕਿ ਸੌਂਪੀ ਗਈ ਜ਼ਿੰਮੇਵਾਰੀ ਪੂਰੀ ਮਿਹਨਤ ਨਾਲ ਨਿਭਾਈ ਜਾਵੇਗੀ।



## ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀਆਂ ਲਈ ਆਗਰਾ, ਫਤਿਹਪੁਰ ਸੀਕਰੀ ਤੇ ਜੈਪੁਰ ਦਾ ਵਿੱਦਿਅਕ ਟੂਰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਨੇ ਸੱਤਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਆਗਰਾ, ਫਤਿਹਪੁਰ ਸੀਕਰੀ ਤੇ ਜੈਪੁਰ ਦਾ ਵਿੱਦਿਅਕ ਟੂਰ ਦਾ ਆਯੋਜਨ ਕੀਤਾ।ਬੱਚੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਸਕੂਲ ਪ੍ਰਿੰਸੀਪਲ ਗੀਤਾ ਪਿੱਲਈ ਅਤੇ ਆਪਣੇ ਅਧਿਆਪਕਾਂ ਦੀ ਨਿਗਰਾਨੀ ਹੇਠ ਰਵਾਨਾ ਹੋਇਆ। ਆਗਰਾ ਪਹੁੰਚਣ 'ਤੇ ਵਿਦਿਆਰਥੀਆਂ ਨੇ ਵਿਸ਼ਵ-ਪ੍ਰਸਿੱਧ ਤਾਜ ਮਹਿਲ ਤੇ ਇਤਿਹਾਸਕ ਆਗਰਾ ਕਿਲ੍ਹੇ ਦਾ ਦੌਰਾ ਕੀਤਾ, ਗਾਈਡ ਦੁਆਰਾ ਦਿੱਤੀ ਗਈ ਜਾਣਕਾਰੀ ਦਾ ਪੂਰਾ ਆਨੰਦ ਮਾਣਿਆ।ਸ਼ਾਮ ਨੂੰ ਵਿਦਿਆਰਥੀਆਂ ਨੇ ਹੋਟਲ ਵਿੱਚ ਇੱਕ ਡੀ ਜੇ ਪਾਰਟੀ ਤੇ ਸੁਆਦੀ ਡਿੱਨਰ ਦਾ ਆਨੰਦ ਮਾਣਿਆ ਅਤੇ ਆਗਰਾ ਦੀ ਇਤਿਹਾਸਕ ਵਿਰਾਸਤ ਤੇ ਮਹਿਮਾਨ ਨਿਵਾਜ਼ੀ ਦਾ ਅਨੁਭਵ ਕੀਤਾ।ਅਗਲੇ ਦਿਨ ਵਿਦਿਆਰਥੀ ਫਤਿਹਪੁਰ ਸੀਕਰੀ ਦੇ ਦੌਰੇ ਲਈ ਰਵਾਨਾ ਹੋਏ।ਇੱਥੇ ਉਨ੍ਹਾਂ ਜੋਧਾ ਮਹਿਲ, ਪੰਚ ਮਹਿਲ, ਦੀਵਾਨ-ਏ-ਆਮ, ਦੀਵਾਨ-ਏ-ਖ਼ਾਸ, ਬੁਲੰਦ ਦਰਵਾਜ਼ਾ ਤੇ ਸਲੀਮ ਚਿਸ਼ਤੀ ਦੀ ਦਰਗਾਹ ਦਾ ਦੌਰਾ ਕੀਤਾ।ਦੁਪਹਿਰ ਦੇ ਖਾਣੇ ਤੋਂ ਬਾਅਦ ਵਿਦਿਆਰਥੀ ਜੈਪੁਰ ਲਈ ਰਵਾਨਾ ਹੋਏ।ਜੈਪੁਰ ਪਹੁੰਚਣ 'ਤੇ ਵਿਦਿਆਰਥੀਆਂ ਨੇ ਹੋਟਲ 'ਦਿ ਫਰਨ ਹੈਬੀਟੇਟ' ਵਿੱਚ ਆਰਾਮ ਕੀਤਾ। ਚੌਥੇ ਦਿਨ ਵਿਦਿਆਰਥੀਆਂ ਨੂੰ ਜੈਪੁਰ ਦੇ ਪ੍ਰਮੁੱਖ ਸੈਲਾਨੀ ਸਥਾਨਾਂ ਜਿਵੇਂ ਸਿਟੀ ਪੈਲੇਸ, ਜੰਤਰ-ਮੰਤਰ, ਹਵਾ ਮਹਿਲ ਤੇ ਵਰਲਡ ਟ੍ਰੇਡ ਪਾਰਕ ਦੇ ਗਾਈਡ ਟੂਰ ਕਰਵਾਏ ਗਏ।ਸ਼ਾਮ ਨੂੰ ਚੌਕੀ ਢਾਣੀ ਵਿਖੇ ਰਾਜਸਥਾਨੀ ਲੋਕ ਸੱਭਿਆਚਾਰ, ਲੋਕ ਨਾਚ, ਰਵਾਇਤੀ ਭੋਜਨ ਤੇ ਪਿੰਡ ਦੀ ਇੱਕ ਝਲਕ ਦਾ ਆਨੰਦ ਮਾਣਿਆ ਗਿਆ।ਪੰਜਵੇਂ ਦਿਨ ਵਿਦਿਆਰਥੀਆਂ ਨੇ ਆਮੇਰ ਕਿਲ੍ਹਾ, ਜਲ ਮਹਿਲ ਤੇ ਬਿਰਲਾ ਮੰਦਿਰ ਦਾ ਦੌਰਾ ਕੀਤਾ, ਗਾਈਡ ਦੁਆਰਾ ਦਿੱਤੀ ਗਈ ਜਾਣਕਾਰੀ ਦਾ ਪੂਰਾ ਆਨੰਦ ਮਾਣਿਆ।ਇਸ ਤੋਂ ਇਲਾਵਾ ਉਨ੍ਹਾਂ ਨੇ ਰਾਜ ਮੰਦਿਰ ਸਿਨੇਮਾ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਆਲੀਸ਼ਾਨ ਐਮਰਾਲਡ ਸੈਕਸ਼ਨ ਵਿੱਚ ਇੱਕ ਫਿਲਮ ਦੇਖਣ ਦਾ ਮੌਕਾ ਮਿਲਿਆ ਤੇ ਫਿਰ ਹੋਟਲ ਵਾਪਸ ਆ ਕੇ ਡਿੱਨਰ ਕਰਨ ਤੋਂ ਬਾਅਦ ਬੱਸਾਂ ਵਿੱਚ ਬੈਠ ਕੇ ਸਕੂਲ ਲਈ ਵਾਪਸ ਚੱਲ ਪਏ।ਰਸਤੇ ਵਿੱਚ ਨੱਚਦੇ ਗਾਉਂਦੇ ਹੋਏ ਤੇ ਬਹੁਤ ਸਾਰੀਆਂ ਯਾਦਾਂ ਸਮੇਟਦੇ ਹੋਏ 9 ਅਕਤੂਬਰ ਨੂੰ ਸਵੇਰੇ ਵਾਪਸ ਸਕੂਲ ਪਹੁੰਚ ਗਏ ਇਸ ਟੂਰ ਲਈ ਵਿਦਿਆਰਥੀਆਂ ਨੂੰ ਰਵਾਨਾ ਕਰਦਿਆਂ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਕਿਹਾ ਕਿ ਇਸ ਤਰ੍ਹਾਂ ਦੇ ਵਿੱਦਿਅਕ ਟੂਰ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਦੇ ਹਨ।ਇਹ ਵਿਦਿਆਰਥੀਆਂ ਵਿੱਚ ਸਮਝਦਾਰੀ ਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ।ਇਸ ਲਈ ਆਉਣ ਵਾਲੇ ਸਮੇਂ ਵਿੱਚ ਸਕੂਲ ਵੱਲੋਂ ਇਸ ਤਰ੍ਹਾਂ ਦੇ ਹੋਰ ਵਿੱਦਿਅਕ ਟੂਰਾਂ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਜੋ ਸਕੂਲ ਦੇ ਵਿਦਿਆਰਥੀ ਇਨ੍ਹਾਂ ਦਾ ਭਰਪੂਰ ਲਾਭ ਉਠਾ ਸਕਣ ਤੇ ਹਰ ਖੇਤਰ ਵਿੱਚ ਸਫਲਤਾ ਪ੍ਰਾਪਤ ਕਰਨ।



## ਦਿ ਐੱਜ ਓਵਰਸੀਜ਼ ਕੰਸਲਟੈਂਟ ਨੇ ਕੈਨੇਡਾ ਦਾ ਸਪਾਊਸ ਵੀਜ਼ਾ ਲਵਾਇਆ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਦਿ ਐੱਜ ਓਵਰਸੀਜ਼ ਕੰਸਲਟੈਂਟ ਧੂਰੀ ਵੱਲੋਂ ਵਿਦੇਸ਼ ਜਾਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਲਈ ਇੱਕ ਹੋਰ ਪ੍ਰਾਪਤੀ ਦਰਜ ਕੀਤੀ ਗਈ ਹੈ।ਕੰਪਨੀ ਦੇ ਸੀ.ਐੱਮ.ਡੀ. ਜਗਸੀਰ ਸਿੰਘ ਜੱਗੀ ਢੀਂਡਸਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਨੇ ਹਾਲ ਹੀ ਵਿੱਚ ਕੈਨੇਡਾ ਦਾ ਸਪਾਊਸ ਵੀਜ਼ਾ ਲਗਵਾਇਆ ਹੈ।ਉਨ੍ਹਾਂ ਕਿਹਾ ਕਿ ਦਿ ਐੱਜ ਓਵਰਸੀਜ਼ ਕੰਸਲਟੈਂਟ ਪਿਛਲੇ ਕਈ ਸਾਲਾਂ ਤੋਂ ਵਿਦੇਸ਼ੀ ਸਿੱਖਿਆ ਤੇ ਇਮੀਗ੍ਰੇਸ਼ਨ ਸੇਵਾਵਾਂ ਦੇ ਖੇਤਰ ਵਿੱਚ ਵਿਸ਼ਵਾਸਯੋਗ ਨਾਮ ਬਣ ਚੁੱਕੀ ਹੈ।ਕੰਪਨੀ ਵੱਲੋਂ ਸਟੱਡੀ ਵੀਜ਼ਾ, ਵਰਕ ਪਰਮਿਟ, ਸਪਾਊਸ ਵੀਜ਼ਾ, ਵਿਜ਼ਟਰ ਤੇ ਸੁਪਰ ਵੀਜ਼ਾ ਸਬੰਧੀ ਮਿਆਰੀ ਤੇ ਪੇਸ਼ੇਵਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਜੱਗੀ ਢੀਂਡਸਾ ਨੇ ਦੱਸਿਆ ਕਿ ਉਨ੍ਹਾਂ ਦੇ ਇੰਸਟੀਚਿਊਟ ਵਿੱਚ ਆਈਲੈਟਸ ਤੇ ਪੀਟੀਈ ਦੀ ਮਿਆਰੀ ਸਿੱਖਿਆ ਵੀ ਦਿੱਤੀ ਜਾਂਦੀ ਹੈ, ਜਿਸ ਨਾਲ ਵਿਦਿਆਰਥੀ ਉੱਚ ਬੈਂਡ ਸਕੋਰ ਪ੍ਰਾਪਤ ਕਰਕੇ ਵਿਦੇਸ਼ ਜਾਣ ਲਈ ਯੋਗ ਹੋ ਰਹੇ ਹਨ।ਉਨ੍ਹਾਂ ਦਾਅਵਾ ਕੀਤਾ ਕਿ ਕੰਪਨੀ ਵੱਲੋਂ ਤਿਆਰ ਕੀਤੀਆਂ ਜ਼ਿਆਦਾਤਰ ਵੀਜ਼ਾ ਫਾਈਲਾਂ ਦੇ ਨਤੀਜੇ ਸੌ ਫੀਸਦੀ ਸਫਲ ਰਹੇ ਹਨ।ਉਨ੍ਹਾਂ ਕਿਹਾ ਕਿ ਵਿਦੇਸ਼ੀ ਸਿੱਖਿਆ ਸਬੰਧੀ ਨਵੇਂ ਨਿਯਮਾਂ ਤੇ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਦਿਆਂ ਕੰਸਲਟੈਂਟ ਦੀ ਭੂਮਿਕਾ ਹੋਰ ਵੀ ਜ਼ਰੂਰੀ ਹੋ ਗਈ ਹੈ।ਕੰਪਨੀ ਦੀ ਅਨੁਭਵੀ ਟੀਮ ਹਰ ਉਮੀਦਵਾਰ ਦੀ ਪ੍ਰੋਫਾਈਲ ਦੀ ਬਾਰੀਕੀ ਨਾਲ ਜਾਂਚ ਕਰਕੇ, ਸਹੀ ਤੇ ਸੁਚੱਜੇ ਢੰਗ ਨਾਲ ਅੰਬੈਸੀ ਵਿੱਚ ਫਾਈਲਾਂ ਤਿਆਰ ਕਰਦੀ ਹੈ, ਜਿਸ ਨਾਲ ਵਿਦਿਆਰਥੀ ਤੇ ਉਮੀਦਵਾਰ ਵੱਖ-ਵੱਖ ਦੇਸ਼ਾਂ ਦੇ ਵੀਜ਼ੇ ਪ੍ਰਾਪਤ ਕਰਕੇ ਆਪਣਾ ਭਵਿੱਖ ਨਿਖਾਰ ਰਹੇ ਹਨ।




## ...ਸ.ਫਾ 1 ਦੇ ਬਾਕੀ

### .ਗਦਰੀ ਬਾਬਿਆਂ ਦੇ ਮੇਲੇ ਦੀਆਂ...

ਭਗਤਾਂ ਦੇ ਆਦਰਸ਼ਾਂ ਦਾ ਰਾਜ ਅਤੇ ਸਮਾਜ ਸਿਰਜਣ ਲਈ ਲੋਕਾਂ ਨੂੰ ਚੇਤਨਾ ਦਾ ਜਾਗ ਲਾਉਣ ਲਈ ਮੇਲਾ ਆਪਣੀਆਂ ਕਲਾ ਕ੍ਰਿਤਾਂ ਦੇ ਕਲਾਵੇ ਵਿੱਚ ਲਏਗਾ।

ਮੀਟਿੰਗ ਨੇ ਆਈ ਡਬਲਯੂ ਏ (ਗ੍ਰੇਟ ਬ੍ਰਿਟੇਨ) ਅਤੇ ਸ਼ਹੀਦ ਊਧਮ ਸਿੰਘ ਟਰੱਸਟ ਬਰਮਿੰਘਮ (ਯੂ ਕੇ) ਵੱਲੋਂ ਲੋਕਾਂ ਕੋਲੋਂ ਇਕੱਤਰ ਕੀਤੀ ਸਾਢੇ ਅੱਠ ਲੱਖ ਰੁਪਏ ਦੀ ਰਾਸ਼ੀ ਵਿਸ਼ੇਸ਼ ਕਰਕੇ ਮੇਲੇ 'ਚ ਲੰਗਰ ਲਈ ਉਹਨਾਂ ਸੰਸਥਾਵਾਂ ਦੇ ਪ੍ਰਤੀਨਿਧ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕੁਲਬੀਰ ਸਿੰਘ ਸੰਘੇੜਾ ਨੇ ਭੇਟ ਕੀਤੀ। ਮੀਟਿੰਗ ਨੇ ਉਚੇਚੇ ਤੌਰ 'ਤੇ ਝੰਡੇ ਦੇ ਗੀਤ ਦੀ ਮੇਲੇ ਤੋਂ ਪਹਿਲਾਂ ਦੇਸ਼ ਭਗਤ ਯਾਦਗਾਰ ਹਾਲ 'ਚ ਲੱਗ ਰਹੀ ਵਰਕਸ਼ਾਪ 'ਚ ਕਲਾਕਾਰਾਂ ਨੂੰ ਪੁੱਜਣ ਅਤੇ 30, 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਗ਼ਦਰੀ ਬਾਬਿਆਂ ਦੇ ਮੇਲੇ ਦੀਆਂ ਹੁਣ ਤੋਂ ਹੀ ਜ਼ੋਰਦਾਰ ਤਿਆਰੀਆਂ ਲਈ ਕਮਰਕੱਸੇ ਕੱਸਣ ਅਤੇ ਮੇਲੇ 'ਚ ਪਰਵਾਰਾਂ ਸਮੇਤ ਹੁੰਮ-ਹੁੰਮਾ ਕੇ ਸ਼ਾਮਲ ਹੋਣ ਲਈ ਸਮੂਹ ਲੋਕ-ਪੱਖੀ ਸੰਸਥਾਵਾਂ ਅਤੇ ਲੋਕਾਂ ਨੂੰ ਅਪੀਲ ਕੀਤੀ।

### ਵਿਰੋਧੀ ਪਾਰਟੀਆਂ ਬਦਲਾਖ਼ੋਰੀ ...

ਉਦੇਸ਼ ਲੋਕਾਂ ਨੂੰ ਸਹੂਲਤ ਦੇਣਾ ਹੈ, ਕਿਉਂਕਿ ਇਹ ਲਿੰਕ ਸੜਕਾਂ ਲੋਕਾਂ ਤੱਕ ਸਾਮਾਨ ਅਤੇ ਸੇਵਾਵਾਂ ਦੀ ਆਵਾਜਾਈ ਅਤੇ ਸੁਚਾਰੂ ਆਵਾਜਾਈ ਵਿੱਚ ਪ੍ਰੇਰਕ ਵਜੋਂ ਕੰਮ ਕਰਦੀਆਂ ਹਨ। ਉਹਨਾ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬੇ ਨੂੰ 'ਪਾਵਰ ਕੱਟ ਮੁਕਤ' ਬਣਾਉਣ ਲਈ ਸੰਬੰਧਤ ਪ੍ਰੋਜੈਕਟ 'ਤੇ 5000 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਹ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ, ਕਿਉਂਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਬਿਜਲੀ ਖੇਤਰ ਵਿੱਚ ਇੱਕ ਇਤਿਹਾਸਕ ਪਹਿਲਕਦਮੀ ਲਾਗੂ ਕੀਤੀ ਜਾ ਰਹੀ ਹੈ।

ਉਹਨਾ ਕਿਹਾ ਕਿ ਸੂਬਾ ਸਰਕਾਰ ਨੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸੂਬੇ ਭਰ ਵਿੱਚ ਸਕੂਲ ਆਫ਼ ਐਮੀਨੈਂਸ ਸਥਾਪਤ ਕੀਤੇ ਹਨ, ਜਿਸ ਦੇ ਨਤੀਜੇ ਵਜੋਂ ਇਨ੍ਹਾਂ ਅਤੇ ਹੋਰ ਸਰਕਾਰੀ ਸਕੂਲਾਂ ਦੇ 265 ਵਿਦਿਆਰਥੀਆਂ ਨੇ ਜੇ ਈ ਈ ਮੇਨਜ਼ ਪ੍ਰੀਖਿਆ ਲਈ ਕੁਆਲੀਫਾਈ ਕੀਤਾ ਹੈ। ਇਸੇ ਤਰ੍ਹਾਂ 44 ਵਿਦਿਆਰਥੀਆਂ ਨੇ ਜੇ ਈ ਈ ਐਡਵਾਂਸਡ ਪ੍ਰੀਖਿਆ ਪਾਸ ਕਰਨ ਦੇ ਨਾਲ ਅਤੇ 848 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਲਈ ਕੁਆਲੀਫਾਈ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦੇ ਦਿਨ ਨੂੰ ਗੁਆਂਢੀ ਜ਼ਿਲ੍ਹਿਆਂ ਦੇ ਲੋਕਾਂ ਖਾਸ ਕਰਕੇ ਮਾਲਵਾ ਖੇਤਰ ਦੇ ਲੋਕਾਂ ਲਈ ਇੱਕ ਇਤਿਹਾਸਕ ਦਿਨ ਵਜੋਂ ਯਾਦ ਕੀਤਾ ਜਾਵੇਗਾ, ਕਿਉਂਕਿ 56 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਿਆ ਇਹ ਰੇਲਵੇ ਓਵਰਬ੍ਰਿਜ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ। ਇਹ 1,130 ਮੀਟਰ ਲੰਮਾ ਪੁਲ ਲੋਕਾਂ ਨੂੰ ਵੱਡੀ ਰਾਹਤ ਦੇਵੇਗਾ।

### ਆਮ ਦਲਿਤ ਲਈ ਨਹੀਂ ਬਚੀ ਉਮੀਦ...

ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਇਹ ਸਚਾਈ ਨੂੰ ਲੁਕਾਉਣ ਦੀ ਜਾਣਬੁੱਝ ਕੇ ਕੋਸ਼ਿਸ਼ ਕੀਤੀ ਜਾਪਦੀ ਹੈ।ਸਿਵਲ ਸੇਵਾਵਾਂ ਦੇ ਉੱਚ ਅਹੁਦਿਆਂ 'ਤੇ ਵੀ ਜਾਰੀ ਜਾਤੀ-ਅਧਾਰਤ ਵਿਤਕਰੇ ਦੀ ਨਿੰਦਾ ਕਰਦੇ ਹੋਏ ਸਿਸੋਦੀਆ ਨੇ ਕਿਹਾ ਕਿ ਇਹ ਦੁਖਾਂਤ ਡੂੰਘੀਆਂ ਜੜ੍ਹਾਂ ਵਾਲੇ ਪੱਖਪਾਤ ਅਤੇ ਢਾਂਚਾਗਤ ਬੇਇਨਸਾਫ਼ੀ ਨੂੰ ਉਜਾਗਰ ਕਰਦਾ ਹੈ ਜੋ ਦਲਿਤ ਅਧਿਕਾਰੀਆਂ ਅਤੇ ਨਾਗਰਿਕਾਂ ਨੂੰ ਲਗਾਤਾਰ ਦਬਾ ਰਿਹਾ ਹੈ।ਸਿਸੋਦੀਆ ਨੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ, ਇਸ 'ਤੇ ਜਾਤੀ ਸਰਬਉੱਚਤਾ ਦੀ ਜ਼ਹਿਰੀਲੀ ਵਿਚਾਰਧਾਰਾ ਨੂੰ ਉਤਸ਼ਾਹਤ ਕਰਨ ਅਤੇ ਦਲਿਤਾਂ ਵਿਰੁੱਧ ਅੱਤਿਆਚਾਰਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਬਚਾਉਣ ਦਾ ਦੋਸ਼ ਲਗਾਇਆ।

### ਪ੍ਰੇਮ ਵਿਆਹ ਮਗਰੋਂ ਕਰਵਾਇਆ ...

ਮਾਲਕ, ਇੱਕ ਸਿਆਸੀ ਆਗੂ ਅਤੇ ਇੱਕ ਸਕਰੈਪ ਡੀਲਰ ਦਾ ਨਾਂਅ ਸ਼ਾਮਲ ਹੈ, ਸਾਰਿਆਂ ਖ਼ਿਲਾਫ਼ ਜਿਨਸੀ ਸੋਸ਼ਣ ਅਤੇ ਨਸ਼ੇ ਦੀ ਲਤ ਲਾਉਣ ਦਾ ਦੋਸ਼ ਲਾਇਆ ਗਿਆ ਹੈ। ਪੁਲਸ ਨੇ ਅਨੈਤਿਕ ਟਰੈਫਿਕ (ਰੋਕਥਾਮ) ਐਕਟ, 1956 ਦੀ ਧਾਰਾ 5 ਅਤੇ ਹੋਰ ਸੰਬੰਧਤ ਕਾਨੂੰਨਾਂ ਤਹਿਤ ਕੇਸ ਦਰਜ ਕੀਤਾ ਹੈ, ਜਿਸ 'ਚ ਗੌਰਵ ਨੂੰ ਮੁੱਖ ਮੁਲਜ਼ਮ ਦੱਸਿਆ ਗਿਆ ਹੈ।

ਪੀੜਤਾ ਦੇ ਬਿਆਨ 'ਚ ਨਾਮਜ਼ਦ ਹੋਰ ਵਿਅਕਤੀਆਂ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਮੋਗਾ ਦੇ ਡੀ ਐੱਸ ਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁੱਖ ਮੁਲਜ਼ਮ ਗੌਰਵ ਉਰਫ਼ ਗੌਰੀ ਮਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਸ਼ੈਲਜਾ ਬਾਂਸਲ ਦੇ ਸਿਰ ਸਜਿਆ ਮਿਸ ਕਵੀਨ ਦਾ ਤਾਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ /ਪੂਜਾ)** ਸੁਹਾਗਣਾਂ ਵੱਲੋਂ ਬੀਤੀ ਦੇਰ ਸ਼ਾਮ ਕੋਟਕਪੂਰਾ ਰੋਡ ਸਥਿਤ ਪੈਰਾਡਾਈਜ਼ ਪੈਲੇਸ ਵਿਖੇ ਕਰਵਾ ਸੈਲੀਬਰੇਟ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸੁਹਾਗਣਾਂ ਨੇ ਜਿੱਥੇ ਡੀਜੇ 'ਤੇ ਗਾਣੇ ਲਗਾ ਕੇ ਨੱਚ ਗਾ ਕੇ ਖ਼ੂਬ ਧਮਾਲ ਮਚਾਈ ਉੱਥੇ ਹੀ ਕਰਵਾ ਚੌਥ ਦਾ ਵਰਤ ਉਤਸ਼ਾਹ ਦੇ ਨਾਲ ਮਨਾਇਆ ਗਿਆ। ਪ੍ਰਿਯੰਕਾ ਭੁੱਲਰ, ਪੂਜਾ ਗਾਵੜੀ ਅਤੇ ਸ਼ੈਲਜਾ ਕਥੂਰੀਆ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਦੌਰਾਨ ਸੁਹਾਗਣਾਂ ਨੇ ਜਿੱਥੇ ਵੱਖ-ਵੱਖ ਗੀਤਾਂ 'ਤੇ ਨੱਚ ਗਾ ਕੇ ਕਰਵਾ ਸੈਲੀਬ੍ਰੇਟ ਕੀਤਾ ਉਥੇ ਹੀ ਕੇਕ ਵੀ ਕੱਟਿਆ ਗਿਆ। ਕਈ ਰੋਚਕ ਗੇਮਜ਼ ਵੀ ਕਰਵਾਈਆਂ ਗਈਆਂ। ਇਸ ਦੌਰਾਨ ਨੂੰਹ ਅਤੇ ਸੱਸ ਦੇ ਰਿਸ਼ਤੇ 'ਤੇ ਸੁਹਾਗਣਾਂ ਵੱਲੋਂ ਵਿਚਾਰ ਪੇਸ਼ ਕੀਤੇ ਗਏ, ਉਥੇ ਹੀ ਸਮਾਜਿਕ ਮੁੱਦਿਆਂ ਤੇ ਆਧਾਰਿਤ ਪ੍ਰਸ਼ਨ ਉੱਤਰ ਦਾ ਰਾਊਂਡ ਵੀ ਰੱਖਿਆ ਗਿਆ। ਜਿਸ ਵਿੱਚ ਸੁਹਾਗਣਾਂ ਨੇ ਉਤਸ਼ਾਹ ਦੇ ਨਾਲ ਭਾਗ ਲਿਆ। ਇਸ ਸੈਲੀਬ੍ਰੇਟ ਸਮਾਗਮ ਦੌਰਾਨ ਮਿਸ ਕਰਵਾ ਕਵੀਨ ਦਾ ਤਾਜ ਸ਼ੈਲਜਾ ਬਾਂਸਲ ਦੇ ਸਿਰ 'ਤੇ ਸਜਿਆ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਪੈਰਾਡਾਈਜ਼ ਪੈਲੇਸ ਵੱਲੋਂ ਵੀ ਆਪਣਾ ਭਰਪੂਰ ਸਹਿਯੋਗ ਦਿੱਤਾ ਗਿਆ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

CMYK

12-Oct-PAGE-3.qxd 10/11/2025 11:23 PM Page 1



## ਟੌਂਗ ਵੱਲੋਂ 2.87 ਕਰੋੜ ਦੀ ਲਾਗਤ ਵਾਲੀਆਂ 9.45 ਕਿਲੋਮੀਟਰ ਸੜਕਾਂ ਦਾ ਉਦਘਾਟਨ



**ਬਿਆਸ (ਪਰਮਜੀਤ ਸਿੰਘ ਰੱਖੜਾ)**

ਵਿਧਾਇਕ ਦਲਬੀਰ ਸਿੰਘ ਟੌਂਗ ਨੇ ਚੀਮਾਬਾਠ, ਬੁਲੇਨੰਗਲ, ਕੋਟ ਮਹਿਤਾਬ ਅਤੇ ਫੇਰੂਮਾਨ ਪਿੰਡਾਂ ਵਿੱਚ 2.87 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀਆਂ ਗਈਆਂ 9.45 ਕਿਲੋਮੀਟਰ ਲੰਬਾਈ ਵਾਲੀਆਂ ਸੜਕਾਂ ਦਾ ਉਦਘਾਟਨ ਕੀਤਾ।ਇਸ ਮੌਕੇ ਵਿਧਾਇਕ ਟੌਂਗ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪਿੰਡਾਂ ਦੇ ਹਰ ਖੇਤਰ 'ਚ ਸੰਤੁਲਿਤ ਵਿਕਾਸ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜਨੀਤੀ ਤੋਂ ਉਪਰ ਉਠ ਕੇ ਲੋਕਾਂ ਦੇ ਵਿਕਾਸ ਲਈ ਕੰਮ ਕੀਤਾ ਹੈ।ਹਰ ਪਿੰਡ ਵਿੱਚ ਕੰਮ ਜ਼ਰੂਰਤ ਮੁਤਾਬਕ ਹੋ ਰਿਹਾ ਹੈ ਅਤੇ ਕਿਸੇ ਨਾਲ ਭੇਦਭਾਵ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਇਹ ਸੜਕਾਂ ਬਣਨ ਨਾਲ ਕਿਸਾਨਾਂ ਨੂੰ ਆਪਣੀ ਫ਼ਸਲ ਮੰਡੀ ਤੱਕ ਪਹੁੰਚਾਉਣ ਵਿੱਚ ਸਹੂਲਤ ਹੋਵੇਗੀ ਅਤੇ ਵਿਦਿਆਰਥੀਆਂ ਨੂੰ ਸਕੂਲਾਂ ਤੱਕ ਸੁਰੱਖਿਅਤ ਆਵਾਜਾਈ ਮਿਲੇਗੀ।ਇਸ ਮੌਕੇ ਵਿਧਾਇਕ ਟੌਂਗ ਨੇ ਇਹ ਵੀ ਦੱਸਿਆ ਕਿ ਹਲਕੇ ਦੇ ਹੋਰ ਪਿੰਡਾਂ ਵਿੱਚ ਵੀ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਹਨ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਕਈ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਸੜਕਾਂ ਦੇ ਸੁਧਾਰ ਨਾਲ ਆਵਾਜਾਈ ਸੁਵਿਧਾਜਨਕ ਹੋਈ ਹੈ ਅਤੇ ਪਿੰਡਾਂ ਦੀ ਆਰਥਿਕ ਗਤੀਵਿਧੀ ਨੂੰ ਨਵਾਂ ਬਲ ਮਿਲਿਆ ਹੈ।

## ਔਰਤ ਵੱਲੋਂ ਜ਼ਹਿਰੀਲੀ ਵਸਤੂ ਖਾ ਕੇ ਜੀਵਨ ਲੀਲਾ ਖਤਮ

**ਮਜੀਠਾ (ਸੋਇਮ ਆਨੰਦ)**

ਪਿੰਡ ਸੋਹੀਆਂ ਕਲਾਂ ਵਿਖੇ ਇੱਕ ਬਜ਼ੁਰਗ ਔਰਤ ਵੱਲੋਂ ਘਰੇਲੂ ਕਲੇਸ਼ ਦੇ ਚਲਦਿਆਂ ਘਰ ਵਿਚ ਹੀ ਕੋਈ ਜ਼ਿਹਰੀਲੀ ਵਸਤੂ ਨਿਗਲ ਕੇ ਆਪਣੀ ਜੀਵਨ ਲੀਲਾ ਖਤਮ ਕਰਨ ਦਾ ਸਮਾਚਾਰ ਹੈ।ਜਗੀਰ ਕੌਰ (ਕਰੀਬ 60 ਸਾਲ) ਪਤਨੀ ਮੁਖਤਾਰ ਸਿੰਘ ਵਾਸੀ ਪਿੰਡ ਸੋਹੀਆਂ ਕਲਾਂ ਨੇ ਪਹਿਲਾਂ ਪੁਲਸ ਥਾਣਾ ਮਜੀਠਾ ਵਿਖੇ ਲਿਖਤੀ ਦਰਖਾਸਤ ਦਿੱਤੀ ਸੀ ਜਿਸ ਵਿਚ ਉਸ ਨੇ ਆਪਣੇ ਪੋਤਰੇ ਸਾਜਨ ਅਤੇ ਪਰਿਵਾਰ ਦੇ ਬਾਕੀ ਮੈਬਰਾਂ ਜਿਨ੍ਹਾਂ ਵਿਚ ਸੁਮਨ, ਲੱਛਮੀ, ਹੀਰਾ ਖਿਲਾਫ ਸ਼ਿਕਾਇਤ ਕੀਤੀ ਸੀ ਕਿ ਉਹ ਉਸ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ, ਗਾਲੀ ਗਲੋਚ ਕਰਦੇ ਹਨ ਜਿਸ ਤੇ ਉਹ ਮਾਨਸਿਕ ਤੌਰ 'ਤੇ ਬਹੁਤ ਪ੍ਰੇਸ਼ਾਨ ਹੈ।ਲਿਖਤੀ ਸ਼ਿਕਾਇਤ ਵਿਚ ਇਹ ਵੀ ਲਿਖਿਆ ਸੀ ਕਿ ਉਸ ਨੂੰ ਇਨ੍ਹਾਂ ਵਿਆਕਤੀਆਂ ਪਾਸੋਂ ਜਾਨੀ ਖਤਰਾ ਹੈ।ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਮਾਤਾ ਜਗੀਰ ਕੌਰ ਨੂੰ ਉਕਤ ਵਿਅਕਤੀਆਂ ਵੱਲੋਂ ਲਗਾਤਾਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ ਤੇ ਮਾਨਸਿਕ ਪ੍ਰੇਸ਼ਾਨੀ ਵਿਚ ਹੀ ਉਸ ਨੇ ਕੋਈ ਜ਼ਹਿਰੀਲੀ ਵਸਤੂ ਨਿਗਲ ਲਈ ਜਿਸ ਕਰਕੇ ਉਸ ਦੀ ਘਰ ਵਿਚ ਮੌਤ ਹੋ ਗਈ।ਥਾਣਾ ਮਜੀਠਾ ਵਿਖੇ ਇਤਲਾਹ ਮਿਲਣ ਤੇ ਡਿਊਟੀ ਅਫਸਰ ਏਐੱਸਆਈ ਹਰਜਿੰਦਰ ਸਿੰਘ ਦੇ ਦੱਸਣ ਅਨੁਸਾਰ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਵਾਸਤੇ ਭੇਜ ਦਿੱਤਾ ਜਿਸ ਦਾ ਨਤੀਜਾ ਆਉਣ 'ਤੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।ਦੂਜੇ ਪਾਸੇ ਪੁਲਸ ਦੀ ਢਿੱਲੀ ਕਾਰਵਾਈ ਨੂੰ ਲੈ ਕੇ ਵਾਲਮੀਕਿ ਸਭਾ ਦੇ ਡਾ: ਜੈਮਲ ਸਿੰਘ ਅਤੇ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ ਪੰਜਾਬ ਦੇ ਪ੍ਰਧਾਨ ਕਰਨ ਸਿੰਘ ਭੱਟੀ ਨੇ ਪੁਲਸ ਪ੍ਰਸ਼ਾਸਨ ਨੂੰ ਅਲਟੀਮੇਟਮ ਦਿੰਦੇ ਹੋਏ ਕਿਹਾ ਕਿ ਅਗਰ ਪੁਲਸ ਨੇ ਦਰਖਾਸਤ ਵਿਚ ਦੱਸੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਨਾ ਕੀਤਾ ਤਾਂ ਲਾਸ਼ ਨੂੰ ਥਾਣਾ ਮਜੀਠਾ ਮੂਹਰੇ ਰੱਖ ਕੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ।



## ਸੁਰਿੰਦਰ ਭੱਟੀ ਬਲਾਕ ਪ੍ਰਧਾਨ ਨਿਯੁਕਤ



**ਬਲਾਚੌਰ (ਜਸਵਿੰਦਰ ਬੈਂਸ)**-ਹਲਕਾ ਬਲਾਚੌਰ ਵਿਖੇ ਆਮ ਆਦਮੀ ਪਾਰਟੀ ਵਲੋਂ ਬਲਾਚੌਰ ਤੋਂ 'ਆਪ' ਆਗੂ ਸੁਰਿੰਦਰ ਭੱਟੀ ਨੂੰ ਬਲਾਕ ਪ੍ਰਧਾਨ ਸਰਕਲ ਬਲਾਚੌਰ ਨਿਯੁਕਤ ਕੀਤਾ ਗਿਆ ਹੈ। ਸੁਰਿੰਦਰ ਭੱਟੀ ਨੇ ਵਿਧਾਇਕਾ ਸੰਤੋਸ਼ ਕਟਾਰੀਆ ਤੇ ਸਮੁੱਚੀ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਮੈਂ ਪਾਰਟੀ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ।ਉਨ੍ਹਾਂ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮਨੀਸ਼ ਸਿਸੋਦੀਆ ਇੰਚਾਰਜ ਪੰਜਾਬ, ਅਮਨ ਅਰੋੜਾ ਪੰਜਾਬ ਪ੍ਰਧਾਨ, ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਦਾ ਇਹ ਜ਼ਿੰਮੇਵਾਰੀ ਦੇਣ ਤੇ ਧੰਨਵਾਦ ਕੀਤਾ।

## ਪਿੰਗਲਵਾੜਾ ਨੇ ਵਿਸ਼ਵ ਮਾਨਸਿਕ ਸਿਹਤ ਦਿਵਸ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**



ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਦੀ ਬ੍ਰਾਂਚ ਮਾਨਾਂਵਾਲਾ ਕੰਪਲੈਕਸ ਵਿੱਚ ਵਿਸ਼ਵ ਮਾਨਸਿਕ ਸਿਹਤ ਦਿਵਸ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਦੇ ਬੱਚਿਆਂ ਵੱਲੋਂ ਰੇਨੂੰ ਸੂਰੀ (ਗੈਸਟ ਆਫ਼ ਆਨਰ), ਡਾ. ਇੰਦਰਜੀਤ ਕੌਰ ਅਤੇ ਡਾ. ਸਨੇਹ ਕੁਮਾਰ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ ਅਤੇ ਵੈਲਕਮ ਸੌਂਗ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਡਾ. ਸਨੇਹ ਕੁਮਾਰ (ਮਾਨਸਿਕ ਰੋਗ ਸਪੈਸ਼ਲਿਸਟ) ਨੇ ਦੱਸਿਆ ਕਿ ਮਾਨਸਿਕ ਸਿਹਤ ਸਾਡੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਹੈ ਕਿਉਂਕਿ ਇਹ ਸਾਡੇ ਸੋਚਣ, ਮਹਿਸੂਸ ਕਰਨ ਅਤੇ ਫੈਸਲੇ ਲੈਣ ਦੀ ਸਮਰਥਾ ਤੇ ਸਿੱਧਾ ਅਸਰ ਪਾਉਂਦੀ ਹੈ।ਜੇ ਅਸੀਂ ਮਾਨਸਿਕ ਤੌਰ 'ਤੇ ਸਿਹਤਮੰਦ ਨਹੀਂ ਹਾਂ ਤਾਂ ਸਾਡੀ ਰੋਜ਼ਾਨਾ ਜ਼ਿੰਦਗੀ, ਰਿਸ਼ਤੇ ਅਤੇ ਕੰਮ ਪ੍ਰਭਾਵਿਤ ਹੋ ਸਕਦੇ ਹਨ।ਡਾ. ਜਗਦੀਪਕ ਸਿੰਘ, ਮੀਤ-ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.), ਅੰਮ੍ਰਿਤਸਰ ਨੇ ਖਰਾਟੇ ਲੈਣ ਵਾਲਿਆਂ ਦੀਆਂ ਪਤਨੀਆਂ ਦੀ ਮਾਨਸਿਕ ਸਿਹਤ ਬਾਰੇ ਵਿਚਾਰਾਂ ਕੀਤੀਆਂ।ਉਨ੍ਹਾਂ ਦੱਸਿਆ ਕਿ ਖਰਾਟੇ ਲੈਣ ਵਾਲਿਆਂ ਦੀਆਂ ਪਤਨੀਆਂ ਦੀ ਮਾਨਸਿਕ ਸਿਹਤ ਅਕਸਰ ਪ੍ਰਭਾਵਿਤ ਹੋ ਜਾਂਦੀ ਹੈ, ਉਨ੍ਹਾਂ ਨੂੰ ਥਕਾਵਟ, ਚਿੜਚਿੜਾਪਣ ਅਤੇ ਤਣਾਅ ਹੋ ਸਕਦਾ ਹੈ।ਪ੍ਰਭਜੋਤ ਕੌਰ ਅਧਿਆਪਕ ਭਗਤ ਪੂਰਨ ਸਿੰਘ ਇੰਸਟੀਚਿਊਟ ਵੱਲੋਂ ਮਾਨਸਿਕ ਸਿਹਤ ਦੀਆਂ ਕਿਸਮਾਂ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।ਅਮਰਜੋਤ ਕੌਰ ਨੇ ਮਾਨਸਿਕ ਸਿਹਤ ਵਿੱਚ ਆਧਿਆਤਮਿਕਤਾ ਦੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ।ਪ੍ਰੋਗਰਾਮ ਵਿੱਚ ਰੋਏਲ ਇੰਸਟੀਚਿਊਟ ਆਫ਼ ਨਰਸਿੰਗ ਅਤੇ ਖਾਲਸਾ ਕਾਲਜ ਆਫ਼ ਨਰਸਿੰਗ ਦੇ ਬੀਐੱਸਸੀ ਨਰਸਿੰਗ/ਜੀਐੱਨਐੱਮ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਡਾ. ਇੰਦਰਜੀਤ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਯੋਗੇਸ਼ ਸੂਰੀ, ਰਜਿੰਦਰਪਾਲ ਸਿੰਘ, ਪਰਮਿੰਦਰਜੀਤ ਸਿੰਘ ਭੱਟੀ, ਬੀਬੀ ਸੁਰਿੰਦਰ ਕੌਰ ਭੱਟੀ, ਡਾ. ਇੰਦਰਜੀਤ ਕੌਰ ਰੇਨੂੰ, ਸ਼੍ਰੀ ਪਵਨ ਸ਼ਰਮਾ ਅਤੇ ਵੱਖ-ਵੱਖ ਵਾਰਡਾਂ ਦੇ ਇੰਚਾਰਜ ਸ਼ਾਮਲ ਸਨ।

## ਗੁਰੂ ਨਾਨਕ ਸੇਵਾ ਸੁਸਾਇਟੀ ਵੱਲੋਂ ਹੜ੍ਹ ਪੀੜਤ ਪਰਿਵਾਰ ਨੂੰ 11 ਹਜ਼ਾਰ ਰੁਪਏ ਭੇਟ

**ਗੁਰਦਾਸਪੁਰ, (ਜਨਕ ਮਹਾਜਨ)**

ਲੋੜਵੰਦਾਂ ਦੀ ਹਮੇਸ਼ਾ ਵੱਧ-ਚੜ੍ਹ ਕੇ ਮਦਦ ਕਰਨ ਵਾਲੇ ਗੁਰੂ ਨਾਨਕ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਕਿਰਪਾਲ ਸਿੰਘ ਗੇਰਾ ਨੇ ਹੜ੍ਹ ਪੀੜਤ ਪਰਿਵਾਰ ਦੀ 11 ਹਜ਼ਾਰ ਰੁਪਏ ਸਹਾਇਤਾ ਰਾਸ਼ੀ ਦੇ ਕੇ ਮਦਦ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਅਕਾਲੀ ਆਗੂ ਲਖਵਿੰਦਰ ਸਿੰਘ ਟਿੰਮੀ, ਸਾਬਕਾ ਸਰਪੰਚ ਅਤੇ ਮਨਪ੍ਰੀਤ ਸਿੰਘ ਡਾਲਾ ਵੀ ਮੌਜੂਦ ਸਨ। ਗੱਲਬਾਤ ਕਰਦਿਆਂ ਜਥੇਦਾਰ ਕਿਰਪਾਲ ਸਿੰਘ ਗੇਰਾ ਨੇ ਦੱਸਿਆ ਕਿ ਉਨ੍ਹਾਂ ਦੀ ਸੁਸਾਇਟੀ ਵੱਲੋਂ ਪਹਿਲਾਂ ਵੀ ਕਈ ਹੜ੍ਹ ਪੀੜਤ ਪਰਿਵਾਰਾਂ ਦੀ ਆਰਥਿਕ ਮਦਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਉਨ੍ਹਾਂ ਵੱਲੋਂ ਰਾਸ਼ਨ ਸਮਗਰੀ ਤੋਂ ਇਲਾਵਾ ਹੋਰ ਵੀ ਕਾਫ਼ੀ ਖ਼ਾਣ ਪੀਣ ਦਾ ਸਾਮਾਨ ਵੰਡਿਆ ਗਿਆ ਸੀ। ਜਥੇਦਾਰ ਗੇਰਾ ਨੇ ਕਿਹਾ ਕਿ ਸੁਸਾਇਟੀ ਨੂੰ ਜਾਣਕਾਰੀ ਮਿਲੀ ਸੀ ਕਿ ਜ਼ਿਲ੍ਹਾ ਗੁਰਦਾਸਪੁਰ 'ਚ ਪੈਂਦੇ ਪਿੰਡ ਜੈਨਪੁਰ ਦੇ ਵਸਨੀਕ ਜਗੀਰ ਸਿੰਘ ਪੁੱਤਰ ਰਤਨ ਸਿੰਘ ਦੇ ਮਕਾਨ ਨੂੰ ਹੜ੍ਹ ਕਾਰਨ ਕਾਫ਼ੀ ਨੁਕਸਾਨ ਪਹੁੰਚਿਆ ਹੈ। ਸੁਸਾਇਟੀ ਵੱਲੋਂ ਪੀੜਤ ਕਰਨੈਲ ਸਿੰਘ ਨੂੰ 11 ਹਜ਼ਾਰ ਰੁਪਏ ਦੇ ਕੇ ਆਰਥਿਕ ਮਦਦ ਕੀਤੀ ਗਈ ਹੈ। ਇਸ ਮੌਕੇ ਪੀੜਤ ਜਗੀਰ ਸਿੰਘ ਨੇ ਗੁਰੂ ਨਾਨਕ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਕਿਰਪਾਲ ਗੇਰਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਹੜ੍ਹ ਕਾਰਨ ਹੋਏ ਨੁਕਸਾਨ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਰਥਿਕ ਤੰਗੀ ਤੋਂ ਬਾਹਰ ਆ ਸਕਣ।



## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਬੁਰਜ ਸਾਹਿਬ ਭੰਗ ਕਰਕੇ ਨਵੇਂ ਸਿਰਿਓਂ ਬਣਾਈ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬੁਰਜ ਸਾਹਿਬ ਦੀ ਮੀਟਿੰਗ ਬਲਾਕ ਕਾਹਨੂੰਵਾਨ ਦੇ ਪਿੰਡ ਸਹਾਏਪੁਰ ਦੇ ਵਿੱਚ ਹੋਈ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਬੁਰਜ ਸਾਹਿਬ ਦੀ ਇਕਾਈ ਸਹਾਏਪੁਰ ਦੀ ਪਹਿਲੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ। ਨਵੀਂ ਚੁਣੀ ਗਈ ਕਮੇਟੀ ਵਿੱਚ ਡਾਕਟਰ ਰਜਿੰਦਰ ਸਿੰਘ ਸਹਾਏਪੁਰ ਨੂੰ ਕਮੇਟੀ ਪ੍ਰਧਾਨ, ਸੌਦਾਗਰ ਸਿੰਘ ਨੂੰ ਸਕੱਤਰ, ਰਣਜੀਤ ਸਿੰਘ ਨੂੰ ਖਜਾਨਚੀ, ਕਰਮਜੀਤ ਸਿੰਘ ਨੂੰ ਪ੍ਰੈਸ ਸਕੱਤਰ, ਸ਼ਰਨਜੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ, ਜੋਗਾ ਸਿੰਘ ਨੂੰ ਸਲਾਹਕਾਰ, ਸੁਖਜਿੰਦਰ ਸਿੰਘ ਨੂੰ ਜਥੇਬੰਦਕ ਸਕੱਤਰ, ਦਿਲਬਾਗ ਸਿੰਘ ਨੂੰ ਮੀਤ ਪ੍ਰਧਾਨ, ਦਲਜੀਤ ਕੌਰ ਨੂੰ ਪ੍ਰਚਾਰ ਸਕੱਤਰ, ਗੁਰਦੇਵ ਸਿੰਘ ਸਹਾਇਕ ਸਕੱਤਰ, ਸੱਜਣ ਸਿੰਘ ਨੂੰ ਸਹਾਇਕ ਖਜ਼ਾਨਚੀ, ਹਰਪਾਲ ਸਿੰਘ ਨੂੰ ਸਹਾਇਕ ਪ੍ਰੈੱਸ ਸਕੱਤਰ, ਸਰਬਜੀਤ ਸਿੰਘ ਨੂੰ ਲੰਗਰ ਇੰਚਾਰਜ ਅਤੇ ਸੰਦੀਪ ਸਿੰਘ ਅਤੇ ਜੁਗਰਾਜ ਸਿੰਘ ਨੂੰ ਮੈਂਬਰ, ਸਤਨਾਮ ਸਿੰਘ, ਜੋਗਿੰਦਰ ਸਿੰਘ ਅਤੇ ਸਰਬਜੀਤ ਕੌਰ ਨੂੰ ਵਲੰਟੀਅਰ ਚੁਣਿਆ ਗਿਆ।



## ਅਰਲੀ ਈਅਰਜ਼ 'ਚ ਕਰਵਾਇਆ ਗ੍ਰੈਂਡਪੇਰੈਂਟਸ ਡੇ ਸਮਾਰੋਹ




**ਪਠਾਨਕੋਟ (ਦਵਿੰਦਰ ਸਿੰਘ)**-ਪ੍ਰਤਾਪ ਵਰਲਡ ਸਕੂਲ ਲਾਗੂ ਰੋਡ ਪਠਾਨਕੋਟ ਦੇ ਅਰਲੀ ਈਅਰਜ਼ ਵਿਖੇ ਗ੍ਰੈਂਡਪੇਰੈਂਟਸ ਡੇ ਨੂੰ ਬਹੁਤ ਉਤਸ਼ਾਹ ਅਤੇ ਪਿਆਰ ਨਾਲ ਮਨਾਇਆ ਗਿਆ ਤਾਂ ਜੋ ਛੋਟੇ ਬੱਚਿਆਂ ਦੀ ਜ਼ਿੰਦਗੀ ਨੂੰ ਸੰਵਾਰਨ ਵਿੱਚ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੀ ਭੂਮਿਕਾ ਦਾ ਸਨਮਾਨ ਕੀਤਾ ਜਾ ਸਕੇ।ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ।ਛੋਟੇ ਬੱਚਿਆਂ ਨੇ ਆਪਣੇ ਪਿਆਰੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਲਈ ਗੀਤਾਂ ਅਤੇ ਡਾਂਸ ਦੀਆਂ ਸੁੰਦਰ ਪੇਸ਼ਕਾਰੀਆ ਦਿੱਤੀਆਂ।ਸਮਾਰੋਹ ਨੂੰ ਹੋਰ ਵੀ ਮਨੋਰੰਜਕ ਬਣਾਉਣ ਲਈ ਖਾਸ ਤੌਰ ਤੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਲਈ ਕਈ ਰੋਚਕ ਖੇਡਾਂ ਅਤੇ ਗਤੀਵਿਧੀਆਂ ਕਰਵਾਈਆਂ ਗਈਆਂ।ਇਹ ਦਿਨ ਸਾਰਿਆਂ ਲਈ ਯਾਦਗਾਰ ਬਣ ਗਿਆ।ਇਸ ਮੌਕੇ ਅਰਲੀ ਈਅਰਜ਼ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਦਾਦਾ-ਦਾਦੀ ਵੱਲੋਂ ਦਿੱਤਾ ਗਿਆ ਪਿਆਰ, ਗਿਆਨ ਅਤੇ ਜੀਵਨ ਮੂਲ ਸਿੱਖਣ ਵਾਲੀ ਕੋਈ ਵੀ ਕਿਤਾਬ ਨਹੀਂ ਦੇ ਸਕਦੀ।ਸ਼੍ਰੀਮਤੀ ਓਸ਼ਿਨ ਮਹਾਜਨ ਨੇ ਕਿਹਾ ਕਿ ਦਾਦਾ-ਦਾਦੀ ਅਤੇ ਨਾਨਾ-ਨਾਨੀ ਪੀੜ੍ਹੀਆਂ ਵਿਚਕਾਰ ਇੱਕ ਪੁਲ ਹਨ, ਜੋ ਪਰੰਪਰਾਵਾਂ ਨੂੰ ਜੀਵਤ ਰੱਖਦੇ ਹੋਏ ਨਿਰਸੁਆਰਥ ਪਿਆਰ ਨਾਲ ਦਿਲਾਂ ਨੂੰ ਪਾਲਦੇ ਹਨ।ਕੁਮਾਰੀ ਏਸ਼ਾਨੀ ਰੈਨਾ ਨੇ ਕਿਹਾ ਕਿ ਸਾਡੇ ਸਕੂਲ ਵਿੱਚ ਅਸੀਂ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੀ ਉਸ ਭੂਮਿਕਾ ਨੂੰ ਸਨਮਾਨ ਦਿੰਦੇ ਹਾਂ ਜੋ ਉਹ ਧੀਰਜ, ਕਹਾਣੀਆਂ ਅਤੇ ਸਨੇਹ ਰਾਹੀਂ ਬੱਚਿਆਂ ਦੇ ਮਨ ਨੂੰ ਆਕਾਰ ਦੇਣ ਵਿੱਚ ਨਿਭਾਉਂਦੇ ਹਨ।

## ਹਿੰਮਤ ਸ਼ੈਲੀ ਨੇ ਵੁਸ਼ੂ ਮੁਕਾਬਲੇ 'ਚ ਚਾਂਦੀ ਦਾ ਤਮਗਾ ਜਿੱਤਿਆ



**ਬਟਾਲਾ ਅਕਤੂਬਰ ( ਡਾ. ਮਲਵਿੰਦਰ ਸਿੰਘ)**-ਬੀਤੇ ਦਿਨ ਬਟਾਲਾ ਦੇ ਦੇਸ ਰਾਜ ਡੀਏਵੀ ਸੀਨੀਅਰ ਪਬਲਿਕ ਸਕੂਲ ਦੇ ਵਿਦਿਆਰਥੀ ਨੇ ਵੁਸ਼ੂ ਮੁਕਾਬਲੇ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।76ਵੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਤਹਿਤ ਵੁਸ਼ੂ ਮੁਕਾਬਲੇ ਮਾਨਸਾ ਜ਼ਿਲ੍ਹੇ ਵਿੱਚ ਕਰਵਾਏ ਗਏ ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਹਿੰਮਤ ਸ਼ੈਲੀ ਨੇ ਵੀ ਇਨ੍ਹਾਂ ਮੁਕਾਬਲਿਆਂ 'ਚ ਹਿੱਸਾ ਲਿਆ ਜਿਸ ਵਿੱਚ ਉਸ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਚਾਂਦੀ ਦਾ ਤਮਗਾ ਹਾਸਲ ਕੀਤਾ।ਇਹ ਤਮਗਾ ਹਿੰਮਤ ਸ਼ੈਲੀ ਨੇ ਸਟੇਟ ਪੱਧਰ 'ਤੇ ਜਿੱਤਿਆ ।ਇਸ ਮੌਕੇ ਸਕੂਲ ਦੇ ਮੈਨੇਜਰ ਹਰਪ੍ਰੀਤ ਕੌਰ ਅਤੇ ਪ੍ਰਿੰਸੀਪਲ ਸਵਿਤਾ ਭਾਸਕਰ ਨੇ ਵਿਦਿਆਰਥੀ ਦੇ ਮਾਤਾ-ਪਿਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਹਿੰਮਤ ਸ਼ੈਲੀ ਵਾਂਗ ਸਭ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ।

## ਸਟੇਟ ਐਵਾਰਡੀ ਪ੍ਰਿੰ. ਡਾ. ਸੁਨੀਤਾ ਕੌਸ਼ਲ ਦਾ ਵਿਸ਼ੇਸ਼ ਸਨਮਾਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਆਮ ਪਾਰਟੀ ਦੇ ਹਲਕਾ ਇੰਚਾਰਜ ਕਾਦੀਆਂ ਸ. ਜਗਰੂਪ ਸਿੰਘ ਸੇਖਵਾਂ ਵੱਲੋਂ ਪ੍ਰਿੰ. ਪੀਐੱਮਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਡਾ. ਸੁਨੀਤਾ ਕੌਸ਼ਲ ਨੂੰ ਸਟੇਟ ਐਵਾਰਡ ਮਿਲਣ ਉਪਰੰਤ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸ. ਸੇਖਵਾਂ ਨੇ ਕਿਹਾ ਕਿ ਡਾ. ਕੌਸ਼ਲ ਨੂੰ ਇਹ ਐਵਾਰਡ ਮਿਲਣ ਪਿੱਛੇ ਉਨ੍ਹਾਂ ਦੀ ਸਖ਼ਤ ਮਿਹਨਤ ਹੈ ਜਿਸ ਨੂੰ ਉਨ੍ਹਾਂ ਸਦਾ ਜਾਰੀ ਰੱਖਿਆ। ਉਨ੍ਹਾਂ ਕਿਹਾ ਕਿ ਮਿਹਨਤ ਹੀ ਸਫ਼ਲਤਾ ਦੀ ਪਹਿਲੀ ਕੁੰਜੀ ਹੈ, ਇਸ ਤੋਂ ਬਿਨਾਂ ਸਫ਼ਲਤਾ ਦਾ ਸਵਾਦ ਕਦੇ ਚੱਖਿਆ ਨਹੀਂ ਜਾ ਸਕਦਾ। ਜ਼ਿੰਦਗੀ ਵਿੱਚ ਅੱਗੇ ਵਧਣ ਲਈ, ਕੋਈ ਵੀ ਮੁਕਾਮ ਹਾਸਲ ਕਰਨ ਲਈ ਮਨੁੱਖ ਨੂੰ ਸਖ਼ਤ ਮਿਹਨਤ ਕਰਨੀ ਹੀ ਪੈਂਦੀ ਹੈ।ਇਸ ਮੌਕੇ ਰਾਕੇਸ਼ ਕੁਮਾਰ ਰਿਟਾ. ਹੈੱਡਮਾਸਟਰ ਅਤੇ ਗੁਰਟੇਕ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਬੱਚਿਆਂ ਨੂੰ ਘਰ-ਘਰ ਜਾ ਕੇ ਪਿਆਈਆਂ ਜਾਣਗੀਆਂ ਪੋਲੀਓ ਰੋਕੂ ਬੂੰਦਾਂ : ਐੱਸ ਐੱਮ ਓ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ, ਡਾ. ਵਰਿੰਦਰਪਾਲ ਕੌਰ ਜ਼ਿਲਾ ਟੀਕਾਕਰਨ ਅਫਸਰ, ਸੀਨੀਅਰ ਮੈਡੀਕਲ ਅਫਸਰ ਡਾ. ਸ਼ਲਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਐੱਚਸੀ ਮੀਆਂਵਿੰਡ ਵਿਖੇ ਨੋਡਲ ਅਫਸਰ ਡਾ. ਮਨਪ੍ਰੀਤ ਕੌਰ ਵੱਲੋਂ ਪਲਸ ਪੋਲੀਓ ਦੇ ਸਬੰਧ ਵਿਚ ਸਮੂਹ ਸੁਪਰਵਾਈਜ਼ਰਾਂ ਦੀ ਮੀਟਿੰਗ ਕੀਤੀ ਗਈ, ਜਿਸ ਵਿਚ ਉਨ੍ਹਾਂ ਨੇ ਸਮੂਹ ਮੁਲਾਜ਼ਮ, ਆਸ਼ਾ ਵਰਕਰ, ਆਂਗਨਵਾੜੀ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਜਿਸ ਵਿਚ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਤੇਜਿੰਦਰ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ 12 ਅਕਤੂਬਰ ਦਿਨ ਐਤਵਾਰ ਨੂੰ ਜ਼ੀਰੋ ਤੋਂ ਲੈ ਕੇ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ। ਮੀਆਂਵਿੰਡ ਬਲਾਕ ਦੇ ਅੰਦਰ 19750 ਦੇ ਕਰੀਬ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਇਸ ਕੰਮ ਵਾਸਤੇ 90 ਟੀਮਾਂ ਲਗਾਈਆਂ ਗਈਆਂ ਹਨ ਜੋ ਐਤਵਾਰ ਵਾਲੇ ਦਿਨ ਪੋਲੀਓ ਬੂਥ ਉਪਰ ਅਤੇ ਸੋਮਵਾਰ ਅਤੇ ਮੰਗਲਵਾਰ ਨੂੰ ਘਰਾਂ ਵਿਚ ਜਾ ਕੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਣਗੀਆਂ। ਇਸ ਮੌਕੇ ਉਨ੍ਹਾਂ ਬੱਚਿਆਂ ਦੇ ਮਾਤਾ ਪਿਤਾ ਨੂੰ ਅਪੀਲ ਕੀਤੀ ਕੀ ਆਪਣੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਜ਼ਰੂਰ ਪਿਲਾਓ। ਇਸ ਸਮੇ ਅਮਨਦੀਪ ਸਿੰਘ, ਧਾਰੜ ਐੱਸਆਈ, ਮੰਗਲ ਸਿੰਘ ਐੱਸਆਈ, ਸਰਬਜੀਤ ਸਿੰਘ ਐੱਸਆਈ, ਸਹਿਬਜੀਤ ਸਿੰਘ ਹੈਲਥ ਸੁਪਰਵਾਈਜ਼ਰ, ਰਵੀਸੇਰ ਸਿੰਘ ਰੰਧਾਵਾ, ਗੁਰਦਰਸਨ ਸਿੰਘ, ਜਗਵੰਤ ਸਿੰਘ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ, ਹੈਲਥ ਵਰਕਰ ਮੇਲ ਅਤੇ ਸੀ ਐਚ ਓ ਹਾਜਰ ਸਨ।

## ਡੀ ਟੀ ਐੱਫ ਵੱਲੋਂ ਰਾਹਤ ਸਮੱਗਰੀ ਵੰਡਣ ਦਾ ਐਲਾਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੀਟੀਐੱਫ ਪੰਜਾਬ ਨੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਵੰਡਣ ਦਾ ਫੈਸਲਾ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ ਅਤੇ ਜ਼ਿਲ੍ਹਾ ਸਕੱਤਰ ਸਾਹਿਬ ਸਿੰਘ ਅੱਬਲਖੈਰ ਨੇ ਦੱਸਿਆ ਕਿ ਇਸ ਕਾਰਜ ਲਈ ਮੰਗਲਵਾਰ ਨੂੰ ਸਿਵ ਪਾਰਕ, ਕਲਾਨੌਰ ਵਿਖੇ ਜ਼ਿਲ੍ਹਾ ਪੱਧਰੀ ਮੀਟਿੰਗ ਸਰਦਾਰ ਕਰਨੈਲ ਸਿੰਘ ਚਿੱਟੀ ਦੀ ਅਗਵਾਈ ਹੇਠ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਅਧਿਆਪਕ ਰਵੀ ਕੁਮਾਰ ਅਤੇ ਰਜਨੀਸ਼ ਕੁਮਾਰ ਹੜ੍ਹਾਂ ਦੀ ਮੌਜੂਦਾ ਸਥਿਤੀ ਬਾਰੇ ਵਿਸਥਾਰ ਵਿੱਚ ਚਾਨਣਾ ਪਾਉਣਗੇ।ਇਸ ਤੋਂ ਇਲਾਵਾ ਨਵਨੀਤ ਕੁਮਾਰ ਦੀ ਹੜ੍ਹਾਂ ਤੇ ਲਿਖੀ ਹੋਈ ਕਵਿਤਾ ਵੀ ਰਿਲੀਜ਼ ਕੀਤੀ ਜਾਵੇਗੀ।ਸੂਬਾ ਪ੍ਰਧਾਨ ਦਿਗ ਵਿਜੇਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਰਾਹਤ ਸਮਗਰੀ ਵੰਡਣ ਵਾਸਤੇ ਉਚੇਚੇ ਤੌਰ 'ਤੇ ਸੂਬਾ ਟੀਮ ਵਜੋਂ ਆਉਣਗੇ।ਡੀਟੀਐੱਫ ਦੇ ਆਗੂਆਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਹਰ ਬਲਾਕ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ ਜਾਵੇਗੀ।ਡੈਮੋਕਰੇਟਿਕ ਟੀਚਰ ਫਰੰਟ ਦਾ ਇਹ ਉਪਰਾਲਾ ਹੜ੍ਹ ਪੀੜਤਾਂ ਦੀ ਮਦਦ ਲਈ ਅਧਿਆਪਕ ਭਾਈਚਾਰੇ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।



## ਯੁੱਧ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਤਹਿਤ ਕਮੇਟੀਆਂ ਦਾ ਗਠਨ



**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਅੰਦਰੋਂ ਨਸ਼ਾ ਖਤਮ ਕਰਨ ਵਾਸਤੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਪੱਬਾਂ ਭਾਰ ਹੋਇਆ ਪਿਆ ਹੈ। ਇਸੇ ਕੜੀ ਤਹਿਤ ਪਿੰਡ ਨਵਾਂ ਪਿੰਡ ਬਹਾਦਰ ਦੀ ਦੋਵਾਂ ਪੰਚਾਇਤ ਦੀ ਇਕ ਵਿਸ਼ੇਸ਼ ਮੀਟਿੰਗ ਪੰਚਾਇਤ ਅਫਸਰ ਸ਼ਮਸ਼ੇਰ ਸਿੰਘ ਦੀ ਪ੍ਰਧਾਨਗੀ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਨਾਵਾਂ ਪਿੰਡ ਬਹਾਦਰ ਵਿਖੇ ਹੋਈ। ਇਸ ਮੌਕੇ ਦੋਵਾਂ ਪੰਚਾਇਤਾਂ ਦੇ ਸਰਪੰਚਾਂ ਨੂੰ ਕਮੇਟੀ ਵਿੱਚ ਸ਼ਾਮਿਲ ਕਰਨ ਦੇ ਨਾਲ ਪੰਚਾਇਤ ਮੈਂਬਰਾਂ ਨੂੰ ਵੀ ਜ਼ਿੰਮੇਵਾਰੀ ਸੌਂਪੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚ ਨਵਾਂ ਪਿੰਡ ਬਹਾਦਰ ਸੁਰਿੰਦਰ ਸਿੰਘ ਜੱਜ, ਸਰਪੰਚ ਗੁਰਜੀਤ ਸਿੰਘ ਬਿੱਲਾ ਅਤੇ ਹੋਰਨਾਂ ਮੈਂਬਰਾਂ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਅਤੇ ਪੰਜਾਬ ਸਰਕਾਰ ਦੇ ਹੁਕਮਾਂ ਮੁਤਾਬਿਕ ਪਿੰਡ ਨਵਾਂ ਪਿੰਡ ਬਹਾਦਰ ਵਲੋਂ ਤਹੱਈਆ ਕੀਤਾ ਗਿਆ ਹੈ ਕਿ ਪਿੰਡ ਅੰਦਰੋਂ ਮੁਕੰਮਲ ਤੌਰ ਤੇ ਨਸ਼ਾ ਖਤਮ ਕਰਕੇ ਪਿੰਡ ਦੇ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਪ੍ਰੇਰਿਤ ਕੀਤਾ ਜਾਵੇਗਾ। ਇਸ ਮੌਕੇ ਚੁਣੇ ਕਮੇਟੀ ਮੈਂਬਰਾਂ ਨੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਵੀ ਕੀਤਾ ਅਤੇ ਉਨ੍ਹਾਂ ਨੂੰ ਪਿੰਡ ਵਾਸੀਆਂ ਵੱਲੋਂ ਪੂਰਨ ਤੌਰ 'ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਮੈਂਬਰ ਮਨਿੰਦਰ ਸਿੰਘ, ਮੈਂਬਰ ਮਨਜਿੰਦਰ ਸਿੰਘ, ਮੈਂਬਰ ਬਲਕਾਰ ਸਿੰਘ, ਤਜਿੰਦਰ ਸਿੰਘ, ਦਰਸ਼ਨ ਸਿੰਘ, ਤਰਸੇਮ ਸਿੰਘ, ਖਜ਼ਾਨਚੀ ਸ਼ਰਨਜੀਤ ਸਿੰਘ, ਸੰਨੀ, ਲੱਕੀ, ਮੈਂਬਰ ਵਿਜੇ, ਚੌਕੀਦਾਰ ਸੁਸ਼ੀਲ ਅਤੇ ਹੀਰਾ ਸਿੰਘ ਆਦਿ ਹਾਜ਼ਰ ਸਨ।

## ਐਕਟਿਵਾ ਨੂੰ ਟੱਕਰ ਵੱਜਣ 'ਤੇ ਔਰਤ ਦੀ ਮੌਤ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਸੈਦੋਵਾਲ ਕਲਾਂ ਨੇੜੇ 9 ਸਤੰਬਰ ਨੂੰ ਇਕ ਸੜਕ ਹਾਦਸੇ ਦੌਰਾਨ ਔਰਤ ਦੀ ਮੌਤ ਹੋ ਗਈ ਸੀ। ਸ਼ਾਲਾ ਪੁਲਸ ਨੇ ਜਾਂਚ ਤੋਂ ਬਾਅਦ ਕਥਿਤ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏ. ਐੱਸ. ਆਈ. ਦੇਸ ਰਾਜ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਲਵਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਚੱਕ ਸਰੀਫ਼ ਕਿਹਾ ਕਿ ਮੇਰੀ ਪਤਨੀ ਨਵਦੀਪ ਕੌਰ ਆਪਣੀ ਐਕਟਿਵਾ 'ਤੇ ਸਵਾਰ ਹੋ ਕੇ ਸ਼ਾਮ 7 ਵਜੇ ਦੇ ਕਰੀਬ ਸੈਦੋਵਾਲ ਕਲਾਂ ਨਜ਼ਦੀਕ ਪੁੱਜੀ ਤਾਂ ਇਕ ਤੇਜ਼ ਰਫ਼ਤਾਰ ਸਕੂਟਰੀ ਚਾਲਕ ਨੇ ਉਸ ਦੀ ਐਕਟਿਵਾ ਵਿਚ ਸਕੂਟਰੀ ਮਾਰ ਕੇ ਉਸ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਨਵਦੀਪ ਕੌਰ ਦੀ ਮੌਤ ਹੋ ਗਈ। ਸ਼ਾਲਾ ਪੁਲਸ ਨੇ ਕਥਿਤ ਦੋਸ਼ੀ ਅਮਨਦੀਪ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਗੋਹਤ ਪੋਖਰ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ, ਜਦੋਂਕਿ ਕਥਿਤ ਦੋਸ਼ੀ ਪੁਲਸ ਦੀ ਗ੍ਰਿਫ਼ਤ ਵਿਚੋਂ ਬਾਹਰ ਹੈ।

## ਵਿਦਿਆਰਥੀਆਂ ਨੂੰ ਵੰਡਰਲੈਂਡ ਦਾ ਟੂਰ ਕਰਵਾਇਆ




**ਝਬਾਲ (ਹਰਜਿੰਦਰ ਸਿੰਘ ਸੋਨੀ)**-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵੱਲੋਂ ਵਿਦਿਆਰਥੀਆਂ ਦੇ ਮਾਨਸਿਕ ਥਕਾਵਟ ਨੂੰ ਦੂਰ ਕਰਨ ਲਈ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਵੱਖ-ਵੱਖ ਥਾਵਾਂ ਜਿਵੇਂ ਤਲਵੰਡੀ ਭਾਈ ਕੇ, ਵੰਡਰਲੈਂਡ ਆਦਿ ਦਾ ਟੂਰ ਕਰਵਾਇਆ ਗਿਆ।ਇਸ ਟੂਰ ਵਿੱਚ ਵਿਦਿਆਰਥੀਆਂ ਨੇ ਅਨੁਸ਼ਾਸਨ ਦੀ ਪਾਲਣਾ ਕਰਦਿਆਂ ਹੋਇਆਂ ਖੂਬ ਮਨੋਰੰਜਨ ਕੀਤਾ।ਸਕੂਲ ਦੇ ਮੈਂਬਰ ਇੰਚਾਰਜ ਸ. ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਵੱਲੋਂ ਇਸ ਟੂਰ ਦੀ ਸ਼ਲਾਘਾ ਕੀਤੀ ਗਈ।ਸਕੂਲ ਦੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਮਾਨਸਿਕ ਥਕਾਵਟ ਨੂੰ ਦੂਰ ਕਰਨ ਲਈ ਸਮੇਂ-ਸਮੇਂ 'ਤੇ ਅਜਿਹੇ ਟੂਰ ਵਿਦਿਆਰਥੀਆਂ ਦੇ ਲਈ ਬੜੇ ਲਾਹੇਵੰਦ ਸਾਬਤ ਹੁੰਦੇ ਹਨ ਜਿਸ ਦਾ ਵਿਦਿਆਰਥੀਆਂ ਨੂੰ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ।

## ਆਲ ਇੰਡੀਆ ਪੀਐੱਨਬੀ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਲੋੜਵੰਦ ਵਿਦਿਆਰਥੀਆਂ ਦੀ ਮਦਦ



**ਅੰਮ੍ਰਿਤਸਰ (ਅਰੋੜਾ)**

ਪੰਜਾਬ ਨੈਸ਼ਨਲ ਬੈਂਕ ਆਲ ਇੰਡੀਆ ਪੈਨਸ਼ਨਰ ਐਸੋਸੀਏਸ਼ਨ ਅੰਮ੍ਰਿਤਸਰ ਯੂਨਿਟ ਵੱਲੋਂ ਹੜ੍ਹ ਪੀੜਤ ਸਕੂਲ ਦੇ ਵਿਦਿਆਰਥੀਆ ਦੀ ਸਹਾਇਤਾ ਲਈ ਲੱਖਾਂ ਦੀ ਸਮੱਗਰੀ ਭੇਟ ਕੀਤੀ ਗਈ।ਇਸ ਸਹਾਇਤਾ ਰਾਸ਼ੀ ਵਿੱਚ ਹਰ ਤਰ੍ਹਾਂ ਦੀ ਵਿਦਿਆਰਥੀਆਂ ਵੱਲੋਂ ਸਟੇਸ਼ਨਰੀ ਅਤੇ ਸਮੱਗਰੀ ਜਿਸ ਵਿੱਚ ਹਰ ਵਿਦਿਆਰਥੀ ਨੂੰ ਸਟੱਡੀ ਕਿੱਟ, ਲੈਪਟੋਪ ਅਤੇ ਬੈਗ, 4 ਨੋਟ ਬੁੱਕ, 1 ਡਰਾਇੰਗ ਬੁੱਕ, ਪੈੱਨ, ਪੈਨਸਲਾਂ ਅਤੇ ਹਰ ਤਰ੍ਹਾਂ ਦੀ ਸਕੂਲ ਵਿੱਚ ਵਰਤੀ ਜਾਣ ਵਾਲੀ ਸਟੇਸ਼ਨਰੀ ਸ਼ਾਮਿਲ ਰਹੀ।ਇਹ ਸ਼ਲਾਘਾਯੋਗ ਪ੍ਰਾਜੈਕਟ ਪੈਨਸ਼ਨਰ ਐਸੋਸੀਏਸ਼ਨਰ ਅੰਮ੍ਰਿਤਸਰ ਦੇ ਪ੍ਰਧਾਨ ਰੋਟੇਰੀਅਨ ਜੇ. ਕੇ. ਕੱਕੜ ਅਤੇ ਸਕੱਤਰ ਰੋਟੇਰੀਅਨ ਆਰ. ਐਸ. ਚੱਠਾ ਸੀਨੀਅਰ ਮੈਂਬਰ ਰਾਕੇਸ਼ ਮਦਾਨ, ਵਿਪਨ ਮਹਿਰਾ, ਖੁਸ਼ਵੰਤ ਸਿੰਘ, ਰਮਾਕਾਤ ਭਾਟੀਆ, ਵਿਜੇ ਦੱਤਾ, ਸੁਨੀਲ ਅਰੋੜਾ ਆਦਿ ਦੀ ਸੰਯੁਕਤ ਯਤਨ ਨਾਲ ਸੰਪੰਨ ਹੋਇਆ।ਇਹ ਸਹਾਇਤਾ ਰਾਸ਼ੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਖੁਰਦ ਤਹਿਸੀਲ ਅਜਨਾਲਾ ਦੇ ਸਟਾਫ ਅਤੇ ਵਿਦਿਆਰਥੀਆ ਨੂੰ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਭੇਟ ਕੀਤੀ ਗਈ।ਇਸ ਮੌਕੇ ਸਿੱਖਿਆ ਵਿਭਾਗ ਦੇ ਡਿਪਟੀ ਡੀਓ ਰਾਕੇਸ਼ ਸ਼ਰਮਾ ਅਤੇ ਸਕੂਲ ਦੇ ਮੁੱਖ ਅਧਿਆਪਕ ਰਾਕੇਸ਼ ਖੰਨਾ ਵੱਲੋਂ ਪੀਐੱਨਬੀ ਪੈਨਸ਼ਨਰਜ਼ ਐਸੋਸੀਏਸ਼ਨਰ ਦੇ ਇਸ ਜਨਤ ਦੀ ਭਰਪੂਰ ਸ਼ਲਾਘਾ ਕਰ ਕੇ ਉਨ੍ਹਾਂ ਦਾ ਧੰਨਵਾਦ ਕੀਤਾ।

## ਸੰਤੂ ਨੰਗਲ ਵਿਖੇ ਅੰਤਰਰਾਸ਼ਟਰੀ ਕਬੱਡੀ ਕੱਪ 23 ਨੂੰ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਪੁੱਤਰਾਂ ਦੇ ਦਾਨੀ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਠਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਜੋ ਹਰੇਕ ਸਾਲ ਪਿੰਡ ਸੰਤੂਨੰਗਲ ਵਿਖੇ ਨੂੰ ਕਰਵਾਇਆ ਜਾਂਦਾ ਹੈ, ਨੂੰ ਕਰਵਾਉਣ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਹੋਈ।ਜਾਣਕਾਰੀ ਪ੍ਰੈੱਸ ਨਾਲ ਸਾਂਝੀ ਕਰਦਿਆਂ ਕਬੱਡੀ ਕੱਪ ਕਮੇਟੀ ਦੇ ਪ੍ਰਧਾਨ ਸੱਜਣ ਸਿੰਘ ਭਲਵਾਨ ਸੰਤੂ ਨੰਗਲ ਵੱਲੋਂ ਦੱਸਿਆ ਗਿਆ ਕਿ ਇਸ ਅੰਤਰਰਾਸ਼ਟਰੀ ਕਬੱਡੀ ਕੱਪ ਵਿਚ ਛੇ ਨਾਮਵਰ ਕਬੱਡੀ ਟੀਮਾਂ ਹਿੱਸਾ ਲੈਣਗੀਆਂ।ਕਬੱਡੀ ਕੱਪ 23 ਸਤੰਬਰ ਨੂੰ ਮਹਿਲ ਜੰਡਿਆਲਾ (ਸੰਤੂ ਨੰਗਲ) ਵਿਖੇ ਹੋਵੇਗਾ।ਪਹਿਲਾ ਇਨਾਮ ਇੱਕ ਲੱਖ ਗਿਆਰਾਂ ਹਜ਼ਾਰ ਅਤੇ ਦੂਜਾ ਇਨਾਮ ਇੱਕ ਲੱਖ ਰੁਪਏ ਦਾ ਦਿੱਤਾ ਜਾਵੇਗਾ।ਬੈਸਟ ਰੇਡਰ ਤੇ ਜਾਫੀ ਨੂੰ ਹਾਰਲੇ ਡੇਵਿਡਸਨ ਮੋਟਰਸਾਈਕਲ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਸੱਜਣ ਸਿੰਘ ਭਲਵਾਨ ਵੱਲੋਂ ਐੱਨਆਈ ਵੀਰ ਅਤੇ ਸਾਰੇ ਨਗਰ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਬੱਡੀ ਕੱਪ ਉਨ੍ਹਾਂ ਸਾਰਿਆਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ ਜਿਸ ਵਿੱਚ ਇਲਾਕੇ ਦੇ ਖੇਡ ਪ੍ਰੇਮੀ ਵੱਡੀ ਗਿਣਤੀ ਵਿੱਚ ਪਹੁੰਚ ਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦੇ ਹਨ।ਉਨ੍ਹਾਂ ਇਸ ਮੌਕੇ ਇਲਾਕਾ ਨਿਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ।ਮੀਟਿੰਗ ਸਮੇਂ ਬਲਦੇਵ ਸਿੰਘ ਬੱਬੂ ਚੇਤਨਪੁਰਾ ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ, ਜਸਬੀਰ ਸਿੰਘ ਰਾਜਾ ਸਰਪੰਚ ਚੇਤਨਪੁਰਾ, ਕੋਚ ਬਿਕਰਮਜੀਤ ਸਿੰਘ ਕੰਦੋਵਾਲੀ, ਜਸਬੀਰ ਸਿੰਘ ਜੱਸ ਸਰਪੰਚ ਸੰਤੂ ਨੰਗਲ, ਕੁਲਵੰਤ ਸਿੰਘ ਸੰਤੂ ਨੰਗਲ, ਡਾ: ਮਹਾਂਬੀਰ ਸਿੰਘ ਗਿੱਲ, ਸਲਵੰਤ ਸਿੰਘ (ਸੱਤੂ) ਪਠਾਣ ਨੰਗਲ, ਹਰਪ੍ਰੀਤ ਸਿੰਘ ਸਰਪੰਚ ਕੰਦੋਵਾਲੀ, ਸੁਖਪਾਲ ਸਿੰਘ ਸਾਬਕਾ ਸਰਪੰਚ ਕੰਦੋਵਾਲੀ, ਰਵੇਲ ਸਿੰਘ ਸਰਪੰਚ ਪਠਾਨੰਗਲ, ਡਾ: ਮੱਖਣ ਸਿੰਘ ਸਾਬਕਾ ਸਰਪੰਚ ਸੰਤੂ ਨੰਗਲ, ਸਰਵਣ ਸਿੰਘ ਨਿਜਾਮਪੁਰਾ, ਸਾਬਕਾ ਸਰਪੰਚ ਸੁਖਦੇਵ ਸਿੰਘ ਸੰਤੂ ਨੰਗਲ ਅਤੇ ਤਜਿੰਦਰ ਸਿੰਘ ਸੈਕਟਰੀ ਆਦਿ ਹਾਜ਼ਰ ਸਨ।

## ਜੀ ਐੱਨ ਯੀ ਯੂ 'ਚ ਏਡਜ਼ ਜਾਗਰੂਕਤਾ ਬਾਬਤ ਨੁੱਕੜ ਨਾਟਕ ਖੇਡਿਆ




**ਪੱਟੀ (ਬਲਦੇਵ ਸਿੰਘ ਸੰਧੂ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਕਾਲਜ ਦੇ ਪ੍ਰਿੰ. ਕਿੰਦਰਜੀਤ ਕੌਰ ਦੀ ਯੋਗ ਅਗਵਾਈ ਅਤੇ ਕਾਲਜ ਦੇ ਰੈੱਡ ਰਿਬਨ ਕਲੱਬ ਅਤੇ ਐੱਨਐੱਸਐੱਸ ਯੂਨਿਟ ਦੇ ਸਹਿਯੋਗ ਨਾਲ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਵੱਲੋਂ ਏਡਜ਼ ਜਾਗਰੂਕਤਾ ਸਬੰਧੀ ਇੱਕ ਨੁੱਕੜ ਨਾਟਕ ਕਰਵਾਇਆ ਗਿਆ।ਇਸ ਵਿੱਚ ਨੁੱਕੜ ਨਾਟਕ ਦੇ ਕਲਾਕਾਰਾਂ ਨੇ ਐੱਨਐੱਸਐੱਸ ਵਲੰਟੀਅਰਾਂ ਨੂੰ ਏਡਜ਼ ਦੇ ਕਾਰਨ ਉਸ ਦੀ ਰੋਕਥਾਮ ਅਤੇ ਉਪਾਵਾਂ ਬਾਰੇ ਦੱਸਿਆ। ਇਸ ਤੋਂ ਇਲਾਵਾ ਸਿਵਲ ਹਸਪਤਾਲ ਪੱਟੀ ਦੇ ਮਾਹਿਰ ਡਾਕਟਰਾਂ ਵੱਲੋਂ ਵੀ ਵਿਦਿਆਰਥੀਆਂ ਨੂੰ ਏਡਜ਼ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਇਸ ਰੋਗ ਤੋਂ ਸੁਚੇਤ ਰਹਿਣ ਸਬੰਧੀ ਸਲਾਹਾਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਕਾਲਜ ਦੇ ਐੱਨਐੱਸਐੱਸ ਯੂਨਿਟ ਅਤੇ ਰੈਡ ਰਿਬਨ ਕਲੱਬ ਦੇ ਇੰਚਾਰਜ ਸਾਹਿਬਾਨ ਨੇ ਵੀ ਵਿਦਿਆਰਥੀਆਂ ਨੂੰ ਐੱਚਆਈਵੀ ਵਾਇਰਸ ਏਡਜ਼ ਦੇ ਕਾਰਨ ਅਤੇ ਇਸ ਦੀ ਰੋਕਥਾਮ ਬਾਰੇ ਦੱਸਦਿਆਂ ਕਿਹਾ ਕਿ ਇਹ ਇੱਕ ਖਤਰਨਾਕ ਰੋਗ ਹੈ।ਉਨ੍ਹਾਂ ਵਲੰਟੀਅਰਾਂ ਨੂੰ ਇਸ ਬਿਮਾਰੀ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਵੀ ਪ੍ਰੇਰਿਤ ਕੀਤਾ।ਇਸ ਮੌਕੇ ਰੈੱਡ ਰਿਬਨ ਕਲੱਬ ਦੇ ਇੰਚਾਰਜ ਜਸਦੇਵ ਸਿੰਘ ਅਤੇ ਐੱਨਐੱਸਐੱਸ ਯੂਨਿਟ ਦੇ ਇੰਚਾਰਜ ਪ੍ਰੋ. ਅਵਤਾਰ ਸਿੰਘ, ਪ੍ਰੋ. ਕਾਜਲ ਚੌਧਰੀ, ਪ੍ਰੋ. ਰਵਿੰਦਰ ਸਿੰਘ ਅਤੇ ਪ੍ਰੋ. ਪ੍ਰਿਤਪਾਲ ਸਿੰਘ ਤੋਂ ਇਲਾਵਾ ਹੋਰ ਅਧਿਆਪਕ ਅਤੇ ਵਿਦਿਆਰਥੀ ਮੌਜੂਦ ਸਨ।

## ਐਚ ਡੀ ਐਫ ਸੀ ਬੈਂਕ ਨੇ 'ਮਾਈ ਬਿਜ਼ਨਸ ਕਿਊ ਆਰ' ਲਾਂਚ ਕੀਤਾ

**ਜਲੰਧਰ :** ਐਚ ਡੀ ਐਫ ਸੀ ਬੈਂਕ ਨੇ ਗਲੋਬਲ ਫਿਨਟੈਕ ਫੈਸਟ (ਜੀ ਐਫ ਐਫ) 2025 ਵਿੱਚ 'ਮਾਈ ਬਿਜ਼ਨਸ ਕਿਊ ਆਰ' ਦੇ ਲਾਂਚ ਦੀ ਘੋਸ਼ਣਾ ਕੀਤੀ। 'ਮਾਈ ਬਿਜ਼ਨਸ ਕਿਊ ਆਰ' ਛੋਟੇ ਕਾਰੋਬਾਰਾਂ ਲਈ ਭਾਰਤ ਦਾ ਪਹਿਲਾ ਕਾਮਰਸ ਆਈਡੈਂਟਿਟੀ ਕਿਊ ਆਰ ਹੈ। ਇਸ ਬੈਂਕ ਦੀ ਪ੍ਰਸਿੱਧ ਸਮਾਰਟਹਬ ਵਪਾਰ ਵਪਾਰਕ ਐਪ ਦੇ ਵਿਸਤਾਰ ਦੇ ਰੂਪ ਵਿੱਚ ਵਪਾਰੀਫਾਈ ਦੇ ਨਾਲ ਸਾਂਝੇ ਵਿੱਚ ਲਾਂਚ ਕੀਤਾ ਗਿਆ ਹੈ, ਜਿਸ ਦਾ ਉਪਯੋਗ ਦੇਸ਼ ਵਿੱਚ 20 ਲੱਖ ਤੋਂ ਵੱਧ ਵਪਾਰੀ ਹਨ। ਐਚ ਡੀ ਐਫ ਸੀ ਬੈਂਕ ਦੇ ਪ੍ਰਮੁੱਖ ਭੁਗਤਾਨ ਅਤੇ ਪ੍ਰਤੱਖ ਬੈਂਕਿੰਗ ਚੈਨਲ, ਰਜਨੀਸ਼ ਪ੍ਰਭੂ ਨੇ ਇਸ ਅਫਸਰ 'ਤੇ ਬੋਲਦੇ ਹੋਏ ਕਿਹਾ: ਐਚ ਡੀ ਐਫ ਸੀ ਬੈਂਕ ਵਿੱਚ, ਸਾਡੀ ਵਿਜ਼ਨ ਹਰ ਵਪਾਰੀ ਦੀ ਸਹਾਇਤਾ ਲਈ ਸਹਾਇਤਾ ਕਰਦਾ ਹੈ ਅਤੇ ਗਾਹਕਾਂ ਦਾ ਵਿਸ਼ਵਾਸ ਵਧਾਉਂਦਾ ਹੈ।

## ਚੇਅਰਮੈਨ ਕੰਧਾਲ ਬਾਠ ਨੇ ਰਾਜ ਪੱਧਰੀ ਖੇਡਾਂ 'ਚ ਹਿੱਸਾ ਲੈਣ ਜਾ ਰਹੇ ਖਿਡਾਰੀਆਂ ਨੂੰ ਜਿੱਤ ਕੇ ਮੁੜਨ ਲਈ ਪ੍ਰੇਰਿਆ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਦੇ ਹੋਣਹਾਰ ਖਿਡਾਰੀਆਂ ਨੇ ਜ਼ੋਨਲ ਅਤੇ ਜ਼ਿਲ੍ਹਾ ਪੱਧਰ ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰਾਜ ਪੱਧਰੀ ਮੁਕਾਬਲਿਆਂ ਲਈ ਕੁਆਲੀਫਾਈ ਕਰ ਲਿਆ ਹੈ।ਫੁੱਟਬਾਲ ਤੇ ਵਾਲੀਬਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਜਾ ਰਹੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਤੇ ਸਮੂਹ ਸਟਾਫ ਨੇ ਆਸ ਪ੍ਰਗਟਾਈ ਕਿ ਉਨ੍ਹਾਂ ਦੇ ਮਿਹਨਤੀ ਵਿਦਿਆਰਥੀ ਇਨ੍ਹਾਂ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣਗੇ।ਦੱਸ ਦਈਏ ਕਿ ਸਕੂਲ ਚੇਅਰਮੈਨ ਵੱਲੋਂ ਰਾਜ ਪੱਧਰੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਜਾ ਰਹੇ ਖਿਡਾਰੀਆਂ ਨੂੰ ਟਰੈਕ ਸੂਟ ਵੰਡੇ ਗਏ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੰਧਾਲ ਸਿੰਘ ਬਾਠ ਨੇ ਦੱਸਿਆ ਕਿ 12 ਅਕਤੂਬਰ ਨੂੰ ਲੁਧਿਆਣਾ ਵਿੱਚ ਖੇਡੇ ਜਾ ਰਹੇ ਲੜਕੀਆਂ ਦੇ ਅੰਡਰ-14 ਫੁੱਟਬਾਲ ਮੁਕਾਬਲੇ ਵਿੱਚ ਉਨ੍ਹਾਂ ਦੇ ਸਕੂਲ ਤੋਂ ਗਰਨੂਰਪ੍ਰੀਤ ਕੌਰ, ਖੁਸ਼ਪ੍ਰੀਤ ਕੌਰ, ਜਪਨੀਤ ਕੌਰ, ਨਵਦੀਪ ਕੌਰ ਨਵਦੀਪ ਕੌਰ, ਨੰਦਨੀ ਧਵਨ, ਸਮਰੀਨ ਕੌਰ, ਸਮਾਈਲਦੀਪ ਕੌਰ, ਹਰਕੀਰਤ ਕੌਰ ਤੇ ਮੁਸਕਾਨ ਕੌਰ ਨਾਮਕ ਖਿਡਾਰਨਾਂ ਹਿੱਸਾ ਲੈਣਗੀਆਂ।ਇਸ ਤੋਂ ਇਲਾਵਾ ਲੜਕਿਆਂ ਦੀ ਵਾਲੀਬਾਲ ਟੀਮ ਵਿੱਚ ਉਨ੍ਹਾਂ ਦੇ ਸਕੂਲ ਤੋਂ ਅਰਸ਼ਦੀਪ ਸਿੰਘ, ਅਨਮੋਲਪ੍ਰੀਤ ਸਿੰਘ ਅਤੇ ਜਨਮਪ੍ਰੀਤ ਸਿੰਘ ਖੇਡਣਗੇ।ਕੰਧਾਲ ਬਾਠ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ ਨੇ ਇਨ੍ਹਾਂ ਮੁਕਾਬਲਿਆਂ ਲਈ ਸਖ਼ਤ ਮਿਹਨਤ ਕੀਤੀ ਹੈ ਤੇ ਹੁਣ ਤੱਕ ਸਾਰੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂਅ ਚਮਕਾਇਆ ਹੈ।ਉਨ੍ਹਾਂ ਕਿਹਾ ਕਿ ਬੱਚੇ ਸਕੂਲ ਕੋਚ ਤੇ ਆਪਣੀ ਮਿਹਨਤ ਸਦਕਾ ਹੀ ਰਾਜ ਪੱਧਰੀ ਮੁਕਾਬਲਿਆਂ ਲਈ ਕੁਆਲੀਫਾਈ ਕਰ ਸਕੇ ਹਨ ਤੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਮਾਪਿਆਂ, ਸਕੂਲ ਤੇ ਇਲਾਕੇ ਨੂੰ ਬਹੁਤ ਮਾਣ ਹੈ।ਉਨ੍ਹਾਂ ਦਾ ਕਹਿਣਾ ਸੀ ਕਿ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨਾ ਸਮੇਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੀ ਚੰਗੇ ਸਮਾਜ ਦੀ ਸਿਰਜਣਾ ਦਾ ਆਧਾਰ ਹੈ।ਇਸ ਮੌਕੇ ਉਨ੍ਹਾਂ ਇਸ ਸਾਲ ਰਾਜ ਪੱਧਰੀ ਮੁਕਾਬਲਿਆਂ ਵਿੱਚ ਕੁਆਲੀਫਾਈ ਨਾ ਕਰਨ ਵਾਲੇ ਖਿਡਾਰੀਆਂ ਨੂੰ ਸਖ਼ਤ ਮਿਹਨਤ ਕਰਕੇ ਅਗਲੇ ਸਾਲ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਆ।ਇਸ ਮੌਕੇ ਪ੍ਰਿੰਸੀਪਲ ਮੈਡਮ ਲਖਬੀਰ ਕੌਰ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਲਾਲਾ ਪ੍ਰਭਦਿਆਲ ਟਰੱਸਟ ਨੇ ਵਿਦਿਆਰਥੀਆਂ ਨੂੰ ਵੰਡੀਆਂ 237 ਸਕੂਲ ਬੈਗ ਕਿੱਟਾਂ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਜ਼ਿਲਾ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲਾ ਸਿੱਖਿਆ ਅਫਸਰ (ਸੈ ਸਿ) ਰਾਜੇਸ਼ ਸ਼ਰਮਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰੈੱਡ ਕ੍ਰਾਸ ਸੋਸਾਇਟੀ ਅੰਮ੍ਰਿਤਸਰ ਦੇ ਸਕੱਤਰ ਸੈਮਸਨ ਮਸੀਹ ਦੀ ਅਗਵਾਈ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਸਰਕਾਰੀ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਦੀ ਮਦਦ ਲਈ ਆਪ ਮੁਹਾਰੇ ਅੱਗੇ ਆਈਆਂ ਸਮਾਜਿਕ ਸੰਸਥਾਵਾਂ ਵੱਲੋਂ ਸਕੂਲ ਬੈਗ, ਸਿੱਖਿਆ ਸਮੱਗਰੀ ਆਦਿ ਵੰਡਣ ਦੇ ਜਾਰੀ ਸਿਲਸਿਲੇ ਤਹਿਤ ਅਜਨਾਲਾ ਨੇੜਲੇ ਪਿੰਡ ਗੁਰਾਲਾ ਦੇ ਸਰਕਾਰੀ ਮਿਡਲ ਅਤੇ ਐਲੀਮੈਂਟਰੀ ਸਕੂਲਾਂ ਦੇ ਵਿਦਿਆਥੀਆਂ ਲਈ ਸਕੂਲ ਬੈਗ ਕਿੱਟਾਂ ਵੰਡ ਸਮਾਰੋਹ ਕਰਵਾਇਆ ਗਿਆ।ਸਮਾਰੋਹ ਦੌਰਾਨ ਲਾਲਾ ਪ੍ਰਭਦਿਆਲ ਧਰਮਸ਼ਾਲਾ ਟਰੱਸਟ ਅੰਮ੍ਰਿਤਸਰ ਦੇ ਟਰੱਸਟੀ ਮੈਂਬਰਾਂ ਮੰਜੂ ਪਿਸ਼ੌਰੀਆ, ਮਿਥੁਨ ਪਿਸ਼ੌਰੀਆ, ਰਾਘਵ ਪਿਸ਼ੌਰੀਆ, ਸੂਰਜ ਪਿਸ਼ੌਰੀਆ ਦੇ ਉੱਦਮ ਨਾਲ ਵਿਦਿਆਰਥੀਆਂ 'ਚ ਕਰੀਬ ਸਵਾ ਲੱਖ ਰੁਪਏ ਮੁੱਲ ਦੀਆਂ ਕੁੱਲ 237 ਸਕੂਲ ਬੈਗ ਕਿੱਟਾਂ ਤੇ ਹੋਰ ਲਾਜ਼ਮੀ ਸਿੱਖਿਆ ਸਮੱਗਰੀ ਵੰਡੀ ਗਈ।ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਅਮਨਜੀਤ ਕੌਰ ਅਤੇ ਮੁੱਖ ਅਧਿਆਪਕ ਤਰਸੇਮ ਲਾਲ ਵੱਲੋਂ ਲੋੜਵੰਦ ਬੱਚਿਆਂ ਦੀ ਸਹਾਇਤਾ ਲਈ ਸਮਾਜਿਕ ਸੰਗਠਨਾਂ ਦੇ ਨੈਤਿਕ ਕਾਰਜ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਬੱਚਿਆਂ ਦੀ ਤਤਕਾਲੀ ਮਦਦ ਨਾਲ ਇਨ੍ਹਾਂ ਵੱਲੋਂ ਆਪਣੀ ਪੜ੍ਹਾਈ ਜਾਰੀ ਰੱਖਣ ਵਿੱਚ ਮਦਦ ਮਿਲੇਗੀ ਅਤੇ ਸਕੂਲ ਵਿੱਚ ਹਾਜ਼ਰੀ ਵਧੇਗੀ।ਇਸ ਮੌਕੇ ਪੰਕਜ ਸਿੰਘ, ਵਿਵੇਕ ਕੁਮਾਰ, ਅਸ਼ੋਕ ਕੁਮਾਰ, ਰਸ਼ਪਿੰਦਰ ਕੌਰ, ਹਰਪ੍ਰਤਾਪ ਸਿੰਘ, ਤਰਸੇਮ ਸਿੰਘ ਆਦਿ ਮੌਜੂਦ ਸਨ।



## ਈਟੀਓ ਨੇ ਪੌਣੇ ਦੋ ਕਰੋੜ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਨੀਂਹ ਪੱਥਰ ਰੱਖੇ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਆਪਣੇ ਹਲਕੇ ਵਿੱਚ ਪੌਣੇ ਦੋ ਕਰੋੜ ਤੋਂ ਵੱਧ ਦੀਆਂ ਲਿੰਕ ਸੜਕਾਂ ਦੇ ਨੀਂਹ ਪੱਥਰ ਰੱਖੇ ਗਏ।ਅੱਜ ਜਿਨ੍ਹਾਂ ਸੜਕਾਂ ਦੀ ਸ਼ੁਰੂਆਤ ਕੀਤੀ ਗਈ ਉਨ੍ਹਾਂ ਵਿੱਚ ਬਲਾਕ ਤਰਸਿੱਕਾ ਦੇ ਪਿੰਡ ਸੈਦਪੁਰ ਤੋਂ ਡੇਹਰੀਵਾਲ ਰੋਡ, ਭਾਟੀਕੇ ਤੋਂ ਡੇਹਰੀਵਾਲ ਤੋਂ ਤਰਸਿੱਕਾ ਰੋਡ, ਘਨਸ਼ਾਮਪੁਰ ਤੋਂ ਭਾਟੀਕੇ ਰੋਡ ਅਤੇ ਤਲਵੰਡੀ ਤੋਂ ਸੰਗਰਾਏ ਸੜਕ ਸ਼ਾਮਿਲ ਹਨ।ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਸੜਕਾਂ ਉੱਚ ਕੁਆਲਿਟੀ ਦੀਆਂ ਅਤੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਬਣਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਹਲਕੇ ਦੀਆਂ ਸਾਰੀਆਂ ਸੜਕਾਂ ਅਪਗ੍ਰੇਡ ਕੀਤੀਆਂ ਜਾਣ।ਉਨ੍ਹਾਂ ਕਿਹਾ ਕਿ ਅੱਜ ਆਵਾਜਾਈ ਦਾ ਯੁੱਗ ਹੈ ਅਤੇ ਹਰੇਕ ਆਦਮੀ ਨੇ ਆਪਣੇ ਕਾਰੋਬਾਰ ਅਤੇ ਨੌਕਰੀ ਲਈ ਸੜਕਾਂ ਉਤੇ ਗੁਜ਼ਰਨਾ ਹੈ, ਸੋ ਵਾਹਨਾਂ ਦੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸੜਕਾਂ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ।ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਉਹ ਬਣ ਰਹੇ ਪ੍ਰੋਜੈਕਟਾਂ ਦੀ ਬਰਾਬਰ ਜਾਂਚ ਕਰਦੇ ਰਹਿਣ ਤਾਂ ਜੋ ਕੰਮ ਦੀ ਕੁਆਲਿਟੀ ਬਰਕਰਾਰ ਰਹੇ ।ਸ. ਹਰਭਜਨ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਭਾਗ ਵੱਲੋਂ ਇਕੱਲੇ ਜੰਡਿਆਲਾ ਹਲਕੇ ਵਿੱਚ ਨਹੀਂ ਬਲਕਿ ਪੂਰੇ ਪੰਜਾਬ ਵਿੱਚ ਸੜਕਾਂ ਦੀ ਅਪਗ੍ਰੇਡੇਸ਼ਨ ਦਾ ਕੰਮ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਵਿਸ਼ਾ ਸਕੂਲ ਅਤੇ ਸਿੱਖਿਆ ਦੇ ਨਾਲ-ਨਾਲ ਰਾਜ ਵਿੱਚ ਮੁਢਲੇ ਢਾਂਚੇ ਦਾ ਵਿਕਾਸ ਕਰਨਾ ਹੈ ਤਾਂ ਜੋ ਰਾਜ ਵਿੱਚ ਵਿਕਾਸ ਦੀਆਂ ਸੰਭਾਵਨਾਵਾਂ ਵਿੱਚ ਵਾਧਾ ਹੋ ਸਕੇ। ਉਨ੍ਹਾਂ ਰਾਜ ਦੇ ਸਾਰੇ ਵਰਗਾਂ ਨੂੰ ਮਿਲ ਕੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ, ਨਸ਼ਿਆਂ ਦੇ ਕੋਹੜ ਤੋਂ ਦੂਰ ਕਰਨ ਅਤੇ ਆਰਥਿਕ ਖੁਸ਼ਹਾਲੀ ਲਈ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ।ਇਸ ਮੌਕੇ ਸਰਪੰਚ ਪਰਮਿੰਦਰ ਸਿੰਘ ਡੇਹਰੀਵਾਲ, ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ ਅਤੇ ਹੋਰ ਆਗੂ ਹਾਜ਼ਰ ਸਨ।



12 Oct Page 4.qxd 10/11/2025 11:18 PM Page 1



## ਐੱਸ ਕੇ ਐੱਮ ਕਾਰਕੁਨਾਂ ਵੱਲੋਂ ਸੋਨਮ ਵਾਂਗਚੁਕ ਦੀ ਰਿਹਾਈ ਤੇ ਸੰਘਰਸ਼ ਦੀ ਹਮਾਇਤ



**ਲਹਿਰਾਗਾਗਾ (ਪਵਨ ਸ਼ਰਮਾ)**-ਲੋਕ ਚੇਤਨਾ ਮੰਚ ਲਹਿਰਾਗਾਗਾ ਤੇ ਐੱਸਕੇਐੱਮ ਇਲਾਕਾ ਲਹਿਰਾ ਦੇ ਕਾਰਕੁਨਾਂ ਵੱਲੋਂ ਨਹਿਰ ਦੇ ਪੁਲ ’ਤੇ ਲਦਾਖ਼ ਦੇ ਵਿਸ਼ਵ ਪ੍ਰਸਿੱਧ ਵਾਤਾਵਰਨ ਪ੍ਰੇਮੀ ਤੇ ਵਿਗਿਆਨੀ ਸੋਨਮ ਵਾਂਗਚੁਕ ਦੀ ਰਿਹਾਈ ਤੇ ਲਦਾਖ਼ ਦੇ ਲੋਕਾਂ ਦੇ ਆਪਣੇ ਜਮਹੂਰੀ ਹੱਕਾਂ ਲਈ ਸੰਘਰਸ਼ ਦੀ ਹਮਾਇਤ ਕੀਤੀ ਗਈ।ਉਨ੍ਹਾਂ ਕੌਮੀ ਸੁਰੱਖਿਆ ਕਨੂੰਨ ਅਧੀਨ ਗ੍ਰਿਫਤਾਰ ਕੀਤੇ ਗਏ ਸੋਨਮ ਵਾਂਗਚੁਕ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ।ਇਸ ਮੌਕੇ ਇਕੱਤਰ ਹੋਏ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਲਦਾਖ਼ ਦੇ ਲੋਕਾਂ ਦੇ ਲੱਦਾਖ ਨੂੰ ਪੂਰਨ ਰਾਜ ਦਾ ਦਰਜਾ ਦੇਣ ਲਈ ਕੀਤੇ ਜਾ ਰਹੇ ਅੰਦੋਲਨ ਨੂੰ ਪੁਲਸ ਗੋਲੀ ਨਾਲ ਨਹੀਂ ਦਬਾਇਆ ਜਾ ਸਕਦਾ।ਲੱਦਾਖੀ ਲੋਕਾਂ ਦਾ ਅੰਦੋਲਨ ਪੂਰਨ ਰੂਪ ਵਿੱਚ ਸ਼ਾਂਤਮਈ ਤਰੀਕੇ ਨਾਲ ਕੀਤਾ ਜਾ ਰਿਹਾ ਹੈ ਸੀ, ਜਿਸ ਨੂੰ ਭੜਕਾਉਣ ਤੇ ਦਬਾਉਣ ਲਈ ਪੁਲਸ ਫਾਇਰਿੰਗ ਕੀਤੀ ਗਈ ਤੇ ਚਾਰ ਨੌਜਵਾਨਾਂ ਨੂੰ ਮਾਰ ਮੁਕਾਇਆ।ਮੰਚ ਦੇ ਸਕੱਤਰ ਹਰਭਗਵਾਨ ਗੁਰਨੇ, ਜਗਦੀਸ਼ ਪਾਪੜਾ, ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਜੰਟਾ ਸਿੰਘ ਲ਼ਦਾਲ, ਜਮਹੂਰੀ ਅਧਿਕਾਰ ਸਭਾ ਦੇ ਜਗਜੀਤ ਭੁਟਾਲ ਖ਼ੇਤੀਬਾੜੀ ਵਿਕਾਸ ਮੰਚ ਦੇ ਆਗੂ ਮੁਹਿੰਦਰ ਸਿੰਘ, ਮਨਜੀਤ ਕੁਮਾਰ, ਕਿਸਾਨ ਫੈਡਰੇਸ਼ਨ ਦੇ ਲਛਮਣ ਅਲੀਸ਼ੇਰ, ਪਸਸਫ ਦੇ ਸੁਖਦੇਵ ਚੰਗਾਲੀਵਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਤੋੜਨ ਤੇ ਲਦਾਖ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਬਦਲਣ ਸਮੇਂ ਖੁਦ ਲਦਾਖ਼ ਨੂੰ ਜਲਦੀ ਹੀ ਪੂਰਨ ਰਾਜ ਦਾ ਦਰਜਾ ਦੇਣ ਦਾ ਵਾਅਦਾ ਕੀਤਾ ਸੀ। ਉਸ ਵਾਅਦੇ ਨੂੰ ਪੂਰਾ ਕੀਤਾ ਜਾਵੇ ਤੇ ਲਦਾਖ਼ ਨੂੰ ਸੰਵਿਧਾਨ ਦੀ 12ਵੀਂ ਸੂਚੀ ਵਿੱਚ ਸੂਚੀਬੱਧ ਕੀਤਾ ਜਾਵੇ। ਇਸ ਮੌਕੇ ਪੰਜਾਬੀ ਗਾਇਕ ਰਾਜਵੀਰ ਜਵੰਧਾ ਦੀ ਬੇਮੌਕਾ ਮੌਤ ’ਤੇ ਵੀ ਦੁੱਖ ਪ੍ਰਗਟ ਕੀਤਾ ਗਿਆ ਤੇ ਸਰਕਾਰ ਤੋਂ ਆਵਾਰਾ ਪਸ਼ੂਆਂ ਦੇ ਮਸਲੇ ਨੂੰ ਹੱਲ ਕਰਨ ਦੀ ਮੰਗ ਕੀਤੀ ਗਈ।

## ਸ਼ਾਮ ਲਾਲ ਬਾਂਸਲ ਬਣੇ ਖਾਲਸ ਪ੍ਰੇਮ ਮਾਰਗ ਸੋਸਾਇਟੀ ਦੇ ਪ੍ਰਧਾਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਥਾਨਕ ਖਾਲਸ ਪ੍ਰੇਮ ਮਾਰਗ ਵੈੱਲਫੇਅਰ ਸੋਸਾਇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਸ੍ਰ. ਜੋਗਿੰਦਰ ਸਿੰਘ ਸਾਰੋਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੋਸਾਇਟੀ ਵੱਲੋਂ ਕੀਤੀ ਜਾ ਰਹੀ ਬੇਸਹਾਰਾ ਗਊਆਂ ਦੀ ਸਾਂਭ ਸੰਭਾਲ ਨੂੰ ਹੋਰ ਬੇਹਤਰ ਬਣਾਉਣ ਲਈ ਵਿਚਾਰ ਚਰਚਾ ਕੀਤੀ ਗਈ।ਸਾਰੇ ਹਾਜ਼ਰ ਮੈਂਬਰਾਂ ਨੇ ਅਗਲੇ ਦੋ ਸਾਲਾਂ ਲਈ ਸਰਭ ਸੰਮਤੀ ਨਾਲ ਸ੍ਰੀ ਸ਼ਾਮ ਲਾਲ ਬਾਂਸਲ ਨੂੰ ਦੁਬਾਰਾ ਪ੍ਰਧਾਨ ਬਣਾ ਦਿੱਤਾ ਗਿਆ।ਇਸ ਮੌਕੇ ਸੋਸਾਇਟੀ ਦੇ ਸਰਪ੍ਰਸਤ ਜੋਗਿੰਦਰ ਸਿੰਘ ਸਾਰੋਂ, ਮੈਨੇਜਰ ਵਿਕਰਮਜੀਤ ਸਿੰਘ ਵਿੱਕੀ, ਅਸ਼ੋਕ ਕੁਮਾਰ ਸਿੰਗਲਾ, ਸੱਤਪਾਲ ਸਾਰੋਂ, ਓਮ ਪ੍ਰਕਾਸ਼ ਮਾਰਡੇ, ਕ੍ਰਿਸ਼ਨ ਸੰਦੋਹਾ, ਗੁਰਚਰਨ ਸਿੰਘ ਹਰੀਕਾ, ਪੁਨੀਤ ਗੋਇਲ ਰਿੰਕੂ, ਕਰਮ ਚੰਦ ਸ਼ਰਮਾ, ਜਗਦੀਸ਼ ਕੁਮਾਰ, ਰਾਜ ਕੁਮਾਰ ਗੋਇਲ, ਲਾਜਪਤ ਰਾਏ ਗਰਗ, ਪਵਨ ਕੁਮਾਰ ਗੁਪਤਾ, ਨਛੱਤਰ ਸਿੰਘ, ਰਾਜ ਕਮਾਰ ਪ੍ਰਿੰਸ, ਡਾ, ਗਗਨਦੀਪ ਸਿੰਘ, ਡਾ. ਰਸਵੀਰ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਸੱਤ ਪਾਲ ਗਰਗ ਸਮੇਤ ਸੋਸਾਇਟੀ ਦੇ ਸੇਵਾਦਾਰ ਹਾਜ਼ਰ ਸਨ।

## ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ



**ਬੁਢਲਾਡਾ (ਅਸ਼ੋਕ ਲਾਕੜਾ)**-ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ 491ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਵੀਨ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਰਾਤਰੀ ਦੇ ਹੋਏ ਕੀਰਤਨ ਦਰਬਾਰ ਵਿੱਚ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮੱਖਣ ਸਿੰਘ ਜੀ ਨੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਇਆ ਗਿਆ।ਉਨ੍ਹਾਂ ਵੱਲੋਂ ਮਨੋਹਰ ਗੁਰਬਾਣੀ ਕੀਰਤਨ ਰਾਹੀਂ ਗੁਰੂ ਜਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਮਲਜੀਤ ਸਿੰਘ ਬੌਬੀ, ਰਜਿੰਦਰ ਸਿੰਘ ਸੋਨੂੰ,ਮਾਸਟਰ ਕੁਲਵੰਤ ਸਿੰਘ, ਮਾਸਟਰ ਰਜਿੰਦਰ ਸਿੰਘ, ਸੁਰਜੀਤ ਸਿੰਘ ਟੀਟਾ, ਗੁਰਚਰਨ ਸਿੰਘ, ਹਰਭਜਨ ਸਿੰਘ, ਪ੍ਰੇਮ ਸਿੰਘ, ਕੁਲਦੀਪ ਸਿੰਘ ਅਨੇਜਾ, ਮਿਸਤਰੀ ਜਰਨੈਲ ਸਿੰਘ, ਅਮਰਜੀਤ ਸਿੰਘ, ਜਸਵੰਤ ਸਿੰਘ ਗੁਲਿਆਣੀ, ਡਾਕਟਰ ਪ੍ਰਿਤਪਾਲ ਸਿੰਘ ਕੋਹਲੀ,,ਸੰਤੋਖ ਸਿੰਘ, ਭਲਿੰਦਰ ਵਾਲੀਆ ਅਤੇ ਤਨਜੋਤ ਸਿੰਘ ਸਾਹਨੀ ਆਦਿ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ।

## ਐੱਮ ਏ ਐੱਮ ਸਕੂਲ ਦਾ ਖੇਡਾਂ ’ਚ ਸ਼ਾਨਦਾਰ ਪ੍ਰਦਰਸ਼ਨ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ਼ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਆਯੋਜਿਤ ਸੈਂਟਰ ਪੱਧਰ ਦੀਆਂ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਸਕੂਲ ਦੀ ਚੌਥੀ ਜਮਾਤ ਦੇ ਵਿਦਿਆਰਥੀ ਗੁਰਵੀਰ ਸਿੰਘ ਨਾਗਰਾ ਨੇ ਲੜਕਿਆਂ ਦੀ ਅਤੇ ਵਵਨਜੋਤ ਕੌਰ ਨੇ ਲੜਕੀਆਂ ਦੀ 400 ਮੀਟਰ ਦੌੜ ਵਿੱਚ ਭਾਗ ਲੈ ਕੇ ਦੂਜਾ ਸਥਾਨ ਹਾਸਲ ਕੀਤਾ।ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਵੱਲੋਂ ਦੋਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਇਹ ਕਾਮਯਾਬੀ ਉਨ੍ਹਾਂ ਦੀ ਆਪਣੀ ਮਿਹਨਤ ਤੇ ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕਾਂ ਦੀ ਰਹਿਨੁਮਾਈ ਦਾ ਨਤੀਜਾ ਹੈ।ਇਸ ਦੇ ਨਾਲ ਹੀ ਉਨ੍ਹਾਂ ਨੇ ਸਕੂਲ ਦੇ ਹੋਰਨਾਂ ਵਿਦਿਆਰਥੀਆਂ ਵੱਲੋਂ ਵੀ ਭਵਿੱਖ ਵਿੱਚ ਅਜਿਹਾ ਪ੍ਰਦਰਸ਼ਨ ਕਰਨ ਦੀ ਕਾਮਨਾ ਕੀਤੀ।

## ਪਾਵਰਕਾਮ ਪੈਨਸ਼ਨਰਜ਼ ਵੱਲੋਂ ਮੈਡੀਕਲ ਭੱਤੇ ’ਚ ਵਾਧੇ ਦੀ ਮੰਗ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸੱਗੂ)**-ਪੈਨਸ਼ਨਰ ਐਸੋਸੀਏਸ਼ਨ (ਰਜਿ:) ਮੰਡਲ ਧੂਰੀ ਸਾਥੀ ਜਸਪਾਲ ਸਿੰਘ ਖੁਰਮੀ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੂਬਾ ਪੈਨਸ਼ਨ ਐਸੋਸੀਏਸ਼ਨ (ਰਜਿ:) ਨੇ ਮੁਲਾਜ਼ਮ ਫਰੰਟ ਨਾਲ ਮਿਲ ਕੇ ਮੰਗ ਪੱਤਰ ਪੰਜਾਬ ਸਰਕਾਰ ਨੂੰ ਦਿੱਤੇ ਗਏ ਮੰਗ ਪੱਤਰ ਵਿੱਚ ਸ਼ੁਮਾਰ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਵੱਖ ਵੱਖ ਬੁਲਾਰਿਆਂ ਨੇ ਮੰਗ ਕੀਤੀ ਕਿ ਪੈਨਸ਼ਨਰਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲੋਂ 16 ਫੀਸਦੀ ਘੱਟ ਡੀ.ਏ ਮਿਲਦਾ ਹੈ, ਉਸ ਦੀ ਤੁਰੰਤ ਪੂਰਤੀ ਕੀਤੀ ਜਾਵੇ।31.12.2015 ਤੋਂ ਪਹਿਲਾ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ 2.59 ਦੇ ਫੈਕਟਰ ਅਨਸਾਰ ਪੈਨਸ਼ਨ ਵਿੱਚ ਸੋਧ ਕੀਤੀ ਜਾਵੇ।ਦੀਵਾਲੀ ਤੋਂ ਸਾਰੀਆਂ ਮੰਗਾਂ ਤੇ ਵਿਚਾਰ ਕਰਕੇ ਅਮਲੀ ਰੂਪ ਦਿੱਤਾ ਜਾਵੇ।ਵੱਧ ਰਹੀ ਮਹਿੰਗਾਈ ਭੱਤੇ ਨੂੰ ਵੇਖਦੇ ਹੋਏ ਪੈਨਸ਼ਨਰਾਂ ਨੂੰ ਮੈਡੀਕਲ ਭੱਤਾ 2000 ਰੁਪੈ ਫੀ ਮਹੀਨਾ ਦਿੱਤਾ ਜਾਵੇ।ਡੀ.ਏ ਤੁਰੰਤ ਰਿਲੀਜ਼ ਕੀਤਾ ਜਾਵੇ।ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ।ਰਿਵਾਇਜ਼ਡ ਸਕੇਲਾਂ ਦਾ ਏਰੀਅਰ ਇਕਮੁਸਤ ਦਿੱਤਾ ਜਾਵੇ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਹਰਦੇਵ ਸਿੰਘ ਸਰਕਲ ਆਗੂ, ਅਮਰਜੀਤ ਸਿੰਘ ਅਮਨ, ਸੰਤੋਖ ਸਿੰਘ, ਜੋਗਿੰਦਰ ਸਿੰਘ, ਕੇਹਰ ਸਿੰਘ, ਇਦਰਜੀਤ ਸਿੰਘ, ਸੁਰਜੀਤ ਸਿੰਘ ਸ਼ੇਰਪੁਰ, ਗੁਰਨਾਮ ਸਿੰਘ ਸ਼ੇਰਪੁਰ, ਬਲਵਿੰਦਰ ਸਿੰਘ ਚਾਂਗਲੀ, ਸੁਰਿੰਦਰ ਸ਼ਰਮਾ, ਹਰਮਿੰਦਰ ਸਿੰਘ ਢੀਂਡਸਾ ਆਦਿ ਨੇ ਭਾਗ ਲਿਆ।ਸਟੇਜ ਦੀ ਕਾਰਵਾਈ ਅਮਰਜੀਤ ਸਿੰਘ ਅਮਨ ਜਨਰਲ ਸਕੱਤਰ ਨੇ ਬਾਖੂਬੀ ਨਿਭਾਈ।

## ਪੰਜਾਬ ਸਰਕਾਰ ਵੱਲੋਂ ‘ਸਾਡਾ ਨਸ਼ਾ ਮੁਕਤ ਪਿੰਡ’ ਅਭਿਆਨ ਤਹਿਤ ਨਵੀਂ ਮੁਹਿੰਮ ਸ਼ੁਰੂ

**ਸੁਨਾਮ ਉਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭਟੀ)**-ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ‘ਸਾਡਾ ਨਸ਼ਾ ਮੁਕਤ ਪਿੰਡ’ ਮੁਹਿੰਮ ਦੇ ਤਹਿਤ ਕਈ ਪਿੰਡਾਂ ਵਿੱਚ ਪੁਲਸ ਤੇ ਪ੍ਰਸ਼ਾਸਨ ਦੀਆਂ ਟੀਮਾਂ ਦੁਆਰਾ ਵਿਸ਼ੇਸ਼ ਅਭਿਆਨ ਚਲਾਇਆ ਜਾ ਰਿਹਾ ਹੈ।ਇਸ ਪਹਿਲ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਨਸ਼ੇ ਦੇ ਖਿਲਾਫ ਜਾਗਰੂਕਤਾ ਫੈਲਾਉਣਾ ਤੇ ਨੌਜਵਾਨਾਂ ਨੂੰ ਇਸ ਬੁਰੀ ਆਦਤ ਤੋਂ ਦੂਰ ਕਰਨਾ ਹੈ।ਜ਼ਿਲ੍ਹਾ ਪ੍ਰਮੁੱਖ ਭੁਪਿੰਦਰ ਸਿੰਘ ਭੁੱਲਰ ਆਈ ਪੀ ਐੱਸ ਤੇ ਐਸਐਸਪੀ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਮੁਹਿੰਮ ਪਿੰਡਾਂ ਵਿੱਚ ਲਗਾਤਾਰ ਚੱਲ ਰਹੀ ਹੈ।20 ਫਰਵਰੀ24 ਤੋਂ 10 ਮਾਰਚ 25 ਤੱਕ ਇਹ ਬਿਆਨ ਜਾਰੀ ਰਹੇਗਾ।ਇਸ ਦੌਰਾਨ ਪੁਲਸ ਵਿਭਾਗ ਡੀਡੀਪੀਐਸਪੀ ਸਿਹਤ ਵਿਭਾਗ ਤੇ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਹੁਣ ਤੱਕ 30 ਤੋਂ ਜ਼ਿਆਦਾ ਪਿੰਡਾਂ ਵਿੱਚ ਨਸ਼ਾ ਮੁਕਤੀ ਨਾਲ ਜੁੜੇ ਪ੍ਰੋਗਰਾਮ ਕੀਤੇ ਜਾ ਚੁੱਕੇ ਹਨ।ਆਪਣਾ ਨਸ਼ਾ ਮੁਕਤ ਪਿੰਡ ਅਭਿਆਨ ਦੇ ਤਹਿਤ ਪਿੰਡ ਦਰ ਪਿੰਡ ਜਾ ਕੇ ਨਸ਼ੇ ਨਾਲ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ ਅਤੇ ਜ਼ਰੂਰਤ ਮੰਦ ਵਿਅਕਤੀਆਂ ਨੂੰ ਸਰਕਾਰੀ ਡੀ ਐਡਿਕਸ਼ਨ ਸੈਂਟਰ ਵਿੱਚ ਦਾਖਲ ਕਰਵਾਇਆ ਜਾ ਰਿਹਾ ਹੈ, ਤਾਂ ਕਿ ਉਹ ਨਸ਼ੇ ਤੋਂ ਪੂਰੀ ਤਰਹਾਂ ਮੁਕਤ ਹੋ ਕੇ ਸਮਾਜ ਵਿੱਚ ਦੁਬਾਰਾ ਆਪਣੀ ਜਗ੍ਹਾ ਬਣਾ ਸਕਣ।ਪੁਲਸ ਪ੍ਰਸ਼ਾਸਨ ਨੇ ਦੱਸਿਆ ਕਿ ਇਸ ਮੁਹਿੰਮ ਵਿੱਚ ਪਿੰਡਾਂ ਦੇ ਸਰਪੰਚ ਸਮਾਜਿਕ ਸੰਸਥਾਵਾਂ ਤੇ ਨੌਜਵਾਨ ਕਲੱਬਾਂ ਹਿੱਸਾ ਲੈ ਰਹੀਆਂ ਹਨ।ਪਿੰਡਾਂ ਵਿੱਚ ਨੁੱਕੜ ਨਾਟਕ, ਸੈਮੀਨਾਰ ਤੇ ਸਪੋਰਟਸ ਈਵੈਂਟ ਦੇ ਮਾਧਿਅਮ ਦੁਆਰਾ ਨੌਜਵਾਨਾਂ ਨੂੰ ਨਸ਼ੇ ਦੇ ਖਤਰਨਾਕ ਪ੍ਰਭਾਵਾਂ ਦੇ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।ਐਸਐਸਪੀ ਸੰਗਰੂਰ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਦਿਨ ਰਾਤ ਸੇਵਾ ਭਾਵਨਾ ਨਾਲ ਇਸ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ।

## ਸੁਖਾਨੰਦ ਵੱਲੋਂ ਹਲਕੇ ’ਚ ਅਧੂਰੇ ਪਏ ਵਿਕਾਸ ਕਾਰਜਾਂ ਦਾ ਕੰਮ ਸ਼ੁਰੂ



**ਸਮਾਲਸਰ (ਮਨੀ ਸਿੰਗਲਾ)**- ਹਲਕਾ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਵੱਲੋਂ ਹਲਕੇ ਅੰਦਰ ਲੰਮੇ ਸਮੇਂ ਤੋਂ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਪੂਰਾ ਕਰਵਾਉਣ ਲਈ ਚਲਾਈ ਗਈ ਮੁਹਿੰਮ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦਿਖਾਈ ਦੇ ਰਹੀ ਹੈ।ਵਿਧਾਇਕ ਦੀ ਅਗਵਾਈ ਹੇਠ ਹਲਕੇ ਦੇ ਹਰ ਪਿੰਡ ਤੇ ਸ਼ਹਿਰੀ ਇਲਾਕਿਆਂ ਵਿੱਚ ਸਰਬਪੱਖੀ ਵਿਕਾਸ ਕਾਰਜ ਜਿਵੇਂ ਕਿ ਸੜਕਾਂ ਦੀ ਮੁਰੰਮਤ, ਗਲੀਆਂ ਵਿੱਚ ਇੰਟਰਲਾਕ ਟਾਇਲਾਂ, ਸੀਵਰੇਜ ਸਿਸਟਮ ਦਾ ਸੁਧਾਰ ਤੇ ਲਾਈਟਾਂ ਦੀ ਸਹੂਲਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਪਿੰਡ ਮੱਲ ਕੇ ਦੇ ਸਰਪੰਚ ਰਾਜਾ ਮੱਲ ਕੇ ਨੇ ਕਿਹਾ ਕਿ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਹਲਕੇ ਦੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ ਹੈ।ਉਨ੍ਹਾਂ ਦੇ ਯਤਨਾਂ ਨਾਲ ਜਿਹੜੇ ਕੰਮ ਸਾਲਾਂ ਤੋਂ ਰੁਕੇ ਪਏ ਸਨ, ਉਹ ਹੁਣ ਤੇਜ਼ੀ ਨਾਲ ਪੂਰੇ ਹੋ ਰਹੇ ਹਨ।ਸਰਪੰਚ ਨੇ ਕਿਹਾ ਕਿ ਪਿੰਡ ਮੱਲ ਕੇ ਵਿੱਚ ਵੀ ਵਿਕਾਸ ਕਾਰਜਾਂ ਦੀ ਨਵੀਂ ਲਹਿਰ ਦੌੜ ਰਹੀ ਹੈ, ਜਿਸ ਨਾਲ ਲੋਕਾਂ ਨੂੰ ਵੱਡਾ ਲਾਭ ਹੋ ਰਿਹਾ ਹੈ।ਸਰਪੰਚ ਰਾਜਾ ਮੱਲ ਕੇ ਨੇ ਕਿਹਾ ਕਿ ਵਿਧਾਇਕ ਦੀ ਤਰ੍ਹਾਂ ਦਾ ਜ਼ਮੀਨੀ ਆਗੂ ਹੀ ਹਲਕੇ ਦੇ ਲੋਕਾਂ ਦੀਆਂ ਅਸਲੀ ਸਮੱਸਿਆਵਾਂ ਨੂੰ ਸਮਝ ਸਕਦਾ ਹੈ ਅਤੇ ਉਨ੍ਹਾਂ ਦਾ ਹੱਲ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਹਰ ਪਿੰਡ ਵਿੱਚ ਵਿਕਾਸ ਦੇ ਕੰਮ ਬਿਨਾਂ ਕਿਸੇ ਭੇਦਭਾਵ ਦੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪਿੰਡ ਦੇ ਲੋਕ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਦੇ ਧੰਨਵਾਦੀ ਹਨ, ਜੋ ਹਮੇਸ਼ਾ ਲੋਕਾਂ ਦੇ ਦਰਦ ਨੂੰ ਸਮਝਦੇ ਹੋਏ ਉਨ੍ਹਾਂ ਦੀ ਭਲਾਈ ਲਈ ਕੰਮ ਕਰ ਰਹੇ ਹਨ। ਸਰਪੰਚ ਰਾਜਾ ਮੱਲ ਕੇ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਲੋਕ ਬਹੁਤ ਖੁਸ਼ ਹਨ ਤੇ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੇ ਗਏ ਫੈਸਲਿਆਂ ਨਾਲ ਹਰ ਵਰਗ ਨੂੰ ਰਾਹਤ ਮਿਲੀ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਮੁੜ ਭਰੋਸਾ ਜਤਾਉਂਦੇ ਹੋਏ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ, ਕਿਉਂਕਿ ਲੋਕਾਂ ਨੇ ਇਸ ਸਰਕਾਰ ਦੇ ਕੰਮ ਤੇ ਨੀਅਤ ਦੋਵੇਂ ਦੇਖ ਲਏ ਹਨ।

● ਸਰਪੰਚ ਰਾਜਾ ਮੱਲ ਕੇ ਨੇ ਕੀਤਾ ਸਵਾਗਤ

## ਭਾਜਪਾ ਵੋਟ ਚੋਰੀ ਕਰਕੇ ਲੋਕਤੰਤਰ ਦਾ ਘਾਣ ਕਰ ਰਹੀ : ਗੌਰਵ ਸੰਧੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸਾਡੇ ਦੇਸ਼ ਲੋਕਤੰਤਰ ਨੂੰ ਅਸਲ ਹਕੀਕਤ ’ਚ ਲਿਆਉਣ ਲਈ ਸਾਡੇ ਲੱਖਾਂ ਪੰਜਾਬੀ ਨੌਜਵਾਨਾਂ ਦਾ ਖੂਨ ਵਹਿਆ ਹੈ।ਦੂਜੇ ਪਾਸੇ ਭਾਜਪਾ ਲੋਕਤੰਤਰ ਦਾ ਘਾਣ ਕਰਕੇ ਵੋਟਾਂ ਚੋਰੀ ਕਰਕੇ ਦੇਸ਼ ’ਤੇ ਰਾਜ ਕਰ ਰਹੀ ਹੈ।ਪੰਜਾਬ ਕਾਂਗਰਸ ਕਿਸਾਨ ਸੈੱਲ ਦੇ ਪ੍ਰਧਾਨ ਗੌਰਵ ਸੰਧੂ ਵੱਲੋਂ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵਿਧਾਨ ਸਭਾ ਹਲਕਾ ਸਨੌਰ (ਪਟਿਆਲ਼ਾ) ਤੋਂ ਵੋਟ ਚੋਰੀ ਮੁਹਿੰਮ ਖਿਲਾਫ ਭਰੇ 2500 ਫਾਰਮ ਸੌਂਪਦੇ ਹੋਏ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾ ਕਿਹ ਕਿ ਅਸੀਂ ਕਿਸੇ ਵੀ ਕੀਮਤ ’ਤੇ ਆਪਣੇ ਦੇਸ਼ ਦੇ ਲੋਕਤੰਤਰ ਨੂੰ ਢਾਅ ਨਹੀਂ ਲੱਗਣ ਦੇਵਾਂਗੇ।ਅੱਜ ਇਸੇ ਮਕਸਦ ਦੇ ਚੱਲਦਿਆਂ ਆਲ ਇੰਡੀਆ ਕਾਂਗਰਸ ਤੇ ਸ੍ਰ. ਅਮਰਿੰਦਰ ਸਿੰਘ ਰਾਜਾ ਵੜਿੰਗ (ਪੰਜਾਬ ਕਾਂਗਰਸ ਪ੍ਰਧਾਨ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਨੌਰ ਹਲਕੇ ’ਚੋਂ 2500 ਲੋਕਾਂ ਤੋਂ ਵੋਟ ਚੋਰੀ ਖਿਲਾਫ਼ ਕੀਤੇ ਗਏ ਦਸਤਖ਼ਤ ਕਾਂਗਰਸ ਭਵਨ ਵਿਖੇ ਭੇਟ ਕੀਤੇ ਹਨ।

## ਮਾਤਾ ਸਾਹਿਬ ਕੌਰ ਸਕੂਲ ਵਿਖੇ ਕੁਇੱਜ਼ ਮੁਕਾਬਲੇ ਕਰਵਾਏ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸਥਾਨਕ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ‘ਵਰਲਡ ਨੋ ਤੰਬਾਕੂ ਅਵੇਅਰਨੈੱਸ ਦਿਵਸ’ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵੱਲੋਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਕਈ ਅਹਿਮ ਗਤੀਵਿਧੀਆਂ ਕਰਵਾਈਆਂ ਗਈਆਂ।ਇਸ ਜਾਗਰੂਕਤਾ ਮੁਹਿੰਮ ਤਹਿਤ ਸਕੂਲ ਦੇ ਵਿਦਿਆਰਥੀਆਂ ਨੇ ਕੁਇੱਜ਼ ਮੁਕਾਬਲੇ ਵਿੱਚ ਉਤਸ਼ਾਹ ਨਾਲ ਭਾਗ ਲਿਆ।ਮੁਕਾਬਲੇ ਦੌਰਾਨ ਤੰਬਾਕੂਨੋਸ਼ੀ ਨਾਲ ਸਿਹਤ ਨੂੰ ਹੋਣ ਵਾਲੇ ਨੁਕਸਾਨ ਤੇ ਇਸ ਤੋਂ ਬਚਣ ਦੇ ਤਰੀਕਿਆਂ ਬਾਰੇ ਸਵਾਲ ਪੁੱਛੇ ਗਏ।ਕੁਇੱਜ਼ ਮੁਕਾਬਲੇ ਤੋਂ ਬਾਅਦ ਸਕੂਲ ਵਿੱਚ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸਮੂਹ ਵਿਦਿਆਰਥੀਆਂ ਨੂੰ ਤੰਬਾਕੂ ਮੁਕਤ ਰਹਿਣ ਦੀ ਸਹੁੰ ਚੁਕਾਈ ਗਈ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਾ. ਵੰਦਨਾ ਧਵਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿਹਤਮੰਦ ਜੀਵਨ ਲਈ ਤੰਬਾਕੂ ਤੋਂ ਦੂਰੀ ਬਹੁਤ ਜ਼ਰੂਰੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਇੱਕ ਜ਼ਿੰਮੇਵਾਰ ਨਾਗਰਿਕ ਬਣਨ ਤੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਪ੍ਰੇਰਿਤ ਕੀਤਾ।ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਚੇਅਰਮੈਨ ਸ੍ਰੀ ਮਹੀਪਾਲ ਸਿੰਘ ਤੇ ਮੈਨੇਜਰ ਸ੍ਰੀ ਹਰਬੀਰ ਸਿੰਘ ਦੀ ਅਗਵਾਈ ਹੇਠ ਸਕੂਲ ਹਮੇਸ਼ਾ ਵਿਦਿਆਰਥੀਆਂ ਦੀ ਸਰੀਰਕ ਤੇ ਮਾਨਸਿਕ ਸਿਹਤ ਨੂੰ ਪਹਿਲ ਦਿੰਦਾ ਹੈ।ਅਜਿਹੇ ਜਾਗਰੂਕਤਾ ਸਮਾਗਮ ਭਵਿੱਖ ਦੀ ਪੀੜ੍ਹੀ ਨੂੰ ਸਹੀ ਮਾਰਗ ਦਰਸ਼ਨ ਦਿੰਦੇ ਹਨ।

## ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਬਿਜਲੀ ਵਿਭਾਗ ਦੀਆਂ ਜ਼ਮੀਨਾਂ ਨੂੰ ਵੇਚਣ ਦੇ ਕੀਤੇ ਫੈਸਲੇ ਦੀ ਨਿੰਦਾ

**ਦੋਰਾਹਾ (ਹਰਮਿੰਦਰ ਸੇਠ)**

ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਔਲਖ ਤੇ ਜਨਰਲ ਸਕੱਤਰ ਜਸਵਿੰਦਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਬਿਜਲੀ ਵਿਭਾਗ ਦੀਆਂ ਜ਼ਮੀਨਾਂ ਨੂੰ ਵੇਚਣ ਲਈ ਫੈਸਲੇ ਕੀਤੇ ਜਾ ਰਹੇ ਹਨ।ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਗਈ ਤੇ ਮੰਗ ਕੀਤੀ ਗਈ ਕਿ ਇਹ ਫੈਸਲਾ ਵਾਪਸ ਲਿਆ ਜਾਵੇ।

ਆਗੂਆਂ ਨੇ ਕਿਹਾ ਕਿ ਬਿਜਲੀ ਵਿਭਾਗ ਦੀ ਉਸਾਰੀ ਕਰਨ ਸਮੇਂ ਪੰਜਾਬ ਦੇ ਲੋਕਾਂ ਵੱਲੋਂ ਇਹ ਜ਼ਮੀਨਾਂ ਗਰਿੱਡ/ਬਿਜਲੀ ਘਰ ਬਣਾਉਣ ਲਈ ਸਰਕਾਰ ਨੂੰ ਦਾਨ ਦੇ ਰੂਪ ਵਿੱਚ ਦਿੱਤੀਆਂ ਗਈਆਂ ਸਨ, ਪਰ ਸਰਕਾਰ ਸਾਮਰਾਜੀ ਦਿਸ਼ਾਂ ਨਿਰਦੇਸ਼ਾਂ ਤਹਿਤ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਦੇ ਹੋਏ ਬਿਜਲੀ ਵਿਭਾਗ ਦੀਆਂ ਇਹ ਜ਼ਮੀਨਾਂ ਨਿੱਜੀ ਕੰਪਨੀਆਂ ਨੂੰ ਵੇਚਣ ਦਾ ਕਦਮ ਬਿਜਲੀ ਵਿਭਾਗ ਨੂੰ ਮੁਕੰਮਲ ਰੂਪ ਵਿੱਚ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ ਦੀ ਲੋੜ ਵਿੱਚੋਂ ਲਿਆ ਜਾ ਰਿਹਾ ਹੈ।

ਇਸ ਨੀਤੀ ਤਹਿਤ ਬਿਜਲੀ ਵਿਭਾਗ ਵਿੱਚ ਵਰਕ ਲੋਡ ਮੁਤਾਬਕ ਨਵੀਆਂ ਅਸਾਮੀਆਂ ਦੀ ਰਚਨਾ ਕਰਕੇ ਰੈਗੂਲਰ ਭਰਤੀ ਕਰਨ ਦੀ ਬਜਾਏ ਆਉਟਸੋਰਸਡ ਪ੍ਰਣਾਲੀ ਰਾਹੀਂ ਬਿਜਲੀ ਪ੍ਰਬੰਧਾਂ ਦਾ ਕੰਮ ਚਲਾਇਆ ਜਾ ਰਿਹਾ, ਖਰੜ ਤੇ ਲਾਲੜੂ ਸਮੇਤ ਹੋਰਨਾਂ ਡਵੀਜ਼ਨਾਂ ਨੂੰ ਨਿੱਜੀ ਕੰਪਨੀਆਂ ਹਵਾਲੇ ਕਰਨ ਦੇ ਫੈਸਲੇ ਲਏ ਜਾ ਰਹੇ ਹਨ, ਖਪਤਕਾਰਾਂ ਦੀਆਂ ਸ਼ਿਕਾਇਤਾਂ ਹੱਲ ਕਰਨ ਦਾ ਕੰਮ ਨਿੱਜੀ ਕੰਪਨੀਆਂ ਨੂੰ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਬਿਜਲੀ ਵਿਭਾਗ ਦੇ ਮੁਲਾਜ਼ਮਾਂ ’ਤੇ ਕੇਂਦਰ ਸਰਕਾਰ ਦੇ ਤਨਖਾਹ ਸਕੇਲ ਲਾਗੂ ਕੀਤੇ ਗਏ ਹਨ, ਇਸੇ ਨੀਤੀ ਤਹਿਤ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤੀਆਂ ਜਾ ਰਹੀਆਂ ਹਨ।ਇਹ ਨਿੱਜੀਕਰਨ ਦੀ ਨੀਤੀ ਬਿਜਲੀ ਵਿਭਾਗ ਵਿੱਚ ਹੀ ਲਾਗੂ ਨਹੀਂ ਕੀਤੀ ਜਾ ਰਹੀ ਸਮੁੱਚੇ ਵਿਭਾਗਾਂ ਵਿੱਚ ਲਾਗੂ ਕੀਤੀ ਜਾ ਰਹੀ ਹੈ।ਪਿੰਡਾਂ ਵਿੱਚ ਪਾਣੀ ਦੀਆਂ ਟੈਂਕੀਆਂ ਦਾ ਪੰਚਾਇਤੀਕਰਨ ਕਰਕੇ ਨਿੱਜੀ ਕੰਪਨੀਆਂ ਦੇ ਹਵਾਲੇ ਕੀਤੀਆਂ ਜਾ ਰਹੀਆਂ ਹਨ।

ਸਰਕਾਰੀ ਹਸਪਤਾਲ ਨਿੱਜੀ ਕੰਪਨੀਆਂ ਹਵਾਲੇ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ।ਸਰਕਾਰੀ ਸਕੂਲਾਂ ਨੂੰ ਨਿੱਜੀ ਕੰਪਨੀਆਂ ਹਵਾਲੇ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ।ਆਗੂਆਂ ਨੇ ਕਿਹਾ ਕਿ ਦੇਸ਼ ਵਿੱਚ ਲਾਗੂ ਕੀਤੇ ਜਾ ਰਹੇ ਸਾਮਰਾਜੀ ਦਿਸ਼ਾਂ ਨਿਰਦੇਸ਼ਤ ਨਿੱਜੀਕਰਨ ਦੇ ਤਬਾਹਕੁੰਨ ਹਮਲੇ ਖਿਲਾਫ ਸਮੁੱਚੇ ਵਿਭਾਗਾਂ ਦੇ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਨੂੰ ਵਿਸ਼ਾਲ, ਤਿੱਖੇ ਤੇ ਸਾਂਝੇ ਸੰਘਰਸ਼ਾਂ ਦੇ ਰਾਹ ’ਤੇ ਤੁਰਨ ਦੀ ਲੋੜ ਹੈ।ਇਸੇ ਰਾਹ ’ਤੇ ਤੁਰ ਕੇ ਹੀ ਅਪਣੀ ਹੋਂਦ ਨੂੰ ਬਚਾਇਆ ਜਾ ਸਕਦਾ ਹੈ।

## ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਸਿਖਲਾਈ ਕੈਂਪ

**ਕੋਟ ਈਸੇ ਖਾਂ (ਅਰੋੜਾ)**-ਮੁੱਖ ਖੇਤੀਬਾੜੀ ਅਫਸਰ ਡਾਕਟਰ ਗੁਰਪ੍ਰੀਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਬਲਾਕ ਖੇਤੀਬਾੜੀ ਅਫਸਰ ਡਾਕਟਰ ਗੁਰਬਾਜ ਸਿੰਘ ਦੀ ਯੋਗ ਅਗਵਾਈ ਹੇਠ ਗੁਰਸਾਹਿਬ ਸਿੰਘ ਖੇਤੀਬਾੜੀ ਵਿਕਾਸ ਅਫਸਰ ਵੱਲੋਂ ਪਿੰਡ ਬਹਾਦਰ ਵਾਲਾ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਗੁਰਸਾਹਿਬ ਸਿੰਘ ਖੇਤੀਬਾੜੀ ਵਿਕਾਸ ਅਫਸਰ ਵੱਲੋਂ ਆਏ ਕਿਸਾਨਾਂ ਨੂੰ ਇਸ ਸਾਲ ਕਣਕ ਦੀ ਬਿਜਾਈ ਝੋਨੇ ਦੀ ਪਰਾਲੀ ਨੂੰ ਅੱਗ ਲਗਾਏ ਬਿਨਾਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਤ ਹੁੰਦਾ ਹੈ, ਉੱਥੇ ਨਾਲ ਹੀ ਮਿੱਟੀ ਦੀ ਉਪਜਾਊ ਸ਼ਕਤੀ ਵੀ ਘੱਟ ਹੁੰਦੀ ਹੈ।ਇਸ ਸਮੇਂ ਸਮਰੀਤ ਸਿੰਘ ਖੇਤੀਬਾੜੀ ਉਪ ਨਿਰੀਖਕ ਵੱਲੋਂ ਦੱਸਿਆ ਗਿਆ ਕਿ ਝੋਨੇ ਦੀ ਵਾਢੀ ਐਸਐਮਐਸ ਲੱਗੀ ਹੋਈ ਕੰਬਾਈਨ ਨਾਲ ਹੀ ਕੀਤੀ ਜਾਵੇ ਤਾਂ ਜੋ ਵਿੱਚ ਪਰਾਲੀ ਦੀ ਸਾਂਭ ਸੰਭਾਲ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਜਿਵੇਂ ਸੁਪਰ ਸੀਡਰ, ਹੈਪੀ ਸੀਡਰ, ਮਲਚਰ, ਪਲੋ ਦੀ ਸੁਚੱਜੀ ਵਰਤੋਂ ਹੋ ਸਕੇ।

ਇਸ ਮੌਕੇ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਧੀਨ ਲਾਭ ਲੈ ਰਹੇ ਕਿਸਾਨਾਂ ਨੂੰ ਲੈਂਡ ਸੀਡਿੰਗ ਤੇ ਈ ਕੇ ਵਾਈ ਸੀ ਕਰਵਾਉਣ ਲਈ ਵੀ ਜਾਗਰੂਕ ਕੀਤਾ ਗਿਆ। ਇਸ ਸਮੇਂ ਸਰਪੰਚ ਦਲੇਰ ਸਿੰਘ ਸਾਮਾ, ਬਲਕਾਰ ਸਿੰਘ, ਪ੍ਰਸ਼ੋਤਮ ਸਿੰਘ, ਸੁਖਦੇਵ ਸਿੰਘ ਸਿੰਘ ਆਦਿ ਕਿਸਾਨ ਹਾਜ਼ਰ ਸਨ।

## ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਤੁਰੰਤ ਲਾਗੂ ਨਾ ਕੀਤੀਆਂ ਤਾਂ ਹੋਵੇਗਾ ਸੰਘਰਸ਼ : ਸਕਿੰਦਰ ਸਿੰਘ



**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਵਿਖੇ ਹੋਈ, ਜਿਸ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਤੇ ਮਸਲਿਆਂ ’ਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ। ਮੀਟਿੰਗ ਦੇ ਅਰੰਭ ਵਿੱਚ ਸੁਨੀਲ, ਲਾਈਨਮੈਨ ਗੁਰਮੁੱਖ ਸਿੰਘ ਦੁੱਲਵਾਂ, ਗੁਰਮੀਤ ਸਿੰਘ ਜੇ. ਈ. ਦੀ ਪਤਨੀ, ਗਿਆਨ ਸਿੰਘ ਲਾਈਨਮੈਨ ਸਪੁੱਤਰ ਅਮ੍ਰਿਤਪਾਲ ਸਿੰਘ ਗੁਰੋਂ, ਭਰਪੂਰ ਸਿੰਘ ਮਾਂਗਟ ਸਕੱਤਰ ਦੇ ਰਿਸ਼ਤੇਦਾਰ ਮਨਜੀਤ ਸਿੰਘ ਘੁਡਾਣੀ ਦੀ ਬੇਵਕਤੀ ਮੌਤ ’ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਦੌਰਾਨ ਸਰਕਲ ਰੋਪੜ ਵਿੱਚ ਧਰਨੇ ਦੀ ਪੜਚੋਲ ਵੀ ਕੀਤੀ ਗਈ।ਉਪਰੰਤ ਸਕਿੰਦਰ ਸਿੰਘ ਪ੍ਰਧਾਨ ਨੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਫੰਡ 15 ਅਕਤੂਬਰ ਤੱਕ ਜਥੇਬੰਦੀ ਦੇ ਨੁਮਾਇੰਦਿਆਂ ਤੱਕ ਪੁੱਜਦਾ ਕਰ ਦਿੱਤਾ ਜਾਵੇ।ਉਨ੍ਹਾਂ ਪੰਜਾਬ ਜੁਆਇੰਟ ਫਰੰਟ ਦੀ ਮੀਟਿੰਗ ਵਿੱਚ ਵਿੱਤ ਮੰਤਰੀ ਪੰਜਾਬ ਵਲੋਂ ਦਿੱਤੇ ਭਰੋਸੇ ਦਾ ਸਵਾਗਤ ਕੀਤਾ ਤੇ ਕਿਹਾ ਕਿ ਹੁਣ ਦੇਖਣਾ ਇਹ ਹੋਵੇਗਾ ਕਿ ਪੰਜਾਬ ਸਰਕਾਰ ਪਾਵਰਕੌਮ ਦੇ ਪੈਨਸ਼ਨਰਾਂ ਦੀਆਂ ਮੰਗਾਂ ਤੇ ਕਦੋਂ ਤਕ ਪੂਰਾ ਉਤਰਦੀ ਹੈ।ਉਨ੍ਹਾਂ ਮੰਗ ਕੀਤੀ ਕਿ 2.59 ਦਾ ਫਾਰਮੂਲਾ ਤੇ ਡੀ. ਏ. ਦੀਆਂ ਬਕਾਇਆ ਰਹਿੰਦੀਆਂ 16 ਪ੍ਰਤੀਸ਼ਤ ਦੀਆਂ ਕਿਸ਼ਤਾਂ, ਬਕਾਏ ਤੇ ਹੋਰ ਮੰਗਾਂ ’ਤੇ ਜਲਦੀ ਵਿਚਾਰ ਕਰਕੇ ਤੁਰੰਤ ਲਾਗੂ ਕੀਤੀਆਂ ਜਾਣ।ਇਸ ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਇੰਜ: ਪ੍ਰੇਮ ਸਿੰਘ ਸਾਬਕਾ ਐੱਸ. ਡੀ. ਓ., ਰਜਿੰਦਰ ਪਾਲ ਵਡੇਰਾ ਰਿਟਾ: ਡਿਪਟੀ ਸੀ. ਏ. ਓ., ਜਗਤਾਰ ਸਿੰਘ ਪ੍ਰੈੱਸ ਸਕੱਤਰ, ਦਰਸ਼ਨ ਸਿੰਘ ਵਿੱਤ ਸਕੱਤਰ, ਦਰਸ਼ਨ ਸਿੰਘ ਕੋਟਾਲਾ, ਮਹੇਸ਼ ਕੁਮਾਰ ਖਮਾਣੋਂ, ਹਰਪਾਲ ਸਿੰਘ ਸਿਹਾਲਾ, ਅਮਰਜੀਤ ਸਿੰਘ ਮਾਛੀਵਾੜਾ, ਪ੍ਰੇਮ ਚੰਦ ਭਲਾ ਲੋਕ, ਜਸਵੰਤ ਸਿੰਘ ਢੰਡਾ, ਅਮਰੀਕ ਸਿੰਘ ਖਮਾਣੋਂ, ਰਾਕੇਸ਼ ਕੁਮਾਰ ਮਾਛੀਵਾੜਾ ਆਦਿ ਨੇ ਸੰਬੋਧਨ ਕੀਤਾ।

## ਰਣਬੀਰ ਭੁੱਲਰ ਨੇ ਸੜਕ ਦੀ ਰਿਪੇਅਰ ਦਾ ਰੱਖਿਆ ਨੀਂਹ ਪੱਥਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਧਾਇਕ ਹਲਕਾ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਅੱਜ ਕੁੱਲ 1.48 ਕਰੋੜ ਰੁਪਏ ਦੀ ਲਾਗਤ ਨਾਲ ਫਿਰੋਜ਼ਪੁਰ ਸ਼ਹਿਰ ਤੋਂ ਚੌਕੀ ਮੱਬੋ ਕੇ (ਬਾਰੇ ਕੇ ਤੱਕ 4.4 ਕਿਲੋਮੀਟਰ) ਸੜਕ ਦੀ ਸਪੈਸ਼ਲ ਮੁਰੰਮਤ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਤੇ ਕੈਬਨਿਟ ਮੰਤਰੀ ਲੋਕ ਨਿਰਮਾਣ ਵਿਭਾਗ ਪੰਜਾਬ ਹਰਭਜਨ ਸਿੰਘ ਈਟੀਓ ਦੀ ਰਹਿਨੁਮਾਈ ਹੇਠ ਲੋਕਾਂ ਨੂੰ ਆਵਾਜਾਈ ਦੀ ਵਧੀਆ ਸਹੂਲਤ ਦੇਣ ਲਈ ਸੜਕਾਂ ਦੀ ਰਿਪੇਅਰ ਤੇ ਅਪਗ੍ਰੇਡੇਸ਼ਨ ਦਾ ਕੰਮ ਲਗਾਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮਾਰਕੀਟ ਕਮੇਟੀ ਫਿਰੋਜ਼ਪੁਰ ਸ਼ਹਿਰ ਅਧੀਨ ਪੈਂਦੀਆਂ ਕੁੱਲ 21 ਸੜਕਾਂ ਜਿਨ੍ਹਾਂ ਦੀ ਲੰਬਾਈ 36.44 ਕਿਲੋਮੀਟਰ ਹੈ ਅਤੇ ਇਨ੍ਹਾਂ ਦੀ ਮੁਰੰਮਤ ’ਤੇ 6.82 ਕਰੋੜ ਰੁਪਏ ਤੇ ਮੈਂਟੀਨੈਂਸ ਲਾਗਤ 1.58 ਕਰੋੜ ਰੁਪਏ (ਕੁੱਲ ਲਾਗਤ 8.41 ਕਰੋੜ ਰੁਪਏ) ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੜਕ ਬਣਨ ਤੋਂ ਅਗਲੇ ਪੰਜ ਸਾਲ ਦੀ ਮੈਂਟੀਨੈਂਸ ਜਾਂ ਰਿਪੇਅਰ ਦਾ ਕੰਮ ਵੀ ਠੇਕੇਦਾਰ ਵੱਲੋਂ ਹੀ ਕੀਤਾ ਜਾਵੇਗਾ। ਇਸ ਮੌਕੇ ਹਿਮਾਂਸ਼ੂ ਠੱਕਰ ਪੀਏ, ਬਲਰਾਜ ਸਿੰਘ ਕਟੋਰਾ ਚੇਅਰਮੈਨ ਮਾਰਕਿਟ ਕਮੇਟੀ ਫਿਰੋਜ਼ਪੁਰ ਸ਼ਹਿਰ, ਐੱਸਡੀਓ ਸਿਮਰਨ ਕੌਰ, ਗੁਰਭੇਜ ਸਿੰਘ, ਰਾਜ ਬਹਾਦਰ ਸਿੰਘ, ਰਜਨੀਸ਼ ਸ਼ਰਮਾ, ਮੇਜਰ ਸਿੰਘ ਟੁਰਨਾ, ਦੀਪਕ ਨਾਰੰਗ, ਸਲਵਿੰਦਰ ਐੱਮਸੀ ਬਿੱਟੂ, ਦਿਲਬਾਗ ਸਰਪੰਚ ਤੇ ਸਥਾਨਕ ਲੋਕ ਹਾਜ਼ਰ ਸਨ।

## ਬਰਸਾਤਾਂ ਦੇ ਪਾਣੀ ਤੋਂ ਸ਼ਹਿਰ ਨਿਵਾਸੀਆਂ ਨੂੰ ਮਿਲੇਗੀ ਨਿਜਾਤ : ਵਿਧਾਇਕ ਰਾਏ

*ਸ਼ਹਿਰ ਦੇ ਤੰਗ ਰਸਤਿਆਂ ’ਤੇ ਵੀ ਪਹੁੰਚ ਸਕਣਗੀਆਂ ਮਿਨੀ ਜੈਟਿੰਗ ਮਸ਼ੀਨਾਂ*

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਬੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਗਰ ਕੌਂਸਲ ਸਰਹਿੰਦ ਫਤਿਹਗੜ੍ਹ ਸਾਹਿਬ ਦੇ ਏਰੀਏ ਦੇ ਵਿੱਚ ਬਰਸਾਤ ਦੇ ਪਾਣੀ ਨਾਲ ਨਜਿੱਠਣ ਦੇ ਲਈ ਨਵੀਆਂ ਮਸ਼ੀਨਾਂ ਲਗਾਈਆਂ ਜਾ ਰਹੀਆਂ ਹਨ ਤਾਂ ਜੋ ਸ਼ਹਿਰ ਵਾਸੀਆਂ ਨੂੰ ਬਰਸਾਤ ਦੇ ਪਾਣੀ ਤੋਂ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਹੋਵੇ।ਇਨ੍ਹਾਂ ਮਸ਼ੀਨਾਂ ਦੇ ਲੱਗਣ ਨਾਲ ਸ਼ਹਿਰ ਵਾਸੀਆਂ ਨੂੰ ਬਰਸਾਤੀ ਪਾਣੀ ਤੋਂ ਨਿਜਾਤ ਮਿਲੇਗੀ।ਉਨ੍ਹਾਂ ਦੱਸਿਆ ਕਿ ਕਰੀਬ 56 ਲੱਖ ਰੁਪਏ ਦੀ ਲਾਗਤ ਦੇ ਨਾਲ ਉਕਤ ਮਸ਼ੀਨਾਂ ਲਗਾਈਆਂ ਜਾ ਰਹੀਆਂ ਹਨ।ਨਗਰ ਕੌਂਸਲ ਵੱਲੋਂ ਕੁਝ ਥਾਂ ਦੱਸੇ ਗਏ ਹਨ, ਉਨ੍ਹਾਂ ਥਾਵਾਂ ਉੱਤੇ ਮਸ਼ੀਨਾਂ ਲਗਾਈਆਂ ਜਾਣਗੀਆਂ।ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਗਰ ਕੌਂਸਲ ਸਰਹਿੰਦ ਨੂੰ ਕਰੀਬ 37 ਲੱਖ ਰੁਪਏ ਦੀ ਲਾਗਤ ਨਾਲ ਦੋ ਨਵੀਆਂ ਮਿਨੀ ਜੈਟਿੰਗ ਮਸ਼ੀਨਾਂ ਵੀ ਮੁਹੱਈਆ ਕਰਵਾਈਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਸਾਡੇ ਕੁਝ ਇਲਾਕੇ ਅਜਿਹੇ ਹਨ, ਜਿੱਥੇ ਸੀਵਰੇਜ ਦੀਆਂ ਵੱਡੀਆਂ ਮਸ਼ੀਨਾਂ ਨਹੀਂ ਜਾਂਦੀਆਂ, ਉਨ੍ਹਾਂ ਇਲਾਕਿਆਂ ’ਚ ਸੀਵਰੇਜ ਦੀ ਸਫਾਈ ਦੇ ਲਈ ਮਿਨੀ ਜੈਟਿੰਗ ਮਸ਼ੀਨਾਂ ਪਹੁੰਚ ਸਕਣਗੀਆਂ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਲਾਇਕੀ ਦੇ ਕਾਰਨ ਸ਼ਹਿਰ ਵਾਸੀ ਸੀਵਰੇਜ ਦੀ ਸਮੱਸਿਆ ਦੇ ਨਾਲ ਜੂਝ ਰਹੇ ਹਨ, ਪੰਜਾਬ ਸਰਕਾਰ ਵੱਲੋਂ ਉਕਤ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਦੇ ਨਾਲ ਆਉਣ ਵਾਲੇ ਦਿਨਾਂ ਦੇ ਵਿੱਚ ਸੁਧਾਰ ਦੇਖਣ ਨੂੰ ਮਿਲਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਕੁਮਾਰ ਸੋਨੂੰ, ਪ੍ਰਿਤਪਾਲ ਸਿੰਘ ਜੱਸੀ, ਪਵੇਲ ਹਾਂਡਾ, ਰਜੇਸ਼ ਉੱਪਲ, ਤਰਸੇਮ ਉੱਪਲ, ਦਿਲਪ੍ਰੀਤ ਸਿੰਘ ਭੱਟੀ ਆਦਿ ਹਾਜ਼ਰ ਸਨ।

## ਅੰਤਰ ਕਾਲਜ ਕਬੱਡੀ ਟੂਰਨਾਮੈਂਟ ’ਚ ਮਾਤਾ ਗੁਜਰੀ ਕਾਲਜ ਬਣਿਆ ਚੈਂਪੀਅਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੀ ਕਬੱਡੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਿਤ ਅੰਤਰ ਕਾਲਜ ਕਬੱਡੀ ਟੂਰਨਾਮੈਂਟ (ਨੈਸ਼ਨਲ ਸਟਾਈਲ ਚੈਂਪੀਅਨਸ਼ਿਪ) ਵਿੱਚੋਂ ਪਹਿਲਾ ਸਥਾਨ ਹਾਸਲ ਕਰ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਵਰਣਨਯੋਗ ਹੈ ਕਿ ਇਸ ਮੁਕਾਬਲੇ ਵਿੱਚ ਕਾਲਜ ਦੀ ਬੀ. ਏ. ਭਾਗ ਪਹਿਲਾ ਦੀ ਮਨਪ੍ਰੀਤ ਕੌਰ ਨੇ ਬੈਸਟ ਰੇਡਰ ਤੇ ਜਸ਼ਨਪ੍ਰੀਤ ਕੌਰ ਨੇ ਬੈਸਟ ਜਾਫ਼ੀ ਦਾ ਸਨਮਾਨ ਪ੍ਰਾਪਤ ਕੀਤਾ ਹੈ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਜੇਤੂ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਸਿਰਮੌਰ ਸਿੱਖਿਆ ਸੰਸਥਾ ਹੈ, ਜਿਸ ਵੱਲੋਂ ਧਰਮ ਦੇ ਪ੍ਰਚਾਰ, ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਨਿਰੰਤਰ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਜੇਤੂ ਟੀਮ ਨੂੰ ਹੋਰ ਅੱਗੇ ਵੱਧਣ ਲਈ ਉਤਸ਼ਾਹਤ ਕਰਦਿਆਂ ਇਹ ਆਸ ਜਤਾਈ ਕਿ ਪੰਜਾਬ ਦੇ ਨੌਜਵਾਨ ਖੇਡਾਂ ਜ਼ਰੀਏ ਸਿਹਤਮੰਦ ਤੇ ਰੰਗਲੇ ਪੰਜਾਬ ਦੀ ਸਿਰਜਣਾ ਕਰਨ। ਇਸ ਮੌਕੇ ਕਾਲਜ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਲਈ ਉਤਸ਼ਾਹਤ ਕੀਤਾ।ਕਾਲਜ ਦੇ ਡੀਨ ਸਪੋਰਟਸ ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਵਾਧਾ ਹੁੰਦਾ ਹੈ।ਕਾਲਜ ਦੇ ਖੇਡ ਵਿਭਾਗ ਦੇ ਮੁਖੀ ਡਾ. ਹਰਜੀਤ ਕੌਰ ਨੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਾਲਜ ਦੇ ਹੋਣਹਾਰ ਖਿਡਾਰੀ ਆਪਣੇ ਸ਼ਾਨਦਾਰ ਪ੍ਰਦਰਸ਼ਨ ਰਾਹੀਂ ਹੋਰਨਾਂ ਵਿਦਿਆਰਥੀਆਂ ਨੂੰ ਵੀ ਖੇਡਾਂ ਵੱਲ ਪ੍ਰੇਰਿਤ ਕਰਨ ਵਿੱਚ ਸਹਾਇਕ ਸਿੱਧ ਹੋਣਗੇ।ਇਸ ਮੌਕੇ ਕੋਚ ਬਹਾਦਰ ਸਿੰਘ ਤੇ ਕਬੱਡੀ ਕੋਚ ਧਰਮ ਸਿੰਘ, ਸੁਖਪਾਲ ਸਿੰਘ ਤੇ ਗੁਰਮੀਤ ਸਿੰਘ ਨੇ ਵਿਦਿਆਰਥੀਆਂ ਨੂੰ ਭਵਿੱਖ ’ਚ ਵੀ ਨਿਰੰਤਰ ਮਿਹਨਤ ਕਰਕੇ ਕਾਮਯਾਬੀ ਹਾਸਲ ਕਰਨ ਲਈ ਉਤਸ਼ਾਹਤ ਕੀਤਾ।

## ਪੀ ਡਬਲਯੂ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**

ਪੀ.ਡਬਲਯੂ.ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਜਲਾਲਾਬਾਦ ਦੀ ਮੀਟਿੰਗ ਬ੍ਰਾਂਚ ਪ੍ਰਧਾਨ ਪਰਮਜੀਤ ਸਿੰਘ ਦੀ ਅਗਵਾਈ ਹੇਠ ਸਥਾਨਕ ਸ਼ਹੀਦ ਉਧਮ ਸਿੰਘ ਪਾਰਕ ਵਿਖੇ ਹੋਈ, ਜਿਸ ਵਿੱਚ ਸੂਬਾ ਜਨਰਲ ਸਕੱਤਰ ਫੁੰਮਣ ਸਿੰਘ ਕਾਠਗੜ੍ਹ ਵਿਸ਼ੇਸ਼ ਤੌਰ ’ਤੇ ਪੁੱਜੇ। ਉਨ੍ਹਾਂ ਸੰਬੋਧਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮ ਮੰਗਾਂ ਦਾ ਪਿਛਲੇ ਚਾਰ ਸਾਲਾਂ ਤੋਂ ਕੋਈ ਹੱਲ ਨਹੀਂ ਕਰ ਰਹੀ ਹੈ, ਜਿਸ ਨਾਲ ਮੁਲਾਜ਼ਮਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਮੁਲਾਜ਼ਮ ਦਾ 16 ਪ੍ਰਤੀਸ਼ਤ ਡੀ.ਏ. ਸਰਕਾਰ ਜਾਮ ਕਰਕੇ ਰੱਖੀ ਬੈਠੀ ਹੈ। ਡੀ.ਏ. ਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ ਹੈ। ਇਨਲਿਸਟਮੈਂਟ ਤੇ ਆਉਟਸੋਰਸ ਕਾਮਿਆਂ ਨੂੰ ਪੱਕੇ ਨਹੀਂ ਕੀਤਾ ਜਾ ਰਿਹਾ ਹੈ। ਸੂਬਾ ਜਨਰਲ ਸਕੱਤਰ ਫੁੰਮਣ ਸਿੰਘ ਕਾਠਗੜ੍ਹ ਨੇ ਦੱਸਿਆ ਕਿ ਮਹਿਕਮਾ ਜਲ ਸਪਲਾਈ ਵਿੱਚ 15 ਪ੍ਰਤੀਸ਼ਤ ਕੋਟੇ ਵਾਲੇ ਪੰਪ ਓਪਰੇਟਰਾਂ ਨੂੰ ਜਿਹੜੇ ਨੋਟਿਸ ਚਾਰਜਸੀਟ ਦੇ ਕੱਢੇ ਗਏ ਹਨ। ਉਹ ਤੁਰੰਤ ਕੈਂਸਲ ਕੀਤੇ ਜਾਣ ਨਹੀਂ ਤਾਂ ਸੰਘਰਸ਼ ਕੀਤਾ ਜਾਵੇਗਾ। 20-30-50 ਦੀ ਪਲੇਸਮੈਂਟ ਵਿੱਚ ਟੈਕਨੀਸੀਅਨ-1 ਤੇ 2 ਨੂੰ ਘੱਟੋ ਘੱਟ ਇਕ ਇਕਰੀਮੈਂਟ ਦਾ ਲਾਭ ਦਿੱਤਾ ਜਾਵੇ ਤੇ ਪਿਛਲੇ ਲੰਮੇ ਸਮੇਂ ਤੋਂ ਫੋਤ ਹੋ ਚੁੱਕੇ ਮੁਲਾਜ਼ਮਾਂ ਦੇ ਵਾਰਸਾਂ ਨੂੰ ਤੁਰੰਤ ਨੌਕਰੀ ਦਿੱਤੀ ਜਾਵੇ। 2004 ਤੋਂ ਬੰਦ ਕੀਤੀ ਪੁਰਾਣੀ ਪੈਨਸ਼ਨ ਨੂੰ ਦੁਬਾਰਾ ਲਾਗੂ ਕੀਤਾ ਜਾਵੇ। ਸੀ.ਪੀ.ਐੱਫ. ਨੂੰ ਬੰਦ ਕੀਤਾ ਜਾਵੇ। ਪੰਚਾਇਤੀਕਰਨ, ਠੇਕੇਦਾਰੀ ਸਿਸਟਮ ਅਧੀਨ ਵਾਟਰ ਸਪਲਾਈ ਸਕੀਮਾਂ ਦੇਣਾ ਬੰਦ ਕੀਤਾ ਜਾਵੇ। ਠੇਕੇ ’ਤੇ ਲੱਗੇ ਇਨਲਿਸਟਮੈਂਟ ਤੇ ਆਊਟਸੋਰਸ ਦੀਆਂ ਤਨਖਾਹਾਂ ਦਾ ਪਾੜਾ ਖਤਮ ਕਰਕੇ ਪੂਰੀ ਤਨਖਾਹ ਦਿੱਤੀ ਜਾਵੇ। ਖਾਲੀ ਪਈਆ ਪੋਸਟਾਂ ਤੇ ਰੈਗੂਲਰ ਭਰਤੀ ਕੀਤੀ ਜਾਵੇ, ਜੋਕਿ ਪਿਛਲੇ 2011 ਤੋਂ ਬੰਦ ਪਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਵੇਲ ਸਿੰਘ ਸੀਨੀਅਰ ਮੀਤ ਪ੍ਰਧਾਨ, ਸਰਦੂਲ ਸਿੰਘ, ਪ੍ਰਧਾਨ ਪਰਮਜੀਤ ਸਿੰਘ, ਸੱਜਣ ਸਿੰਘ, ਜਗਜੀਤ ਸਿੰਘ, ਰਾਜ ਸਿੰਘ, ਪ੍ਰਤਾਪ ਸਿੰਘ, ਬਹਾਦਰ ਸਿੰਘ, ਸ਼ਾਮਾ ਨੰਦ ਕੈਸ਼ੀਅਰ, ਨਗਰ ਕੌਂਸਲ ਤੋਂ ਵਿਜੈ ਕੁਮਾਰ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਮੰਗਾਂ ਦਾ ਹੱਲ ਕਰਨ ਦੀ ਮੰਗ ਕੀਤੀ ਗਈ।

## ਗੁਰਜੀਤ ਧੰਜੂ ਸੋਸ਼ਲ ਮੀਡੀਆ ਕੁਆਰਡੀਨੇਟਰ ਨਿਯੁਕਤ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)** : ਆਮ ਆਦਮੀ ਪਾਰਟੀ (ਆਪ) ਵਿਧਾਨ ਸਭਾ ਹਲਕਾ ਸਨੌਰ ਦੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਦੀ ਸਿਫ਼ਾਰਸ਼ ’ਤੇ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਗੁਰਜੀਤ ਸਿੰਘ ਧੰਜੂ ਨੂੰ ਹਲਕਾ ਸਨੌਰ ਲਈ ਸੋਸ਼ਲ ਮੀਡੀਆ ਵਿੰਗ ਦੇ ਕੁਆਰਡੀਨੇਟਰ ਵਜੋਂ ਨਿਯੁਕਤ ਕਰ ਦਿੱਤਾ ਹੈ।ਪਾਰਟੀ ਦੇ ਆਗੂਆਂ ਅਨੁਸਾਰ ਗੁਰਜੀਤ ਸਿੰਘ ਧੰਜੂ ਲੰਬੇ ਸਮੇਂ ਤੋਂ ਆਪ ਨਾਲ ਜੁੜੇ ਹੋਏ ਹਨ ਤੇ ਸਨੌਰ ਹਲਕੇ ਵਿੱਚ ਸੋਸ਼ਲ ਮੀਡੀਆ ਨੂੰ ਲੈ ਕੇ ਕਾਫ਼ੀ ਤਜਰਬੇਕਾਰ ਹਨ।ਧੰਜੂ ਨੂੰ ਨਿਯੁਕਤੀ ਦੇ ਬਾਅਦ ਟੀਵਿਟਰ (ਐਕਸ) ਤੇ ਫੇਸਬੁੱਕ ਵਰਗੇ ਪਲੇਟਫਾਰਮਾਂ ’ਤੇ ਆਪ ਦੀ ਪਹੁੰਚ ਵਧਾਉਣ ਦੀ ਮੁੱਖ ਜ਼ਿੰਮੇਵਾਰੀ ਸੌਂਪੀ ਗਈ ਹੈ।

## ਕੇਂਦਰੀ ਜੇਲ੍ਹ ’ਚੋਂ ਮੋਬਾਇਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਇਕ ਕੈਦੀ ਕੋਲੋਂ 1 ਟੱਚ ਸਕਰੀਨ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਉਕਤ ਕੈਦੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਇਕ ਪੱਤਰ ਨੰਬਰ ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 8-9 ਅਕਤੂਬਰ 2025 ਨੂੰ ਹਾਈ ਸਕਿਊਰਿਟੀ ਜੋਨ ਦੇ ਅਹਾਤਾ ਨੰਬਰ 2 ਦੀ ਅਚਾਨਕ ਤਲਾਸ਼ੀ ਕੀਤੀ। ਤਲਾਸ਼ੀ ਦੌਰਾਨ ਚੱਕ ਨੰਬਰ 5 ਵਿਚੋਂ ਕੈਦੀ ਅਰਸ਼ਦ ਖਾਨ ਪੁੱਤਰ ਰਾਜਾਕ ਖਾਨ, ਵਾਸੀ ਬੁੱਕਲਸਰ, ਬਾਸ ਵਾਰਡ ਨੰਬਰ 31, ਸਰਦਾਰ ਸ਼ਹਿਰ ਜ਼ਿਲ੍ਹਾ ਚੁਰੂ (ਰਾਜਸਥਾਨ) ਦੇ ਬਿਸਤਰੇ ਵਿਚੋਂ 1 ਟੱਚ ਸਕਰੀਨ ਫੋਨ ਸਮੇਤ ਸਿੰਮ ਏਅਰਟੈਲ ਸਿੰਮ ਤੇ 8 ਅਕਤੂਬਰ 2025 ਨੂੰ ਤਲਾਸ਼ੀ ਦੌਰਾਨ ਹਾਈ ਸਕਿਊਰਿਟੀ ਜ਼ੋਨ ਵਿੱਚੋਂ 1 ਮੋਬਾਇਲ ਬੈਟਰੀ ਲਵਾਰਿਸ ਹਾਲਤ ’ਚ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਕੈਦੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਟੀ ਐੱਸ ਯੂ ਸਰਕਲ ਫਰੀਦਕੋਟ ਦੀ ਮੋਗਾ ’ਚ ਚੋਣ

■ ਕੁਲਵੰਤ ਸਿੰਘ ਧੱਲੇਕੇ ਸਰਕਲ ਪ੍ਰਧਾਨ ਤੇ ਸਰਬਜੀਤ ਸਿੰਘ ਭਾਣਾ ਸਕੱਤਰ ਬਣੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਟੈਕਨੀਕਲ ਸਰਵਿਸਜ਼ ਯੂਨੀਅਨ ਰਜਿਸਟਰ ਨੰਬਰ ਪੀ 49 ਸਰਕਲ ਫਰੀਦਕੋਟ ਦੀ ਚੋਣ ਸੁਤੰਤਰਤਾ ਸੰਗਰਾਮੀ ਹਾਲ ਸ਼ਹੀਦ ਭਗਤ ਸਿੰਘ ਮਾਰਕੀਟ ਮੋਗਾ ਵਿਖੇ ਸਟੇਟ ਕਮੇਟੀ ਆਗੂ ਸਰਬਜੀਤ ਸਿੰਘ ਭਾਣਾ, ਬਲਜਿੰਦਰ ਸ਼ਰਮਾ, ਜਸਵਿੰਦਰ ਸਿੰਘ ਦੀ ਮੌਜੂਦਗੀ ਵਿੱਚ ਹੋਈ, ਜਿਸ ਵਿੱਚ ਸਾਰੇ ਡੈਲੀਗੇਟ ਸਾਥੀਆਂ ਨੇ ਹਿੱਸਾ ਲਿਆ।ਸਭ ਤੋਂ ਪਹਿਲਾਂ ਵਿੱਤੀ ਰਿਪੋਰਟ ਤੇ ਰੀਵਿਊ ਰਿਪੋਰਟ ਪੁਰਾਣੀ ਕਮੇਟੀ ਵੱਲੋਂ ਹਾਊਸ ਵਿੱਚ ਪੇਸ਼ ਕੀਤੀ ਗਈ, ਜਿਸ ਨੂੰ ਸਾਰੇ ਡੈਲੀਗੇਟ ਸਾਥੀਆਂ ਨੇ ਸਰਬ ਸੰਮਤੀ ਨਾਲ ਪਾਸ ਕੀਤਾ।ਉਸ ਤੋਂ ਬਾਅਦ ਸਰਕਲ ਪ੍ਰਧਾਨ ਗੱਬਰ ਸਿੰਘ ਵੱਲੋਂ ਪੁਰਾਣੀ ਕਮੇਟੀ ਭੰਗ ਕੀਤੀ ਗਈ।ਸਮੁੱਚੇ ਸਰਕਲ ਡੈਲੀਗੇਟ ਸਾਥੀਆਂ ਵੱਲੋਂ ਸਰਬ ਸੰਮਤੀ ਨਾਲ ਨਵੀਂ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਸਰਕਲ ਪ੍ਰਧਾਨ ਦੇ ਅਹੁਦੇ ਲਈ ਕੁਲਵੰਤ ਸਿੰਘ ਧੱਲੇਕੇ, ਮੀਤ ਪ੍ਰਧਾਨ ਮਨਪ੍ਰੀਤ ਸਿੰਘ, ਸਕੱਤਰ ਸਰਬਜੀਤ ਸਿੰਘ ਭਾਣਾ, ਮੀਤ ਸਕੱਤਰ ਬਲਤੇਜ ਸਿੰਘ ਧਰਮਕੋਟ, ਕੈਸ਼ੀਅਰ ਗੁਰ ਪਿਆਰ ਸਿੰਘ ਚੁਣੇ ਗਏ।ਇਸ ਮੌਕੇ ਨਵ-ਨਿਯੁਕਤ ਕਮੇਟੀ ਵੱਲੋਂ ਸਮੁੱਚੇ ਜਥੇਬੰਦੀ ਨੂੰ ਭਰੋਸਾ ਦਿਵਾਇਆ ਕਿ ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਜਿੱਥੇ ਜਥੇਬੰਦੀ ਦੀ ਤਰੱਕੀ ਲਈ ਯਤਨਸ਼ੀਲ ਰਹਿਣਗੇ, ਉਥੇ ਹੀ ਵਿੱਢੇ ਗਏ ਸੰਘਰਸ਼ਾਂ ਵਿੱਚ ਵੀ ਆਪਣਾ ਅਹਿਮ ਯੋਗਦਾਨ ਪਾਉਣਗੇ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਤਿੱਖੇ ਸੰਘਰਸ਼ ਵਿੱਢਗੇ।ਇਸ ਚੋਣ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਵਧਾਈ ਦਿੰਦਿਆਂ ਨਵ-ਨਿਯੁਕਤ ਕਮੇਟੀ ਨੂੰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਵਿੱਢੇ ਜਾਂਦੇ ਸੰਘਰਸ਼ਾਂ ਵਿੱਚ ਵੀ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ ਅਤੇ ਕਮੇਟੀ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਡਵੀਜ਼ਨ ਸਿਟੀ ਪ੍ਰਧਾਨ ਮਨਜੋਤ ਸਿੰਘ ਬੱਗੜ, ਸਬ ਅਰਬਨ ਡਵੀਜ਼ਨ ਪ੍ਰਧਾਨ ਗੁਰਮੀਤ ਸਿੰਘ, ਅਮਨਪ੍ਰੀਤ ਸਿੰਘ, ਗੁਰਪਿਆਰ ਸਿੰਘ, ਗੁਰਦੀਪ ਸਿੰਘ ਨੱਥੂਵਾਲਾ, ਹਰਮਨਦੀਪ ਸਿੰਘ ਸਾਊਥ, ਸੰਦੀਪ ਸਿੰਘ ਚੜਿੱਕ ਤੇ ਵਿਸ਼ੇਸ਼ ਤੌਰ ’ਤੇ ਸੇਵਕ ਸਿੰਘ ਬਧਨੀ ਕਲਾਂ, ਰਾਮ ਸਨੇਹੀ ਮਿੰਟੂ, ਪਾਲ ਸਿੰਘ, ਮੱਖਣ ਸਿੰਘ, ਐੱਸ.ਡੀ.ਓ. ਜਗਰੂਪ ਸਿੰਘ, ਗੁਰਚਰਨ ਸਿੰਘ, ਕੇਸਰ ਸਿੰਘ, ਗੱਬਰ ਸਿੰਘ ਤੇ ਚਮਕੌਰ ਸਿੰਘ ਆਦਿ ਨੇ ਸੰਬੋਧਨ ਕੀਤਾ।

## ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਦਿੱਤੀ ਸਿਖਲਾਈ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**- ਕਲੱਸਟਰ ਬਰੇ ਅਧੀਨ ਪੈਂਦੇ 19 ਸਕੂਲਾਂ ਦੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਚੇਅਰਮੈਨਾਂ ਤੇ ਮੈਂਬਰਾਂ ਦੀ ਇੱਕ ਰੋਜ਼ਾ ਸਿਖਲਾਈ ਸੀਨੀਅਰ ਸੈਕੰਡਰੀ ਸਕੂਲ ਬਰੇ ਵਿਖੇ ਹੋਈ।ਟ੍ਰੇਨਿੰਗ ਦੀ ਸ਼ੁਰੂਆਤ ਕਰਦਿਆਂ ਰਿਸੋਰਸ ਪਰਸਨ ਅਮਨਦੀਪ ਕੁਮਾਰ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਮਾਪਿਆਂ ਨੂੰ ਸਕੂਲਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ।ਉਨ੍ਹਾਂ ਬੱਚਿਆਂ ਦੇ ਦਾਖਲੇ ਸਬੰਧੀ, ਸਕੂਲਾਂ ਵਿੱਚ ਆ ਰਹੀਆਂ ਸਮੱਸਿਆਵਾਂ ਦੇ ਹੱਲ ਬਾਰੇ, ਸਕੂਲਾਂ ਲਈ ਸਹਿਯੋਗ ਦੇਣ ਸਬੰਧੀ ਵੀ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਾਂ ਨੂੰ ਪ੍ਰੇਰਿਤ ਕੀਤਾ।ਕਲੱਸਟਰ ਪੱਧਰੀ ਟ੍ਰੇਨਿੰਗ ਦੇ ਇੰਚਾਰਜ ਕਲੱਸਟਰ ਹੈੱਡ ਟੀਚਰ ਮਨਦੀਪ ਸਿੰਘ ਨੇ ਕਿਹਾ ਕਿ ਸਮੂਹ ਕਮੇਟੀ ਮੈਂਬਰਾਂ ਨੂੰ ਸਕੂਲਾਂ ਨੂੰ ਵਧੀਆ ਬਣਾਉਣ ਲਈ ਸਹਿਯੋਗ ਦੇਣਾ ਚਾਹੀਦਾ ਹੈ।ਬਰੇ ਸਕੂਲ ਦੇ ਪ੍ਰਿੰਸੀਪਲ ਨਿਰਮਲ ਸਿੰਘ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਤੇ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਵੱਲ ਪ੍ਰੇਰਿਤ ਕਰਨ ਲਈ ਵੀ ਸਮਾਂ ਕੱਢਣ ਬਾਰੇ ਚਰਚਾ ਕੀਤੀ।ਇਨ੍ਹਾਂ ਟ੍ਰੇਨਿੰਗਾਂ ਦਾ ਸਮੁੱਚਾ ਪ੍ਰਬੰਧ ਤੇ ਸੁਪਰਵੀਜ਼ਨ ਵੀ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਦੀ ਅਗਵਾਈ ਹੇਠ ਹੀ ਚੱਲ ਰਿਹਾ ਹੈ।



## ਮਾਤਾ ਗੁਜਰੀ ਸਕੂਲ ਦੀ ਹਰਸਿਮਰਤ ਨੇ ਐਥਲੈਟਿਕਸ ’ਚ ਜਿੱਤਿਆ ਮੈਡਲ

**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**- ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਹਰਸਿਮਰਤ ਕੌਰ ਨੇ 69ਵੀਂ ਜ਼ੋਨਲ ਐਥਲੈਟਿਕਸ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 100 ਮੀਟਰ ਦੌੜ ਵਿੱਚ ਬਰੋਨਜ਼ ਮੈਡਲ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਪ੍ਰਾਪਤੀ ਉੱਤੇ ਸਕੂਲ ਦੇ ਨਿਰਦੇਸ਼ਕ ਸ. ਭੁਪਿੰਦਰ ਸਿੰਘ, ਪ੍ਰਧਾਨ ਸ਼੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ ਸ਼੍ਰੀਮਤੀ ਮਮਤਾ ਮੱਕੜ, ਕੋਚ ਹਿਮਾਂਸ਼ੂ ਤੇ ਅਰਸ਼ਦੀਪ ਨੇ ਹਰਸਿਮਰਤ ਕੌਰ ਨੂੰ ਦਿਲੋਂ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਹਰਸਿਮਰਤ ਦੀ ਇਹ ਪ੍ਰਾਪਤੀ ਉਸ ਦੀ ਮਿਹਨਤ, ਸਮਰਪਣ ਤੇ ਖੇਡਾਂ ਪ੍ਰਤੀ ਜਨੂੰਨ ਦਾ ਨਤੀਜਾ ਹੈ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਹਰਸਿਮਰਤ ਭਵਿੱਖ ਵਿੱਚ ਵੀ ਆਪਣੀ ਪ੍ਰਤਿਭਾ ਤੇ ਲਗਨ ਨਾਲ ਸਕੂਲ, ਮਾਪਿਆਂ ਤੇ ਖੇਤਰ ਦਾ ਨਾਮ ਰੋਸ਼ਨ ਕਰੇਗੀ।



## ਗਿੱਲ ਬੇਰ ਕਲਾਂ ਨੇ ਆਖਰੀ ਪੜਾਅ ਦੌਰਾਨ ਵੋਟ ਚੋਰ ਗੱਦੀ ਛੋੜ ਦੇ ਫਾਰਮ ਭਰੇ

**ਦੋਰਾਹਾ (ਹਰਮਿੰਦਰ ਸੇਠ)**- ਪ੍ਰਧਾਨ ਗਿੱਲ ਬੇਰਕਲਾਂ ਨੇ ਆਖਰੀ ਪੜਾਅ ਦੌਰਾਨ ਵੋਟ ਚੋਰ ਗੱਦੀ ਛੋੜ ਦੇ ਫਾਰਮ ਭਰੇ। ਬਲਾਕ ਕਾਂਗਰਸ ਮਲੋਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਆਖਰੀ ਪੜਾਅ ਦੌਰਾਨ ਵੋਟ ਚੋਰ ਗੱਦੀ ਛੋੜ ਦੇ ਫਾਰਮ ਭਰਨ ਸਮੇਂ ਕਿਹਾ ਕਿ ਰਾਹੁਲ ਗਾਂਧੀ ਦੇ ਅਕਸ ਨੂੰ ਖਰਾਬ ਕਰਨ ਦੀ ਭਾਜਪਾ ਨੇ ਬਹੁਤ ਕੋਸ਼ਿਸ਼ ਕੀਤੀ, ਪਰ ਰਾਹੁਲ ਗਾਧੀ ਨੇ ਪੂਰੇ ਸੂਬੇ ਦੀ ਪੈਦਲ ਯਾਤਰਾ ਕਰਕੇ ਭਾਜਪਾ ਵੱਲੋਂ ਫੈਲਾਈ ਜਾ ਰਹੀ ਨਫਰਤ ਦੀ ਰਾਜਨੀਤੀ ਨੂੰ ਖਤਮ ਕਰਕੇ ਪਿਆਰ ਦਾ ਪੈਗਾਮ ਦਿੱਤਾ ਅਤੇ ਭਾਜਪਾ ਵੱਲੋਂ ਕੀਤੇ ਜਾ ਰਹੇ ਅਕਸ ਨੂੰ ਸੂਬੇ ਦੇ ਲੋਕਾਂ ਵਿੱਚ ਸਿੱਧ ਕਰ ਵਿਖਾਇਆ। ਉਨ੍ਹਾ ਕਿਹਾ ਕਿ ਬਲਾਕ ਕਾਂਗਰਸ ਮਲੋਦ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਵੋਟ ਚੋਰ ਗੱਦੀ ਛੋੜ ਫਾਰਮ ਭਰਨ ਨੂੰ ਲੈ ਕੇ ਉਤਸ਼ਾਹ ਹੈ ਤੇ ਲੋਕ ਆਪ ਮੁਹਾਰੇ ਫਾਰਮ ਭਰ ਰਹੇ ਹਨ। ਪ੍ਰਧਾਨ ਗਿੱਲ ਬੇਰਕਲਾਂ ਨੇ ਕਿਹਾ ਕਿ ਮੋਦੀ ਤੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨੀਤੀਆਂ ਵਿੱਚ ਕੋਈ ਫਰਕ ਨਹੀਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਘ ਸਿੰਘ ਬੇਰਕਲਾਂ ਸਕੱਤਰ ਬਲਾਕ ਕਾਂਗਰਸ ਮਲੋਦ, ਦਰਸ਼ਨ ਸਿੰਘ ਗਿੱਲ, ਸਾਧੂ ਸਿੰਘ, ਜੀਤਾ ਸਿੰਘ, ਇੰਦਰਜੀਤ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।



12 Oct Page 5.qxd 10/11/2025 11:17 PM Page 1



## ਸੁਖਜੀਤ ਸਿੰਘ ਮਾਹਲਾ ਯੂਥ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਕੋਰ ਕਮੇਟੀ ਦੇ ਮੈਂਬਰ ਨਿਯੁਕਤ

**ਬਾਘਾ ਪੁਰਾਣਾ (ਮਨੀ ਸਿਗਲਾ)**- ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਪਾਰਟੀ ਦੀ ਕੋਰ ਕਮੇਟੀ ਦੀ ਘੋਸ਼ਣਾ ਕੀਤੀ ਗਈ ਹੈ, ਜਿਸ ਵਿੱਚ ਹਲਕੇ ਬਾਘਾ ਪੁਰਾਣਾ ਤੋਂ ਸੁਖਜੀਤ ਸਿੰਘ ਮਾਹਲਾ ਨੂੰ ਲਗਾਤਾਰ ਦੂਜੀ ਵਾਰ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।ਇਸ ਨਿਯੁਕਤੀ ਨਾਲ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਵਰਕਰਾਂ ਨੇ ਮਾਹਲਾ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਉਨ੍ਹਾਂ ਦੀ



ਨਿਰੰਤਰ ਸੇਵਾ, ਸੰਗਠਨ ਪ੍ਰਤੀ ਨਿਭਾਵ ਤੇ ਅਕਾਲੀ ਦਲ ਦੇ ਅਸੂਲਾਂ ਨਾਲ ਅਡੋਲ ਵਫ਼ਾਦਾਰੀ ਕਾਰਨ ਹੀ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦੁਬਾਰਾ ਸੌਂਪੀ ਗਈ ਹੈ।ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਜਤਾਇਆ ਹੈ।ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀ ਕਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਲੋਕਾਂ ਦੀ ਭਲਾਈ ਲਈ ਆਪਣੀ ਪੂਰੀ ਤਾਕਤ ਨਾਲ ਕੰਮ ਜਾਰੀ ਰੱਖਣਗੇ।ਮਾਹਲਾ ਨੇ ਕਿਹਾ ਕਿ ਪਾਰਟੀ ਦੀਆਂ ਨੀਤੀਆਂ 'ਤੇ ਚਲਦਿਆਂ ਆਉਣ ਵਾਲੀਆਂ ਚੋਣਾਂ ਵਿੱਚ ਅਕਾਲੀ ਦਲ (ਬਾਦਲ) ਨੂੰ ਮਜ਼ਬੂਤ ਕਰਨ ਲਈ ਉਹ ਹਰ ਪੱਧਰ 'ਤੇ ਵਰਕਰਾਂ ਨਾਲ ਮਿਲ ਕੇ ਮਿਹਨਤ ਕਰਨਗੇ।ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਾਬ ਕ੍ਰਿਸ਼ਨ ਬਾਲੀ, ਸ਼ਹਿਰੀ ਪ੍ਰਧਾਨ ਪਵਨ ਢੰਡ, ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ, ਸੀਨੀਅਰ ਆਗੂ ਜਗਮੋਹਨ ਸਿੰਘ ਜੇ ਸਿੰਘ ਵਾਲਾ, ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਪ੍ਰਧਾਨ ਪਵਨ ਗੋਇਲ, ਰਣਜੀਤ ਸਿੰਘ ਨੀਲੇ ਰੋਡ ਤੇ ਰਕੇਸ਼ ਜਿੰਦਲ ਤੋਤਾ, ਵਿੱਕੀ ਫੂਲੇਵਾਲਾ, ਹਰਜੀਤ ਸਿੰਘ ਗਿੱਲ ਸਰਕਲ ਪ੍ਰਧਾਨ, ਐੱਸ.ਓ.ਆਈ. ਦੇ ਪ੍ਰਧਾਨ ਅਰਸ਼ਪ੍ਰੀਤ ਸਿੰਘ ਸਦਿਓੜਾ, ਜ਼ਿਲ੍ਹਾ ਮੀਤ ਪ੍ਰਧਾਨ ਗੁਰਜੰਟ ਸਿੰਘ ਸਦਿਓੜਾ, ਤਰਲੋਚਨ ਸਿੰਘ ਕਾਲੇਕੇ, ਵੀਰਪਾਲ ਸਿੰਘ ਸਮਾਲਸਰ, ਸੰਜੀਵ ਕੁਮਾਰ ਬਿੱਟੂ ਰੋਡੇ ਸਰਕਲ ਪ੍ਰਧਾਨ, ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ, ਕਰਮਜੀਤ ਸਿੰਘ, ਗੁਰਸੇਵਕ ਸਿੰਘ ਨੇ ਸੁਖਜੀਤ ਸਿੰਘ ਮਾਹਲਾ ਨੂੰ ਵਧਾਈ ਦਿੱਤੀ।

## ਮਾਮਲਾ ਕੱਪੜੇ ਦੀ ਦੁਕਾਨ ਨੂੰ ਅੱਗ ਲਗਾਉਣ ਦਾ
## ਦੋਸ਼ੀਆਂ ਦੀ ਗ੍ਰਿਫ਼ਤਾਰੀ ਸੰਬੰਧੀ ਸ਼ਹਿਰ ਬੰਦ ਕਰਕੇ ਕੱਢਿਆ ਰੋਸ ਮਾਰਚ



**ਜਲਾਲਾਬਾਦ (ਜੀਤ ਕੁਮਾਰ)**- ਬੀਤੇ ਦਿਨ ਜਲਾਲਾਬਾਦ ਸ਼ਹਿਰ ਦੇ ਰੇਲਵੇ ਬਾਜ਼ਾਰ ਵਿੱਚ ਕੱਪੜੇ ਦੀ ਦੁਕਾਨ ਨੂੰ ਅੱਗ ਲਗਾਉਣ ਵਾਲੇ ਕੁਝ ਸ਼ਰਾਰਤੀ ਅਨਸਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਨੂੰ ਲੈ ਕੇ ਅੱਜ ਵਪਾਰੀਆਂ ਵੱਲੋਂ ਜਲਾਲਾਬਾਦ ਸ਼ਹਿਰ ਦੁਪਹਿਰ ਤੱਕ ਬੰਦ ਰੱਖਿਆ ਗਿਆ ਅਤੇ ਇਸ ਦੌਰਾਨ ਸਮੂਹ ਵਪਾਰੀ ਵਰਗ ਦੀਆਂ ਜਥੇਬੰਦੀਆਂ ਵੱਲੋਂ ਇਕੱਠੇ ਹੋ ਕੇ ਜਲਾਲਾਬਾਦ ਸ਼ਹਿਰ ਵਿੱਚ ਰੋਸ ਮਾਰਚ ਵੀ ਕੀਤਾ ਗਿਆ। ਇਸ ਪ੍ਰਦਰਸ਼ਨ ਦੌਰਾਨ ਵਪਾਰੀ ਵਰਗ ਵੱਲੋਂ ਬੀਤੇ ਦਿਨ ਕੱਪੜੇ ਦੀ ਦੁਕਾਨ ਨੂੰ ਅੱਗ ਲਗਾਉਣ ਵਾਲੇ ਦੋਸ਼ੀਆਂ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ। ਉਧਰ, ਪੁਲਸ ਪ੍ਰਸ਼ਾਸਨ ਵੱਲੋਂ ਮੌਕੇ 'ਤੇ ਪੁੱਜ ਕੇ ਜਲਦੀ ਹੀ ਦੁਕਾਨ ਨੂੰ ਅੱਗ ਲਗਾਉਣ ਵਾਲੇ ਦੋਸ਼ੀਆਂ ਨੂੰ ਕਾਬੂ ਕਰਨ ਦਾ ਭਰੋਸਾ ਦਿੱਤਾ ਗਿਆ, ਜਿਸ ਤੋਂ ਦੁਪਹਿਰ ਬਾਅਦ ਦੁਕਾਨਾਂ ਖੁੱਲ੍ਹ ਲਈਆਂ ਗਈਆਂ। ਇਸ ਦੌਰਾਨ ਵਪਾਰੀ ਸੰਗਠਨਾਂ ਵੱਲੋਂ ਐਲਾਨ ਕੀਤਾ ਗਿਆ ਕਿ ਜਦੋਂ ਤੱਕ ਇਨਸਾਫ ਨਹੀਂ ਮਿਲਦਾ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ। ਅੱਜ ਵਪਾਰੀਆਂ ਵੱਲੋਂ ਜਲਾਲਾਬਾਦ ਸ਼ਹਿਰ ਬੰਦ ਦੀ ਕਾਲ ਤੇ ਜਿੱਥੇ ਸਮੂਹ ਵਪਾਰੀਆਂ ਨੇ ਹਿੱਸਾ ਲਿਆ, ਉਥੇ ਵੱਖ ਵੱਖ ਰਾਜਨੀਤਕ, ਸਮਾਜਿਕ ਤੇ ਧਾਰਮਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਪਹੁੰਚ ਕੇ ਮੰਗ ਕੀਤੀ ਕਿ ਦੁਕਾਨ ਨੂੰ ਅੱਗ ਲਗਾਉਣ ਵਾਲੀ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ।

● ਇਨਸਾਫ ਲੈਣ ਤੱਕ ਸੰਘਰਸ਼ ਨੂੰ ਜਾਰੀ ਰੱਖਣ ਦਾ ਕੀਤਾ ਐਲਾਨ

## ਵਿਧਾਇਕ ਨੇ ਹਮੇਸ਼ਾ ਮਿਹਨਤੀ ਆਗੂਆਂ ਤੇ ਵਰਕਰਾਂ ਦਾ ਮਾਣ ਵਧਾਇਆ : ਵਿਰਕ, ਦਲੇਰ ਸਿੰਘ

**ਕੋਟ ਈਸੇ ਖਾਂ (ਅਰੋੜਾ)**- ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਜੋ ਕਿ ਆਪਣੀ ਪਾਰਟੀ ਦੇ ਨਾਲ ਜੁੜੇ ਮਿਹਨਤੀ ਵਰਕਰਾਂ ਨੂੰ ਹਮੇਸ਼ਾ ਨਾਲ ਲੈ ਕੇ ਚਲਦੇ ਹਨ ਤੇ ਸਮੇਂ ਆਉਣ ਤੇ ਉਨ੍ਹਾਂ ਨੂੰ ਅਹੁਦੇਦਾਰੀਆਂ ਦੇ ਕੇ ਉਨ੍ਹਾਂ ਦਾ ਮਾਣ ਵਧਾਉਂਦੇ ਹਨ ਅਤੇ ਪਾਰਟੀ ਦੀ ਸੇਵਾ ਕਰਨ ਦਾ ਮੌਕਾ ਦਿੰਦੇ ਹਨ, ਜਿਸ ਨਾਲ ਉਨ੍ਹਾਂ ਅੰਦਰ ਪਾਰਟੀ ਪ੍ਰਤੀ ਤੇ ਲੋਕਾਂ ਦੀ ਸੇਵਾ ਕਰਨ ਦਾ ਅਲੱਗ ਹੀ ਜਜ਼ਬਾ ਪੈਦਾ ਹੁੰਦਾ ਹੈ ਤੇ ਨਵਾਂ ਜੋਸ਼ ਭਰਿਆ ਜਾਂਦਾ ਹੈ, ਜਿਸ ਸਦਕਾ ਪਾਰਟੀ ਨੂੰ ਬਹੁਤ ਮਜ਼ਬੂਤੀ ਮਿਲਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕੇ ਦੇ ਨੌਜਵਾਨ ਆਗੂ ਤਲਵਿੰਦਰ ਸਿੰਘ ਵਿਰਕ



ਸੋਸ਼ਲ ਮੀਡੀਆ ਕੋਆਰਡੀਨੇਟਰ ਧਰਮਕੋਟ ਤੇ ਦਲੇਰ ਸਿੰਘ ਨੂੰ ਵਾਇਸ ਕੋਆਰਡੀਨੇਟਰ ਧਰਮਕੋਟ ਨੇ ਪ੍ਰੈਸ ਨਾਲ ਸਾਂਝੇ ਕੀਤੇ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਵਿਧਾਇਕ ਲਾਡੀ ਢੋਸ ਵੱਲੋਂ ਉਨ੍ਹਾਂ ਨੂੰ ਮਿਹਨਤੀ ਆਗੂਆਂ ਤੇ ਵਰਕਰਾਂ ਨੂੰ ਅਹੁਦੇਦਾਰੀਆਂ ਦੇ ਕੇ ਨਿਵਾਜਿਆ ਜਾ ਰਿਹਾ ਹੈ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਵਿਧਾਇਕ ਢੋਸ ਪਾਰਟੀ ਦੀ ਮਜ਼ਬੂਤੀ ਲਈ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾ ਰਹੇ ਹਨ, ਲਾਡੀ ਢੋਸ ਹਲਕਾ ਧਰਮਕੋਟ ਲਈ ਕੰਮ ਕਰ ਰਹੇ ਹਨ, ਬਹੁਤ ਕਾਬਲ ਤਾਰੀਫ਼ ਹੈ, ਕਿਉਂਕਿ ਵਿਧਾਇਕ ਢੋਸ ਦੇ ਯਤਨਾਂ ਸਦਕਾ ਹਲਕਾ ਧਰਮਕੋਟ ਦੀ ਨੁਹਾਰ ਬਦਲ ਗਈ ਹੈ ਤੇ ਪਿੰਡਾਂ ਵਿੱਚ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਮਿਲ ਰਹੀਆਂ ਹਨ ਅਤੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਖੁਸ਼ ਨਜ਼ਰ ਆ ਰਹੇ ਹਨ।



## ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਰਕਾਰ ਖਿਲਾਫ ਨਾਅਰੇਬਾਜ਼ੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਮਹਿਲ ਕਲਾਂ ਦੀ ਮੀਟਿੰਗ ਪ੍ਰਧਾਨ ਮਾ: ਦਰਸ਼ਨ ਸਿੰਘ ਪੰਡੋਰੀ ਦੀ ਅਗਵਾਈ ਹੇਠ ਹੋਈ।ਸਮੂਹ ਪੈਨਸ਼ਨਰਾਂ ਨੇ ਆਪਣੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਭਖਦੀਆਂ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ।ਇਸ ਮੌਕੇ ਇਕਾਈ ਪ੍ਰਧਾਨ ਦਰਸ਼ਨ ਸਿੰਘ ਪੰਡੋਰੀ, ਸੀਨੀ: ਮੀਤ ਪ੍ਰਧਾਨ ਬਚਿੱਤਰ ਸਿੰਘ ਮੁੰਮ, ਖਜ਼ਾਨਚੀ ਪਵਨ ਕੁਮਾਰ ਮਹਿਲ ਖੁਰਦ, ਸਹਾਇਕ ਖਜ਼ਾਨਚੀ ਨੱਥਾ ਸਿੰਘ ਮਹਿਲ ਖੁਰਦ ਤੇ ਪ੍ਰੈੱਸ ਸਕੱਤਰ ਵਰਿੰਦਰ ਸਿੰਘ ਕਲਾਲਾ ਨੇ ਦੱਸਿਆ ਕਿ ਹਾਲ ਹੀ ਵਿੱਚ ਜਥੇਬੰਦੀ ਦੇ ਪ੍ਰਤੀਨਿਧੀਆਂ ਨੇ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਸੀ।ਉਸ ਦੌਰਾਨ ਵਿੱਤ ਮੰਤਰੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਪੰਜਾਬ ਸਰਕਾਰ ਵੱਲੋਂ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਇਸ ਭਰੋਸੇ ਦੇ ਮੱਦੇਨਜ਼ਰ 11 ਅਕਤੂਬਰ ਨੂੰ ਤਹਿ ਕੀਤੀ ਗਈ ਰੈਲੀ ਨੂੰ ਜਥੇਬੰਦੀ ਵੱਲੋਂ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਵੱਲੋਂ 2.59 ਗੁਣਾਂਕ, 16 ਪ੍ਰਤੀਸ਼ਤ ਡੀਏ ਦੀਆਂ ਬਕਾਇਆ ਕਿਸ਼ਤਾਂ ਤੇ ਰੋਕੀਆਂ ਮੈਡੀਕਲ ਸਕੀਮ ਨੂੰ ਤੁਰੰਤ ਲਾਗੂ ਕੀਤਾ ਜਾਵੇ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸੂਬਾ ਸਰਕਾਰ ਨੇ ਮੰਗਾਂ ਨੂੰ ਲਾਗੂ ਕਰਨ ਵਲ ਧਿਆਨ ਨਾ ਦਿੱਤਾ, ਤਾਂ ਜਥੇਬੰਦੀ ਵੱਲੋਂ ਮਜਬੂਰ ਹੋ ਕੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ।ਇਸ ਮੌਕੇ ਨਿਰਪਾਲ ਸਿੰਘ ਜਲਾਲਦੀਵਾਲ, ਦਲੇਰ ਸਿੰਘ ਮਹਿਲ, ਰਾਜ ਕੁਮਾਰ ਨਿਹਾਲੂਵਾਲ, ਬਲਦੇਵ ਸਿੰਘ ਸਹਿਜੜਾ, ਸੁਖਵਿੰਦਰ ਸਿੰਘ ਕਲਾਲ ਮਾਜਰਾ, ਹਾਕਮ ਸਿੰਘ ਖਿਆਲੀ, ਚਮਕੌਰ ਸਿੰਘ ਸਹਿਜੜਾ, ਭੋਲਾ ਸਿੰਘ ਮਹਿਲ ਖੁਰਦ, ਜੀਤ ਸਿੰਘ ਕੁਰੜ, ਨਰਿੰਦਰ ਸਿੰਘ ਕਲਾਲ ਮਾਜਰਾ, ਕੇਵਲ ਸਿੰਘ ਗਹਿਲ, ਕਰਤਾਰ ਸਿੰਘ ਬੋਪਾਰਾਏ, ਮਹਿੰਦਰ ਸਿੰਘ ਕਲਾਲ ਮਾਜਰਾ ਆਦਿ ਪੈਨਸ਼ਨਰ ਹਾਜ਼ਰ ਸਨ।

## ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ 'ਬਲੂ ਡੇ' ਮਨਾਇਆ



**ਹਠੂਰ (ਨਛੱਤਰ ਸੰਧੂ)**- ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਨਰਸਰੀ ਤੋਂ ਲੈ ਕੇ ਯੂਕੇਜੀ ਕਲਾਸ ਤੱਕ ਦੇ ਵਿਦਿਆਰਥੀਆਂ ਦਾ 'ਬਲੂ ਡੇ' ਮਨਾਇਆ ਗਿਆ, ਜਿਸ ਵਿੱਚ ਸਾਰੇ ਹੀ ਨੰਨ੍ਹੇ ਮੁੰਨੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਨੀਲੇ ਰੰਗ ਦੇ ਕੱਪੜਿਆਂ ਵਿੱਚ ਆਏ ਸਾਰੇ ਹੀ ਨੰਨ੍ਹੇ-ਮੁੰਨੇ ਵਿਦਿਆਰਥੀ ਬਹੁਤ ਹੀ ਸੁੰਦਰ ਲੱਗ ਰਹੇ ਸਨ।ਵਿਦਿਆਰਥੀਆਂ ਨੇ ਆਪਣੇ ਨਾਲ ਲਿਆਂਦੇ ਹੋਏ ਖਿਡਾਉਣਿਆਂ, ਗਿਲਾਸ, ਪਲੇਟਾਂ ਬਾਰੇ ਬਹੁਤ ਹੀ ਸੋਹਣੇ ਤਰੀਕੇ ਨਾਲ ਬਿਆਨ ਕੀਤਾ।ਅਧਿਆਪਕਾਂ ਦੁਆਰਾ ਵੀ ਵਿਦਿਆਰਥੀਆਂ ਦੇ ਨਾਲ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕੀਤੀਆਂ ਗਈਆਂ, ਜਿਸ ਵਿੱਚ ਨੰਨ੍ਹੇ ਵਿਦਿਆਰਥੀਆਂ ਨੇ ਖੂਬ ਆਨੰਦ ਮਾਣਿਆ।ਇਸ ਮੌਕੇ ਮੌਜੂਦ ਸਕੂਲ ਪ੍ਰਧਾਨ ਚਰਨ ਸਿੰਘ ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਮਿਸਿਜ਼ ਕੁੰਜੂਮੋਲ ਜੋਅ ਤੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਕਰਾਉਣ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸਾਡੇ ਜੀਵਨ ਵਿੱਚ ਵੱਖ-ਵੱਖ ਰੰਗਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਦਾ ਆਤਮ ਬਲ ਵਧਾਉਣਾ ਹੈ।

## ਹੋਲੀ ਹਾਰਟ ਸਕੂਲ 'ਚ ਕਰਵਾ ਚੌਥ ਦਾ ਦਿਨ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਅਧਿਆਪਕਾਂ ਵੱਲੋਂ ਕਰਵਾ ਚੌਥ ਦਾ ਦਿਵਸ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦਾ ਮਾਹੌਲ ਰੰਗ-ਬਰੰਗੇ ਸਜਾਵਟੀ ਸਾਮਾਨ ਨਾਲ ਖਿੜ ਉਠਿਆ। ਅਧਿਆਪਕਾਂ ਨੇ ਸੁੰਦਰ ਪਹਿਰਾਵੇ ਪਹਿਨ ਕੇ ਕਰਵਾ ਚੌਥ ਨਾਲ ਸੰਬੰਧਤ ਰਸਮਾਂ ਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਸਮਾਰੋਹ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਈ, ਜਿਸ ਤੋਂ ਬਾਅਦ ਕਰਵਾ ਚੌਥ ਦੇ ਇਤਿਹਾਸ ਤੇ ਇਸ ਤਿਉਹਾਰ ਦੀ ਸੱਭਿਆਚਾਰਕ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਅਧਿਆਪਕਾਵਾਂ ਨੇ ਮਹਿੰਦੀ ਲਗਾਈ ਤੇ ਤਿਉਹਾਰਕ ਗੀਤ ਗਾਏ।ਬੱਚਿਆਂ ਨੇ ਵੀ ਕਰਵਾ ਚੌਥ ਨਾਲ ਜੁੜੀਆਂ ਕਵਿਤਾਵਾਂ ਤੇ ਭਾਸ਼ਣ ਪੇਸ਼ ਕੀਤੇ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਸਭ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਕਰਵਾ ਚੌਥ ਸਾਡੀ ਭਾਰਤੀ ਸੰਸਕ੍ਰਿਤੀ ਦਾ ਸੁੰਦਰ ਪ੍ਰਤੀਕ ਹੈ, ਜੋ ਪ੍ਰੇਮ, ਸਮਰਪਣ ਤੇ ਵਿਸ਼ਵਾਸ ਦੀ ਮਿਸਾਲ ਹੈ।

## ਗੋਬਿੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਨਿਯੁਕਤ

**ਲੌਂਗੋਵਾਲ (ਪ੍ਰਦੀਪ ਸੱਪਲ)** : ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਹਾਈ ਕਮਾਂਡ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕਰਨ 'ਤੇ ਅਕਾਲੀ ਵਰਕਰਾਂ ਵਿੱਚ ਵੱਡੀ ਖੁਸ਼ੀ ਪਾਈ ਜਾ ਰਹੀ ਹੈ।ਭਾਈ ਲੌਂਗੋਵਾਲ ਦੀ



ਨਿਯੁਕਤੀ 'ਤੇ ਜਥੇਦਾਰ ਉਦੈ ਸਿੰਘ ਲੌਂਗੋਵਾਲ, ਭਾਈ ਬਲਵਿੰਦਰ ਸਿੰਘ ਕੈਂਬੋਵਾਲ, ਬਲਕਾਰ ਸਿੰਘ ਸੰਗਾਰਾ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਮਹਿੰਦਰ ਸਿੰਘ ਦੁੱਲਟ, ਪਰਮਜੀਤ ਸਿੰਘ ਜੱਸੇਕਾ, ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ, ਪਾਲੀ ਕਮਲ ਸਾਬਕਾ ਸਰਪੰਚ, ਡਾ. ਰੂਪ ਸਿੰਘ ਸ਼ੇਰੋਂ, ਬਿੰਦਰਪਾਲ ਨਮੋਲ, ਸਾਬਕਾ ਪ੍ਰਧਾਨ ਦਲਜੀਤ ਸਿੰਘ ਸਿੱਧੂ, ਡੈਲੀਗੇਟ ਗੁਰਚਰਨ ਸਿੰਘ, ਡੈਲੀਗੇਟ ਹਰਜੀਤ ਸਿੰਘ ਗਿੱਲ, ਡਾ. ਮਾਲਵਿੰਦਰ ਸਿੰਘ ਮਾਲੀ, ਅਮਰਜੀਤ ਸਿੰਘ ਪੱਤੀ ਜੈਦ, ਗੁਰਜੀਤ ਸਿੰਘ ਸਾਬਕਾ ਕਾਨੂੰਗੋ, ਜਗਸੀਰ ਸਿੰਘ ਗਾਂਧੀ ਸਾਬਕਾ ਕੌਂਸਲਰ, ਡਾ. ਗੁਰਪ੍ਰੀਤ ਸਿੰਘ ਵਾਲੀਆ, ਮਾ. ਨਰਿੰਦਰ ਸ਼ਰਮਾ, ਡਾ. ਮਨੀਸ਼ ਕੁਮਾਰ ਵਸ਼ਿਸ਼ਟ, ਸੁਰਿੰਦਰ ਕੁਮਾਰ ਲੀਲਾ, ਵਪਾਰ ਮੰਡਲ ਪ੍ਰਧਾਨ ਅੰਮ੍ਰਿਤਪਾਲ ਸਿੰਗਲਾ, ਆੜ੍ਹਤੀ ਐਸੋ. ਪ੍ਰਧਾਨ ਪਵਨ ਕੁਮਾਰ ਬਾਬਲਾ, ਗੋਰਾ ਲਾਲ, ਪਵਿੱਤਰ ਸਿੰਘ ਸਾਹੋਕੇ ਹੈੱਡ ਗ੍ਰੰਥੀ ਤੋਂ ਇਲਾਵਾ ਸਮੂਹ ਲੌਂਗੋਵਾਲ ਵਾਸੀਆਂ ਨੇ ਇਸ ਨਿਯੁਕਤੀ ਦਾ ਭਰਵਾਂ ਸਵਾਗਤ ਕੀਤਾ ਹੈ ਅਤੇ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਸਮੇਤ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ।

## ਮਹਿੰਗਾਈ ਭੱਤਾ ਕੇਂਦਰ ਦੇ ਮੁਲਾਜ਼ਮਾਂ ਬਰਾਬਰ 58% ਕਰਨ ਦੀ ਮੰਗ

**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਇਕਾਈ ਮੋਗਾ ਸਬ ਡਵੀਜ਼ਨਾਂ ਮੋਗਾ 1 ਤੇ 2 ਦੇ ਪੈਨਸ਼ਨਰ ਆਗੂਆਂ ਦੀ ਸਮੂਹਕ ਮੀਟਿੰਗ ਸੁਤੰਤਰਤਾ ਸੈਨਾਨੀ ਭਵਨ ਵਿਖੇ ਸੁਖਦੇਵ ਸਿੰਘ ਰਾਊਕੇ ਦੀ ਪ੍ਰਧਾਨਗੀ ਹੇਠ ਹੋਈ।ਸਟੇਜ ਦੀ ਕਾਰਵਾਈ ਸਰਬਜੀਤ ਸਿੰਘ ਦੌਧਰ ਨੇ ਬਾਖੂਬੀ

● ਸਾਂਝਾ ਫਰੰਟ ਵੱਲੋਂ ਅੱਜ ਪੰਜਾਬ ਦੇ ਮੰਤਰੀਆਂ ਨੂੰ ਸੌਂਪੇ ਜਾਣਗੇ ਮੰਗ/ਰੋਸ ਪੱਤਰ

ਨਿਭਾਈ।ਮੀਟਿੰਗ ਦੀ ਸਮੁੱਚੀ ਕਾਰਵਾਈ ਸਬੰਧੀ ਸਾਬਕਾ ਡੀ ਪੀ ਆਰ ਓ ਗਿਆਨ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਵੱਖ ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਦੁਆਰਾ ਬਣਾਈ ਕੈਬਨਿਟ ਸਬ ਕਮੇਟੀ ਨਾਲ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਦੀ 8 ਅਕਤੂਬਰ ਦੀ ਮੀਟਿੰਗ ਵਿੱਚ ਡੀ ਏ ਸਬੰਧੀ ਤੇ 2.59 ਦਾ ਗੁਣਾਂਕ ਲਾਗੂ ਕਰਨ ਬਾਰੇ ਕੋਈ ਖਾਸ ਐਲਾਨ ਨਾ ਕਰਨ ਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਇਨਕਾਰ ਕਰਨ, ਬਾਕੀ ਮੰਗਾਂ ਨੂੰ ਠੰਡੇ ਬਸਤੇ ਵਿੱਚ ਪਾਉਣ ਨੂੰ ਧੋਖਾ ਕਰਾਰ ਦਿੰਦਿਆਂ 12 ਅਕਤੂਬਰ ਨੂੰ ਸਮੁੱਚੇ ਪੰਜਾਬ ਵਿੱਚ ਮੰਤਰੀਆ ਨੂੰ ਮੰਗ/ਰੋਸ ਪੱਤਰ ਅਤੇ ਨੋਟਿਸ ਦੇਣ ਦੇ ਪ੍ਰੋਗਰਾਮਾਂ 'ਤੇ ਪੂਰੀ ਤਰ੍ਹਾਂ ਅਮਲ ਕੀਤਾ ਜਾਵੇਗਾ, ਜਿਸ ਤਹਿਤ ਮੋਗਾ ਜ਼ਿਲ੍ਹੇ ਦੇ ਪੈਨਸ਼ਨਰ ਪੱਟੀ, ਲੁਧਿਆਣਾ ਤੇ ਸੰਗਰੂਰ ਵਿਖੇ ਮੰਤਰੀਆਂ ਦੇ ਘਰਾਂ



ਵੱਲ ਮਾਰਚ ਵਿੱਚ ਸ਼ਮੂਲੀਅਤ ਕਰਨਗੇ।ਪ੍ਰੇਮ ਕੁਮਾਰ, ਬਲਬੀਰ ਸਿੰਘ, ਜਗਜੀਤ ਸਿੰਘ ਰਖਰਾ, ਦਰਸ਼ਨ ਸਿੰਘ ਮੱਲ੍ਹੀ, ਜੋਰਾਵਰ ਸਿੰਘ ਬੱਧਨੀ ਕਲਾਂ, ਕੇਹਰ ਸਿੰਘ ਕਿਸ਼ਨਪੁਰਾ ਮਨਜੀਤ ਸਿੰਘ, ਸੁਰਿੰਦਰ ਰਾਮ ਕੁੱਸਾ, ਬੁਲਾਰਿਆਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਐੱਲ.ਟੀ.ਏ. ਫਾਰਮ ਭਰਨ ਤੇ ਮੈਂਬਰਸ਼ਿਪ ਮੁਹਿੰਮ ਦੇ ਨਾਲ ਹੜ੍ਹ ਪੀੜਤ ਫੰਡ ਇਕੱਤਰ ਕਰਨ ਦੀ ਮੁਹਿੰਮ ਸਫਲਤਾ ਪੂਰਵਕ ਚੱਲ ਰਹੀ ਹੈ। ਮੀਟਿੰਗ ਵਿੱਚ ਸਦੀਵੀ ਵਿਛੋੜੇ ਦੇ ਗਏ ਪੈਨਸ਼ਨਰਾਂ, ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਉੱਘੇ ਗਾਇਕ ਰਾਜਵੀਰ ਜਵੰਦਾ, ਵਰਿੰਦਰ ਕੁਮਾਰ ਘੁੰਮਣ ਬਾਡੀ ਬਿਲਡਰ ਫਿਲਮ ਕਲਾਕਾਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਵਿੱਚ ਤੇਜਾ ਸਿੰਘ ਘੱਲ ਕਲਾਂ, ਵਿਰਸਾ ਸਿੰਘ, ਅਮਰ ਸਿੰਘ ਰਣੀਆ, ਬਲਵਿੰਦਰ ਸਿੰਘ ਗਿੱਲ, ਪ੍ਰੀਤਮ ਸਿੰਘ ਕੈਂਥ, ਗੁਰਮੇਲ ਸਿੰਘ ਦਾਉਧਰ, ਨਾਇਬ ਸਿੰਘ, ਰਾਮ ਜੀ ਦਾਸ, ਕਰਨੈਲ ਸਿੰਘ ਚੜਿੱਕ, ਬਲਦੇਵ ਸਿੰਘ ਦੌਧਰ ਗਰਬੀ, ਅੰਮ੍ਰਿਤ ਲਾਲ, ਸ਼ਮਸ਼ੇਰ ਸਿੰਘ, ਮੇਹਰ ਸਿੰਘ ਮੋਗਾ, ਦੀਵਾਨ ਸਿੰਘ, ਜਸਪਾਲ ਸਿੰਘ ਮਾਨੂਕੇ, ਗੁਰਦੀਪ ਸਿੰਘ, ਸੁਖਮੰਦਰ ਸਿੰਘ, ਬਚਿੱਤਰ ਸਿੰਘ ਮਟਵਾਣੀ, ਨਿਰਮਲ ਸਿੰਘ ਜਸਵੰਤ ਸਿੰਘ, ਸ਼ਾਮ ਲਾਲ, ਜਗਦੀਪ ਸਿੰਘ, ਇੰਦਰਜੀਤ ਸਿੰਘ ਮੋਗਾ ਉਰਫ ਗਿੰਦਰ ਸਿੰਘ, ਜਰਨੈਲ ਸਿੰਘ ਮੋਗਾ ਸ਼ਾਮਲ ਹੋਏ।

## ਅਮਨ ਅਰੋੜਾ ਹੋਣਗੇ 'ਦੀਵਾਲੀ ਮਹੋਤਸਵ ਜੈਸਮੀਨ 2025' ਦੇ ਮੁੱਖ ਮਹਿਮਾਨ

**ਰੋਟਰੀ ਕਲੱਬ ਸੁਨਾਮ ਦੀ ਮੀਟਿੰਗ 'ਚ ਤਿਆਰੀਆਂ ਤੇਜ਼, ਵੱਖ-ਵੱਖ ਕਮੇਟੀਆਂ ਦਾ ਗਠਨ ਪੂਰਾ**

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** : ਰੋਟਰੀ ਕਲੱਬ ਸੁਨਾਮ ਵੱਲੋਂ 15 ਅਕਤੂਬਰ ਨੂੰ ਮਹਾਰਾਜਾ ਪੈਲੇਸ ਵਿਖੇ ਕੀਤੇ ਜਾ ਰਹੇ 'ਦੀਵਾਲੀ ਮਹੋਤਸਵ ਜੈਸਮੀਨ 2025' ਦੀਆਂ ਤਿਆਰੀਆਂ ਨੂੰ ਹੋਰ ਤੇਜ਼ ਕਰਦਿਆਂ ਕਲੱਬ ਦੀ ਇਕ ਮਹੱਤਵਪੂਰਨ ਮੀਟਿੰਗ ਪ੍ਰਧਾਨ ਜਗਦੀਪ ਭਾਰਦਵਾਜ ਦੀ ਅਗਵਾਈ ਹੇਠ ਅਰਬਨ ਕ੍ਰੇਵ ਰੈਸਟੋਰੈਂਟ ਵਿਖੇ ਹੋਈ।ਮੀਟਿੰਗ ਦੀ ਸ਼ੁਰੂਆਤ ਕਲੱਬ ਜਰਨਲ ਸਕੱਤਰ ਵਿਜੈ ਮੋਹਨ ਨੇ ਕੀਤੀ।ਪ੍ਰਧਾਨ ਭਾਰਦਵਾਜ ਨੇ ਦੱਸਿਆ ਕਿ ਸਮਾਰੋਹ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਮੁੱਖ ਮਹਿਮਾਨ ਹੋਣਗੇ, ਜਦਕਿ ਪੀਡੀਜੀ ਘਨਸ਼ਿਆਮ ਕਾਂਸਲ ਤੇ ਡੀਜੀਐੱਨ ਅਮਿਤ ਸਿੰਗਲਾ ਪ੍ਰੋਗਰਾਮ ਦੀ ਪ੍ਰਧਾਨਗੀ ਕਰਨਗੇ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਮਹਿਮਾਨਾਂ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਥਿੰਦ ਬਾਜਵਾ, ਅਕਾਲੀ ਦਲ ਦੇ ਜਨਰਲ ਸਕੱਤਰ ਵਿਨਰਜੀਤ ਸਿੰਘ ਗੋਲਡੀ ਤੇ ਪਲੈਨਿੰਗ ਬੋਰਡ ਸੰਗਰੂਰ ਦੇ ਸਾਬਕਾ ਚੇਅਰਮੈਨ ਰਜਿੰਦਰ ਸਿੰਘ ਰਾਜਾ ਸ਼ਾਮਲ ਹੋਣਗੇ।ਇਸ ਤੋਂ ਇਲਾਵਾ ਨਗਰ ਕੌਂਸਲ ਪ੍ਰਧਾਨ ਨਿਸ਼ਾਨ ਸਿੰਘ ਟੋਨੀ,



ਮਾਰਕੀਟ ਕਮੇਟੀ ਚੇਅਰਮੈਨ ਮੁਕੇਸ਼ ਜੁਨੇਜਾ ਤੇ ਡੀ.ਐੱਸ.ਪੀ. ਸੁਨਾਮ ਹਰਵਿੰਦਰ ਸਿੰਘ ਖੈਰਾ ਵੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹਿਣਗੇ।ਇਸ ਦੇ ਨਾਲ ਐੱਮ. ਡੀ. ਅਗਰਵਾਲ ਹੋਮਜ਼ ਚੰਡੀਗੜ੍ਹ ਤਰਸੇਮ ਕਾਂਸਲ ਤੇ ਐੱਮ ਡੀ ਸਿਮਰਨ ਟੈਕਸਟਾਈਲਜ਼ ਪ੍ਰਿੰਸ ਕੰਬੋਜ ਵਿਸ਼ੇਸ਼ ਇਨਵਾਇਟੀ ਮਹਿਮਾਨ ਹੋਣਗੇ।ਪ੍ਰਧਾਨ ਭਾਰਦਵਾਜ ਨੇ ਦੱਸਿਆ ਕਿ ਪ੍ਰੋਜੈਕਟ ਚੇਅਰਮੈਨ ਵਜੋਂ ਯਸ਼ਪਾਲ ਮੰਗਲਾ ਦੀ ਨਿਯੁਕਤੀ ਕੀਤੀ ਗਈ ਹੈ।ਸਵਾਗਤ ਕਮੇਟੀ ਵਿੱਚ ਸੁਮਿਤ ਬੰਦਲਿਸ਼, ਵਿਕਰਮ ਗਰਗ, ਡਾ. ਅਮਨਦੀਪ ਸ਼ਰਮਾ, ਡਾ. ਹਰਦੀਪ ਸਿੰਘ ਬਾਵਾ, ਡਾ. ਰੋਮਿਤ ਗੁਪਤਾ, ਪ੍ਰਮੋਦ ਹੋਡਲਾ, ਸੰਦੀਪ ਜੈਨ, ਮਨਪ੍ਰੀਤ ਬਾਂਸਲ, ਅਨਿਲ ਜੁਨੇਜਾ, ਦਵਿੰਦਰਪਾਲ ਸਿੰਘ ਰਿੰਪੀ ਅਤੇ ਹਰੀਸ਼ ਗਖੜ ਨੂੰ ਸ਼ਾਮਲ ਕੀਤਾ ਗਿਆ ਹੈ।ਰਿਸੈਪਸ਼ਨ ਕਮੇਟੀ ਵਿੱਚ ਵਿਨੀਤ ਗਰਗ, ਪ੍ਰਭਾਤ ਜਿੰਦਲ, ਸੰਜੀਵ ਸਿੰਗਲਾ ਤੇ ਹਰੀਸ਼ ਗੋਇਲ ਸ਼ਾਮਲ ਹਨ।ਮਨੋਰੰਜਨ ਕਮੇਟੀ ਦੀ ਜ਼ਿੰਮੇਵਾਰੀ ਅਨੂਪ ਗੋਇਲ, ਸੰਦੀਪ ਦੀਪਾ, ਰਾਜੇਸ਼ ਗੋਇਲ ਤੇ ਰਾਜੀਵ ਸਿੰਗਲਾ ਨੂੰ ਸੌਂਪੀ ਗਈ ਹੈ।ਜਲਪਾਨ ਕਮੇਟੀ ਵਿੱਚ ਅਤੁਲ ਗੁਪਤਾ, ਪੁਨੀਤ ਬੰਸਲ ਤੇ ਵਿਨੋਦ ਗਰਗ ਸ਼ਾਮਲ ਹਨ।ਮੰਚ ਸੰਚਾਲਨ ਦਾ ਕਾਰਜ ਸ਼ਿਵ ਜਿੰਦਲ, ਆਰ. ਐੱਨ. ਕਾਂਸਲ ਤੇ ਰਾਜੇਸ਼ ਗਰਗ ਸੰਭਾਲਣਗੇ।

## ਸੀ ਟੀ ਯੂ ਵੱਲੋਂ ਮਹਾਰਾਸ਼ਟਰ ਦੇ ਬਿਜਲੀ ਕਰਮਚਾਰੀਆਂ ਦੇ ਸੰਘਰਸ਼ ਦੀ ਹਮਾਇਤ

**ਲੁਧਿਆਣਾ (ਐੱਮ ਐੱਸ ਭਾਟੀਆ)**- ਕੇਂਦਰੀ ਟਰੇਡ ਯੂਨੀਅਨਾਂ, ਸੁਤੰਤਰ ਤੇ ਖੇਤਰੀ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਦੇ ਸਾਂਝੇ ਪਲੇਟਫਾਰਮ ਵੱਲੋਂ ਮਹਾਰਾਸ਼ਟਰ ਸਰਕਾਰ ਦੁਆਰਾ ਬਿਜਲੀ ਖੇਤਰ ਦੇ ਨਿੱਜੀਕਰਨ ਦੇ ਯਤਨਾਂ ਵਿਰੁੱਧ ਬਿਜਲੀ ਕਰਮਚਾਰੀਆਂ ਦੁਆਰਾ ਚੱਲ ਰਹੇ ਸੰਘਰਸ਼ ਦਾ ਪੂਰਾ ਸਮਰਥਨ ਕਰਦਿਆਂ ਮੀਡੀਆ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਕਿਹਾ ਗਿਆ ਕਿ ਕੇਂਦਰੀ ਟਰੇਡ ਯੂਨੀਅਨਾਂ, ਜਿਸ ਵਿੱਚ ਇੰਟਕ, ਏਟਕ, ਐੱਚ ਐੱਮ ਐੱਸ, ਸੀਟੂ, ਏ ਆਈ ਯੂ ਟੀ ਯੂ ਸੀ, ਟੀ ਯੂ ਸੀ ਸੀ, ਸੇਵਾ, ਏ ਆਈ ਸੀ ਸੀ ਟੀ ਯੂ, ਐੱਲ ਪੀ ਐੱਫ ਤੇ ਯੂ ਟੀ ਯੂ ਸੀ ਸ਼ਾਮਲ ਹਨ, ਦਾ ਸਾਂਝਾ ਪਲੇਟਫਾਰਮ ਉੱਤਰ ਪ੍ਰਦੇਸ਼ ਸਰਕਾਰ ਤੇ ਹੁਣ ਮਹਾਰਾਸ਼ਟਰ ਸਰਕਾਰ ਦੁਆਰਾ ਬਿਜਲੀ ਖੇਤਰ ਦੇ ਨਿੱਜੀਕਰਨ ਦੇ ਯਤਨਾਂ ਵਿਰੁੱਧ ਬਿਜਲੀ ਕਰਮਚਾਰੀਆਂ ਦੁਆਰਾ ਚੱਲ ਰਹੇ ਸੰਘਰਸ਼ ਦਾ ਪੂਰਾ ਸਮਰਥਨ ਕਰਦਾ ਹੈ। ਮਹਾਰਾਸ਼ਟਰ ਬਿਜਲੀ ਖੇਤਰ ਸੰਯੁਕਤ ਐਕਸ਼ਨ ਕਮੇਟੀ (ਕਰਮਚਾਰੀ, ਇੰਜੀਨੀਅਰ ਤੇ ਅਧਿਕਾਰੀ) ਨੇ 72 ਘੰਟੇ ਦੀ ਰਾਜ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਹੈ।ਤਿੰਨ ਸਰਕਾਰੀ ਮਾਲਕੀ ਵਾਲੀਆਂ ਬਿਜਲੀ ਕੰਪਨੀਆਂ 'ਉਤਪਾਦਨ, ਸੰਚਾਰ ਤੇ ਵੰਡ' ਦੇ ਲਗਭਗ ਇੱਕ ਲੱਖ ਬਿਜਲੀ ਕਰਮਚਾਰੀ ਤੇ ਇੰਜੀਨੀਅਰ 9 ਤੋਂ 11 ਅਕਤੂਬਰ 2025 ਤੱਕ 72 ਘੰਟੇ ਦੀ ਰਾਜ ਵਿਆਪੀ ਹੜਤਾਲ 'ਤੇ ਹਨ।ਇਹ ਹੜਤਾਲ ਮਹਾਰਾਸ਼ਟਰ ਸਰਕਾਰ ਤੇ ਤਿੰਨਾਂ ਬਿਜਲੀ ਕੰਪਨੀਆਂ ਦੇ ਪ੍ਰਬੰਧਨ ਦੁਆਰਾ ਕੀਤੇ ਜਾ ਰਹੇ ਨਿੱਜੀਕਰਨ ਦੇ ਯਤਨਾਂ ਦੇ ਵਿਰੋਧ ਵਿੱਚ ਕੀਤੀ ਜਾ ਰਹੀ ਹੈ। ਪਾਵਰ ਸੈਕਟਰ ਦੀਆਂ 7 ਪ੍ਰਮੁੱਖ ਯੂਨੀਅਨਾਂ, ਅਰਥਾਤ ਮਹਾਰਾਸ਼ਟਰ ਰਾਜ ਬਿਜਲੀ ਕਰਮਚਾਰੀ ਫੈਡਰੇਸ਼ਨ, ਮਹਾਰਾਸ਼ਟਰ ਵੀਜ਼ਾ ਵਰਕਰਜ਼ ਫੈਡਰੇਸ਼ਨ, ਮਹਾਰਾਸ਼ਟਰ ਵਿਜ਼ ਕਾਮਗਾਰ ਕਾਂਗਰਸ, ਅਧੀਨ ਇੰਜੀਨੀਅਰਿੰਗ ਐਸੋਸੀਏਸ਼ਨ, ਮਹਾਰਾਸ਼ਟਰ ਰਾਜ ਮਾਗਾਸਵਰਗਾ ਇਲੈਕਟ੍ਰੀਕਲ ਕਰਮਚਾਰੀ ਸੰਗਠਨ, ਮਹਾਰਾਸ਼ਟਰ ਰਾਜ ਸਵਾਭਿਮਾਨੀ ਬਿਜਲੀ ਕਾਮਗਾਰ ਯੂਨੀਅਨ ਤੇ ਤਕਨੀਕੀ ਕਰਮਚਾਰੀ ਯੂਨੀਅਨ ਦੇ ਮੈਂਬਰ ਇਸ ਹੜਤਾਲ ਵਿੱਚ ਹਿੱਸਾ ਲੈ ਰਹੇ ਹਨ।ਕੁੱਲ ਕਰਮਚਾਰੀਆਂ ਵਿੱਚੋਂ 80% ਤੋਂ ਵੱਧ ਇਸ ਅੰਦੋਲਨ ਵਿੱਚ ਹਿੱਸਾ ਲੈ ਰਹੇ ਹਨ।

## ਭਲਕੇ ਟਾਵਰ ਮੋਰਚੇ 'ਤੇ ਹੋਵੇਗਾ ਵੱਡਾ ਇਕੱਠ : ਰਾਮ ਸਿੰਘ ਰਾਣਾ

**ਸਮਾਣਾ (ਇਕਬਾਲ ਸਿੰਘ ਬੱਲ)**- ਸਮਾਣਾ ਵਿਖੇ ਲਗਭਗ ਇਕ ਸਾਲ ਤੋਂ ਚੱਲ ਰਹੇ ਟਾਵਰ ਮੋਰਚਾ, ਜਿਸ 'ਤੇ ਇੱਕ ਸਾਲ ਤੋਂ ਭਾਈ ਗੁਰਜੀਤ ਸਿੰਘ ਖਾਲਸਾ ਜੋ ਸਰਬ ਧਰਮਾਂ ਦੀ ਬੇਅਬਦੀ ਰੋਕਣ ਲਈ ਬੀ ਐੱਸ ਐੱਨ ਐੱਲ ਦੇ ਟਾਵਰ ਉੱਤੇ ਮੋਰਚਾ ਲਗਾ ਕੇ ਬੈਠੇ ਹਨ, ਨੂੰ ਸਮਰਥਨ ਦੇਣ ਲਈ ਅੱਜ ਪ੍ਰਤਾਪ ਕਲੋਨੀ ਸਮਾਣਾ ਵਿਖੇ ਸਵਾਮੀ ਰਾਜੇਸ਼ਵਰਾ ਨੰਦ, ਬਾਬਾ ਮਨਮੋਹਨ ਸਿੰਘ ਤੇ ਗੋਲਡਨ ਹੱਟ ਵਾਲੇ ਰਾਮ ਸਿੰਘ ਰਾਣਾ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਯੂਥ ਬ੍ਰਾਹਮਣ ਸਭਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ ਦੇ ਗ੍ਰਹਿ ਵਿਖੇ ਰੱਖੀ ਗਈ।ਇਸ ਮੌਕੇ ਉਨ੍ਹਾਂ ਵੱਲੋਂ ਵੱਧ ਤੋਂ ਵੱਧ ਸੰਗਤਾਂ ਨੂੰ ਪਹੁੰਚਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮੋਰਚਾ ਕਿਸੇ ਇੱਕ ਧਰਮ ਲਈ ਨਹੀਂ ਹੈ, ਸਗੋਂ ਸਮੁੱਚੇ ਧਰਮਾਂ ਦੀ ਬੇਅਬਦੀ ਰੋਕਣ ਲਈ ਲਗਾਇਆ ਗਿਆ ਹੈ।ਉਨ੍ਹਾਂ ਕਿਹਾ ਕਿ 12 ਅਕਤੂਬਰ ਨੂੰ ਇਸ ਮੋਰਚੇ ਨੂੰ ਇੱਕ ਸਾਲ ਪੂਰਾ ਹੋ ਰਿਹਾ ਹੈ, ਜਿਸ ਕਾਰਨ 12 ਅਕਤੂਬਰ ਨੂੰ 12 ਵਜੇ ਇੱਕ ਵੱਡਾ ਇਕੱਠ ਤਹਿਸੀਲ ਪਾਰਕ ਵਿੱਚ ਰੱਖਿਆ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਵੱਧ ਤੋਂ ਵੱਧ ਸੰਗਤਾਂ ਨੂੰ ਤਹਿਸੀਲ ਪਾਰਕ ਵਿਖੇ ਪਹੁੰਚਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਹਿੰਦੂ ਧਰਮ ਦੇ ਅਨੁਯਾਈ ਇਸ ਮੋਰਚੇ ਵਿੱਚ ਸ਼ਿਰਕਤ ਕਰਨਗੇ।ਮੀਟਿੰਗ ਵਿੱਚ ਗਊ ਸੇਵਾ ਸਮਿਤੀ ਦੀ ਟੀਮ ਦੇ ਸਮੁੱਚੇ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਪ੍ਰਧਾਨ ਬਿੱਟੂ ਧੀਮਾਨ, ਯਤਿੰਦਰ ਸ਼ਰਮਾ, ਪ੍ਰੀਕਸ਼ਤ ਪਾਠਕ, ਵਿਕਾਸ ਸ਼ਰਮਾ, ਲਲਿਤ ਭੱਲਾ, ਦਮਨ ਭੱਲਾ, ਨੀਰਜ਼ ਜਿੰਦਲ, ਮਹਿੰਦਰ ਚਾਵਲਾ, ਬ੍ਰਾਹਮਣ ਸਭਾ ਦੇ ਪ੍ਰਧਾਨ ਧਰਮਪਾਲ ਜੋਸ਼ੀ, ਜਸਵੰਤ ਸ਼ਰਮਾ, ਮੁਨੀਸ਼ ਸਿੰਗਲਾ, ਰਕੇਸ਼ ਕੁਮਾਰ ਕੇਸੀਂ, ਜਗਜੀਤ ਚਾਵਲਾ, ਰਜਨੀਸ਼ ਗੋਇਲ, ਵਿਜੇ ਜੌਹਰੀ ਤੋਂ ਇਲਾਵਾ ਹੋਰ ਵਿਅਕਤੀ ਹਾਜ਼ਰ ਸਨ।



## ਆਂਗਣਵਾੜੀ ਵਰਕਰਾਂ/ਹੈਲਪਰਾਂ ਦੀਆਂ ਹੱਕੀ ਮੰਗਾਂ ਲਈ ਵਿੱਢਿਆ ਜਾਵੇਗਾ ਤਿੱਖਾ ਸੰਘਰਸ਼ : ਗੁਰਚਰਨ ਕੌਰ, ਬਲਵਿੰਦਰ ਕੌਰ

ਮੋਗਾ (ਇਕਬਾਲ ਸਿੰਘ ਖਹਿਰਾ)- ਆਲ ਇੰਡੀਆ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਏਟਕ ਪੰਜਾਬ ਦੇ ਜਥੇਬੰਦਕ ਲੀਡਰ ਗੁਰਚਰਨ ਕੌਰ ਮੋਗਾ, ਬਲਵਿੰਦਰ ਕੌਰ ਖੋਸਾ ਜ਼ਿਲ੍ਹਾ ਪ੍ਰਧਾਨ ਸ਼ਿੰਦਰ ਕੌਰ ਦੁੱਨੇਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਂਗਨਵਾੜੀ ਸੈਂਟਰਾਂ ਦੇ ਬੱਚੇ ਵਾਪਸ ਕੀਤੇ ਜਾਣ ਤੇ ਆਂਗਣਵਾੜੀ ਸਰਟੀਫਿਕੇਟ ਲਾਗੂ ਕੀਤੇ



ਜਾਣ।ਸਾਡੀ ਇਸ ਮੰਗ ਦੇ ਨਾਲ ਆਂਗਣਵਾੜੀ ਵਰਕਰ ਹੈਲਪਰ ਨੂੰ ਮੁਲਾਜ਼ਮ ਦਾ ਦਰਜਾ ਦਿੱਤਾ ਜਾਵੇ, ਕਿਉਂਕਿ ਆਂਗਨਵਾੜੀ ਵਰਕਰ ਹੈਲਪਰ ਦਾ ਤਜਰਬਾ 25 ਤੋਂ 30 ਸਾਲ ਤੱਕ ਦਾ ਹੋ ਚੁੱਕਾ ਹੈ।ਇਸ ਕਰਕੇ ਜਦੋਂ ਆਂਗਣਵਾੜੀ ਵਰਕਰ ਹੈਲਪਰ ਨੂੰ ਮੁਲਾਜ਼ਮ ਦਾ ਦਰਜਾ ਮਿਲ ਜਾਵੇਗਾ ਤਾਂ ਉਸ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਹੋਵੇਗਾ ਤੇ ਆਂਗਣਵਾੜੀ ਵਰਕਰ ਹੈਲਪਰ ਪੋਸ਼ਨ ਟਰੈਕਰ ਦੇ ਕੰਮ ਨੂੰ ਬੋਝ ਨਹੀਂ ਸਮਝਣਗੇ, ਕਿਉਂਕਿ ਅਸੀਂ ਸਾਰਾ ਕੰਮ ਸਰਕਾਰੀ ਕਰਮਚਾਰੀਆਂ ਵਾਲਾ ਨਿਗੁਣੇ ਮਾਣ ਭੱਤੇ ਵਿੱਚ ਕਰ ਰਹੇ ਹਾਂ, ਜਦੋਂਕਿ ਸਾਡੇ ਮੁਕਾਬਲੇ ਕਰਮਚਾਰੀ ਇੱਕ ਲੱਖ ਤੋਂ ਲੈ ਕੇ ਡੇਢ ਦੋ ਲੱਖ ਤੱਕ ਦਾ ਕੰਮ ਕਰ ਰਹੇ ਹਨ। ਇਸ ਤੋਂ ਅੱਗੇ ਲੀਡਰਾਂ ਨੇ ਆਪਣੇ ਬਿਆਨ ਨੂੰ ਜਾਰੀ ਕਰਦੇ ਹੋਏ ਕਿਹਾ ਕਿ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਨੂੰ ਆਪਣੀ ਕੀਤੀ ਕਿਰਤ ਦਾ ਮੁੱਲ ਵੀ ਸੰਘਰਸ਼ ਨਾਲ ਲੈਣਾ ਪੈ ਰਿਹਾ ਹੈ, ਛੇ ਮਹੀਨੇ ਦਾ ਰੁਕਿਆ ਸਟੇਟ ਫੰਡ ਵਰਦੀ ਦੇ ਪੈਸੇ ਫਲੈਕਸੀ ਫੰਡ ਜਥੇਬੰਦੀ ਦੇ ਸੰਘਰਸ਼ ਤੋਂ ਦੋ ਦਿਨ ਬਾਅਦ ਹੀ ਰਿਲੀਜ਼ ਹੋ ਗਿਆ, ਪਹਿਲਾਂ ਕਿਉਂ ਨਹੀਂ? ਜਥੇਬੰਦੀ ਦੇ ਲੀਡਰਾਂ ਨੇ ਕਿਹਾ ਕਿ ਸੰਘਰਸ਼ ਅਜੇ ਖਤਮ ਨਹੀਂ ਹੋਇਆ, ਅਜੇ ਵੀ 17 ਤੋਂ ਲੈ ਕੇ 2025 ਤੱਕ ਦੇ ਪੀ ਐੱਮ ਐੱਮ ਵੀ ਵਾਈ ਦੇ ਲਾਭਪਾਤਰੀਆਂ ਦੀ ਗਿਣਤੀ ਮੁਤਾਬਕ ਆਂਗਣਵਾੜੀ ਵਰਕਰ ਨੂੰ 100 ਰੁਪਏ ਤੇ ਹੈਲਪਰ ਨੂੰ 50 ਰੁਪਏ ਦੇ ਹਿਸਾਬ ਨਾਲ ਬਣਦਾ ਬਕਾਇਆ ਪੋਸ਼ਨ ਤੇ ਸੀ ਬੀ ਬੀ ਈ ਮਨਾਉਣ ਦਾ ਬਣਦਾ ਬਕਾਇਆ ਤੁਰੰਤ ਦਿੱਤਾ ਜਾਵੇ।

## ਮੰਡੀਆਂ 'ਚ ਕਿਸਾਨਾਂ ਦੀ ਲੁੱਟ ਤੇ ਫਸਲਾਂ ਦਾ ਨਿਰਾਦਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਸੁਖਜਿੰਦਰ ਖੋਸਾ

● ਮੋਗਾ ਮੰਡੀ ਦਾ ਦੌਰਾ ਕਰਕੇ ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਨੂੰ ਦਿੱਤੀ ਚੇਤਾਵਨੀ



ਮੋਗਾ (ਇਕਬਾਲ ਸਿੰਘ ਖਹਿਰਾ)- ਭਾਰਤੀ ਕਿਸਾਨ ਯੂਨੀਅਨ ਖੋਸਾ ਦੀ ਮੀਟਿੰਗ ਜਥੇਬੰਦੀ ਦੇ ਮੁੱਖ ਦਫਤਰ ਨਵੀਂ ਦਾਣਾ ਮੰਡੀ ਮੋਗਾ ਵਿਖੇ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਉਗੋਕੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ, ਸੂਬਾ ਮੀਤ ਪ੍ਰਧਾਨ ਅਮਰ ਸਿੰਘ ਸਲੀਣਾ ਤੇ ਸੀਨੀਅਰ ਮੀਤ ਪ੍ਰਧਾਨ ਗੁਰਦਰਸ਼ਨ ਸਿੰਘ ਕਾਲੇਕੇ, ਜਗਜੀਤ ਸਿੰਘ ਰੱਤੀਆਂ ਸੂਬਾ ਮੀਤ ਪ੍ਰਧਾਨ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨ ਆਗੂਆਂ ਤੇ ਵਰਕਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਵੱਲੋਂ ਪਰਾਲੀ ਦੇ ਮੁੱਦੇ 'ਤੇ ਬੋਲਦਿਆਂ ਪੰਜਾਬ ਤੇ ਸੈਂਟਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਿਹੜੀ ਝੋਨੇ ਦੀ ਪਰਾਲੀ ਜਾਂ ਰਹਿੰਦ ਖੂੰਹਦ ਹੈ, ਉਸ ਦਾ ਪ੍ਰਬੰਧ ਕਰਨਾ ਸਰਕਾਰ ਦਾ ਫਰਜ਼ ਹੈ।ਕਿਸਾਨ ਕਿਸੇ ਸ਼ੌਕ ਨਾਲ ਪਰਾਲੀ ਨੂੰ ਅੱਗ ਨਹੀਂ ਲਾਉਂਦੇ, ਬਲਕਿ ਮਜਬੂਰੀ ਵੱਸ ਲਾਉਂਦੇ ਹਨ।ਉਨ੍ਹਾਂ ਕਿਹਾ ਕਿ ਹਾੜ੍ਹੀ ਦੀ ਫਸਲ ਦੀ ਬਿਜਾਈ ਵਾਸਤੇ ਮਜਬੂਰੀ ਵੱਸ ਉਨ੍ਹਾਂ ਨੂੰ ਅੱਗ ਲਾਉਣੀ ਪੈਂਦੀ ਹੈ, ਜਿਸ ਕਾਰਨ ਕਿਸਾਨ ਕੋਲ ਕੋਈ ਹੋਰ ਹੱਲ ਨਹੀਂ ਹੈ।ਜੇਕਰ ਸਰਕਾਰ ਕਿਸਾਨਾਂ ਖਿਲਾਫ ਕੋਈ ਕਾਰਵਾਈ ਕਰਦੀ ਹੈ ਜਾਂ ਪਰਚੇ ਕਰਦੀ ਹੈ ਭਾਰਤੀ ਕਿਸਾਨ ਯੂਨੀਅਨ ਖੋਸਾ ਸਰਕਾਰ ਖਿਲਾਫ ਵੱਡਾ ਸੰਘਰਸ਼ ਵਿੱਢੇਗੀ।ਪਿਛਲੇ ਦਿਨੀਂ ਪੰਜਾਬ ਦੇ ਦਰਿਆਵਾਂ ਵਿੱਚ ਹੜ੍ਹ ਆਉਣ ਕਾਰਨ ਪੰਜਾਬ ਦੀ ਕਿਸਾਨੀ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ।ਪੰਜਾਬ ਦਾ ਕਿਸਾਨ ਪਹਿਲਾਂ ਹੀ ਮਹਿੰਗਾਈ ਦੀ ਵੱਡੀ ਮਾਰ ਝੱਲ ਰਿਹਾ ਹੈ, ਜਿਸ ਕਾਰਨ ਆਰਥਿਕ ਤੌਰ 'ਤੇ ਮੰਦਹਾਲੀ ਦੇ ਦੌਰ ਵਿੱਚ ਲੰਘ ਰਿਹਾ ਹੈ ਤੇ ਖੁਦਕੁਸ਼ੀਆਂ ਦੇ ਰਾਹ ਪਿਆ ਹੈ।ਸਰਕਾਰ ਨੂੰ ਅਪੀਲ ਹੈ ਕਿ ਉਹ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਜਲਦ ਤੋਂ ਜਲਦ ਦੇਵੇ ਤੇ ਕਣਕ ਦੀ ਬਿਜਾਈ ਵਾਸਤੇ ਬੀਜ ਤੇ ਡੀ.ਏ.ਪੀ. ਖਾਦ ਮੁਫਤ ਮੁਹੱਈਆ ਕਰਵਾਈ ਜਾਵੇ।ਝੋਨੇ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਸਰਕਾਰ ਨੂੰ ਅਪੀਲ ਹੈ ਕਿ ਕਿਸਾਨਾਂ ਦੀ ਝੋਨੇ ਫਸਲ ਦੀ ਤੁਲਾਈ ਚੁਕਾਈ ਸਮੇਂ ਸਿਰ ਕੀਤੀ ਜਾਵੇ।ਜਥੇਬੰਦੀ ਵੱਲੋਂ ਦਾਣਾ ਮੰਡੀ ਮੋਗਾ ਦਾ ਦੌਰਾ ਵੀ ਕੀਤਾ ਗਿਆ, ਜਿਸ ਵਿੱਚ ਸਾਹਮਣੇ ਆਇਆ ਕਿ ਮੰਡੀ ਦੀ ਤਿਆਰੀ ਨਾ-ਮਾਤਰ ਹੈ, ਜਥੇਬੰਦੀ ਵੱਲੋਂ ਕਰੜੇ ਸ਼ਬਦਾਂ ਵਿੱਚ ਬੋਲਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਕਿਸਾਨਾਂ ਦੀ ਫਸਲ ਦੀ ਨਿਰਾਦਰੀ ਕੀਤੀ ਗਈ ਜਾਂ ਕਿਸੇ ਅਧਿਕਾਰੀ ਵੱਲੋਂ ਕਿਸਾਨਾਂ ਦੀ ਫਸਲ ਨੂੰ ਖੁੱਡੇ ਮਾਰੇ ਗਏ ਜਾਂ ਕਿਸਾਨਾਂ ਨਾਲ ਧੱਕਾ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮੀਟਿੰਗ ਦੌਰਾਨ ਸੁਰਜੀਤ ਸਿੰਘ ਵਿਰਕ ਬਲਾਕ ਪ੍ਰਧਾਨ ਬਾਘਾ, ਰਣਵੀਰ ਸਿੰਘ ਰਾਣਾ ਘੱਲਕਲਾਂ ਬਲਾਕ ਪ੍ਰਧਾਨ ਮੋਗਾ, ਬਲਜਿੰਦਰ ਸਿੰਘ ਖਾਲਸਾ ਮੁੱਖ ਬੁਲਾਰਾ ਮੋਗਾ, ਲਖਵਿੰਦਰ ਸਿੰਘ ਕੋਮਲ ਬਲਾਕ ਸਕੱਤਰ ਬਾਘਾ ਪੁਰਾਣਾ, ਕੁਲਵੰਤ ਸਿੰਘ ਜੋਗੇਵਾਲਾ, ਗੁਰਦਰਸ਼ਨ ਸਿੰਘ ਕਾਕਾ ਮਨਾਵਾਂ, ਲਖਵਿੰਦਰ ਸਿੰਘ ਉਮਰਿਆਣਾ, ਗੁਰਪ੍ਰੀਤ ਸਿੰਘ ਗੋਪੀ, ਕਾਕਾ ਸਿੰਘ ਉਮਰਿਆਣਾ, ਜਸਵਿੰਦਰ ਸਿੰਘ, ਦਰਸ਼ਨ ਸਿੰਘ ਖੋਸਾ, ਦੀਪਾ ਘੱਲ, ਹੈਰੀ ਘੱਲ, ਮੰਦਰ ਸਿੰਘ ਘੱਲ, ਸੋਨੀ ਸਿੱਧੂ, ਬੂਟਾ ਸਿੰਘ ਬਲਾਕ ਆਗੂ ਧਰਮਕੋਟ, ਨਰਿੰਦਰ ਸਿੰਘ ਫੌਜੀ, ਗੁਰਜੰਟ ਸਿੰਘ ਘੱਲ ਕਲਾਂ, ਸੋਹਣ ਸਿੰਘ ਪੰਮੀ, ਕਰਮ ਸਿੰਘ, ਪਰਮੇਲ ਸਿੰਘ, ਦਰਸ਼ਨ ਸਿੰਘ, ਬਿੰਦਰ ਸਿੰਘ, ਰਵੀ ਸ਼ਰਮਾ, ਸੇਵਕ ਸਿੰਘ, ਗੁਰਚਰਨ ਸਿੰਘ, ਪ੍ਰਗਟ ਸਿੰਘ, ਕਮਲਜੀਤ ਸਿੰਘ, ਜਸਵਿੰਦਰ ਸਿੰਘ ਖਾਲਸਾ, ਸੁਖਜਿੰਦਰ ਸਿੰਘ ਸਾਫੂਵਾਲਾ, ਬਲਦੇਵ ਸਿੰਘ ਸਮਾਲਸਰ, ਕੋਮਲ ਇਕਾਈ ਪ੍ਰਧਾਨ ਸਮਾਲਸਰ, ਲੇਕ ਸਿੰਘ ਸੁਖਾਨੰਦ, ਤੇਜ ਸਿੰਘ, ਤਾਰਾ ਸਿੰਘ, ਜਗਜੀਤ ਸਿੰਘ ਰਣੀਆ ਸੂਬਾ ਆਗੂ, ਮੰਗਾ ਸਿੰਘ ਖੋਸਾ ਪਾਂਡੋ, ਗੁਰਸੇਵਕ ਸਿੰਘ ਰੱਤੀਆਂ, ਹਿੰਦਰੀ ਬਰਾੜ ਪੱਤੋ ਹੀਰਾ ਸਿੰਘ ਪ੍ਰੈੱਸ ਸਕੱਤਰ ਭਾਰਤੀ ਕਿਸਾਨ ਯੂਨੀਅਨ ਖੋਸਾ, ਕੇਵਲ ਸਿੰਘ ਥਰਾਜ, ਦਰਸ਼ਨ ਸਿੰਘ ਸਾਬਕਾ ਸਰਪੰਚ ਥਰਾਜ, ਦਵਿੰਦਰ ਸਿੰਘ ਖੋਟੇ ਆਦਿ ਆਗੂ ਮੌਜੂਦ ਸਨ।

## ਰੱਲਾ ਵਿਖੇ ਆਰ ਵੀ ਵਾਈ ਯੋਜਨਾ ਤਹਿਤ ਮੁਫ਼ਤ ਉਪਕਰਣ ਵੰਡੇ



**ਮਾਨਸਾ (ਆਤਮਾ ਸਿੰਘ ਪਮਾਰ)**- ਭਾਰਤ ਸਰਕਾਰ ਵੱਲੋਂ ਲੋੜਵੰਦ ਬਜ਼ੁਰਗਾਂ ਦੇ ਕਲਿਆਣ ਤੇ ਪੁਨਰਵਾਸ ਲਈ ਬਹੁਤ ਸਾਰੇ ਕੰਮ ਕੀਤੇ ਜਾ ਰਹੇ ਹਨ।ਇਸੇ ਲੜੀ 'ਚ ਜ਼ਿਲ੍ਹਾ ਮਾਨਸਾ ਵਿਖੇ ਭਾਰਤ ਸਰਕਾਰ ਦੀ ਆਰ.ਵੀ.ਵਾਈ. ਯੋਜਨਾ ਤਹਿਤ ਮੁਫ਼ਤ ਉਪਕਰਣ ਵੰਡ ਸਮਾਰੋਹ ਕੀਤਾ ਗਿਆ। ਸਮਾਰੋਹ 'ਚ ਮੁੱਖ ਮਹਿਮਾਨ ਵਜੋਂ ਹਲਕਾ ਮਾਨਸਾ ਦੇ ਵਿਧਾਇਕ ਡਾ. ਵਿਜੇ ਸਿੰਗਲਾ, ਚੁਸ਼ਪਿੰਦਰਬੀਰ ਸਿੰਘ ਚਹਿਲ ਸੀਨੀਅਰ ਆਪ ਆਗੂ, ਕਾਲਾ ਰਾਮ ਕਾਂਸਲ ਐੱਸ ਡੀ ਐੱਮ ਮਾਨਸਾ ਤੇ ਅਲਿਮਕੋ ਮੋਹਾਲੀ ਵੱਲੋਂ ਪੁਨੀਤ (ਪੀ ਐਂਡ ਓ) ਨੇ ਸ਼ਿਰਕਤ ਕੀਤੀ।ਸਮਾਜਿਕ ਨਿਆਂ ਤੇ ਅਧਿਕਾਰਿਤਾ ਮੰਤਰਾਲੇ ਭਾਰਤ ਸਰਕਾਰ ਦੇ ਦਿਵਯਾਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੋ), ਬਿੱਗ ਹੋਪ ਫਾਊਂਡੇਸ਼ਨ ਤੇ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਦੀ ਭਾਗੀਦਾਰੀ ਨਾਲ ਇਹ ਪ੍ਰੋਗਰਾਮ ਰੱਖਿਆ ਗਿਆ ਸੀ।ਇਸ ਮੌਕੇ ਪਿੰਡ ਰੱਲਾ ਦੇ ਲਗਭਗ 457 ਬਜ਼ੁਰਗ ਲਾਭਪਾਤਰੀਆਂ ਨੂੰ ਭਾਰਤ ਸਰਕਾਰ ਦੀ ਆਰ.ਵੀ.ਵਾਈ. ਯੋਜਨਾ ਅਧੀਨ ਲਗਭਗ 40.13 ਲੱਖ ਰੁਪਏ ਦੀ ਲਾਗਤ ਦੇ 2190 ਸਹਾਇਕ ਉਪਕਰਣ ਵੰਡੇ ਗਏ।ਸਮਾਰੋਹ ਵਿੱਚ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੋ) ਮੋਹਾਲੀ, ਬਿੱਗ ਹੋਪ ਫਾਊਂਡੇਸ਼ਨ ਬਰੇਟਾ, ਜ਼ਿਲ੍ਹਾ ਪ੍ਰਸ਼ਾਸਨ, ਮਾਨਸਾ ਤੇ ਗ੍ਰਾਮ ਪੰਚਾਇਤ ਰੱਲਾ ਦੇ ਮੈਂਬਰ ਮੌਜੂਦ ਸਨ।ਬਿੱਗ ਹੋਪ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਕੁਮਾਰ ਨੇ ਕਿਹਾ ਕਿ ਸਾਰੇ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਇਸ ਤਰ੍ਹਾਂ ਦੇ ਕੈਂਪ ਪਿੰਡ ਪੱਧਰ 'ਤੇ ਲਗਵਾਉਣ ਤਾਂ ਜੋ ਕੇਂਦਰ ਸਰਕਾਰ ਵੱਲੋਂ ਸੀਨੀਅਰ ਸਿਟੀਜ਼ਨ ਬਜ਼ੁਰਗਾਂ ਲਈ ਚਲਾਈ ਇਸ ਯੋਜਨਾ ਦਾ ਲੋਕ ਵੱਧ ਤੋਂ ਵੱਧ ਲਾਭ ਲੈ ਸਕਣ।ਇਸ ਮੌਕੇ ਸਰਪੰਚ ਹਰਭਜਨ ਸਿੰਘ, ਦਰਸ਼ਨ ਪਾਲ ਸ਼ਰਮਾ, ਜੈਗੋਪਾਲ ਸ਼ਰਮਾ ਰੱਲਾ, ਜਗਜੀਤ, ਗੁਰਜੰਟ, ਪ੍ਰਗਟ ਸਿੰਘ ਗੇਹਲੇ, ਪ੍ਰਿਤਪਾਲ ਸ਼ਰਮਾ ਸਰਪੰਚ, ਮੀਤਾ ਰੱਲਾ, ਸੁੱਖਾ ਫਫੜੇ, ਸੁੱਖਾ ਮਾਨਸਾ, ਜਗਦੇਵ ਮਾਨਸਾ, ਕੁਲਵੰਤ ਸਿੰਘ, ਗੁਰਦੀਪ ਸਿੰਘ, ਅਮਨਦੀਪ ਸਿੰਘ, ਵੀਰਪਾਲ ਕੌਰ, ਬੀਕਰ ਸਿੰਘ, ਸੁਖਪ੍ਰੀਤ ਸਿੰਘ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

## ਗੁਰਬਾਣੀ ਕੰਠ ਮੁਕਾਬਲੇ 'ਚ ਜੇਤੂ ਵਿਦਿਆਰਥੀਆਂ ਦਾ ਸਨਮਾਨ



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**- ਕਲਗੀਧਰ ਟਰੱਸਟ ਅਕਾਲ ਅਕੈਡਮੀ ਮਨਾਲ ਦੇ 15 ਵਿਦਿਆਰਥੀਆਂ ਨੇ ਪਿੰਡ ਹੇੜੀਕੇ ਵਿਖੇ ਕੁਦਰਤ ਦੇ ਸਭ ਬੰਦੇ ਵੈੱਲਫੇਅਰ ਸੁਸਾਇਟੀ ਵੱਲੋਂ ਕਰਵਾਏ ਗਏ ਗੁਰਬਾਣੀ ਕੰਠ ਮੁਕਾਬਲੇ 'ਚ ਭਾਗ ਲਿਆ।ਪ੍ਰਬੰਧਕਾਂ ਵੱਲੋਂ ਅਕੈਡਮੀ ਦੇ ਜੇਤੂ ਵਿਦਿਆਰਥੀਆਂ ਨੂੰ ਸਾਈਕਲ ਤੇ ਸਰਟੀਫ਼ਿਕੇਟ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਵੈੱਲਫੇਅਰ ਸੁਸਾਇਟੀ ਤੇ ਸਮੂਹ ਇਲਾਕਾ ਨਿਵਾਸੀ ਸੰਗਤ ਦੇ ਸਹਿਯੋਗ ਨਾਲ ਕਰਵਾਏ ਇਸ ਮੁਕਾਬਲੇ ਵਿੱਚ ਵੱਖ-ਵੱਖ ਸਕੂਲਾਂ ਤੇ ਸੰਸਥਾਵਾਂ ਦੇ ਦੋ ਸੌ ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ।ਇਨਾਮ ਜੇਤੂ ਵਿਦਿਆਰਥੀਆਂ ਵੱਲੋਂ ਅਕਾਲ ਅਕੈਡਮੀ ਮਨਾਲ ਪਹੁੰਚਣ 'ਤੇ ਪ੍ਰਿੰਸੀਪਲ, ਸਮੂਹ ਸਟਾਫ ਵੱਲੋਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਅਕਾਲ ਅਕੈਡਮੀ ਦੇ ਡਿਵਨਟੀ ਵਿਭਾਗ ਦੇ ਮੁਖੀ ਸੁਖਦੀਪ ਸਿੰਘ ਵੱਲੋਂ ਵੀ ਬੱਚਿਆਂ ਨੂੰ ਵਧੇਰੇ ਲਗਨ ਤੇ ਮਿਹਨਤ ਨਾਲ ਗੁਰਮਤਿ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ।

## ਮਹਾਪ੍ਰਗਿਆ ਸਕੂਲ 'ਚ ਸਾਲਾਨਾ ਸਮਾਗਮ 'ਉਮੰਗ' ਉਤਸ਼ਾਹ ਨਾਲ ਮਨਾਇਆ

**ਜਗਰਾਉਂ (ਅਮਿਤ ਖੰਨਾ)**- ਜਗਰਾਉਂ ਦੇ ਇੱਕ ਪ੍ਰਸਿੱਧ ਵਿੱਦਿਅਕ ਸੰਸਥਾ ਮਹਾਪ੍ਰਗਿਆ ਸਕੂਲ ਵਿਖੇ ਉਮੰਗ ਸਾਲਾਨਾ ਸਮਾਗਮ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਅਣਵੰਡੇ ਪੰਜਾਬ ਦੇ ਲੋਕ ਨਾਚ, ਰਸਮਾਂ ਤੇ ਰੀਤੀ-ਰਿਵਾਜਾਂ ਦਾ ਪ੍ਰਦਰਸ਼ਨ ਕੀਤਾ ਗਿਆ।ਐੱਨ.ਸੀ.ਸੀ. ਕੈਡਿਟਾਂ ਨੇ ਮੁੱਖ ਮਹਿਮਾਨਾਂ ਨੂੰ ਸਲਾਮੀ ਦਿੱਤੀ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਡਾਇਰੈਕਟਰ ਵਿਸ਼ਾਲ ਜੈਨ ਦੁਆਰਾ ਪਵਿੱਤਰ ਦੀਵੇ ਜਗਾਉਣ ਨਾਲ ਹੋਈ।ਮੁੱਖ ਮਹਿਮਾਨਾਂ ਵਿੱਚ ਡਿਪਟੀ



ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ (ਆਈ.ਏ.ਐੱਸ.), (ਏ.ਡੀ.ਸੀ.) ਸ਼੍ਰੀ ਕੁਲਪ੍ਰੀਤ ਸਿੰਘ, ਸ਼੍ਰੀ ਸੁਰਿੰਦਰ ਮਿੱਤਲ, ਮੰਡੀ ਗੋਬਿੰਦਗੜ੍ਹ, ਵਿਨੈ ਪਾਲ ਜੈਨ, ਪਾਣੀਪਤ, ਜਨਕ ਰਾਜ ਜੈਨ, ਵੱਖ-ਵੱਖ ਪਿੰਡਾਂ ਦੇ ਸਰਪੰਚ, ਸ਼੍ਰੀਮਤੀ ਊਸ਼ਾ ਜੈਨ, ਸੰਜੋਲੀ ਜੈਨ, ਰਾਧਾ ਜੈਨ ਤੇ ਪ੍ਰਿੰਸੀਪਲ ਪ੍ਰਭਜੀਤ ਕੌਰ ਵਰਮਾ ਸ਼ਾਮਲ ਸਨ।ਕੋਆਰਡੀਨੇਟਰ ਸੁਰਿੰਦਰ ਕੌਰ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ।ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੰਜਾਬੀ ਲੋਕ ਨਾਚ, ਜੰਗ ਤੇ ਜਿੰਦੂਆ ਪੇਸ਼ ਕੀਤੇ।ਤੀਜੀ ਤੇ ਪੰਜਵੀਂ ਜਮਾਤ ਦੇ ਨੌਜਵਾਨ ਕਲਾਕਾਰਾਂ ਨੇ ਹਿਮਾਚਲੀ ਨਾਚ ਨਾਟੀ ਪੇਸ਼ ਕੀਤੀ।ਪੰਜਵੀਂ, ਛੇਵੀਂ, ਸੱਤਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਲੰਮੀ ਹੇਕ ਤੇ ਪੰਜਾਬੀ ਲੋਕ ਨਾਚ ਧਮਾਲ ਦੀ ਪੇਸ਼ਕਾਰੀ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ।ਪਹਿਲੀ ਤੇ ਦੂਜੀ ਜਮਾਤ ਦੇ ਬਾਲ ਕਲਾਕਾਰਾਂ ਨੇ ਕੋਰੀਓਗ੍ਰਾਫੀ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਸਕੂਲ ਪ੍ਰਿੰਸੀਪਲ ਨੇ ਸਾਲਾਨਾ ਰਿਪੋਰਟ ਰਾਹੀਂ ਸਕੂਲ ਦੀਆਂ ਪ੍ਰਾਪਤੀਆਂ ਸਾਂਝੀਆਂ ਕੀਤੀਆਂ।ਛੇਵੀਂ ਤੇ ਸੱਤਵੀਂ ਜਮਾਤ ਦੀਆਂ ਕੁੜੀਆਂ ਨੇ ਹਰਿਆਣਵੀ ਨਾਚ, ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੰਜਾਬੀ ਲੋਕ ਨਾਚ ਝੁਮਰ ਤੇ ਗਿੱਧਾ ਪੇਸ਼ ਕੀਤਾ।ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਮਲਵਈ ਗਿੱਧਾ, ਸੰਮੀ ਤੇ ਘੋੜੀਆਂ ਗਾ ਕੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨੂੰ ਜ਼ਿੰਦਾ ਕੀਤਾ।ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਢੋਲ ਦੀ ਤਾਲ 'ਤੇ ਲੱਡੂ ਪੇਸ਼ ਕਰਕੇ ਹਲਚਲ ਮਚਾ ਦਿੱਤੀ।ਮੁੱਖ ਮਹਿਮਾਨਾਂ ਨੇ ਹੋਣਹਾਰ ਵਿਦਿਆਰਥੀਆਂ ਨੂੰ ਅਕਾਦਮਿਕ ਉੱਤਮਤਾ ਲਈ ਪੁਰਸਕਾਰ ਭੇਟ ਕੀਤੇ।ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਡਾਇਰੈਕਟਰ ਵਿਸ਼ਾਲ ਜੈਨ ਪਟਨੀ ਨੇ ਸਾਰਿਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਅੱਜ ਦੀ ਸਿੱਖਿਆ ਸਿਰਫ਼ ਅਕਾਦਮਿਕ ਪ੍ਰਾਪਤੀਆਂ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਬੱਚਿਆਂ ਵਿੱਚ ਕਦਰਾਂ-ਕੀਮਤਾਂ, ਆਲੋਚਨਾਤਮਕ ਸੋਚ ਤੇ ਸਹਿਣਸ਼ੀਲਤਾ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਉਹ ਜ਼ਿੰਮੇਵਾਰ ਨਾਗਰਿਕ ਬਣ ਸਕਣ, ਕਿਉਂਕਿ ਦੂਰਅੰਦੇਸ਼ੀ, ਨਵੀਨਤਾ ਤੇ ਨਿਮਰਤਾ ਵਰਗੇ ਗੁਣਾਂ ਨੂੰ ਅਪਣਾ ਕੇ ਹੀ ਅਸੀਂ ਕੋਈ ਵੀ ਪ੍ਰਾਪਤੀ ਹਾਸਲ ਕਰ ਸਕਦੇ ਹਾਂ।ਉਨ੍ਹਾਂ ਆਏ ਸਾਰੇ ਮਹਿਮਾਨਾਂ ਤੇ ਮਾਪਿਆਂ ਦਾ ਧੰਨਵਾਦ ਕੀਤਾ।ਪ੍ਰੋਗਰਾਮ ਦਾ ਅੰਤ ਰਾਸ਼ਟਰੀ ਗੀਤ ਦੀ ਧੁਨ ਨਾਲ ਹੋਇਆ।

## ਏ ਡੀ ਜੀ ਪੀ ਪੂਰਨ ਕੁਮਾਰ ਵੱਲੋਂ ਕੀਤੀ ਖੁਦਕੁਸ਼ੀ ਦੀ ਉੱਚ-ਪੱਧਰੀ ਜਾਂਚ ਹੋਵੇ : ਮਾਨ

**ਦੋਸ਼ੀ ਭਾਵੇ ਕਿੰਨੇ ਵੀ ਉੱਚ ਅਹੁਦੇ 'ਤੇ ਕਿਉਂ ਨਾ ਹੋਵੇ, ਕਾਨੂੰਨ ਅਨੁਸਾਰ ਸਜ਼ਾ ਮਿਲੇ**

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਇਕ ਆਈ.ਪੀ.ਐੱਸ. ਰੈਂਕ ਦੇ ਹਰਿਆਣੇ ਦੇ ਉੱਚ ਅਫਸਰ ਸ੍ਰੀ ਪੂਰਨ ਕੁਮਾਰ ਵੱਲੋਂ, ਜੋ 2 ਦਿਨ ਪਹਿਲੇ ਖੁਦਕੁਸ਼ੀ ਕੀਤੀ ਗਈ ਹੈ, ਉਸ ਦੁਖਾਂਤ ਵਿੱਚ ਹਰਿਆਣੇ ਨਾਲ ਸੰਬੰਧਤ ਕਈ ਆਈ.ਏ.ਐੱਸ. ਤੇ ਪੁਲਸ ਅਫਸਰਾਂ ਦੇ ਨਾਮ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਰਹੇ ਹਨ, ਕਿਉਂਕਿ ਕੁਝ ਅਫਸਰਾਨ ਵੱਲੋਂ ਸ੍ਰੀ ਪੂਰਨ ਕੁਮਾਰ ਨੂੰ ਕੁਝ ਸਮੇਂ ਤੋਂ ਗਲਤ ਢੰਗ-ਤਰੀਕਿਆਂ ਰਾਹੀਂ ਵੱਡੇ ਪ੍ਰੇਸ਼ਾਨ ਤੇ ਮਾਨਸਿਕ ਪੀੜਾ ਦਿੱਤੀ ਜਾ ਰਹੀ ਸੀ।ਇਹ ਹੋਰ ਵੀ ਦੁੱਖ ਤੇ ਅਫਸੋਸ ਵਾਲੀ ਕਾਰਵਾਈ ਹੈ ਕਿ ਉਨ੍ਹਾਂ ਨੂੰ ਇੱਕ ਦਲਿਤ ਅਫਸਰ ਹੋਣ ਦੀ ਬਦੌਲਤ ਜਾਤੀਵਾਦ ਤੇ ਨਸਲਵਾਦ ਦੀ ਨਫਰਤ ਭਰੀ ਸੋਚ ਅਧੀਨ ਇਹ ਮਾਨਸਿਕ ਤਸ਼ਦਦ ਢਾਹਿਆ ਜਾ ਰਿਹਾ ਸੀ, ਜਿਸ ਨੇ ਉਨ੍ਹਾਂ ਨੂੰ ਇਸ ਦੁਖਾਂਤ ਵੱਲ ਧਕੇਲਣ ਲਈ ਮਜਬੂਰ ਕੀਤਾ।ਇਸ ਸੰਬੰਧ ਵਿੱਚ ਉਨ੍ਹਾਂ ਦੋਸ਼ੀ ਅਫਸਰਾਨ ਵਿਰੁੱਧ ਪਟੀਸ਼ਨ ਵੀ ਪਾਈ ਹੋਈ ਸੀ, ਪਰ ਹਕੂਮਤੀ ਤੇ ਕਾਨੂੰਨੀ ਪੱਧਰ 'ਤੇ ਕੋਈ ਅਮਲ ਨਾ ਹੋਣ ਦੀ ਬਦੌਲਤ ਉਨ੍ਹਾਂ ਦੇ ਮਨ-ਆਤਮਾ ਉਤੇ ਇਸ ਘਟਨਾ ਦਾ ਵੱਡਾ ਬੋਝ ਸੀ, ਜਿਸ ਕਾਰਨ ਹਾਲਾਤਾਂ ਨੇ ਉਨ੍ਹਾਂ ਨੂੰ ਖੁਦਕੁਸ਼ੀ ਵੱਲ ਧਕੇਲਿਆ।ਇਸ ਲਈ ਇਹ ਜ਼ਰੂਰੀ ਹੈ ਕਿ ਇਕ ਦਲਿਤ ਉੱਚ ਅਫਸਰ ਨਾਲ ਬਹੁਗਿਣਤੀ ਨਾਲ ਸੰਬੰਧਤ ਕੁਝ ਅਫਸਰਾਂ ਵੱਲੋਂ ਕੀਤੀ ਜਾਂਦੀ ਆ ਰਹੀ ਜ਼ਿਆਦਤੀ ਦੀ ਬਦੌਲਤ ਹੋਈ ਖੁਦਕੁਸ਼ੀ ਦੀ ਉੱਚ ਪੱਧਰੀ ਜਾਂਚ ਹੋਵੇ ਅਤੇ ਜੋ ਵੀ ਆਈ.ਏ.ਐੱਸ. ਜਾਂ ਆਈ.ਪੀ.ਐੱਸ. ਅਫਸਰਾਨ ਇਸ ਦੁਖਾਂਤ ਵਿੱਚ ਸ਼ਾਮਲ ਹਨ, ਉਨ੍ਹਾਂ ਨੂੰ ਫੌਰੀ ਕਾਨੂੰਨ ਅਨੁਸਾਰ ਬਣਦੀ ਸਜ਼ਾ ਦੇਣ ਦਾ ਪ੍ਰਬੰਧ ਹੋਵੇ ਤਾਂ ਕਿ ਕੋਈ ਵੀ ਅਫਸਰ ਸਮਾਜ ਵਿਚ ਘੱਟ ਗਿਣਤੀ ਕੌਮਾਂ ਤੇ ਬਹੁਗਿਣਤੀ ਕੌਮਾਂ ਵਿੱਚ ਨਫਰਤ ਪੈਦਾ ਕਰਨ ਤੇ ਨਸਲਵਾਦ ਦੀ ਸੋਚ ਨੂੰ ਬੜ੍ਹਾਵਾ ਦੇਣ ਦੀ ਗੁਸਤਾਖੀ ਨਾ ਕਰ ਸਕੇ ਅਤੇ ਕਿਸੇ ਵੀ ਇਨਸਾਨ ਨੂੰ ਇਸ ਤਰ੍ਹਾਂ ਆਪਣੀ ਜ਼ਿੰਦਗੀ ਤੋਂ ਹੱਥ ਧੋਣ ਲਈ ਮਜਬੂਰ ਨਾ ਹੋਣਾ ਪਵੇ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਰਿਆਣੇ ਦੇ ਇੱਕ ਦਲਿਤ ਆਈ.ਪੀ.ਐੱਸ. ਅਫਸਰ ਨਾਲ ਕੁਝ ਗਲਤ ਸੋਚ ਵਾਲੇ ਅਫਸਰਾਂ ਵੱਲੋਂ ਕੀਤੀ ਜ਼ਿਆਦਤੀ ਉਪਰੰਤ ਹੋਈ ਖੁਦਕੁਸ਼ੀ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਤੇ ਦੋਸ਼ੀਆਂ ਨੂੰ ਫੌਰੀ ਬਣਦੀ ਸਜ਼ਾ ਦਿਵਾਉਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਹਿੰਦੂਤਵ ਸੋਚ ਵਾਲੇ ਆਪਣੇ ਆਪ ਨੂੰ ਆਰੀਅਨ ਅਖਵਾ ਕੇ ਉੱਚ ਦਰਜੇ ਦੇ ਮੰਨਦੇ ਹਨ ਤੇ ਦੂਸਰੀਆਂ ਕੌਮਾਂ ਨਾਲ ਸੰਬੰਧਤ ਨਿਵਾਸੀਆਂ ਨੂੰ ਹਰ ਸਮੇਂ ਨਸਲਵਾਦੀ, ਫਿਰਕੂ ਸੋਚ ਰਾਹੀਂ ਨਿਸ਼ਾਨਾਂ ਬਣਾਉਣ ਤੇ ਨੀਵਾਂ ਦਿਖਾਉਣ ਦੇ ਸਮਾਜ ਵਿਰੋਧੀ ਦੁੱਖਦਾਇਕ ਅਮਲ ਉੱਤੇ ਕਰਦੇ ਆ ਰਹੇ ਹਨ ਜਿਵੇ ਨਾਜੀ ਆਰੀਅਨ ਉੱਚ ਦਰਜੇ ਦੇ ਅਖਵਾ ਕੇ ਦੂਜਿਆਂ ਨੂੰ ਗੈਰ ਚੈਂਬਰਾਂ ਵਿੱਚ ਅਣਮਨੁੱਖੀ ਢੰਗਾਂ ਰਾਹੀਂ ਤਸ਼ੱਦਦ ਕਰਕੇ ਖਤਮ ਕਰ ਦਿੰਦੇ ਸਨ।ਸ੍ਰ. ਮਾਨ ਨੇ ਸ੍ਰੀ ਪੂਰਨ ਕੁਮਾਰ ਦੀ ਹੋਈ ਦੁਖਾਂਤਕ ਮੌਤ ਉਤੇ ਉਨ੍ਹਾਂ ਦੀ ਸੁਪਤਨੀ ਅਮਨੀਤ ਪੂਰਨ ਕੁਮਾਰ, ਜੋ ਖੁਦ ਵੀ ਇੱਕ ਆਈ.ਏ.ਐੱਸ. ਅਫਸਰ ਹਨ, ਨਾਲ ਦੁੱਖ ਦੀ ਘੜੀ ਵਿੱਚ ਹਮਦਰਦੀ ਪ੍ਰਗਟ ਕਰਦੇ ਹੋਏ ਉਸ ਅਕਾਲ ਪੁਰਖ ਦੇ ਚਰਨਾਂ ਵਿੱਚ ਵਿੱਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਵੀ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਹੋਏ ਜਬਰ ਵਿਰੁੱਧ ਆਪਣੀ ਜ਼ਿੰਮੇਵਾਰੀ ਸਮਝ ਕੇ ਇਨਸਾਫ਼ ਮਿਲਣ ਤੱਕ ਆਵਾਜ਼ ਬੁਲੰਦ ਕਰਦਾ ਰਹੇਗਾ।

12-Oct-PAGE-6.qxd 10/11/2025 11:22 PM Page 1



# ਵਿਧਾਇਕ ਰੰਧਾਵਾ ਵੱਲੋਂ ਡੇਰਾਬੱਸੀ ਹਲਕੇ ਦੇ 13 ਪਿੰਡਾਂ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਹਲਕੇ ਦੇ ਐਮ.ਐਲ.ਏ. ਕੁਲਜੀਤ ਸਿੰਘ ਰੰਧਾਵਾ ਨੇ ਹਲਕੇ ਦੇ 13 ਵੱਖ-ਵੱਖ ਪਿੰਡਾਂ ਵਿੱਚ ਲਗਭਗ 98.50 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ। ਇਹ ਸਾਰੇ ਪ੍ਰਾਜੈਕਟ ਪਿੰਡਾਂ ਵਿੱਚ ਗਲੀਆਂ-ਨਾਲੀਆਂ, ਸੜਕਾਂ, ਕਮਿਊਨਿਟੀ ਸੈਂਟਰਾਂ, ਧਰਮਸ਼ਾਲਿਆਂ, ਸਮਸ਼ਾਨਘਾਟਾਂ ਅਤੇ ਗੰਦੇ ਪਾਣੀ ਦੀ ਨਿਕਾਸੀ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਵਿਕਾਸ ਨਾਲ ਸਬੰਧਤ ਹਨ।ਇਸ ਮੌਕੇ ਰੰਧਾਵਾ ਨੇ ਕਿਹਾ ਕਿ ਹਰ ਪਿੰਡ ਵਿੱਚ ਸੁਚੱਜਾ ਬੁਨਿਆਦੀ ਢਾਂਚਾ, ਸਾਫ਼-ਸੁਥਰਾ ਵਾਤਾਵਰਣ ਅਤੇ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਪਿੰਡਾਂ ਨੂੰ ਸਹੀ ਮਾਇਨਿਆਂ ਵਿੱਚ ਮਾਡਲ ਪਿੰਡਾਂ ਵਿੱਚ ਬਦਲਿਆ ਜਾ ਸਕੇ।ਇਸ ਜਿਨ੍ਹਾਂ ਪਿੰਡਾਂ ਵਿੱਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ, ਉਨ੍ਹਾਂ ਵਿੱਚ ਪਿੰਡ ਪਰਾਗਪੁਰ, 10 ਲੱਖ ਦੀ ਲਾਗਤ ਨਾਲ ਗੰਦੇ ਪਾਣੀ ਦੀ ਨਿਕਾਸੀ ਅਤੇ ਗਲੀਆਂ-ਨਾਲੀਆਂ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਇਬਰਾਹਿਮਪੁਰ, 4 ਲੱਖ ਦੀ ਲਾਗਤ ਨਾਲ ਗਲੀਆਂ-ਨਾਲੀਆਂ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਕਾਰਕੌਰ, 8 ਲੱਖ ਦੀ ਲਾਗਤ ਨਾਲ ਗਲੀਆਂ-ਨਾਲੀਆਂ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਬਰੌਲੀ, 8 ਲੱਖ ਦੀ



ਲਾਗਤ ਨਾਲ ਡਿਗਣੀ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਅਮਲਾਲਾ, 4 ਲੱਖ ਦੀ ਲਾਗਤ ਨਾਲ ਕਬਰਸਤਾਨ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਈਸਾਪੁਰ ਜੰਗੀ, 9 ਲੱਖ ਦੀ ਲਾਗਤ ਨਾਲ ਮੇਨ ਰਸਤੇ ਦੀ ਉਸਾਰੀ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਭਗਵਾਸੀ, 8 ਲੱਖ ਦੀ ਲਾਗਤ ਨਾਲ ਕਮਿਊਨਿਟੀ ਸੈਂਟਰ ਅਤੇ ਗਲੀ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਬੱਲੋਪੁਰ, 6 ਲੱਖ ਦੀ ਲਾਗਤ ਨਾਲ ਕਮਿਊਨਿਟੀ ਸੈਂਟਰ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਮਲਕਪੁਰ, 4 ਲੱਖ ਦੀ ਲਾਗਤ ਨਾਲ ਕਬਰਸਤਾਨ ਦੇ ਵੇਟਿੰਗ ਸ਼ੈੱਡ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਜਿਉਲੀ, 22 ਲੱਖ ਦੀ ਲਾਗਤ ਨਾਲ ਧਰਮਸ਼ਾਲਾ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਮੀਆਂਪੁਰ, 9 ਲੱਖ ਦੀ ਲਾਗਤ ਨਾਲ ਧਰਮਸ਼ਾਲਾ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਭਗਵਾਨਪੁਰ, 2.50 ਲੱਖ ਦੀ ਲਾਗਤ ਨਾਲ ਸਮਸ਼ਾਨਘਾਟ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ, ਪਿੰਡ ਮੋਠਾਂਵਾਲੀ, 4 ਲੱਖ ਦੀ ਲਾਗਤ ਨਾਲ ਗੰਦੇ ਪਾਣੀ ਦੀ ਨਿਕਾਸੀ ਦੇ ਕੰਮ ਦੀ ਸ਼ੁਰੂਆਤ ਕਰਨ ਸਬੰਧੀ ਪ੍ਰੋਜੈਕਟ ਸ਼ਾਮਲ ਹਨ।ਇਨ੍ਹਾਂ ਪ੍ਰੋਜੈਕਟਾਂ ਨੂੰ ਅੱਧੀ ਸਦੀ ਬਾਅਦ ਪਿੰਡਾਂ ਦੇ ਵਿਕਾਸ ਤੋਂ ਪਿੰਡ ਵਾਸੀਆਂ ਨੇ ਵਿਸ਼ੇਸ਼ ਤੌਰ 'ਤੇ ਐਮ.ਐਲ.ਏ ਕੁਲਜੀਤ ਸਿੰਘ ਰੰਧਾਵਾ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਪਿੰਡਾਂ ਦੇ ਸਰਪੰਚਾਂ, ਪੰਚਾਂ, ਸਥਾਨਕ ਵਾਸੀਆਂ ਅਤੇ ਵਿਭਾਗੀ ਅਧਿਕਾਰੀਆਂ ਨੇ ਐਮ.ਐਲ.ਏ. ਰੰਧਾਵਾ ਦਾ ਧੰਨਵਾਦ ਕੀਤਾ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਬਿਜਲੀ ਵਿਭਾਗ ਦੀਆਂ ਜ਼ਮੀਨਾਂ ਵੇਚਣ ਦੇ ਫ਼ੈਸਲੇ ਦੀ ਨਿਖੇਧੀ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਔਲਖ ਤੇ ਜਨਰਲ ਸਕੱਤਰ ਜਸਵਿੰਦਰ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਬਿਜਲੀ ਵਿਭਾਗ ਦੀਆਂ ਜ਼ਮੀਨਾਂ ਨੂੰ ਵੇਚਣ ਲਈ ਫੈਸਲੇ ਕੀਤੇ ਜਾ ਰਹੇ ਹਨ। ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਇਹ ਫੈਸਲਾ ਵਾਪਸ ਲਿਆ ਜਾਵੇ।ਆਗੂਆਂ ਨੇ ਕਿਹਾ ਕਿ ਬਿਜਲੀ ਵਿਭਾਗ ਦੀ ਉਸਾਰੀ ਕਰਨ ਸਮੇਂ ਪੰਜਾਬ ਦੇ ਲੋਕਾਂ ਵੱਲੋਂ ਇਹ ਜ਼ਮੀਨਾਂ ਗਰਿੱਡ/ਬਿਜਲੀ ਘਰ ਬਣਾਉਣ ਲਈ ਸਰਕਾਰ ਨੂੰ ਦਾਨ ਦੇ ਰੂਪ ਵਿੱਚ ਦਿੱਤੀਆਂ ਗਈਆਂ ਸਨ। ਪਰ ਸਰਕਾਰ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਦੇ ਹੋਏ ਬਿਜਲੀ ਵਿਭਾਗ ਦੀਆਂ ਇਹ ਜ਼ਮੀਨਾਂ ਨਿੱਜੀ ਕੰਪਨੀਆਂ ਨੂੰ ਵੇਚਣ ਦਾ ਕਦਮ ਬਿਜਲੀ ਵਿਭਾਗ ਨੂੰ ਮੁਕੰਮਲ ਰੂਪ ਵਿੱਚ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ ਦੀ ਲੋੜ ਵਿੱਚੋਂ ਲਿਆ ਜਾ ਰਿਹਾ ਹੈ। ਇਸ ਨੀਤੀ ਤਹਿਤ ਬਿਜਲੀ ਵਿਭਾਗ ਵਿੱਚ ਵਰਕ ਲੋਡ ਮੁਤਾਬਕ ਨਵੀਆਂ ਅਸਾਮੀਆਂ ਦੀ ਰਚਨਾ ਕਰਕੇ ਰੈਗੂਲਰ ਭਰਤੀ ਕਰਨ ਦੀ ਬਜਾਏ ਆਊਟਸੋਰਸਡ ਪ੍ਰਣਾਲੀ ਰਾਹੀਂ ਬਿਜਲੀ ਦਾ ਕੰਮ ਚਲਾਇਆ ਜਾ ਰਿਹਾ, ਖਰੜ ਅਤੇ ਲਾਲੜੂ ਸਮੇਤ ਹੋਰਨਾਂ ਡਵੀਜ਼ਨਾਂ ਨੂੰ ਨਿੱਜੀ ਕੰਪਨੀਆਂ ਹਵਾਲੇ ਕਰਨ ਦੇ ਫੈਸਲੇ ਲਏ ਜਾ ਰਹੇ ਹਨ, ਖਪਤਕਾਰਾਂ ਦੀਆਂ ਸ਼ਿਕਾਇਤਾਂ ਹੱਲ ਕਰਨ ਦਾ ਕੰਮ ਨਿੱਜੀ ਕੰਪਨੀਆਂ ਨੂੰ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਬਿਜਲੀ ਵਿਭਾਗ ਦੇ ਮੁਲਾਜ਼ਮਾਂ ਤੇ ਕੇਂਦਰ ਸਰਕਾਰ ਦੇ ਤਨਖਾਹ ਸਕੇਲ ਲਾਗੂ ਕੀਤੇ ਗਏ ਹਨ, ਇਸੇ ਨੀਤੀ ਤਹਿਤ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤੀਆਂ ਜਾ ਰਹੀਆਂ ਹਨ। ਇਹ ਨਿੱਜੀਕਰਨ ਦੀ ਨੀਤੀ ਬਿਜਲੀ ਵਿਭਾਗ ਵਿੱਚ ਹੀ ਲਾਗੂ ਨਹੀਂ ਕੀਤੀ ਜਾ ਰਹੀ ਸਗੋਂ ਸਮੁੱਚੇ ਵਿਭਾਗਾਂ ਵਿੱਚ ਲਾਗੂ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਇਸ ਵਿੱਚ ਲਾਗੂ ਕੀਤੇ ਜਾ ਰਹੇ ਸਾਮਰਾਜੀ ਦਿਸ਼ਾ ਨਿਰਦੇਸ਼ਤ ਨਿੱਜੀਕਰਨ ਦੇ ਤਬਾਹਕੁਨ ਹਮਲੇ ਦੇ ਖਿਲਾਫ ਸਮੁੱਚੇ ਵਿਭਾਗਾਂ ਦੇ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਨੂੰ ਵਿਸ਼ਾਲ, ਤਿੱਖੇ ਅਤੇ ਸਾਂਝੇ ਸੰਘਰਸ਼ਾਂ ਦੇ ਰਾਹ ਤੇ ਤੁਰਨ ਦੀ ਲੋੜ ਹੈ। ਇਸੇ ਰਾਹ ਤੇ ਤੁਰ ਕੇ ਹੀ ਅਪਣੀ ਹੋਂਦ ਨੂੰ ਬਚਾਇਆ ਜਾ ਸਕਦਾ ਹੈ।

# 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਵੱਖ-ਵੱਖ ਥਾਈਂ ਚੈਕਿੰਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਜ਼ਿਲ੍ਹੇ ਵਿਚ ਵੱਖ-ਵੱਖ ਥਾਈਂ ਜਾ ਕੇ ਚੈਕਿੰਗ ਕੀਤੀ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗਿਰੀਸ਼ ਡੋਗਰਾ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਅਤੇ ਜ਼ਿਲ੍ਹੇ ਦੇ ਸੀਨੀਅਰ ਮੈਡੀਕਲ ਅਫ਼ਸਰਾਂ ਦੀ ਅਗਵਾਈ ਹੇਠ ਸਿਹਤ ਟੀਮਾਂ ਨੇ ਵਿਸ਼ੇਸ਼ ਤੌਰ 'ਤੇ ਨਰਸਰੀਆਂ, ਖ਼ਾਲੀ ਪਲਾਟਾਂ ਅਤੇ ਨਿਰਮਾਣ ਸਥਾਨਾਂ 'ਤੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸ਼ੱਕੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਸਮਝਾਇਆ। ਨਿਰੀਖਣ ਟੀਮਾਂ ਵਿਚ ਖ਼ਾਸ ਤੌਰ 'ਤੇ ਜ਼ਿਲ੍ਹੇ ਦੇ ਨਰਸਿੰਗ ਕਾਲਜਾਂ ਦੇ ਵਿਦਿਆਰਥੀ ਅਤੇ ਆਸ਼ਾ ਵਰਕਰ ਸ਼ਾਮਲ ਸਨ।ਡਾ. ਜੈਨ ਨੇ ਦੱਸਿਆ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ



ਨਵੰਬਰ ਅਖ਼ੀਰ ਤੱਕ ਜ਼ਿਆਦਾ ਹੁੰਦਾ ਹੈ। ਇਸ ਲਈ ਇਨ੍ਹਾਂ ਦਿਨਾਂ ਵਿਚ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਤਰਕਸ਼ੀਲ ਸੁਸਾਇਟੀ ਵੱਲੋਂ ਕਰਵਾਈ ਚੇਤਨਾ ਪਰਖ ਪ੍ਰੀਖਿਆ



**ਬੰਗਾ (ਅਵਤਾਰ ਕਲੇਰ)**-ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਨਵਾਂਸ਼ਹਿਰ ਵੱਲੋਂ ਗ਼ਦਰੀ ਬੀਬੀ ਗੁਲਾਬ ਕੌਰ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ। ਜ਼ੋਨ ਨਵਾਂਸ਼ਹਿਰ ਦੇ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਨੇ ਦੱਸਿਆ ਕਿ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਵਿੱਚ ਜੋਨ ਦੇ 30 ਮਿਡਲ ਅਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੀਖਿਆ ਵਿੱਚ ਜ਼ੋਨ ਨਵਾਂਸ਼ਹਿਰ ਦੇ ਮਿਡਲ ਵਰਗ ਦੇ 598 ਅਤੇ ਸੈਕੰਡਰੀ ਵਰਗ ਦੇ 541 ਵਿਦਿਆਰਥੀ ਬੈਠੇ। ਵਿਦਿਆਰਥੀਆਂ ਨੇ ਇਹ ਪ੍ਰੀਖਿਆ ਬਹੁਤ ਹੀ ਉਤਸ਼ਾਹ ਨਾਲ ਦਿੱਤੀ। ਇਹ ਪ੍ਰੀਖਿਆ ਪੂਰੇ ਪੰਜਾਬ ਵਿੱਚ ਕਰਵਾਈ ਗਈ ਜਿਸ ਵਿੱਚ ਲੱਗਪਗ ਤੀਹ ਹਜ਼ਾਰ ਵਿਦਿਆਰਥੀਆਂ ਨੇ ਭਾਗ ਲਿਆ।ਸੂਬਾ ਕਮੇਟੀ ਮੈਂਬਰ ਜੋਗਿੰਦਰ ਕੁੱਲੇਵਾਲ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਅਤੇ ਪ੍ਰੰਸਸਾ ਪੱਤਰ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਜ਼ੋਨ ਦੇ ਵਿੱਤ ਮੁਖੀ ਸੁਖਵਿੰਦਰ ਗੋਗਾ ਅਤੇ ਸੱਤਪਾਲ ਸਲੋਹ ਨੇ ਕਿਹਾ ਕਿ ਇਸ ਪ੍ਰੀਖਿਆ ਦਾ ਮੁੱਖ ਮੰਤਵ ਵਿਦਿਆਰਥੀਆਂ ਦੀ ਬੁੱਧੀ ਦਾ ਵਿਕਾਸ ਕਰਨਾ, ਉਹਨਾਂ ਦੀ ਸੋਚ ਨੂੰ ਵਿਗਿਆਨਕ ਬਣਾਉਣਾ ਹੈ। ਇਹ ਪ੍ਰੀਖਿਆ ਬੰਗਾ ਇਲਾਕੇ ਵਿੱਚ ਹਰਜਿੰਦਰ ਸੂੰਨੀ, ਨਵਾਂਸ਼ਹਿਰ ਵਿੱਚ ਬਲਵਿੰਦਰ ਕੌਰ ਸਲੋਹ ਅਤੇ ਗੜ੍ਹਸ਼ੰਕਰ ਵਿੱਚ ਮਾ.ਰਾਜ ਕੁਮਾਰ ਗੜ੍ਹਸ਼ੰਕਰ ਦੀ ਅਗਵਾਈ ਹੇਠ ਕਾਰਵਾਈ ਗਈ। ਇਸ ਪ੍ਰੀਖਿਆ ਨੂੰ ਸਫਲ ਬਣਾਉਣ ਲਈ ਸੁਖਵਿੰਦਰ ਲੰਗੇਰੀ, ਮੋਹਣ ਬੀਕਾ, ਮੁੱਖ ਅਧਿਆਪਕ ਕੁਲਵਿੰਦਰ ਖਟਕੜ, ਹਰਵਿੰਦਰ ਖੈੜ ਅੱਛਰੋਵਾਲ, ਧਰਮਿੰਦਰ ਮਸਾਣੀ, ਲੈਕ. ਰਵੀ ਬਸਰਾ, ਮਾ. ਟੋਡਰ ਮੱਲ, ਮਾ.ਅਮਨਦੀਪ ਮੂਸਾਪੁਰ ,ਬਲਜਿੰਦਰ ਸ਼ਹਿਬਾਜ਼ਪੁਰ, ਮਾ. ਹਰਦੀਪ ਕੁਮਾਰ ਗੜ੍ਹਸ਼ੰਕਰ, ਮਾ. ਰਾਜਪਾਲ ਲੋਧੀਪੁਰ, ਜਸਵੀਰ ਬੇਗਮਪੁਰੀ, ਨਰੇਸ਼ ਗੜ੍ਹਸ਼ੰਕਰ, ਡਾ. ਦਲਵੀਰ ਮਾਹਲ, ਮਾ. ਪਰਮਜੀਤ ਖਮਾਚੋਂ, ਹਰਚਰਨ ਨੌਰਾ, ਮਾ. ਨਰੇਸ਼ ਗੜ੍ਹਸ਼ੰਕਰ, ਗੁਰਨਾਮ ਹਾਜੀਪੁਰ, ਪ੍ਰਿੰਸੀਪਲ ਕਮਲਜੀਤ ਕੌਰ ਕੁੱਲੇਵਾਲ, ਰੂਬੀ ਬੰਗਾ, ਨਿੰਦਰ ਮਾਈਦਿੱਤਾ, ਜਗਤਾਰ, ਲੈਕ. ਸ਼ਾਮ ਸੁੰਦਰ ਕਪੂਰ, ਕੁਲਵਿੰਦਰ ਚਾਹਲ, ਗੁਰਦੇਵ ਵਿਛੌੜੀ, ਕਰਨ ਹਾਜੀਪੁਰ, ਡਾ. ਰਾਮ ਲਾਲ, ਕਰਨਦੀਪ, ਸੱਤਪਾਲ, ਪ੍ਰਿੰਸੀਪਲ ਦਰਬਾਰਾ ਰਾਮ ਆਦਿ ਨੇ ਅਪਣਾ ਵਡਮੁੱਲਾ ਯੋਗਦਾਨ ਪਾਇਆ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਨੇ ਕਰਵਾਇਆ ਕੈਰੀਅਰ ਗਾਈਡੈਂਸ ਪ੍ਰੋਗਰਾਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ



ਹੁਸ਼ਿਆਰਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਨਵਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਸੂਹਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਨ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਦੀ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫ਼ੈਸ਼ਨਲ, ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਅਤੇ ਵੱਖ-ਵੱਖ ਸਰਕਾਰੀ ਨੌਕਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਦੇ ਜ਼ਿਲ੍ਹਾ ਕੁਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਿੱਤਾਮੁਖੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਆਪਣਾ ਕੰਮ ਸਥਾਪਿਤ ਕਰਕੇ ਦੂਜਿਆਂ ਨੂੰ ਵੀ ਰੋਜ਼ਗਾਰ ਦੇਣ ਦੇ ਕਾਬਿਲ ਹੋ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਫੂਡ ਕਰਾਫਟ ਇੰਸਟੀਚਿਊਟ ਵਿਖੇ ਡਿਪਲੋਮਾ ਅਤੇ ਡਿਗਰੀ ਕੋਰਸ ਕਰਵਾਏ ਜਾਂਦੇ ਹਨ ਅਤੇ ਇਨ੍ਹਾਂ ਕੋਰਸਾਂ ਨੂੰ ਕਰਨ ਤੋਂ ਬਾਅਦ ਵਿਦਿਆਰਥੀ ਆਤਮ-ਨਿਰਭਰ ਬਣ ਸਕਦੇ ਹਨ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਉਪਰੋਕਤ ਸਕੂਲਾਂ ਦੇ ਸਮੂਹ ਸਟਾਫ ਅਤੇ ਲੱਗਭਗ 300 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿਚ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਨਵਾਂ ਰਾਜੇਸ਼ ਕੁਮਾਰ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਸੂਹਾ ਗੁਰਦਿਆਲ ਸਿੰਘ ਅਤੇ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਨ ਦੇਵੀ ਸਿੰਘ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ ਗਿਆ।

# ਨਨਕਾਣਾ ਸਾਹਿਬ ਖਾਲਸਾ ਸਕੂਲ 'ਚ ਮਹਿੰਦੀ ਪ੍ਰਤੀਯੋਗਤਾ

**ਸੁਲਤਾਨਪੁਰ ਲੋਧੀ (ਹਨੀ)**- ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾ ਚੌਥ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਗਿਆ । ਇਸ ਮੌਕੇ ਵਿਦਿਆਰਥਣਾਂ ਵੱਲੋਂ ਮਹਿੰਦੀ ਮੁਕਾਬਲੇ ਵਿੱਚ ਭਾਗ ਲਿਆ ਅਤੇ ਆਪਣੀ ਰਚਨਾਤਮਕਤਾ ਤੇ ਕਲਾ ਦਾ ਪ੍ਰਦਰਸ਼ਨ ਕੀਤਾ ।ਸਕੂਲ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ



ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥਣਾਂ ਨੂੰ ਸ਼ੁੱਭ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ । ਇਸ ਪ੍ਰੋਗਰਾਮ ਦੀ ਸੁਚਾਰੂ ਵਿਵਸਥਾ ਪ੍ਰਿੰਸੀਪਲ ਮੈਡਮ ਨਿਧੀ ਸੰਗੋਤਰਾ ਦੀ ਅਗਵਾਈ ਵਿਚ ਕੀਤੀ ਗਈ। ਮਹਿੰਦੀ ਮੁਕਾਬਲੇ ਦੇ ਆਯੋਜਨ ਵਿੱਚ ਮੈਡਮ ਪ੍ਰਵੀਨ, ਮੈਡਮ ਮੋਨਿਕਾ, ਮੈਡਮ ਪਵਨ ਅਤੇ ਮੈਡਮ ਕੋਮਲ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਇਪਟਾ ਵੱਲੋਂ ਰਾਜਵੀਰ ਜਵੰਦਾ ਤੇ ਕਰਮਜੀਤ ਬੱਗਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਇਪਟਾ, ਪੰਜਾਬ ਵੱਲੋਂ ਸਾਫ ਸੁਥਰੀ ਅਤੇ ਨਰੋਈ ਗਾਇਕੀ ਨੂੰ ਸਮਰਪਤ ਗਾਇਕ ਅਤੇ ਰੰਗਕਰਮੀ ਰਾਜਵੀਰ ਸਿੰਘ ਜਵੰਦਾ ਅਤੇ ਅਲਗੋਜ਼ਾ ਵਾਦਕ ਕਰਮਜੀਤ ਬੱਗਾ ਦੇ ਦੇਹਾਂਤ 'ਤੇ ਗਹਿਰੇ ਦੁੱਖ ਪ੍ਰਗਟਾਵਾ ਕਰਦਿਆਂ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਕਿਹਾ ਕਿ ਜਿਸ ਤਰਾਂ ਰਾਜਵੀਰ ਜਵੰਦਾ ਨੇ ਗਾਇਕੀ ਦੇ ਖੇਤਰ ਵਿਚ ਸਥਾਪਤ ਹੋਣ ਵਾਸਤੇ ਸਖਤ ਘਾਲਣਾ ਕੀਤੀ, ਉਸੇ ਤਰ੍ਹਾਂ ਕਰਮਜੀਤ ਸਿੰਘ ਬੱਗਾ ਨੇ ਅਲਗੋਜ਼ਾ ਵਾਦਕ ਦੇ ਤੌਰ 'ਤੇ ਆਪਣੀ ਪਹਿਚਾਣ ਬਣਾਉਣ ਲਈ ਦਿਨ-ਰਾਤ ਇਕ ਕੀਤਾ। ਇਪਟਾ ਦੇ ਸੂਬਾਈ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ, ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸਕੱਤਰ ਕਮਲ ਨੈਨ ਸਿੰਘ ਸੇਖੋਂ ਤੇ ਇਪਟਾ, ਪੰਜਾਬ ਦੇ ਆਗੂਆਂ ਬਠਿੰਡਾ ਤੋਂ ਕਿਰਤੀ ਕਿਰਪਾਲ, ਮਾਨਸਾ ਤੋਂ ਮੇਘ ਰਾਜ ਰੱਲਾ, ਸੰਗਰੂਰ ਤੋਂ ਦਲਬਾਰ ਸਿੰਘ ਚੱਠਾ ਸੇਖਵਾਂ, ਮਾਨਸਾ ਤੋਂ ਬਿੱਟੂ ਔਲਖ, ਪਟਿਆਲਾ ਤੋਂ ਹਰਜੀਤ ਕੈਂਥ ਅਤੇ ਡਾ. ਕੁਲਦੀਪ ਸਿੰਘ ਦੀਪ, ਮੁਹਾਲੀ ਤੋਂ ਨਰਿੰਦਰ ਪਾਲ ਨੀਨਾ, ਰੋਪੜ ਤੋਂ ਸੁਰਿੰਦਰ ਰਸੂਲਪੁਰ ਤੇ ਰਾਬਿੰਦਰ ਰੱਬੀ, ਅੰਮ੍ਰਿਤਸਰ ਤੋਂ ਦਲਜੀਤ ਸੋਨਾ ਅਤੇ ਬਲਬੀਰ ਮੂਧਲ, ਗੁਰਦਾਸਪੁਰ ਤੋਂ ਗੁਰਮੀਤ ਬਾਜਵਾ ਅਤੇ ਗੁਰਮੀਤ ਪਾਹੜਾ, ਕਪੂਰਥਲਾ ਤੋਂ ਡਾ. ਹਰਭਜਨ ਸਿੰਘ, ਲੁਧਿਆਣਾ ਤੋਂ ਪ੍ਰਦੀਪ ਸ਼ਰਮਾ ਤੇ ਰਾਜਵਿੰਦਰ ਸਮਰਾਲਾ, ਨਵਾਂਸ਼ਹਿਰ ਤੋਂ ਦੀਪਕ ਕੁਮਾਰ, ਮੋਗੇ ਤੋਂ ਅਵਤਾਰ ਸਿੰਘ ਮੋਗਾ, ਜਲੰਧਰ ਤੋਂ ਨੀਰਜ ਕੌਸ਼ਿਕ ਤੇ ਗੁਰਵਿੰਦਰ ਸਿੰਘ, ਹੁਸ਼ਿਆਰਪੁਰ ਤੋਂ ਅਸ਼ੋਕ ਪੁਰੀ, ਫਾਜ਼ਿਲਕਾ ਤੋਂ ਸੁਖਦੀਪ ਸਿੰਘ ਭੁੱਲਰ ਅਤੇ ਸਰਘੀ ਪਰਵਾਰ ਦੇ ਰੰਗਕਰਮੀ ਕੁੱਕੂ ਪੰਜਾਬੀ, ਰੰਜੀਵਨ ਸਿੰਘ, ਨਰਿੰਦਰ ਨਸਰੀਨ ਅਤੇ ਲਖਵਿੰਦਰ ਸਿੰਘ ਨੇ ਦੁਖੀ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਕਿਹਾ ਕਿ ਰਾਜਵੀਰ ਜਵੰਦਾ ਅਤੇ ਵਾਦਕ ਕਰਮਜੀਤ ਬੱਗਾ ਦੇ ਦੇਹਾਂਤ ਨਾਲ ਜਿੱਥੇ ਪ੍ਰੀਵਾਰ ਅਤੇ ਸਕੇ-ਸਬੰਧੀਆਂ ਨੂੰ ਘਾਟਾ ਪਿਆ ਹੈ, ਉਥੇ ਹੀ ਕਲਾ ਦੇ ਖੇਤਰ ਵਿਚ ਨਾ ਪੂਰਾ ਹੋਣ ਵਾਲਾ ਖੱਪਾ ਪਿਆ ਹੈ।

# ਕਲੱਸਟਰ ਅਜਨੋਹਾ ਦੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਇੱਕ ਰੋਜ਼ਾ ਵਰਕਸ਼ਾਪ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸਕੂਲ ਸਿੱਖਿਆ ਵਿਭਾਗ ਵਲੋਂ ਸਰਕਾਰੀ ਸਕੂਲਾਂ ਵਿੱਚ ਸਕੂਲਾਂ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਬਣਾਈਆਂ ਗਈਆਂ ਸਕੂਲ ਮੈਨੇਜਮੈਂਟ ਕਮੇਟੀਆਂ ਵਲੋਂ ਸਕੂਲਾਂ ਨੂੰ ਹੋਰ ਵੀ ਵਧੀਆ ਢੰਗ ਨਾਲ ਚਲਾਉਣ ਲਈ ਕਲੱਸਟਰ ਰਿਸੋਰਸ ਸੈਂਟਰ ਅਜਨੋਹਾ ਵਿਖੇ ਅਜਨੋਹਾ ਸੈਂਟਰ ਦੇ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਦੀ ਇੱਕ ਰੋਜਾ ਵਰਕਸ਼ਾਪ ਬਲਾਕ ਨੋਡਲ ਅਫਸਰ ਨਰਿੰਦਰ ਸਿੰਘ ਅਤੇ ਬਲਾਕ ਰਿਸੋਰਸ ਕੋਆਰਡੀਨੇਟਰ ਕਮਲਜੀਤ ਕੁਮਾਰ ਬਲਾਚੌਰ ਦੀ ਅਗਵਾਈ ਹੇਠ ਸਫਲਤਾਪੂਰਵਕ ਕਰਵਾਈ ਗਈ।ਇਸ ਵਰਕਸ਼ਾਪ ਨੂੰ ਪ੍ਰਿੰਸੀਪਲ ਹਰਮਨੋਜ ਕੁਮਾਰ, ਦਰਸ਼ਨ ਕੌਰ, ਪ੍ਰਿੰਸੀਪਲ ਕੁਲਵਿੰਦਰ ਕੌਰ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਸੀ.ਐੱਚ.ਟੀ ਦਰਸ਼ਨ ਕੌਰ, ਪ੍ਰਿੰਸੀਪਲ ਹਰਮਨੋਜ ਕੁਮਾਰ, ਪ੍ਰਿੰਸੀਪਲ ਕੁਲਵਿੰਦਰ ਕੌਰ, ਉਂਕਾਰ ਸਿੰਘ, ਸਰਪੰਚ ਗੁਰਵਿੰਦਰ ਸਿੰਘ ਬਾਵਾ ਦਿਹਾਣਾ, ਸੁਰਿੰਦਰ ਮੋਹਣ, ਨਰਿੰਦਰ ਅਜਨੋਹਾ,ਦਵਿੰਦਰ ਕੁਮਾਰ, ਹਰਮਨਪ੍ਰੀਤ ਸਿੰਘ, ਅਨਿਲ ਕੁਮਾਰ, ਜਤਿੰਦਰ ਕੁਮਾਰ, ਆਸਥਾ, ਰਮਨਦੀਪ, ਰਾਮ ਸਰੂਪ ਸੇਵਾਮੁਕਤ ਸੀ.ਐੱਚ.ਟੀ, ਅਰੁਣ ਕੁਮਾਰ, ਧਰਮਵੀਰ, ਸ਼ਾਵਿਕਾ, ਮਨਦੀਪ ਕੌਰ, ਮੀਨੂੰ ਬਾਲਾ, ਅੰਜੂ ਬਾਲਾ, ਸੁਖਵਿੰਦਰ ਕੌਰ, ਸੁਨੀਤਾ ਰਾਣੀ, ਅਸ਼ੋਕ ਰਾਣਾ, ਗੁਰਮੀਤ ਸਿੰਘ, ਜਸਕਰਨ ਸਿੰਘ, ਰਣਜੀਤ ਸਿੰਘ ਆਦਿ ਵੱਡੀ ਗਿਣਤੀ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਚੇਅਰਮੈਨ ਅਤੇ ਮੈਂਬਰ ਹਾਜ਼ਰ ਸਨ।

# ਜੰਡਿਆਲਾ ਮੰਜਕੀ 'ਚ ਨਗਰ ਕੀਰਤਨ ਸਜਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਚੌਥੇ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਸਬੰਧੀ ਪਿੰਡ ਜੰਡਿਆਲਾ ਮੰਜਕੀ ਪੱਤੀ ਰਾਮ ਕੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਨਗਾਰਿਆਂ, ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਸਜਾਇਆ ਗਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿੱਚ ਫੁੱਲਾਂ ਨਾਲ ਸਜਾਵਟ ਕੀਤੀ ਗਈ। ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਪਾਲਕੀ ਵਿੱਚ ਸੁਸ਼ੋਭਿਤ ਕੀਤਾ। ਇਸ ਮੌਕੇ ਸੰਗਤ ਨੇ ਫੁੱਲਾਂ ਦੀ ਵਰਖਾ ਕੀਤੀ।ਨਗਰ ਕੀਰਤਨ ਦਾ ਪਿੰਡ ਦੇ ਗੁਰਦੁਆਰੇ 'ਤੇ ਸੰਗਤ ਨੇ ਭਰਵਾਂ ਸਵਾਗਤ ਕੀਤਾ। ਵੱਖ-ਵੱਖ ਥਾਵਾਂ 'ਤੇ ਸਭਾ-ਸੁਸਾਇਟੀਆਂ ਅਤੇ ਸੰਗਤ ਨੇ ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪੇ ਦੇ ਕੇ ਸ਼ਰਧਾ ਪ੍ਰਗਟਾਈ।ਨਿਊ ਰਿ-ਪਬਲਿਕ ਮਾਡਲ ਸਕੂਲ ਪਿੰਡ ਜੰਡਿਆਲਾ ਮੰਜਕੀ ਪੱਤੀ ਰਾਮ ਕੀ ਦੇ ਬੱਚਿਆਂ ਨੇ ਬੈਂਡ ਦੀ ਸੇਵਾ ਨਿਭਾਈ।ਇਸ ਮੌਕੇ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ ।ਇਸ ਮੌਕੇ ਜਥੇਦਾਰ ਦਸਮੇਸ਼ ਤਰਨਾ ਦਲ ਮਹਾਕਾਲ ਬਾਬਾ ਹਰਸਾਹਿਬ ਸਿੰਘ ਛਾਉਣੀ ਨਿਹੰਗ ਸਿੰਘਾਂ ਜੰਡਿਆਲਾ ਮੰਜਕੀ ਅਤੇ ਗੁਰਦੁਆਰੇ ਦੇ ਮੁੱਖ



ਸੇਵਾਦਾਰ ਨੇ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਦੀ ਵਿਸ਼ਵ ਭਰ ਵਿੱਚ ਵਸਦੀ ਸੰਗਤ ਨੂੰ ਵਧਾਈ ਦਿੰਦਿਆਂ ਸਮੂਹ ਸੰਗਤ ਨੂੰ ਗੁਰੂ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੇਵਾ, ਨਿਮਰਤਾ ਅਤੇ ਨਿਸ਼ਕਾਮ ਭਾਵਨਾ ਨਾਲ ਕੌਮ ਦੀ ਚੜ੍ਹਦੀ ਕਲਾ, ਏਕਤਾ ਅਤੇ ਲੋਕ ਭਲਾਈ ਦੇ ਕਾਰਜ ਕਰਨ ਲਈ ਆਖਿਆ। ਇਸ ਮੌਕੇ ਜਥੇਦਾਰ ਦਸ਼ਮੇਸ਼ ਤਰਨਾਦਲ ਮਹਾਂਕਾਲ ਬਾਬਾ ਹਰਸਾਹਿਬ ਸਿੰਘ, ਸੁਖਦੇਵ ਸਿੰਘ, ਦਿਲਬਾਗ ਸਿੰਘ ਨੰਬਰਦਾਰ, ਰੇਸ਼ਮ ਸਿੰਘ, ਨਰਿੰਦਰ ਸਿੰਘ, ਮਹਿੰਦਰ ਸਿੰਘ, ਜੁਝਾਰ ਸਿੰਘ, ਪੰਥਪ੍ਰੀਤ ਸਿੰਘ, ਬਾਰਾ ਸਿੰਘ, ਗੁੰਥੀ ਸਿੰਘ ਮਨਦੀਪ ਸਿੰਘ, ਦਸ਼ਮੀਤ ਸਿੰਘ, ਜੋਗਿੰਦਰ ਸਿੰਘ ਆਦਿ ਹਾਜ਼ਰ ਸਨ ।

# ਵਰਲਡ ਮੈਂਟਲ ਹੈੱਲਥ ਡੇ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ੁੱਕਰਵਾਰ 'ਵਰਲਡ ਮੈਂਟਲ ਹੈਲਥ ਡੇ' ਦੇ ਮੌਕੇ ਪ੍ਰਿੰਸੀਪਲ ਮੈਡਮ ਡਾ. ਗਗਨਦੀਪ ਚੀਮਾ ਦੀ ਅਗਵਾਈ ਹੇਠ ਨੈਸ਼ਨਲ ਟਾਸਕ ਫੋਰਸ ਦੇ ਤਹਿਤ ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਇੱਕ ਵਿਸ਼ੇਸ਼ ਸਮਾਰੋਹ ਕੀਤਾ ਗਿਆ। ਸਮਾਰੋਹ ਦੌਰਾਨ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਧੁਨਿਕ ਯੁੱਗ ਵਿੱਚ



ਮਨੁੱਖੀ ਜੀਵਨ ਵਿੱਚ ਮਾਨਸਿਕ ਸਿਹਤ ਦੀ ਮਹੱਤਤਾ ਸਭ ਤੋਂ ਵੱਧ ਹੈ। ਤੰਦਰੁਸਤ ਮਨ ਹੀ ਸਿਹਤਮੰਦ ਸਮਾਜ ਦੀ ਨੀਂਹ ਹੈ। ਇਸ ਤੋਂ ਬਾਅਦ ਮਨੋਵਿਗਿਆਨ ਵਿਭਾਗ ਦੀਆਂ ਵਿਦਿਆਰਥਣਾਂ ਜੀਆ, ਪ੍ਰਤਿਸ਼ਠਾ, ਤਿਆਂ, ਨਿਤਿਕਾ ਅਤੇ ਨਿਗਰਿਕਾ ਨੇ ਮਾਨਸਿਕ ਸਿਹਤ ਦੀ ਮਹੱਤਤਾ 'ਤੇ ਅਹਿਮ ਚਰਚਾ ਕੀਤੀ ਅਤੇ ਆਤਮ ਹੱਤਿਆ ਦੇ ਅੰਕੜਿਆਂ 'ਤੇ ਰੌਸ਼ਨੀ ਪਾਈ। ਉਹਨਾਂ ਨੇ ਦੱਸਿਆ ਕਿ 2013 ਵਿੱਚ 6654 ਵਿਦਿਆਰਥੀਆਂ ਵਲੋਂ ਆਤਮ-ਹੱਤਿਆ ਦੇ ਮਾਮਲੇ ਸਾਹਮਣੇ ਆਏ ਜਦ ਕਿ ਅਗਲੇ ਦਸ ਸਾਲਾਂ ਵਿਚ 2022 ਵਿਚ ਇਹ ਗਿਣਤੀ ਵਧ ਕੇ ਦੁੱਗਣੀ ਹੋ ਗਈ ਅਤੇ ਆਤਮ - ਹੱਤਿਆ ਦੇ ਮਾਮਲੇ 13,044 ਹੋ ਗਏ।

# ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਲੜਨ ਦੀ ਲੋੜ : ਰਵਿੰਦਰ ਦਲਵੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ )**-ਕੁਲ ਹਿੰਦ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਹਿ ਇੰਚਾਰਜ ਰਵਿੰਦਰ ਦਲਵੀ, ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਕੋਟਲੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਪੰਕਜ ਕ੍ਰਿਪਾਲ ਐਡਵੋਕੇਟ ਨੇ ਡੇਰਾ ਮਹਿਦੂਦ ਵਿਖੇ ਸੰਤ ਚਰਨਦਾਸ ਮਹਾਰਾਜ ਦੀ ਬਰਸੀ ਸਮਾਗਮ ਮੌਕੇ ਹਾਜ਼ਰੀ ਲਗਵਾਈ। ਇਸ ਮੌਕੇ ਰਵਿੰਦਰ ਦਲਵੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ



ਸੰਤ ਸਮਾਜ ਤੋਂ ਸੇਧ ਲੈ ਕੇ ਸਮਾਜ ਵਿੱਚ ਵਧ ਰਹੇ ਨਸ਼ਿਆਂ ਵਿਰੁੱਧ ਇਕਜੁੱਟ ਹੋ ਕੇ ਲੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਗੱਦੀਨਸ਼ੀਨ ਸੰਤ ਸਤਨਾਮ ਦਾਸ ਸੰਤ ਚਰਨਦਾਸ ਮਹਾਰਾਜ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਸਮਾਜ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾ ਰਹੇ ਹਨ। ਸੰਤ ਸਤਨਾਮ ਦਾਸ ਮਹਾਰਾਜ ਨੇ ਇਸ ਮੌਕੇ ਰਵਿੰਦਰ ਦਲਵੀ, ਸੁਖਵਿੰਦਰ ਕੋਟਲੀ, ਪੰਕਜ ਕ੍ਰਿਪਾਲ ਐਡਵੋਕੇਟ, ਯੂਥ ਕਾਂਗਰਸ ਆਗੂ ਪ੍ਰਣਵ ਕ੍ਰਿਪਾਲ, ਅਮਨ ਸਿੰਗਲਾ, ਹਰਦੀਪ ਸਿੰਘ ਕਿੰਗਰਾ, ਬਲਵਿੰਦਰ ਸਿੰਘ ਬਿੱਟੂ ਅਤੇ ਜੈਲਦਾਰ ਦਵਿੰਦਰ ਸਿੰਘ ਨੂੰ ਸਿਰੋਪਾਓ ਭੇਟ ਕਰ ਸਨਮਾਨਿਤ ਕੀਤਾ।

# ਬਲਬੀਰ ਸਿੱਧੂ ਵੱਲੋਂ ਹਲਕਾ ਵਿਧਾਇਕ 'ਤੇ ਬੇਘਰਿਆਂ ਨੂੰ ਦਿੱਤੇ ਪਲਾਟਾਂ 'ਚ ਮਕਾਨ ਬਣਾਉਣ 'ਚ ਅੜਿੱਕੇ ਡਾਹੁਣ ਦਾ ਦੋਸ਼

**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)**- ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਹਲਕਾ ਵਿਧਾਇਕ ਕੁਲਵੰਤ ਸਿੰਘ ਉੱਤੇ ਹਲਕੇ ਦੇ ਪਿੰਡਾਂ ਵਿਚ ਬੇਘਰੇ ਲੋਕਾਂ ਨੂੰ ਕਾਂਗਰਸ ਸਰਕਾਰ ਵੱਲੋਂ ਪੰਜ-ਪੰਜ ਮਰਲੇ ਦੇ ਦਿੱਤੇ ਗਏ ਪਲਾਟਾਂ ਉੱਤੇ ਮਕਾਨ ਬਣਾਉਣ 'ਚ ਅੜਿੱਕੇ ਖੜ੍ਹੇ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਗ਼ਰੀਬ ਵਰਗ ਨਾਲ ਕੀਤਾ ਜਾ ਰਿਹਾ ਇਹ ਧੱਕਾ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਸਿੱਧੂ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕਾ ਵਿਧਾਇਕ ਕੁਲਵੰਤ ਸਿੰਘ ਅਗਲੀ ਚੋਣ ਵਿਚ ਆਪਣੀ ਪ੍ਰਤੱਖ ਹਾਰ ਨੂੰ ਵੇਖ ਕੇ ਐਨਾ ਘਬਰਾ ਗਿਆ ਹੈ ਕਿ ਉਹ ਗ਼ਰੀਬ ਵਰਗ ਦੇ ਇਹਨਾਂ ਬੇਘਰੇ ਲੋਕਾਂ ਨੂੰ ਇਹ ਕਹਿ ਕੇ ਧਮਕਾ ਰਿਹਾ ਹੈ ਕਿ ਜਦੋਂ ਤੱਕ ਉਹ ਅਗਲੀ ਚੋਣ ਵਿਚ ਵੋਟਾਂ ਪਾਉਣ ਦੀ ਗਰੰਟੀ ਨਹੀਂ ਦਿੰਦੇ ਓਦੋਂ ਤੱਕ ਉਹ ਇਹਨਾਂ ਪਲਾਟਾਂ ਉੱਤੇ ਘਰ ਨਹੀਂ ਬਣਾ ਸਕਣਗੇ। ਉਹਨਾਂ ਕਿਹਾ ਕਿ ਕੁਰੜਾ ਅਤੇ ਰਾਇਪੁਰ ਵਿੱਚ ਤਾਂ ਉਸ ਨੇ ਇਸ ਮਾਮਲੇ ਵਿਚ ਲੋਕਾਂ ਉੱਤੇ ਝੂਠੇ ਪਰਚੇ ਵੀ ਦਰਜ ਕਰਵਾ ਦਿੱਤੇ ਹਨ। ਉਹਨਾਂ ਅੱਗੇ ਹੋਰ ਕਿਹਾ ਕਿ ਗ਼ਰੀਬ ਵਰਗ ਨਾਲ ਕੀਤਾ ਜਾ ਰਿਹਾ ਇਹ ਧੱਕਾ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ।ਸਾਬਕਾ ਮੰਤਰੀ ਨੇ ਕਿਹਾ ਕਿ ਕੁਲਵੰਤ ਸਿੰਘ



ਗ਼ਰੀਬ ਵਰਗ ਦੇ ਲੋਕਾਂ ਨੂੰ ਇਹ ਕਹਿ ਕੇ ਵੀ ਗੁੰਮਰਾਹ ਕਰ ਰਿਹਾ ਹੈ ਕਿ ਹਲਕੇ ਦੇ ਪਿੰਡਾਂ ਵਿਚ ਬੇਘਰੇ ਲੋਕਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਆਮ ਆਦਮੀ ਪਾਰਟੀ ਵੱਲੋਂ ਦਿੱਤੇ ਗਏ ਹਨ। ਹਲਕੇ ਦੇ ਪਿੰਡ ਬਲਿਆਲੀ ਦੇ 70 ਵਿਅਕਤੀਆਂ ਨੂੰ ਜਨਵਰੀ 2022 ਵਿਚ ਪੰਜ-ਪੰਜ ਮਰਲੇ ਦੇ ਪਲਾਟ ਅਲਾਟ ਕਰਨ ਸਬੰਧੀ ਸਰਕਾਰੀ ਰਿਕਾਰਡ ਵਿਖਾਉਂਦਿਆਂ, ਉਹਨਾਂ ਕਿਹਾ ਕਿ ਹਲਕਾ ਵਿਧਾਇਕ ਹੁਣ ਇਹ ਪ੍ਰਚਾਰ ਕਰ ਰਿਹਾ ਹੈ ਕਿ ਇਹ ਪਲਾਟ ਆਮ ਆਦਮੀ ਪਾਰਟੀ ਦੀ ਸਰਕਾਰ ਵਿਲੋਂ ਦਿੱਤੇ ਗਏ ਹਨ। ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਸਮਾਜ ਦੇ ਗ਼ਰੀਬ ਵਰਗ ਦੀ ਭਲਾਈ ਅਤੇ ਇਸ ਨੂੰ ਉੱਪਰ ਚੁੱਕਣ ਲਈ ਵਚਨਬੱਧ ਰਹੀ ਹੈ। ਉਹਨਾਂ ਕਿਹਾ ਕਿ ਇਸੇ ਮਨਸ਼ਾ ਨਾਲ ਹੀ ਪਿਛਲੀ ਕਾਂਗਰਸ ਸਰਕਾਰ ਨੇ 1 ਅਕਤੂਬਰ 2021 ਨੂੰ ਪਿੰਡਾਂ ਵਿੱਚ ਰਹਿ ਰਹੇ ਬੇਘਰੇ ਲੋਕਾਂ ਨੂੰ ਪੰਚਾਇਤ ਦੀ ਸ਼ਾਮਲਾਟ ਜ਼ਮੀਨ ਵਿੱਚੋਂ ਪੰਜ-ਪੰਜ ਮਰਲੇ ਦੇ ਪਲਾਟ ਦੇਣ ਦੀ ਨੀਤੀ ਬਣਾਈ ਸੀ ਜਿਸ ਤਹਿਤ ਇਹ ਪਲਾਟ ਅਲਾਟ ਕਰ ਕੇ ਪੱਕੀਆਂ ਸਨਦਾਂ ਦਿੱਤੀਆਂ ਗਈਆਂ ਸਨ। ਸਾਬਕਾ ਸਿਹਤ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਨੀਤੀ ਨੂੰ ਜਾਰੀ ਰੱਖਣ ਦੀ ਥਾਂ ਅਲਾਟ ਕੀਤੇ ਗਏ ਪਲਾਟਾਂ ਉੱਤੇ ਵੀ ਮਕਾਨ ਨਾ ਬਣਨ ਦੇਣ ਦਾ ਗ਼ਰੀਬ ਵਿਰੋਧੀ ਰਾਹ ਫੜ ਲਿਆ ਹੈ। ਉਹਨਾਂ ਕਿਹਾ ਕਿ ਹਲਕਾ ਵਿਧਾਇਕ ਵੱਲੋਂ ਗ਼ਰੀਬ ਵਰਗ ਨਾਲ ਕੀਤਾ ਜਾ ਰਿਹਾ ਇਹ ਧੱਕਾ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਲਾਟੀਆਂ ਨੂੰ ਮਕਾਨ ਬਣਾਉਣ ਵਿਚ ਹਰ ਸੰਭਵ ਮਦਦ ਕੀਤੀ ਜਾਵੇਗੀ।

# ਅਨਾਜ ਮੰਡੀਆਂ 'ਚ ਝੋਨੇ ਦੀ ਖ਼ਰੀਦ ਨਿਰਵਿਘਨ ਜਾਰੀ

## ਅਗੰਮਪੁਰ ਅਨਾਜ ਮੰਡੀ 'ਚ ਹੁਣ ਤੱਕ 1270 ਮੀਟ੍ਰਿਕ ਟਨ ਝੋਨੇ ਦੀ ਹੋਈ ਆਮਦ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਵੱਖ ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਖਰੀਦ ਪ੍ਰਬੰਧ ਸੁਚਾਰੂ ਅਤੇ ਕਿਸਾਨਾਂ ਦੀ ਸਹੂਲਤ ਅਨੁਸਾਰ ਨਿਰਵਿਘਨ ਰੱਖਣ ਦੇ ਨਿਰਦੇਸ਼ ਦਿੰਦੇ ਹੋਏ ਹਦਾਇਤ ਕੀਤੀ ਹੈ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਕੀਤੇ ਪ੍ਰਬੰਧਾਂ ਦੇ ਨਾਲ ਨਾਲ ਲਿਫਟਿੰਗ ਅਤੇ ਅਦਾਇਗੀ ਵੀ ਸੁਚਾਰੂ ਰੱਖੀ ਜਾਵੇ। ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਅਨਾਜ ਮੰਡੀਆਂ ਵਿੱਚ ਕੀਤੇ ਪ੍ਰਬੰਧਾਂ ਮੁਤਾਬਿਕ ਸੁਚਾਰੂ ਖਰੀਦ, ਲਿਫਟਿੰਗ ਤੇ ਅਦਾਇਗੀ ਨਿਰਵਿਘਨ ਜਾਰੀ ਹੈ। ਅਨਾਜ ਮੰਡੀਆਂ ਵਿੱਚ ਝੋਨੇ ਦੀ ਆਮਦ ਵਿੱਚ ਜਿੱਥੇ ਤੇਜ਼ੀ ਆਈ ਹੈ, ਉੱਥੇ ਹੀ ਖ਼ਰੀਦ ਤੇ ਲਿਫਟਿੰਗ ਵੀ ਨਾਲੋਂ-ਨਾਲ ਕੀਤੀ ਜਾ ਰਹੀ ਹੈ। ਅਗੰਮਪੁਰ ਅਨਾਜ ਮੰਡੀ ਵਿੱਚ ਹੁਣ ਤੱਕ 1270



ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ 1265 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ।ਸਕੱਤਰ ਮਾਰਕੀਟ ਕਮੇਟੀ ਨਰਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਮੰਡੀਆਂ ਚ ਸੁੱਕਾ ਝੋਨਾ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਖ੍ਰੀਦ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਗੋਂ ਇਸ ਨੂੰ ਜ਼ਮੀਨ ਚ ਹੀ ਮਿਲਾ ਕੇ ਖਾਦ ਦੇ ਤੌਰ ਤੇ ਵਰਤਣ ਜਾਂ ਆਧੁਨਿਕ ਮਸ਼ੀਨਰੀ ਦੀ ਵਰਤੋਂ ਕਰਦਿਆਂ ਇਸ ਦੀ ਸਾਂਭ-ਸੰਭਾਲ ਕੀਤੀ ਜਾਵੇ।

# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ 'ਚ ਇੰਟਰ ਹਾਊਸ ਮੁਕਾਬਲੇ

**ਸੁਲਤਾਨਪੁਰ ਲੋਧੀ (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿੱਚ ਇੰਟਰ ਹਾਊਸ ਮੁਕਾਬਲੇ ਕਰਵਾਏ ਗਏ । ਇਸ ਦੌਰਾਨ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਮਹਿੰਦੀ ਲਗਾਉਣ ਦੀ ਪ੍ਰਤਿਯੋਗਤਾ ਵਿੱਚ ਹਿੱਸਾ ਲਿਆ । ਵਿਦਿਆਰਥਣਾਂ ਦੁਆਰਾ ਬਹੁਤ ਹੀ ਖੂਬਸੂਰਤ ਢੰਗ ਨਾਲ ਇੱਕ ਦੂਜੇ ਦੇ ਹੱਥਾਂ 'ਤੇ ਮਹਿੰਦੀ ਸਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਗਿਆ।



ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਇਸ ਪ੍ਰਤਿਯੋਗਤਾ ਦਾ ਜੇਤੂ ਰਿਹਾ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ ਦੂਸਰੇ ਸਥਾਨ ਤੇ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਤੀਸਰੇ ਸਥਾਨ 'ਤੇ ਰਿਹਾ। ਜੀਊਲਰੀ ਮੇਕਿੰਗ ਪ੍ਰਤੀਯਗਤਾ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਦੁਆਰਾ ਜੇਤੂ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ।

# ਚੀਫ ਜਸਟਿਸ ਨੂੰ ਅਪਮਾਨਤ ਕਰਨ ਦੀ ਦਿਹਾਤੀ ਮਜ਼ਦੂਰ ਸਭਾ ਵੱਲੋਂ ਸਖ਼ਤ ਨਿੰਦਾ

**ਜਲੰਧਰ (ਰਾਜੇਸ਼ ਥਾਪਾ)**- ਭਾਰਤ ਦੇ ਚੀਫ ਜਸਟਿਸ ਬੀ ਆਰ ਗਵੱਈ ਉਪਰ ਚਲਦੀ ਅਦਾਲਤ ਵਿੱਚ ਇੱਕ ਸੁਪਰੀਮ ਕੋਰਟ ਦੇ ਵਕੀਲ ਰਾਕੇਸ਼ ਕਿਸ਼ੋਰ ਵਲੋਂ ਜੁੱਤੀ ਸੁੱਟਣ ਦੀ ਘਟਨਾ ਦੀ ਦਿਹਾਤੀ ਮਜ਼ਦੂਰ



ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਜਨਰਲ ਸਕੱਤਰ ਗੁਰਨਾਮ ਸਿੰਘ ਦਾਉਦ, ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਅਤੇ ਵਿੱਤ ਸਕੱਤਰ ਸ਼ਮਸ਼ੇਰ ਸਿੰਘ ਬਟਾਲਾ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹ ਮਨੂੰਵਾਦੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਕੇਂਦਰ ਦੀ ਮੋਦੀ ਸਰਕਾਰ ਅਤੇ ਉਸ ਦੇ ਆਕਾ ਆਰ ਐਸ ਐਸ ਵਲੋਂ ਲਗਾਤਾਰ ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਵਿਰੁੱਧ ਹਿੰਦੂਤਵੀ ਜ਼ਹਿਰੀਲਾ ਪ੍ਰਚਾਰ ਕੀਤੇ ਜਾਣ ਦਾ ਹੀ ਸਿੱਟਾ ਹੈ ਦੇਸ਼ ਵਿਚ 2014 ਤੋਂ ਬਾਅਦ ਅਦਾਲਤੀ ਪ੍ਰਕਿਰਿਆ ਵਿਚ ਲਗਾਤਾਰ ਮੋਦੀ ਸਰਕਾਰ/ਆਰ ਐਸ ਐਸ ਦਖ਼ਲ ਅੰਦਾਜ਼ੀ ਕਰ ਰਹੀ ਹੈ ਲੋਕਾਂ ਦੇ ਸੰਵਿਧਾਨਕ ਹੱਕਾਂ ਤੇ ਡਾਕਾ ਮਾਰਿਆ ਜਾ ਰਿਹਾ ਹੈ। ਮੋਦੀ ਸਰਕਾਰ ਦੇਸ਼ ਦੇ ਸੰਵਿਧਾਨ ਨੂੰ ਬਦਲ ਕੇ ਇੱਥੇ ਮਨੂੰਵਾਦੀ ਸੋਚ ਵਾਲਾ ਸੰਵਿਧਾਨ ਠੋਸਣਾ ਚਾਹੁੰਦੇ ਹਨ। ਜਿਸ ਨਾਲ ਦੇਸ਼ ਵਿੱਚ ਕੱਟੜ ਧਰਮ ਅਧਾਰਤ ਰਾਜ ਸਥਾਪਿਤ ਕੀਤਾ ਜਾ ਸਕੇ। ਉਪਰੋਕਤ ਆਗੂਆਂ ਨੇ ਕਿਹਾ ਕਿ ਹਮਲਾਵਰ ਵਕੀਲ ਵਿਰੁੱਧ ਕਾਨੂੰਨੀ ਕਾਰਵਾਈ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਦੇਸ਼ ਦਾ ਅਵਾਮ ਅਤੇ ਮਿਹਨਤਕਸ਼ ਲੋਕ ਇਹੋ ਜਿਹੇ ਹਮਲਿਆਂ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ । ਮਜ਼ਦੂਰ ਆਗੂਆਂ ਨੇ ਕਿਹਾ ਦੇਸ਼ ਦੇ ਮਜ਼ਦੂਰਾਂ ਤੇ ਖਾਸ ਕਰਕੇ ਦਲਿਤ ਪਰਿਵਾਰਾਂ ਵਿਚ ਆਰ ਐਸ ਐਸ ਅਤੇ ਬੀ ਜੇ ਪੀ ਵਲੋਂ ਵੱਖ ਵੱਖ ਤਰ੍ਹਾਂ ਦੇ ਢੰਗ ਤਰੀਕਿਆਂ ਨਾਲ ਕੀਤੀ ਜਾ ਰਹੀ ਘੁਸਪੈਠ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

# ਸ਼ਹਿਰੀ ਮੰਡਲ ਹੁਸ਼ਿਆਰਪੁਰ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

**ਹੁਸ਼ਿਆਰਪੁਰ (ਬੀ ਐਸ ਸੈਣੀ)**- ਸ਼ਹਿਰੀ ਮੰਡਲ ਹੁਸ਼ਿਆਰਪੁਰ ਪੈਨਸ਼ਨਰਜ਼ ਐਸੋਸੀਏਸ਼ਨ, ਪੰਜਾਬ ਰਾਜ ਬਿਜਲੀ ਬੋਰਡ ਦੀ ਮਾਸਿਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਖੁਸ਼ੀ ਰਾਮ ਧੀਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਐਸੋਸੀਏਸ਼ਨ ਨਾਲ ਜੁੜੇ ਕਰਮਚਾਰੀਆਂ ਅਤੇ ਪੈਨਸ਼ਨਰਾਂ



ਦੀਆਂ ਜਾਇਜ਼ ਮੰਗਾਂ ਨੂੰ ਲਾਗੂ ਕਰਨ ਵਿੱਚ ਟਾਲ-ਮਟੋਲ ਦੀ ਨੀਤੀ ਅਪਣਾ ਰਹੀ ਹੈ। ਸਰਕਾਰ ਕਰਮਚਾਰੀ ਯੂਨੀਅਨਾਂ ਅਤੇ ਪੈਨਸ਼ਨਰਜ਼ ਐਸੋਸੀਏਸ਼ਨ ਆਫ਼ ਪੰਜਾਬ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ। ਕਰਮਚਾਰੀ 2027 ਦੀਆਂ ਚੋਣਾਂ ਵਿੱਚ ਢੁਕਵਾਂ ਜਵਾਬ ਦੇਣਗੇ। ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕੋਲ ਅਜੇ ਵੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਲਾਗੂ ਕਰਨ ਲਈ ਸਮਾਂ ਹੈ। ਆਗੂਆਂ ਨੇ ਮੰਗ ਕੀਤੀ ਕਿ 1/1/2016 ਤੋਂ ਪਹਿਲਾਂ ਸੇਵਾਮੁਕਤ ਹੋਏ ਕਰਮਚਾਰੀਆਂ ਨੂੰ ਉਨ੍ਹਾਂ ਦੇ ਸਕੇਲ ਦੇ ਬਕਾਏ ਇੱਕਮੁਸ਼ਤ ਭੁਗਤਾਨ ਕੀਤੇ ਜਾਣ, ਸਕੇਲਾਂ ਨੂੰ 2.59 ਦੇ ਗੁਣਕ ਨੂੰ ਲਾਗੂ ਕਰਕੇ ਸੋਧਿਆ ਜਾਵੇ, ਪੰਜਾਬ ਦੇ ਕਰਮਚਾਰੀਆਂ ਨੂੰ ਕੇਂਦਰ ਸਰਕਾਰ ਦੇ ਕਰਮਚਾਰੀਆਂ ਨਾਲੋਂ 16% ਘੱਟ ਮਹਿੰਗਾਈ ਭੱਤਾ ਮਿਲ ਰਿਹਾ ਹੈ। ਇਸਨੂੰ ਬਰਾਬਰ ਕੀਤਾ ਜਾਵੇ, ਮੈਡੀਕਲ ਭੱਤਾ ਵਧਾ ਕੇ 2000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ, ਮੈਡੀਕਲ ਕੈਸ਼ਲੈੱਸ ਸਕੀਮ ਲਾਗੂ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਪੈਨਸ਼ਨਰਾਂ ਨੂੰ ਬਿਜਲੀ ਦੀ ਰਿਆਇਤ ਵੀ ਦਿੱਤੀ ਜਾਵੇ, ਠੇਕੇਦਾਰੀ ਪ੍ਰਣਾਲੀ ਬੰਦ ਕੀਤੀ ਜਾਵੇ। ਇਸ ਮੌਕੇ ਅਸ਼ਵਨੀ ਕੁਮਾਰ, ਸਤਪਾਲ ਕਪੂਰ, ਠਾਕੁਰ ਅਵਤਾਰ ਸਿੰਘ, ਗੀਤਪਾਲ ਸਿੰਘ, ਸਤਪਾਲ ਸਿੰਘ, ਦੀਦਾਰ ਸਿੰਘ, ਰਾਮਗੋਪਾਲ ਸ਼ਰਮਾ, ਸੰਤੋਸ਼ ਕੁਮਾਰ ਸ਼ਰਮਾ, ਰੋਸ਼ਨ ਲਾਲ, ਆਦਿ ਸੰਬੋਧਨ ਕੀਤਾ।

# ਵਿਦਿਆਰਥੀਆਂ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੀ ਹੈ ਡਿਜੀਟਲ ਲਾਇਬ੍ਰੇਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਦਿਆਰਥੀਆਂ ਨੂੰ ਸਫਲਤਾ ਵੱਲ ਲਿਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੀ ਅਗਵਾਈ ਅਤੇ ਮਾਰਗਦਰਸ਼ਨ ਹੇਠ ਲਾਇਬ੍ਰੇਰੀ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕੀਤਾ ਜਾ ਰਿਹਾ ਹੈ।ਇਸ ਡਿਜੀਟਲ ਲਾਇਬ੍ਰੇਰੀ ਦਾ ਸ਼ੁੱਭ ਆਰੰਭ 4 ਮਾਰਚ, 2023 ਨੂੰ ਹੋਇਆ ਸੀ ਅਤੇ ਇਸ ਦੇ ਹੁਣ ਤੱਕ 900 ਤੋਂ ਵੱਧ ਮੈਂਬਰ ਬਣ ਚੁੱਕੇ ਹਨ। ਇਥੇ ਰੋਜ਼ਾਨਾ ਲੱਗਭਗ 100 ਤੋਂ 120 ਵਿਦਿਆਰਥੀ ਪੜ੍ਹਦੇ ਹਨ। ਇਹ ਸੰਸਥਾ ਵਿਸ਼ੇਸ਼ ਰੂਪ ਵਿਚ ਉਨ੍ਹਾਂ ਵਿਦਿਆਰਥੀਆਂ ਲਈ ਬੇਹੱਦ ਉਪਯੋਗੀ ਸਿੱਧ ਹੋ ਰਹੀ ਹੈ ਜੋ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਜਿਵੇਂ ਕਿ ਯੂ.ਪੀ.ਐਸ.ਸੀ, ਪੀ.ਸੀ.ਐਸ. ਸੀ, ਬੈਂਕਿੰਗ, ਪੁਲਸ ਅਤੇ ਹੋਰਨਾਂ ਸਰਕਾਰੀ ਸੇਵਾਵਾਂ ਦੀ ਤਿਆਰ ਕਰ ਰਹੇ ਹਨ।ਲਾਇਬ੍ਰੇਰੀਅਨ ਵਿਜੇ ਕੁਮਾਰ ਨੇ ਦੱਸਿਆ ਕਿ ਬਹੁਤ ਸਾਰੇ ਵਿਦਿਆਰਥੀਆਂ ਨੇ ਲਾਇਬ੍ਰੇਰੀ ਤੋਂ ਪੜ੍ਹਾਈ ਕਰਕੇ ਆਪਣੀ ਜ਼ਿੰਦਗੀ ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ।ਵਿਜੇ ਕੁਮਾਰ ਨੇ ਦੱਸਿਆ ਕਿ ਲਾਇਬ੍ਰੇਰੀ ਅਤਿ-ਆਧੁਨਿਕ ਸਹੂਲਤਾਂ ਪ੍ਰਦਾਨ ਕਰਦੀ ਹੈ, ਜਿਸ ਵਿੱਚ ਵਾਈ.ਫਾਈ, ਏਅਰ ਕੰਡੀਸ਼ਨਿੰਗ, ਡਿਜੀਟਲ ਕਿਤਾਬਾਂ, ਸਮਾਰਟ ਕਾਰਡ ਐਂਟਰੀ, ਯੂ.ਪੀ.ਐਸ.ਸੀ/ਪੀ.ਸੀ.ਐਸ ਆਨਲਾਈਨ ਕੋਚਿੰਗ, ਵਿੱਦਿਅਕ ਗਤੀਵਿਧੀਆਂ ਅਤੇ ਸੈਮੀਨਾਰ ਸ਼ਾਮਿਲ ਹਨ। ਲਾਇਬ੍ਰੇਰੀ ਹਫ਼ਤੇ



ਦੇ ਸੱਤ ਦਿਨ ਸਵੇਰੇ 9:00 ਵਜੇ ਤੋਂ ਰਾਤ 9:00 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ।ਜਿਹੜੇ ਵਿਦਿਆਰਥੀ ਜਾਂ ਨੌਜਵਾਨ ਇਸ ਗਿਆਨ ਕੇਂਦਰ ਨਾਲ ਜੁੜਨਾ ਚਾਹੁੰਦੇ ਹਨ, ਉਹ ਕੇਵਲ 500 ਰੁਪਏ ਦੀ ਲਾਈਫਟਾਈਮ ਮੈਂਬਰਸ਼ਿਪ ਅਤੇ 500 ਰੁਪਏ (ਮਾਸਿਕ), 1200 ਰੁਪਏ ਤਿਮਾਹੀ, 2100 ਰੁਪਏ ਛਿਮਾਹੀ ਅਤੇ 3600 ਰੁਪਏ ਸਾਲਾਨਾ ਫੀਸ ਦੇ ਕੇ ਮੈਂਬਰ ਬਣ ਸਕਦੇ ਹਨ।

# ਸੀ ਆਈ ਏ ਸਟਾਫ ਵੱਲੋਂ 2 ਕਿੱਲੋ 503 ਗ੍ਰਾਮ ਹੈਰੋਇਨ ਸਮੇਤ 3 ਸਮੱਗਲਰ ਕਾਬੂ



ਮੋਗਾ (ਇਕਬਾਲ ਸਿੰਘ ਖਹਿਰਾ)- ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਸੀ.ਆਈ.ਏ. ਸਟਾਫ ਮੋਗਾ ਦੀ ਪੁਲਸ ਪਾਰਟੀ ਵੱਲੋਂ ਤਿੰਨ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 2 ਕਿੱਲੋ 503 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਨੇ ਦੱਸਿਆ ਕਿ ਮਿਤੀ 02.10.2025 ਨੂੰ ਏ ਐੱਸ ਆਈ ਅਸ਼ੋਕ ਕੁਮਾਰ ਮੋਗਾ ਸਮੇਤ ਪੁਲਸ ਪਾਰਟੀ [illegible] ਨਿਹਾਲ ਸਿੰਘ ਵਾਲਾ ਦੀ ਹਾਜ਼ਰੀ ਵਿਚ ਤਲਾਸ਼ੀ ਕੀਤੀ ਗਈ, ਤਲਾਸ਼ੀ ਦੌਰਾਨ ਕਾਬੂ ਕੀਤੇ ਵਿਅਕਤੀਆਂ ਪਾਸੋਂ ਕਿੱਟ ਬੈਗ ਰੰਗ ਕਾਲਾ ਵਿੱਚ 500 ਗ੍ਰਾਮ ਹੈਰੋਇਨ ਬ੍ਰਾਮਦ ਹੋਈ, ਜਿਸ 'ਤੇ ਇਨ੍ਹਾਂ ਵਿਅਕਤੀਆਂ ਨੂੰ ਮੁਕੱਦਮਾ ਹਜ਼ਾ ਵਿੱਚ ਹਸਬ ਜ਼ਾਬਤਾ ਅਨੁਸਾਰ ਗ੍ਰਿਫ਼ਤਾਰ ਕੀਤਾ ਗਿਆ। [illegible] ਪਟੜੀ ਤੋਂ 2 ਕਿਲੋ 03 ਗ੍ਰਾਮ ਹੈਰੋਇਨ ਬਰਾਮਦ ਕਰਵਾਈ ਗਈ, ਜੋ ਮੁਕੱਦਮਾ ਵਿੱਚ ਹੁਣ ਤੱਕ ਕੁੱਲ 02 ਕਿੱਲੋ 503 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

# 4161 ਮਾਸਟਰ ਕੇਡਰ ਅਧਿਆਪਕ ਯੂਨੀਅਨ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ

ਸੰਗਰੂਰ (ਪ੍ਰਵੀਨ ਸਿੰਘ)-4161 ਅਧਿਆਪਕ ਯੂਨੀਅਨ ਪੰਜਾਬ [illegible] ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਗਿਆ। [illegible] ਸੇਵਾਵਾਂ ਦੇ ਰਹੇ ਹਨ, ਜਿਨ੍ਹਾਂ ਵਿਚ ਜ਼ਿਆਦਾਤਰ ਮਹਿਲਾ ਅਧਿਆਪਕਾਵਾਂ ਹਨ, ਜਿਸ ਕਾਰਨ ਅਧਿਆਪਕਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ [illegible] ਜਸਵਿੰਦਰ ਸਿੰਘ [illegible], ਇੰਦਰਾਜ਼ ਅਬੋਹਰ, ਗੁਰਪਾਲ ਮਾਨਸਾ, ਰਣਜੀਤ ਕੋਟੜਾ, ਬ੍ਰਿਜ ਕੋਟੜਾ ਤੇ ਹੋਰ ਭਰਾਤਰੀਆਂ ਯਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਅਧਿਆਪਕ ਨੂੰ ਜਾਤੀ ਪ੍ਰਤੀ ਅਪਸ਼ਬਦ ਬੋਲਣ ਤੇ ਮਾਰਕੁਟਾਈ ਕਰਨ ਖਿਲਾਫ਼ ਘੇਰਿਆ ਥਾਣਾ



ਮੰਡੀ ਘੁਬਾਇਆ (ਬਲਵਿੰਦਰ ਸਿੰਘ)- [illegible] ਸਿਟੀ ਥਾਣਾ ਸਾਹਮਣੇ ਇਕ ਵੱਡਾ ਰੋਸ ਪ੍ਰਦਰਸ਼ਨ ਕੀਤਾ।ਆਗੂਆਂ ਦੋਸ਼ ਲਾਇਆ ਕਿ ਸਰਕਾਰੀ ਅਧਿਆਪਕ ਮਹਿੰਦਰ ਸਿੰਘ ਨਾਲ ਸਥਾਨਕ ਮਾਰਬਲ ਦੇ ਮਾਲਕ ਦੁਆਰਾ ਕੁੱਟਮਾਰ ਕਰਨ ਤੋਂ ਬਾਅਦ ਹਸਪਤਾਲ ਵਿੱਚ ਜਾ ਕੇ ਦੁਬਾਰਾ [illegible] ਹਸਪਤਾਲ ਵਿਚ ਹੋਈ ਕੁਟਮਾਰ ਦਾ ਪਰਚਾ ਵੀ ਦਿੱਤਾ ਗਿਆ। ਦੂਜੇ ਪਾਸੇ ਥਾਣਾ ਅਮੀਰ ਖਾਸ 'ਚ ਪਹਿਲਾਂ ਸਿਆਸੀ ਦਬਾਅ ਹੇਠ ਦਰਜ ਕੀਤਾ ਝੂਠਾ ਪਰਚਾ ਰੱਦ ਕਰਨ ਦਾ ਵਿਸ਼ਵਾਸ ਦਿਵਾਉਣ 'ਤੇ ਧਰਨਾ ਸਮਾਪਤ ਕਰ ਦਿੱਤਾ [illegible] ਢਾਬਾ, ਕਾਮਰੇਡ ਹੰਸਰਾਜ ਗੋਲਡਨ, ਬਲਾਕ ਸੰਮਤੀ ਮੈਂਬਰ ਕਾਮਰੇਡ ਸ਼ਬੇਗ ਝੰਗੜਭੈਣੀ, ਦਵਿੰਦਰ ਕੁਮਾਰ ਇਫਟੂ ਯੂਨੀਅਨ ਫਾਜ਼ਿਲਕਾ, ਨਿਰੰਜਨ ਸਿੰਘ ਅਤੇ ਵੱਖ ਵੱਖ ਨਿਊਜ਼ ਚੈਨਲਾਂ ਦੇ ਪੱਤਰਕਾਰ ਤੇ ਬਹੁਤ ਸਾਰੇ ਆਗੂ ਹਾਜ਼ਰ ਸਨ।

# ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮੰਗਾਂ ਸਬੰਧੀ ਸੰਘਰਸ਼ਾਂ ਨੂੰ ਕੁਚਲਿਆ ਜਾ ਰਿਹੈ : ਆਗੂ

## * ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਸਾਂਝੀ ਮੀਟਿੰਗ

**ਰਾਜਪੁਰਾ (ਰਮੇਸ਼ ਕਟਾਰੀਆ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਹੈੱਡ ਆਫਿਸ ਪਟਿਆਲਾ, ਸਰਕਲ ਕਮੇਟੀ ਪਟਿਆਲਾ ਤੇ ਪਟਿਆਲਾ ਸਰਕਲ ਅਧੀਨ ਪੈਂਦੇ ਮੰਡਲ ਯੂਨਿਟਾਂ ਦੀ ਸਾਂਝੀ ਐਕਸਟੈਂਡਿਡ ਮੀਟਿੰਗ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਹੋਈ।ਮੀਟਿੰਗ ਵਿੱਚ ਸੂਬਾ ਕਮੇਟੀ ਦੇ ਸ੍ਰੀ ਬਰਿੱਜ ਮੋਹਨ, ਰਾਜਿੰਦਰ ਸਿੰਘ ਰਾਜਪੁਰਾ, ਮਦਨ ਗੋਪਾਲ ਸਾਰੇ ਸੂਬਾ ਮੀਤ ਪ੍ਰਧਾਨ, ਇੰਜ. ਸੰਤੋਖ ਸਿੰਘ ਸੂਬਾ ਸਲਾਹਕਾਰ, ਗੱਜਣ ਸਿੰਘ ਮੀਡੀਆ ਐਡਵਾਈਜ਼ਰ ਤੇ ਚਰਨ ਸਿੰਘ ਪ੍ਰਧਾਨ ਪਟਿਆਲਾ ਸਰਕਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇੰਜ. ਹਰਜੀਤ ਸਿੰਘ ਜਨਰਲ ਸਕੱਤਰ ਨੇ ਮੀਟਿੰਗ ਵਿੱਚ ਜਥੇਬੰਦੀ ਦੇ ਮੀਤ ਪ੍ਰਧਾਨ ਮਲਕੀਤ ਸਿੰਘ ਕੌਰਜੀਵਾਲਾ ਦੇ ਚਾਚਾ ਸ੍ਰ: ਲਾਭ ਸਿੰਘ, ਰਾਜਵੀਰ ਸਿੰਘ ਜਵੰਧਾ ਪ੍ਰਸਿੱਧ ਪੰਜਾਬੀ ਕਲਾਕਾਰ ਤੇ ਹੜ੍ਹ ਵਿੱਚ ਸਵਰਗੀ ਪੰਜਾਬ ਵਸਿੰਦਿਆਂ ਦੀਆਂ ਹੋਈਆਂ ਮੌਤਾਂ ਕਾਰਨ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕਰਵਾ ਕੇ ਸ਼ਰਧਾਂਜਲੀ ਭੇਟ ਕਰਵਾਈ ਗਈ।ਬ੍ਰਿਜ ਮੋਹਨ ਸੂਬਾ ਮੀਤ ਪ੍ਰਧਾਨ ਨੇ ਪੰਜਾਬ ਸਰਕਾਰ ਨਾਲ ਪੈਂਡਿੰਗ ਡੀ ਏ, 01.01.2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਨੂੰ 2.59 ਦਾ ਸੁਧਾਈ ਫੈਕਟਰ ਦੇਣਾ, 200/- ਪ੍ਰਤੀ ਮਹੀਨਾ ਡਿਵੈਲਪਮੈਂਟ ਟੈਕਸ ਕੱਟਣਾ ਬੰਦ ਕਰਨ ਬਾਰੇ ਉਠਾਈਆਂ ਮੰਗਾਂ ਤੇ ਪੰਜਾਬ ਸਰਕਾਰ ਦੀ ਟਾਲਮ-ਮਟੋਲ ਨੀਤੀ ਤੋਂ ਜਾਣੂ ਕਰਵਾਇਆ ਗਿਆ।ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੰਨਵਾਉਣ ਲਈ ਜਥੇਬੰਦੀ ਦੇ ਮੈਂਬਰਾਂ ਨੂੰ ਤਿੱਖੇ ਸੰਘਰਸ਼ ਲਈ ਲਾਮਬੰਦ ਹੋਣ ਲਈ ਪ੍ਰੇਰਿਤ ਕੀਤਾ ਗਿਆ

ਸ੍ਰੀ ਰਾਜਿੰਦਰ ਸਿੰਘ ਰਾਜਪੁਰਾ ਮੀਤ ਪ੍ਰਧਾਨ ਸੂਬਾ ਕਮੇਟੀ ਨੇ ਫੈਮਿਲੀ ਪੈਨਸ਼ਨਰਾਂ ਦੇ ਮਸਲੇ ਹੱਲ ਕਰਵਾਉਣ ਦੀ ਜਾਣਕਾਰੀ ਦਿੱਤੀ ਗਈ।ਪੰਜਾਬ ਸਰਕਾਰ ਦੀ ਕਰੜੀ ਆਲੋਚਨਾ ਕਰਦਿਆਂ ਦੱਸਿਆ ਕਿ ਮੌਜੂਦਾ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮੰਗਾਂ ਸਬੰਧੀ ਸੰਘਰਸ਼ਾਂ ਨੂੰ ਕੁਚਲਿਆ ਜਾ ਰਿਹਾ ਹੈ।

ਸੰਵਿਧਾਨਕ ਘੋਲ ਕਰਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੁੱਟਣ ਵਿੱਚ ਪਿਛਲੀਆਂ ਸਰਕਾਰਾਂ ਨੂੰ ਵੀ ਮਾਤ ਪਾ ਦਿੱਤੀ ਹੈ, ਭਾਵੇਂ ਕਿ ਇਹ ਸਰਕਾਰ ਖ਼ੁਦ ਧਰਨਿਆਂ ਵਿੱਚੋਂ ਨਿਕਲੀ ਹੈ ਤੇ ਸਤਾਹ ਪ੍ਰਾਪਤੀ ਲਈ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸਬਜ਼ਬਾਗ ਦਿਖਾਏ ਸਨ।ਸ੍ਰੀ ਚਰਨ ਸਿੰਘ ਪ੍ਰਧਾਨ ਪਟਿਆਲਾ ਸਰਕਲ ਤੇ ਮਦਨ ਗੋਪਾਲ ਸੂਬਾ ਮੀਤ ਪ੍ਰਧਾਨ ਨੇ ਮੈਂਬਰਾਂ ਨੂੰ ਆਪਣੀਆਂ ਹੱਕੀ ਮੰਗਾਂ ਪ੍ਰਤੀ ਅਵਾਜ਼ ਉਠਾਉਣ ਦੇ ਨਾਲ ਨਾਲ ਸਿਹਤ ਪ੍ਰਤੀ ਵੀ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ ਗਿਆ।ਇੰਜ. ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ ਨੇ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ ਦੀ ਰੂਪ ਰੇਖਾ ਬਾਰੇ ਤਜਰਬੇ ਸਾਂਝੇ ਕੀਤੇ।



ਮੀਟਿੰਗ ਨੂੰ ਇੰਜ. ਹਰਜੀਤ ਸਿੰਘ ਜਨਰਲ ਸਕੱਤਰ ਤੇ ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਸੰਬੋਧਨ ਕਰਦਿਆਂ ਜਾਣਕਾਰੀ ਦਿੱਤੀ ਕਿ ਅੱਜ ਦੀ ਮੀਟਿੰਗ ਦਾ ਮੁੱਖ ਮਕਸਦ ਜ਼ੀਰੋ ਲੈਵਲ ਤੋਂ ਜਾਣਕਾਰੀ ਪ੍ਰਾਪਤ ਕਰਕੇ ਸੂਬਾ ਕਮੇਟੀ ਵੱਲੋਂ ਸੰਘਰਸ਼ ਤੇ ਸਰਕਾਰ ਤੋਂ ਹੱਕੀ ਮੰਗਾਂ ਮਨਵਾਉਣ ਲਈ ਅਗਲੀ ਤਿੱਖੀ ਰੂਪ ਰੇਖਾ ਤਿਆਰ ਕਰਨਾ ਹੈ, ਜਿਸ ਲਈ ਮੀਟਿੰਗ ਲਾਮਿਸਾਲ ਹੋ ਨਿੱਬੜੀ ਤੇ ਸਮੂਹ ਮੈਂਬਰਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।ਪੰਜਾਬ ਸਰਕਾਰ ਵੱਲੋਂ ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਦੀ ਘੜੀ ਤਜਵੀਜ਼ ਦੀ ਤਿੱਖੀ ਆਲੋਚਨਾ ਕੀਤੀ ਤੇ ਅਜਿਹੀ ਮਾਰੂ ਤਜਵੀਜ਼ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।ਸ੍ਰ: ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਮੀਟਿੰਗ ਵਿੱਚ ਸ਼ਮੂਲੀਅਤ ਕਰਨ ਲਈ ਧੰਨਵਾਦ ਕੀਤਾ।ਮੀਟਿੰਗ ਵਿੱਚ ਇੰਜ. ਅਮਰਜੀਤ ਸਿੰਘ, ਇੰਜ. ਜਗਤਾਰ ਸਿੰਘ ਖਜ਼ਾਨਚੀ, ਮਨਮੋਹਨ ਸਿੰਘ ਐਡੀਟਰ, ਇੰਜ ਭੁਪਿੰਦਰ ਸਿੰਘ ਤੇ ਮਲਕੀਤ ਸਿੰਘ ਕੌਰਜੀਵਾਲਾ ਮੀਤ ਪ੍ਰਧਾਨ, ਇੰਜ ਕਰਤਾਰ ਸਿੰਘ ਸਲਾਹਕਾਰ, ਇੰਜ ਸਤਪਾਲ ਸ਼ਰਮਾ, ਗੁਰਦੀਪ ਸਿੰਘ ਕਾਲਾਝਾੜ, ਹਰਬੰਸ ਸਿੰਘ ਟਿਵਾਣਾ, ਅਮਰੀਕ ਸਿੰਘ, ਗੌਰੀ ਸ਼ੰਕਰ, ਜੱਗਾ ਸਿੰਘ, ਰੇਸ਼ਮ ਸਿੰਘ ਤੇ ਬਹੁਤਾਤ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।

# ਗੁਰੂ ਨਾਨਕ ਕਾਲਜ ਦੇ ਵਿਦਿਆਰਥੀਆਂ ਨੇ 350 ਸਾਲਾ ਸ਼ਹੀਦੀ ਸਮਾਗਮ 'ਚ ਲਿਆ ਹਿੱਸਾ

## * ਸਮਾਗਮ 'ਚ ਹਿੱਸਾ ਲੈਣ ਲਈ ਵਿਦਿਆਰਥੀਆਂ ਨੂੰ ਚੇਅਰਮੈਨ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ



ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਗੁਰੂ ਨਾਨਕ ਕਾਲਜ ਫ਼ਿਰੋਜ਼ਪੁਰ ਛਾਉਣੀ ਦੇ ਚੇਅਰਮੈਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਦੀ ਪ੍ਰਧਾਨਗੀ ਹੇਠ ਕਾਲਜ ਦੇ ਵਿਦਿਆਰਥੀ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਨੂੰ ਸਮਰਪਤ ਇੱਕ ਰੋਜ਼ਾ ਗੁਰਮਤਿ ਸਮਾਗਮ ਵਿੱਚ ਹਿੱਸਾ ਲੈਣ ਲਈ ਰਵਾਨਾ ਹੋਏ।ਉਕਤ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਬੁਲਾਰੇ ਤੇ ਹੋਰਨਾਂ ਨੇ ਹਿੱਸਾ ਲੈਣ ਲਈ ਪਹੁੰਚ ਕੀਤੀ ਅਤੇ ਇਸ ਸਮਾਗਮ ਦਾ ਉਦੇਸ਼ ਨੌਜਵਾਨਾਂ ਨੂੰ ਗੁਰਬਾਣੀ, ਗੁਰਮਤਿ ਤੇ ਸਿੱਖ ਇਤਿਹਾਸ ਨਾਲ ਜੋੜਨਾ, ਉਨ੍ਹਾਂ ਨੂੰ ਨੈਤਿਕ ਪੱਖੋਂ ਮਜ਼ਬੂਤ ਕਰਨਾ, ਵਿਦਿਆਰਥੀ ਜੀਵਨ ਦੀਆਂ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਵਾ ਕੇ ਉਨ੍ਹਾਂ ਦੇ ਉੱਜਵਲ ਭਵਿੱਖ ਸਬੰਧੀ ਚਰਚਾ ਕਰਨਾ ਸੀ। ਇਹ ਸਮਾਗਮ ਗੁਰੂ ਘਰ ਜਾਮਨੀ ਸਾਹਿਬ ਬਜੀਦਪੁਰ ਫ਼ਿਰੋਜ਼ਪੁਰ ਵਿਖੇ ਕਰਵਾਇਆ ਗਿਆ ਤੇ ਕਾਲਜ ਦੇ ਚੇਅਰਮੈਨ ਸ੍ਰ. ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਇਸ ਲਈ ਵਿਦਿਆਰਥੀਆਂ ਨੂੰ ਕਾਲਜ ਤੋਂ ਰਵਾਨਾ ਕੀਤਾ।

ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਆਉਣ ਵਾਲੀ ਪੀੜ੍ਹੀ ਨੂੰ ਗੁਰਮਤਿ ਤੇ ਗੁਰਬਾਣੀ ਨਾਲ ਜੋੜਦੇ ਹਨ ਤੇ ਨੈਤਿਕ ਪੱਖੋਂ ਉਨ੍ਹਾਂ ਨੂੰ ਇੱਕ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਸਹਾਇਕ ਹੁੰਦੇ ਹਨ। ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ. ਇੰਦਰਜੀਤ ਸਿੰਘ, ਕਾਲਜ ਪ੍ਰਬੰਧਕੀ ਕਮੇਟੀ ਪ੍ਰਧਾਨ ਗੁਰਦੀਪ ਸਿੰਘ ਸੰਘਾ, ਸਮੂਹ ਸਟਾਫ਼ ਤੇ ਵੱਡੀ ਗਿਣਤੀ ਵਿੱਚ ਸਟਾਫ਼ ਮੌਜੂਦ ਸੀ।

# ਦਹੀਆ ਨੇ ਮਮਦੋਟ-ਅਲਫੂਕੇ ਰੋਡ ਦੇ ਨਵੀਨੀਕਰਨ ਦਾ ਰੱਖਿਆ ਨੀਂਹ ਪੱਥਰ

ਮਮਦੋਟ (ਜਸਬੀਰ ਸਿੰਘ ਕੰਬੋਜ)-ਕਸਬਾ ਮਮਦੋਟ ਨੂੰ ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ ਨਾਲ ਜੋੜਦੀ ਸੜਕ ਦੇ ਨਵੀਨੀਕਰਨ ਦਾ ਨੀਂਹ ਪੱਥਰ ਮਾਣਯੋਗ ਰਜਨੀਸ਼ ਕੁਮਾਰ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਵੱਲੋਂ ਰੱਖਿਆ ਗਿਆ। ਇਸ ਮੌਕੇ ਉਨ੍ਹਾ ਨਾਲ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ, ਸ਼ਾਮ ਸਿੰਘ ਮੁਦਕਾ, ਮਨਵਿੰਦਰ ਸਿੰਘ ਮਨੀ, ਨਿੱਜੀ ਸਕੱਤਰ ਹਰਪਿੰਦਰਪਾਲ ਸਿੰਘ (ਰੋਬੀ) ਸੰਧੂ, ਸੁਰਿੰਦਰ ਕੁਮਾਰ (ਸੋਨੂੰ), ਸੇਠੀ ਬਲਾਕ ਪ੍ਰਧਾਨ (ਸ਼ਹਿਰੀ) ਵੀ ਉਨ੍ਹਾ ਨਾਲ ਸਨ। ਮਾਈ ਭੋਲੀ ਚੌਂਕ ਮਮਦੋਟ ਵਿਖੇ ਸਾਦੇ ਤੇ ਪ੍ਰਭਾਵਸ਼ਾਲੀ ਸਮਾਗ਼ਮ ਦੌਰਾਨ ਨੀਂਹ ਪੱਥਰ ਰੱਖਣ ਉਪਰੰਤ ਗੱਲਬਾਤ ਕਰਦਿਆਂ ਸ੍ਰੀ ਦਹੀਆ ਨੇ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਲੜੀ ਵਿੱਚ ਮਾਣਯੋਗ ਕੈਬਨਿਟ ਮੰਤਰੀ ਲੋਕ ਨਿਰਮਾਣ ਵਿਭਾਗ ਸ੍ਰ. ਹਰਭਜਨ ਸਿੰਘ ਈ ਟੀ ਓ ਦੀ ਰਹਿਨੁਮਾਈ ਹੇਠ ਇਸ ਮਮਦੋਟ ਤੋਂ ਅਲਫੂਕੇ ਕਰੀਬ 4-50 ਕਿਲੋਮੀਟਰ ਸੜਕ ਦੇ ਸਪੈਸ਼ਲ ਰਿਪੇਅਰ ਦਾ ਕੰਮ ਕੀਤਾ ਜਾਣਾ ਹੈ। ਉਨ੍ਹਾ ਦੱਸਿਆ ਕਿ ਇਸ ਤੋਂ ਪਹਿਲਾਂ ਮਮਦੋਟ ਕਸਬੇ ਨੂੰ ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ ਨਾਲ ਜੋੜਦੀ ਮਮਦੋਟ ਤੋਂ ਤੋਂ ਲੱਖੋ ਕਿ ਬਹਿਰਾਮ ਸੜਕ ਨੂੰ ਹੋਰ ਚੌੜਾ ਕਰਨ ਦਾ ਕੰਮ ਵੀ ਚੱਲ ਰਿਹਾ ਹੈ, ਜੋ ਜਲਦੀ ਹੀ ਪੂਰਾ ਹੋ ਜਾਵੇਗਾ। ਉਨ੍ਹਾ ਦੱਸਿਆ ਕਿ ਇਨ੍ਹਾਂ ਸੜਕਾਂ ਦੇ ਬਣ ਜਾਣ ਨਾਲ ਮਮਦੋਟ ਤੇ ਇਸ ਦੇ ਨਾਲ ਦੇ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ ਰਾਹੀਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਜਾਣ ਵਿੱਚ ਆਸਾਨੀ ਹੋਵੇਗੀ। ਇਨ੍ਹਾ ਦੱਸਿਆ ਕਿ ਇਨ੍ਹਾ ਸੜਕਾਂ ਦਾ ਕੰਮ ਕਰੀਬ ਛੇ ਮਹੀਨੇ ਦੇ ਅੰਦਰ ਅੰਦਰ ਪੂਰਾ ਹੋ ਜਾਵੇਗਾ। ਇਸ ਮੌਕੇ ਗੁਰਪ੍ਰੀਤ ਸਿੰਘ ਐੱਮ ਸੀ, ਸ਼ਿੰਗਾਰਾ ਸਿੰਘ ਐੱਮ ਸੀ, ਡਾ: ਦਲਜੀਤ ਸਿੰਘ ਜੋਸਨ, ਹਰਜਿੰਦਰ ਸਿੰਘ ਸਿੰਧੀ, ਤਰਸੇਮ ਸਿੰਘ (ਸੋਨੂੰ) ਛੱਪੜ, ਸੰਦੀਪ ਕੁਮਾਰ ਸੋਨੀ, ਰਣਬੀਰ ਸਿੰਘ ਮਿਠਾ, ਸਾਜਨ, ਬਲਵਿੰਦਰ ਸਿੰਘ ਲੱਡੂ, ਗੁਰਨਾਮ ਸਿੰਘ ਹਜਾਰਾਂ, ਬਲਵਿੰਦਰ ਸਿੰਘ ਸਰਪੰਚ ਰਾਉ ਕੇ, ਬਲਵੀਰ ਸਿੰਘ ਜੱਲੋ ਕੇ, ਸਜਵਾਰ ਸਿੰਘ ਚੱਕ ਖੁੰਦਰ, ਜਸਵਿੰਦਰ ਸਿੰਘ ਸਰਪੰਚ ਮੱਤੜ, ਬਲਵੀਰ ਸਿੰਘ ਜੱਲੋ ਕੇ, ਜਸਬੀਰ ਸਿੰਘ ਜੱਲੋ ਕੇ, ਸੁਭਾਸ਼ ਬੱਤਾ, ਸੰਜੀਵ ਕੁਮਾਰ ਚਿੰਟੂ ਧਵਨ, ਸੁਖਦੇਵ ਸਿੰਘ ਲਖਮੀਰ ਕੇ, ਸੁਰਿੰਦਰ ਲਾਡੀ, ਵਿੱਕੀ ਵਿਨਾਇਕ ਪ੍ਰਧਾਨ ਵਪਾਰ ਮੰਡਲ ਤੇ ਰਾਜ ਕੁਮਾਰ ਅਟਵਾਲ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ, ਅਹੁਦੇਦਾਰ ਤੇ ਪਿੰਡ ਵਾਸੀ ਹਾਜ਼ਰ ਸਨ।




**AXIS BANK** Retail Asset Center: "2nd and 3rd Floor, Property No. 7-E, Malhar Road, Saraabha Nagar, Ludhiana- 141001

Corporate Office:- "Axis House", C-2, Wadia International Centre, Pandurang Budhkar Marg, Worli, Mumbai- 400025

Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿਕਰੀ ਵਾਸਤੇ ਪਹਿਲਾ ਈ-ਨਿਲਾਮੀ ਨੋਟਿਸ।

[illegible]

| | |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 81,49,515/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 8,14,851 [illegible] |
| ਬੋਲੀ ਵਾਧਾ ਰਕਮ | 20,000/- (ਵੀਹ ਹਜ਼ਾਰ ਰੁਪਏ ਕੇਵਲ) |
| [illegible] | [illegible] 14 ਨਵੰਬਰ 2025 [illegible] |
| [illegible] | [illegible] |

ਸਾਰਣੀ-ਜਾਇਦਾਦ ਦਾ ਵੇਰਵਾ

ਤਬਾਦਲਾ ਬੈਨਾਮਾ ਵਸੀਕਾ ਨੰ. 2019-20/20/1/3328 ਮਿਤੀ 06/01/2020 ਅਨੁਸਾਰ ਰਿਹਾਇਸ਼ੀ ਜਾਇਦਾਦ ਰਕਬਾ 15-1/6 ਮਰਲੇ, ਜਾਇਦਾਦ ਰਕਬਾ 9 ਕਨਾਲ 2 ਮਰਲੇ ਦਾ 1/2 ਹਿੱਸਾ, ਖਸਰਾ ਨੰ. 1493/3, ਖੱਤਾ ਨੰ. 636/657, ਜਮ੍ਹਾਂਬੰਦੀ ਸਾਲ 2014-15, ਪਿੰਡ ਅਗਵਾੜ ਗੁੱਜਰਾਂ -999 ਵਿਖੇ ਸਥਿਤ, ਹੱਦਬਸਤ ਨੰ. 126, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ:- ਪੂਰਬ : ਬਾਬੂ ਰਾਮ 39', ਪੱਛਮ : ਲਾਂਘਾ 39', ਉੱਤਰ : ਦਰਸ਼ਨ ਕੁਮਾਰ 111'-6", ਦੱਖਣ : ਇੰਦਰਜੀਤ 111'-6"

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਹਰਪ੍ਰੀਤ ਨਾਥ, ਮੋਬਾਇਲ ਨੰ. 99156-15220 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਮਿਤੀ : 12.10.2025, ਸਥਾਨ : ਲੁਧਿਆਣਾ, ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)



**AXIS BANK** Retail Asset Center: "2nd and 3rd Floor, Property No. 7-E, Malhar Road, Saraabha Nagar, Ludhiana-141001.

Corporate Office:- "Axis House", C-2, Wadia International Centre, Pandurang Budhkar Marg, Worli, Mumbai – 400025

Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਗਹਿਣੇ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ 1) ਸ੍ਰੀ ਦਮਨਪ੍ਰੀਤ ਸਿੰਘ ਪੁੱਤਰ ਸ੍ਰੀ ਬਰਿੰਦਰਜੀਤ ਸਿੰਘ 2) ਸ੍ਰੀਮਤੀ ਕੁਲਜੀਤ ਕੌਰ ਪਤਨੀ ਸ੍ਰੀ ਬਰਿੰਦਰਜੀਤ ਸਿੰਘ ਤੋਂ ਸਕਿਉਰਡ ਕ੍ਰੈਡਿਟਰ ਦੀ 13-06-2025 ਨੂੰ ਬਕਾਇਆ ਰਕਮ ਰੁਪਏ 21,58,332/- [illegible]

| | |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 44,66,785/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 4,46,680/- [illegible] |
| ਬੋਲੀ ਵਾਧਾ ਰਕਮ | 20,000/- (ਵੀਹ ਹਜ਼ਾਰ ਰੁਪਏ ਕੇਵਲ) |
| [illegible] | [illegible] 14 ਨਵੰਬਰ 2025 [illegible] |
| [illegible] | [illegible] |

ਸਾਰਣੀ-ਜਾਇਦਾਦ ਦਾ ਵੇਰਵਾ

ਤਬਾਦਲਾ ਬੈਨਾਮਾ ਨੰ. 647 ਸ੍ਰੀਮਤੀ ਕੁਲਜੀਤ ਕੌਰ ਦੇ ਨਾਂਅ ਰਜਿਸਟਰਡ ਸਬ ਰਜਿਸਰਡ ਪਟਿਆਲਾ ਕੋਲ 23-11-2021 ਨੂੰ ਰਜਿਸਟਰਡ ਮਕਾਨ ਰਕਬਾ 0 ਬੀ-14-6ਬੀ, 372 ਬੀ-8 ਬੀ- 'ਚ 143/74480 ਹਿੱਸਾ, ਖੱਤਾ ਨੰ. 74/135 ਤੋਂ 151 ਖਸਰਾ ਨੰ. 357(6-5), 352(6-5), 358/1(3-3), 307(6-5), 308(6-5), 309(6-5), 310(6-5), 319(6-5), 320(6-5), 322(6-5), 324(5-17), 325(6-2), 326(6-5), 327(6-5), 328(6-5), 329(6-5), 330(6-5), 331(7-18), 333(1-16), 337(6-5), 338(6-5), 176(0-4), 332(8-9), 335(6-5), 336(6-5); 325/1 ਐੱਮ (0-5), 358/2(0-10), 414/321(3-3), 415/321(3-2), 353(6-5), 355(2-6), 356(5-18), 349(3-18), 350(3-18), 385/346(1-16), 388/361(0-18), 318(6-5), 317(6-5), 311(6-15), 195(3-18), 196(1-17), 300 ਐੱਮ (2-15), 302(4-0), 383/295(1-12), 301(6-5), 344 ਐੱਮ (4-14), 342/1(2-17), 343(6-5), 344 ਐੱਮ (1-19), 345(3-15), 299(2-16), 300 ਐੱਮ (3-10), 303(4-0), 304(4-0), 305(4-0), 306(4-0), 251(3-3), 252(3-3), 253(3-3), 260/1(2-9), 260/2(0-14), 340(6-5), 341(6-5), 339(6-5), 342/2(3-8), 387/347(1-0), 348(6-5), 351(6-5), 384/346(2-2), 386/347(5-5), 290(6-18), 291(5-8), 292(5-6), 296(6-5), 297(6-5), 298(3-5), 382/295(4-13), 294(6-5), 312(3-10), 313(3-10), 293(6-5), ਪਿੰਡ ਨੂਰਪੁਰਾ ਵਿਖੇ ਸਥਿਤ ਫਰਾਂਸੇਵਾਲਾ, ਤਹਿਸੀਲ ਦੂਧਨ ਸਾਧਾਂ, ਜ਼ਿਲ੍ਹਾ ਪਟਿਆਲਾ, ਜਮ੍ਹਾਂਬੰਦੀ ਸਾਲ 2017-18

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਹਰਪ੍ਰੀਤ ਨਾਥ, ਮੋਬਾਇਲ ਨੰ. 99156-15220 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਮਿਤੀ : 12.10.2025, ਸਥਾਨ : ਲੁਧਿਆਣਾ, ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)


**Court Notice**

(U/o 5 Rule 20 CPC)
In the Court of
**Shivani**
Civil Judge (Junior Division), Amritsar
CNR No. PBAS02-003797-2024
Next Date:- 15-10-2025
Amirpal Kaur
Vs.
Sarabjit Singh
CS P INJ

Publication Issued To: Jaswinder Singh S/o Bahadur Singh R/o H.No. 180, Darshan Avenue, Opp. Kawar Avenue Gate, Sultanwind Road, Near Lakha Singh Plots, Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 15-10-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division), Amritsar
Dated, this day of 10-10-2025


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਸਮਨਵਯੇ, ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ 2910.2025 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਟੈਂਡਰ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਇਕ ਬੋਲੀ ਪ੍ਰਣਾਲੀ | 07.10.2025 | 15.10.2025 | 29.10.2025 15:00 ਵਜੇ |

| ਲ.ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | 154-2025-26-Sr-DEN-C FZR | ਫ਼ਿਰੋਜ਼ਪੁਰ ਡਵੀਜਨ ਦੇ ਲਈ ਕੀਮੈਨ ਅਤੇ ਪੇਟ੍ਰੋਲਮੈਨ ਦੀ ਨਿਗਰਾਨੀ ਦੇ ਲਈ ਜੀਪੀਐਸ ਟ੍ਰੈਕਿੰਗ ਡਿਵਾਇਸ ਦੇ ਲਈ ਤਿੰਨ ਸਾਲ ਦੇ ਲਈ ਕਿਰਾਏ ਉਤੇ ਅਨੁਬੰਧ ਉਤੇ ਨਿਯੁਕਤੀ। | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 39,95,439.84/- | 79,900.00/- | 60 ਦਿਨ | 36 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ :- ਕੋਈ ਨਹੀਂ। | | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਟੈਂਡਰ ਸੂਚਨਾ ਪੱਤਰ ਨੰ: 154-2025-26-Sr-DEN-C-FZR Date: 08.10.2025 3129/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਖੁਲੀ ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਟੀ.ਆਰ./ ਜੰਮੂ ਤਵੀ ਉ.ਰੇ., ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 03.11.2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 03.11.2025 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (Rs.) | ਟੈਂਡਰ ਦੀ ਕੀਮਤ (Rs.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ # (Rs.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 756-ਟੀ.ਆਰ. ਡੀ. ਜੰਮੂ ਤਵੀ-2025-26 | ਜੰਮੂ ਸੰਭਾਗ ਵਿਚ 25kV OHE ਦੇ ਲਈ ਉਪਯੁਕਤ ਉਚ ਵੋਲਟੇਜ ਮਿਸ਼੍ਰਿਤ ਇਨਸੂਲੇਸ਼ਨ ਕੋਟਿੰਗ ਦੀ ਸਪਲਾਈ ਅਤੇ ਅਨੁਪ੍ਰਯੋਗ (ਪੜਾਅ 1) | 2,32,88,326.61 | ਜੀਰੋ | 03.11.2025 15:00 ਵਜੇ ਤਕ | 2,66,500/- | 06 ਮਹੀਨੇ | 03.11.2025 15:00 ਵਜੇ ਦੇ ਬਾਅਦ | www.ireps.gov.in |

ਨੋਟ:#ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ। ਨੰ.:756-ਟੀਆਰਡੀ-ਜੰਮੂਤਵੀ-2025-26 ਮਿਤੀ: 10.10.2025 3150/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕਲਾਸੀਫਾਈਡ ਇਸ਼ਤਿਹਾਰ

**ਨਿਲਾਮੀ ਸੂਚਨਾ**

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪਿੰਡ ਬਾਇੰਚ ਬਾਜਾ, ਬਲਾਕ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਦੇ ਆਂਗਨਵਾੜੀ, ਜਨਰਲ ਸ਼ਮਸ਼ਾਨਘਾਟ, ਐੱਸ ਸੀ ਸ਼ਮਸ਼ਾਨਘਾਟ, ਡਿਸਪੈਂਸਰੀ, ਗਰਾਊਂਡ, ਜੰਞਘਰ ਵਿੱਚ ਲੱਗੇ 87 ਦਰੱਖਤਾਂ ਦੀ ਬੋਲੀ 16-10-2025 ਦਿਨ ਵੀਰਵਾਰ ਨੂੰ ਸਵੇਰੇ 11 ਵਜੇ ਆਂਗਨਵਾੜੀ ਸੈਂਟਰ ਵਿਖੇ ਕੀਤੀ ਜਾਵੇਗੀ। ਚਾਹਵਾਨ ਸੱਜਣ ਮੌਕੇ 'ਤੇ ਬੋਲੀ ਵਿੱਚ ਭਾਗ ਲੈਣ ਦੀ ਕਿਰਪਾਲਤਾ ਕਰਨ। ਸੰਪਰਕ : 94637-38887

**ਆਮ ਸੂਚਨਾ**

ਅੰਮ੍ਰਿਤਪਾਲ ਸਿੰਘ ਪੁੱਤਰ ਲਾਲ ਸਿੰਘ, ਪਿੰਡ ਫੈਜਗੜ੍ਹ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ.ਪੀ. 13-383 ਏ.ਪੀ (20 ਹਾਰਸਪਾਵਰ) ਨੂੰ ਬਲਵਿੰਦਰ ਕੌਰ ਪਤਨੀ ਸੁਖਰਾਮ ਸਿੰਘ ਵਾਸੀ ਮਲਕਪੁਰ ਖੇਵਟਦਾਰ ਫੈਜਗੜ੍ਹ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਭਲਵਾਨ ਦੇ ਇਤਰਾਜ ਪੇਸ਼ ਕਰੇ।

ਮੈਂ ਰੀਤੂ ਖੰਨਾ ਪਤਨੀ ਨਰੇਸ਼ ਖੰਨਾ ਵਾਸੀ ਮਕਾਨ ਨੰ. 2781,ਗੁਰਬਖਸ਼ ਨਗਰ,ਸਾਹਮਣੇ ਸਾਂਈ ਮੰਦਿਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਦਾਮਾਦ ਅਮੋਦ ਸ਼ਰਮਾ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ, ਮਾੜੀ ਸੰਗਤ ਵਿਚ ਪੈ ਗਿਆ ਹੈ ਅਤੇ ਮੇਰੀ ਲੜਕੀ ਈਸ਼ਾ ਦੇ ਨਾਲ ਵੀ ਬੁਰਾ ਵਰਤਾਵ ਕਰਦਾ ਹੈ ਅਤੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਤੰਗ ਪਰੇਸ਼ਾਨ ਕਰਦਾ ਹੈ। ਮੈਂ ਅਤੇ ਮੇਰਾ ਬੇਟਾ ਵਰੁਣ ਖੰਨਾ,ਬੇਟੀ ਰੀਆ ਗੁਲਾਟੀ ਅਤੇ ਉਸਦਾ ਪਤੀ ਸ਼ਿਵਮ ਗੁਲਾਟੀ ਅਤੇ ਮੇਰੀ ਬੇਟੀ ਈਸ਼ਾ ਅੱਜ ਤੋਂ ਬਾਅਦ ਉਸ ਨਾਲ ਆਪਣੇ ਸਾਰੇ ਸੰਬੰਧ ਖਤਮ ਕਰਦੇ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

**ਬੇਦਖਲੀ ਨੋਟਿਸ**

ਮੈਂ ਵੰਦਨਾ ਪਤਨੀ ਹਰਜੀਤ ਸਿੰਘ ਵਾਸੀ ਮਕਾਨ ਨੰ. 2192/13, ਗਲੀ ਹਾਤਮਤਾਈ, ਗੇਟ ਹਕੀਮਾਂ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਖੁਸ਼ੀ, ਜੋ ਕਿ ਮੇਰੇ ਕਹਿਣੇ/ਸੁਨਣੇ ਤੋਂ ਬਾਹਰ ਹੈ ਅਤੇ ਉਸਨੇ ਮੇਰੇ ਬਰਖਿਲਾਫ ਜਾ ਕੇ ਆਪਣੀ ਮਰਜ਼ੀ ਨਾਲ ਸ਼ਾਦੀ ਕਰ ਲਈ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ-ਅਚੱਲ ਜਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਬੂਟਾ ਸਿੰਘ ਪੁੱਤਰ ਮਿਲਖਾਂ ਸਿੰਘ ਵਾਸੀ ਪਿੰਡ ਗੱਗੋਬੂਆ ਤਹਿ ਤੇ ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ ਹਾਂ,ਤੇ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ ਮੇਰੇ ਕਹਿਣੇ ਵਿੱਚ ਨਹੀਂ ਹੈ ਬੁਰੀ ਸੰਗਤ ਦਾ ਸ਼ਿਕਾਰ ਹੈ।ਮੈ ਉਸ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ।ਉਸ ਨਾਲ ਲੈਣ ਦੇਣ ਕਰਨ ਵਾਲਾ,ਲੜਾਈ ਝਗੜਾ,ਪੁਲੀਸ ਕੇਸ,ਕੋਰਟ ਕੇਸ ਕਿਸੇ ਵੀ ਨਫ਼ਾ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।ਮੇਰਾ ਜਾਂ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਰਿਸ਼ਤਾ ਨਹੀਂ ਹੈ। ਸੰਬੰਧਿਤ ਨੋਟ ਕਰਨ।

ਮੈਂ ਪੂਰਨ ਮਸੀਹ ਪੁੱਤਰ ਅਨੈਤ ਮਸੀਹ ਵਾਸੀ ਪਿੰਡ ਭੋਏਵਾਲ ਤਹਿਸੀਲ ਬਾਬਾ ਬਕਾਲਾ ਸਾਹਿਬ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਜਣ ਸਿੰਘ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ, ਆਪਣੀ ਮਨ ਮਰਜੀ ਕਰਦਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਸ਼ਸ਼ੀ ਬਾਲਾ ਪਤਨੀ ਵਿਜੇ ਕੁਮਾਰ , ਵਾਸੀ 7, ਰਾਮ ਵਿਹਾਰ ਕਲੋਨੀ , ਨੇਹੜੇ ਨਾਹਲਾਂ ਪੁੱਲ , ਬਸਤੀ ਦਾਨਿਸ਼ਮੰਦਾ , ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਕਾਸ ਕੁਮਾਰ ਅਤੇ ਉਸਦੀ ਪਤਨੀ ਕਵਿਤਾ ਮੇਰੇ ਕਹਿਣੇ ਤੋਂ ਬਾਹਰ ਹਨ । ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ, ਸੁਰਜੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਚੱਕ ਅਰਾਈਆਂ ਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮਰੀਕ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਦੇਵ ਦਾਸ ਠਾਕੁਰ ਪੁੱਤਰ ਕ੍ਰਿਸ਼ਨ ਲਾਲ ਵਾਸੀ ਮਕਾਨ ਨੰ. 814/14, ਐਸਕਾਰਟ ਟਰੈਕਟਰ ਸਟਰੀਟ, ਮਾਨਵਤਾ ਨਗਰ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਮੇਸ਼ ਠਾਕੁਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਵਿੰਦਰ ਕੌਰ ਵਿਧਵਾ ਰਤਨ ਸਿੰਘ ਵਾਸੀ ਪਿੰਡ ਬਹਿਬਲ ਚੱਕ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਸੁਰਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਮ ਪ੍ਰਸ਼ਾਦ ਪੁੱਤਰ ਕਿਸ਼ਨ ਚੰਦ ਵਾਸੀ ਮਕਾਨ ਨੰ. 6, ਵਾਰਡ ਨੰ. 5, ਪਿੰਡ ਤੇ ਡਾਕਖਾਨਾ ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੋਹਿਤ ਕੁਮਾਰ ਅਤੇ ਉਸ ਦੀ ਪਤਨੀ ਸ਼ੰਮੀ ਕੁਮਾਰ ਅਤੇ ਉਨ੍ਹਾਂ ਦੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਮਨਾ ਪ੍ਰਸ਼ਾਦ ਪੁੱਤਰ ਵਿਦਿਆ ਪ੍ਰਸ਼ਾਦ ਵਾਸੀ ਬਾਬਾ ਜੀਵਨ ਸਿੰਘ ਨਗਰ, ਮੋਗਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਜੇਸ਼ ਅਤੇ ਉਸ ਦੀ ਪਤਨੀ ਸਵਿਤਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਅਮਰਜੀਤ ਪੁੱਤਰ ਰਜਨੀ ਪ੍ਰਸਾਦ ਅਤੇ ਮੰਗਰੀ ਪਤਨੀ ਅਮਰਜੀਤ ਵਾਸੀਆਨ ਮਕਾਨ ਨੰ. 286, ਵਾਰਡ ਨੰ. 3, ਧਰਮਪੁਰਾ ਮੁਹੱਲਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਹੁਲ ਵਾਸੀ ਧੂਰੀ ਸਾਡੇ ਕਹਿਣੇ ਤੋਂ ਬਾਹਰ ਹੈ।। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਦਲਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਤਲਵੰਡੀ ਸੱਲਾਂ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਅਮ੍ਰਿਤਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰੇਨੂੰ ਗੁਪਤਾ ਪਤਨੀ ਵਿਨੋਦ ਕੁਮਾਰ ਵਾਸੀ 612/9, ਕਾਦਰੀ ਮੁਹੱਲਾ ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ (ਪੰਜਾਬ)। ਮੇਰਾ ਲੜਕਾ ਰਿਜੁਲ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਤਰਸੇਮ ਸਿੰਘ ਪੁੱਤਰ ਵੱਸਣ ਸਿੰਘ ਅਤੇ ਸੋਨੀਆ ਪਤਨੀ ਤਰਸੇਮ ਸਿੰਘ ਵਾਸੀ ਮਕਾਨ ਨੰ. 29, ਬਾਬਾ ਬੁੱਢਾ ਜੀ ਐਵੀਨਿਊ, ਡਾਇਮੰਡ ਸਿਟੀ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਖਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਅਮਰਜੀਤ ਪੁੱਤਰ ਖਜਾਨਜੀ ਪ੍ਰਸ਼ਾਦ, ਮੰਗਰੀ ਪਤਨੀਂ ਅਮਰਜੀਤ, ਵਾਸੀਆਨ ਧਰਮਪੁਰਾ ਮੁਹੱਲਾ, ਧੂਰੀ (ਸੰਗਰੂਰ) ਆਪਣੇ ਲੜਕੇ ਰਾਹੁਲ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

**Change of Name**

I Gulwinder Kaur W/O Satnam Singh R/O Village Machhariwal, PO. Nandachaur, Tehsil Wa, District Hoshiarpur, State Punjab, So That Has Changed My Daughter's Name From Palvi To Palvi Kaur . All Concerned Please Note.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਲੋੜਵੰਦਾਂ ਲਈ ਰਾਸ਼ਨ ਸਮੱਗਰੀ ਕੀਤੀ ਦਾਨ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)-ਸਟੇਟ ਬੈਂਕ ਆਫ਼ ਇੰਡੀਆ ਪੈਨਸ਼ਨਰਜ਼ ਐਸੋਸੀਏਸ਼ਨ, ਹੁਸ਼ਿਆਰਪੁਰ ਵਲੋਂ ਸ੍ਰੀ ਗੁਰੂ ਰਾਮ ਦਾਸ ਲੰਗਰ ਸੇਵਾ, ਪੁਰਹੀਰਾਂ ਵਿੱਚ ਲੋੜਵੰਦਾਂ ਲਈ ਰਾਸ਼ਨ ਸਮੱਗਰੀ ਦਾਨ ਕੀਤੀ ਗਈ। ਇਸ ਮੌਕੇ ਐਸੋਸੀਏਸ਼ਨ ਦੇ ਸੀਨੀਅਰ ਮੈਂਬਰਾਂ ਨੇ ਇਕੱਠੇ ਹੋ ਕੇ ਸੇਵਾ 'ਚ ਹਿੱਸਾ ਲਿਆ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਉੱਤਮ ਉਦਾਹਰਨ ਪੇਸ਼ ਕੀਤਾ।ਇਸ ਨੇਕ ਕੰਮ 'ਚ ਕੇ.ਸੀ. ਸ਼ਰਮਾ, ਪੀ.ਸੀ. ਸ਼ਰਮਾ, ਹਰੀਸ਼ ਮਨੋਚਾ, ਤਰਸੇਮ ਸਿੰਘ, ਪ੍ਰੀਤਮ ਦਾਸ, ਦੀਪਕ ਸ਼ਰਮਾ, ਐਚ.ਜੀ. ਜਸਵਾਲ, ਐਸ.ਪੀ. ਸਿੰਘ, ਕੰਤਾ ਸੋਂਧੀ, ਰਾਕੇਸ਼ ਮਹੇ ਅਤੇ ਸਤਿੰਦਰ ਹੀਰਾ ਸਮੇਤ ਹੋਰ ਮੈਂਬਰ ਵੀ ਮੌਜੂਦ ਸਨ। ਸਭ ਨੇ ਇਕਜੁੱਟ ਹੋ ਕੇ ਮਨੁੱਖਤਾ ਦੀ ਸੇਵਾ ਦਾ ਸੰਕਲਪ ਦੁਹਰਾਇਆ।ਐਸੋਸੀਏਸ਼ਨ ਵਲੋਂ ਲੰਗਰ ਸੇਵਾ ਲਈ ਆਟਾ, ਚੌਲ, ਦਾਲਾਂ, ਤੇਲ, ਸ਼ੱਕਰ, ਮਸਾਲੇ ਆਦਿ ਜ਼ਰੂਰੀ ਰਾਸ਼ਨ ਸਮੱਗਰੀ ਭੇਟ ਕੀਤੀ ਗਈ।ਐੱਸ ਬੀ ਆਈ ਪੈਨਸ਼ਨਰਜ਼ ਐਸੋਸੀਏਸ਼ਨ ਹੁਸ਼ਿਆਰਪੁਰ ਵਲੋਂ ਮੁੱਖ ਮੰਤਰੀ ਰਾਹਤ ਕੋਸ਼ ਵਿੱਚ 31,000 ਅਤੇ ਪ੍ਰਧਾਨ ਮੰਤਰੀ ਰਾਹਤ ਕੋਸ਼ ਵਿੱਚ 21,000 ਦਾ ਦਾਨ ਵੀ ਕੀਤਾ ਗਿਆ।

# ਸੈਂਟਰ ਗੁਲਾਬੇਵਾਲਾ ਵਾਲਾ ਦੀਆਂ ਸੈਂਟਰ ਪੱਧਰੀ ਖੇਡਾਂ 14 ਤੇ 15 ਨੂੰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ /ਪੂਜਾ)**-ਸੈਂਟਰ ਗੁਲਾਬੇ ਵਾਲਾ ਦੀਆਂ ਖੇਡਾਂ 14 ਤੇ 15 ਅਕਤੂਬਰ ਨੂੰ ਦੋ ਰੋਜ਼ਾ ਖੇਡਾ ਸਰਕਾਰੀ ਪ੍ਰਾਇਮਰੀ ਗੁਲਾਬੇਵਾਲਾ ਵਿਖੇ ਸੈਂਟਰ ਹੈਡ ਟੀਚਰ ਪਰਗਟ ਸਿੰਘ ਜੰਬਰ ਦੀ ਅਗਵਾਈ ਹੇਠ ਕਰਵਾਈਆਂ ਜਾਣਗੀਆਂ। ਇਹ ਫੈਸਲਾ ਹੈਡ ਟੀਚਰਾਂ ਦੀ ਮੀਟਿੰਗ ਵਿੱਚ ਕੀਤਾ ਗਿਆ।ਇਹਨਾਂ ਖੇਡ 'ਚ ਸੈਂਟਰ ਗੁਲਾਬੇਵਾਲਾ ਦੇ 12 ਸਕੂਲਾਂ ਦੇ ਖਿਡਾਰੀ ਤੇ ਖਿਡਾਰਨਾਂ ਭਾਗ ਲੈਣਗੇ। ਪਹਿਲੇ ਦਿਨ ਮੁੰਡਿਆਂ ਦੀਆਂ, ਦੂਸਰੇ ਦਿਨ ਕੁੜੀਆਂ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ। ਇਹਨਾਂ ਖੇਡਾਂ 'ਚ ਅਥਲੈਟਿਕਸ 'ਚ 100 ਮੀਟਰ, 200 ਮੀਟਰ ਗੋਲਾ ਸੁੱਟਣਾ, ਬੈਡਮਿੰਟਨ, ਰੱਸਾਕਸ਼ੀ, ਕਬੱਡੀ, ਖੋ ਖੋ ਅਤੇ ਹੋਰ ਬਹੁਤ ਸਾਰੇ ਮੁਕਾਬਲੇ ਕਰਵਾਏ ਜਾਣਗੇ । ਮੀਟਿੰਗ ਵਿੱਚ ਅੱਗੇ ਫੈਸਲਾ ਕੀਤਾ ਗਿਆ ਕਿ ਜੇਤੂਆਂ ਨੂੰ 15 ਅਕਤੂਬਰ ਨੂੰ ਬੀਪੀਈਓ ਜਗਦੀਪ ਸਿੰਘ ਅਤੇ ਗੁਲਾਬੇਵਾਲਾ ਦੇ ਸਰਪੰਚ ਗੁਰਤੇਜ ਸਿੰਘ ਸਾਂਝੇ ਤੌਰ ਤੇ ਇਨਾਮ ਵੰਡਣਗੇ । ਮੀਟਿੰਗ ਵਿੱਚ ਦਵਿੰਦਰ ਸਿੰਘ ਬੇਦੀ, ਭੁਪਿੰਦਰ ਸਿੰਘ, ਪਰਦੀਪ ਕੌਰ, ਹਰਦੀਪ ਸਿੰਘ, ਪਵਿੱਤਰ ਸਿੰਘ, ਕੰਵਰਜੀਤ ਸਿੰਘ, ਨਰੇਸ਼ ਕੁਮਾਰ, ਸੁਨੀਲ ਕੁਮਾਰ, ਸੁਖਜਿੰਦਰ ਸਿੰਘ, ਰਮਨ ਕੁਮਾਰ ਅਤੇ ਭੋਲਾ ਸਿੰਘ ਹਾਜ਼ਰ ਸਨ।

# ਅਵਾਰਾ ਪਸ਼ੂਆਂ ਦੇ ਮਸਲੇ 'ਤੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ



ਸਰਦੂਲਗੜ੍ਹ (ਅਵਤਾਰ ਜਟਾਣਾ)- ਸਰਦੂਲਗੜ੍ਹ ਸ਼ਹਿਰ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਲੈ ਕੇ ਪ੍ਰਸ਼ਾਸਨ ਦੀ ਲਾਪਰਵਾਹੀ ਦੇ ਵਿਰੋਧ 'ਚ ਕੌਂਸਲਰ ਜੱਗੀ ਜੱਫਾ ਅਤੇ ਸੰਘਰਸ਼ੀ ਯੋਧਾ ਅੰਮ੍ਰਿਤਪਾਲ ਸਿੰਘ ਮੀਰਪੁਰੀਆ ਨੇ ਸ੍ਰੀ ਗੁਰਦੁਆਰਾ ਸਰੋਵਰ ਸਾਹਿਬ ਵਿੱਚ ਅਰਦਾਸ ਕਰਕੇ ਘੱਗਰ ਦੇ ਪੁਲ ਉੱਪਰ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਕਈ ਮੀਟਿੰਗਾਂ ਹੋਣ ਦੇ ਬਾਵਜੂਦ ਅਧਿਕਾਰੀ ਅਣਗੌਲ ਰਹੇ ਹਨ, ਜਿਸ ਕਾਰਨ ਸ਼ਹਿਰ ਵਿੱਚ ਹਰ ਰੋਜ਼ ਸੜਕ ਹਾਦਸੇ ਵਧ ਰਹੇ ਹਨ ਅਤੇ ਕਈ ਬੇਕਸੂਰ ਜਾਨਾਂ ਜਾ ਚੁੱਕੀਆਂ ਹਨ। ਦੋਵੇਂ ਸੰਘਰਸ਼ੀ ਯੋਧਿਆਂ ਨੇ ਸਪੱਸ਼ਟ ਕੀਤਾ ਕਿ ਉਹ ਆਪਣੀ ਭੁੱਖ ਹੜਤਾਲ ਤਦ ਤੱਕ ਖਤਮ ਨਹੀਂ ਕਰਨਗੇ ਜਦ ਤੱਕ ਪ੍ਰਸ਼ਾਸਨ ਵੱਲੋਂ ਢੁਕਵਾਂ ਹੱਲ ਨਹੀਂ ਕੱਢਿਆ ਜਾਂਦਾ।ਇਸ ਮੌਕੇ ਡਾ. ਬਿਕਰਜੀਤ ਸਿੰਘ ਸਾਧੂਵਾਲਾ ਨੇ ਕਿਹਾ ਕਿ ਇਹ ਸੰਘਰਸ਼ ਕਿਸੇ ਰਾਜਨੀਤਿਕ ਪਾਰਟੀ ਦਾ ਨਹੀਂ ਬਲਕਿ ਆਮ ਜਨਤਾ ਦੇ ਹੱਕਾਂ ਦੀ ਆਵਾਜ਼ ਹੈ। ਉਨ੍ਹਾਂ ਕਿਹਾ ਕਿ ਜੇ ਲੋੜ ਪਈ ਤਾਂ ਅਵਾਰਾ ਪਸ਼ੂਆਂ ਦੇ ਮਸਲੇ ਨੂੰ ਲੈ ਕੇ ਸੜਕਾਂ ਰੋਕਣ ਸਮੇਤ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਸ਼ਹਿਰ ਦੀ ਵੱਡੀ ਗਿਣਤੀ ਲੋਕਾਂ ਨੇ ਇਸ ਸੰਘਰਸ਼ ਦਾ ਪੂਰਾ ਸਮਰਥਨ ਕਰਦਿਆਂ ਕਿਹਾ ਕਿ ਉਹ ਹਰ ਪੱਧਰ 'ਤੇ ਇਨ੍ਹਾਂ ਨੌਜਵਾਨਾਂ ਦੇ ਨਾਲ ਖੜ੍ਹੇ ਹਨ। ਇਸ ਮੌਕੇ ਬੰਸੀ ਲਾਲ ਕਾਮਰੇਡ, ਚਰਨਜੀਤ ਸਿੰਘ, ਕੌਂਸਲਰ ਸਾਹਿਲ ਚੌਧਰੀ ਸਮੇਤ ਸ਼ਹਿਰ ਦੇ ਨਿਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

**Change of Name**

I, Sahil S/o Kanshi Ram R/o Vill. Fatehpur, PO. Jamsher, Distt. Jalandhar have changed my name as Sahil to Sahil Rai.

I, Devinder Pal Singh Wadhwa S/o Late S. Attar Singh R/o 76, Gujral Nagar, Jalandhar, have changed my name from Davinder Pal Singh to Devinder Pal Singh Wadhwa.

I, Yograj Verma S/o Yashpal R/o H.No. 590, Chogitti, Jalandhar Have Change My Name From Yograj to Yograj Verma. Yograj is My Given Name and Verma Is My Surname.

I, Joravar Singh S/o Ajit Singh R/o Village Loharka Khurd PO Loharka Kalan District Amritsar have declare that Joravar is my Given name and Singh is my Surname

I, Rajesh Mehra S/o Gopal Dass Mehra R/o 3-C, Park Lane, Beauty Avenue, Amritsar declare that Rakesh Mehra and Rajesh Mehra Both names are mine and I am one and the Same person.

I, Sonu son of Suresh Kumar R/o House No. 29, Street No. 3, Near Nishu General Store, Guru Nanak Nagar, Jalandhar, Punjab, India have changed my name from Sonu to Sonu Sharma. All concerned please note.

### ਬਾਇਰ ਵੱਲੋਂ ਕਣਕ ਦੀ ਘਾਹਨਾਸ਼ਕ ਦਵਾਈ 'ਮਟੇਨੋ ਮੋਰ' ਲਾਂਚ

ਬਠਿੰਡਾ-ਬਾਇਰ ਜੋ ਕਿ ਖੇਤੀਬਾੜੀ ਅਤੇ ਹੈਲਥਕੇਅਰ ਦੇ ਲਾਈਫ ਸਾਇੰਸ ਖੇਤਰਾਂ ਵਿੱਚ ਆਪਣੀਆਂ ਮੁੱਖ ਖੂਬੀਆਂ ਵਾਲਾ ਇੱਕ ਗਲੋਬਲ ਉੱਦਮ ਹੈ, ਨੇ ਮਟੇਨੋ ਮੋਰ ਦੇ ਲਾਂਚ ਕਰਨ ਦਾ ਐਲਾਨ ਕੀਤਾ ਹੈ।ਇਹ ਇਕ ਨਵੀਂ ਇਨਕਲਾਬੀ ਘਾਹਨਾਸ਼ਕ ਦਵਾਈ ਹੈ, ਜੋ ਭਾਰਤ ਦੇ ਕਣਕ ਉਗਾਉਣ ਵਾਲੇ ਕਿਸਾਨਾਂ ਲਈ ਜੰਗਲੀ ਘਾਹ ਦਾ ਨਾਸ਼ ਕਰਨ ਲਈ ਤਿਆਰ ਕੀਤੀ ਗਈ ਹੈ।ਇਸ ਨੂੰ ਤਿੰਨ ਵੱਖ-ਵੱਖ ਤਰੀਕਿਆਂ ਨਾਲ ਕੰਮ ਕਰਨ ਵਾਲੇ ਤਾਕਤਵਰ ਸਰਗਰਮ ਤੱਤਾਂ ਨਾਲ ਬਣਾਇਆ ਗਿਆ। ਮਟੇਨੋ ਮੋਰ ਭਾਰਤ ਵਿੱਚ ਆਪਣੀ ਕਿਸਮ ਦੀ ਪਹਿਲੀ ਤਿੰਨ-ਗੁਣਾ ਮਿਸ਼ਰਣ ਵਾਲੀ ਘਾਹਨਾਸ਼ਕ ਦਵਾਈ ਹੈ।ਲਾਂਚ ਦੇ ਮੌਕੇ ਭਾਰਤ, ਬੰਗਲਾਦੇਸ਼ ਅਤੇ ਸ੍ਰੀਲੰਕਾ ਵਿੱਚ ਬਾਇਰ ਕ੍ਰਾਪ ਸਾਇੰਸ ਡਵੀਜ਼ਨ ਦੇ ਕਲੱਸਟਰ ਕਮਰਸ਼ੀਅਲ ਲੀਡ ਮੋਹਨ ਬਾਬੂ ਨੇ ਕਿਹਾ ਕਿ ਮਟੇਨੋ ਮੋਰ ਨਾਲ ਅਸੀਂ ਸਿਰਫ ਇਕ ਨਵੀਂ ਘਾਹਨਾਸ਼ਕ ਦਵਾਈ ਨਹੀਂ ਲਾਂਚ ਕਰ ਰਹੇ, ਸਗੋਂ ਭਾਰਤ ਦੀ ਖਾਦ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਕਿਸਾਨਾਂ ਨੂੰ ਕਣਕ ਉਤਪਾਦਨ ਵਿੱਚ ਬਦਲ ਰਹੀਆਂ ਚੁਣੌਤੀਆਂ ਨੂੰ ਪਾਰ ਕਰਨ ਦੇ ਯੋਗ ਬਣਾਉਣ ਲਈ ਆਪਣੀ ਵਚਨਬੱਧਤਾ ਨੂੰ ਵੀ ਮਜ਼ਬੂਤ ਕਰ ਰਹੇ ਹਾਂ।

# ਪੰਜਾਬ ਰੋਡਵੇਜ਼ ਦੇ ਏਟਕ ਨਾਲ ਸੰਬੰਧਤ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਖਜ਼ਿਆਰ ਵਿਖੇ ਤਿੰਨ ਰੋਜ਼ਾ ਸਿਧਾਂਤਕ ਸਕੂਲ

**ਮੋਹਟਿਆਣਾ/ਜਲੰਧਰ (ਜਗਤਾਰ ਸਿੰਘ ਭੁੰਗਰਨੀ/ਰਾਜੇਸ਼ ਥਾਪਾ)-** ਪੰਜਾਬ ਰੋਡਵੇਜ਼ ਦੇ ਏਟਕ ਨਾਲ ਸੰਬੰਧਤ ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਸਵ. ਕਾਮਰੇਡ ਗੁਰਮੇਲ ਸਿੰਘ ਮੋਗਾ ਦੇ 63ਵੇਂ ਜਨਮ ਦਿਨ ਨੂੰ ਸਮਰਪਤ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਅਗਵਾਈ ਹੇਠ ਖਜ਼ਿਆਰ (ਹਿਮਾਚਲ ਪ੍ਰਦੇਸ਼) ਵਿਖੇ ਲਗਾਇਆ ਗਿਆ 21ਵਾਂ ਸਿਧਾਂਤਕ ਸਕੂਲ ਸਫਲਤਾ ਪੂਰਵਕ ਨੇਪਰੇ ਚੜ੍ਹਿਆ। ਇਸ ਸਕੂਲ ਦੀ ਅਗਵਾਈ ਜਥੇਬੰਦੀ ਦੇ ਸੂਬਾ ਪ੍ਰਧਾਨ ਦੀਦਾਰ ਸਿੰਘ ਮੰਡ, ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ, ਨਵਦੀਪ ਸਿੰਘ, ਸੁਰਿੰਦਰ ਸਿੰਘ ਬਰਾੜ ਵਿੱਤ ਸਕੱਤਰ, ਇਕਬਾਲ ਸਿੰਘ ਪਠਾਨਕੋਟ ਅਤੇ ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾਈ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਅਤੇ ਜਨਰਲ ਸਕੱਤਰ ਸੁਰਜੀਤ ਸਿੰਘ ਚਾਵਲਾ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਵੱਖ ਵੱਖ ਵਿਸ਼ਿਆਂ 'ਤੇ ਜਾਣਕਾਰੀ ਦੇਣ ਲਈ ਪ੍ਰੋ ਵਰਿੰਦਰ ਖੁਰਾਣਾ ਪਟਿਆਲਾ ਨੇ ਫਲਸਫਾ ਕੀ ਹੈ ਤੇ ਮਾਰਕਸਵਾਦ ਦੀ ਦੇਣ, ਕਾਮਰੇਡ ਚਰਨਜੀਤ ਛਾਂਗਾਰਾਏ ਐਡਵੋਕੇਟ ਨੇ ਇਤਿਹਾਸਕ ਪਦਾਰਥਵਾਦ, ਕਾਮਰੇਡ ਜਗਰੂਪ ਸਿੰਘ ਮੁੱਖ ਸਲਾਹਕਾਰ ਬਨੇਗਾ ਪ੍ਰਾਪਤੀ ਮੁਹਿੰਮ ਨੇ ਰਾਜਨੀਤਕ ਅਰਥ ਵਿਵਸਥਾ ਅਤੇ ਪੈਨਸ਼ਨਰ ਆਗੂ ਪ੍ਰੇਮ ਚਾਵਲਾ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਸੰਬੰਧਤ ਵੱਖ ਵੱਖ ਮਸਲੇ ਜਿਵੇਂ ਕਿ ਪੰਜਾਬ ਸਿਵਲ ਦੰਡ ਅਤੇ ਅਪੀਲ ਨਿਯਮ 1970, ਪੁਰਾਣੀ ਪੈਨਸ਼ਨ ਸਕੀਮ ਤੋਂ ਬਾਅਦ ਜਨਵਰੀ 2004 ਤੋਂ ਲਾਗੂ ਨਵੀਂ ਪੈਨਸ਼ਨ ਸਕੀਮ ਅਤੇ ਹੁਣ ਹੁਕਮਰਾਨ ਸਰਕਾਰਾਂ ਵੱਲੋਂ ਲਾਗੂ ਕੀਤੀ ਜਾ ਰਹੀ ਯੂ ਪੀ ਐਸ ਦੇ ਕਾਰਨ ਮੁਲਾਜ਼ਮਾਂ ਨੂੰ ਹੋਣ ਵਾਲੇ ਨੁਕਸਾਨਾਂ ਪ੍ਰਤੀ ਜਾਣਕਾਰੀ ਦਿੱਤੀ ਗਈ। ਇਸ ਸਮੇਂ ਸਰਵ ਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਡਲਹੌਜ਼ੀ ਸ਼ਹਿਰ ਦਾ ਨਾਂ ਪਗੜੀ ਸੰਭਾਲ ਜੱਟਾ ਮੁਹਿੰਮ ਦੇ ਪ੍ਰਮੁੱਖ ਆਗੂ ਚਾਚਾ ਅਜੀਤ ਸਿੰਘ ਦੇ ਨਾਂ 'ਤੇ ਰੱਖਣ ਦੀ ਮੰਗ ਕੀਤੀ ਗਈ। ਫੈਸਲਾ ਕੀਤਾ ਗਿਆ ਕਿ 17 ਅਕਤੂਬਰ ਨੂੰ ਬੱਸ ਸਟੈਂਡ ਮੋਗਾ ਵਿਖੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੇ ਮਨਾਏ ਜਾ ਰਹੇ 37ਵੇਂ ਬਰਸੀ ਸਮਾਗਮ ਵਿੱਚ ਪੰਜਾਬ ਦੇ 18 ਡਿਪੂਆਂ ਵਿੱਚੋਂ ਰੋਡਵੇਜ਼ ਮੁਲਾਜ਼ਮ ਅਤੇ ਪੰਜਾਬ ਦੇ ਵੱਖ ਵੱਖ ਕੋਨਿਆਂ ਤੋਂ ਪੈਨਸ਼ਨਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਸੂਬਾਈ ਆਗੂ ਜਗਦੀਸ਼ ਸਿੰਘ ਚਾਹਲ, ਦੀਦਾਰ ਸਿੰਘ ਮੰਡ ਅਤੇ ਗੁਰਜੰਟ ਕੋਕਰੀ ਨੇ ਦੱਸਿਆ ਕਿ ਇਸ ਬਰਸੀ ਸਮਾਗਮ ਨੂੰ ਕਾਮਰੇਡ ਵਿਦਿਆ ਸਾਗਰ ਗਿਰੀ ਕੌਮੀ ਸਕੱਤਰ ਏਟਕ, ਕਾਮਰੇਡ ਪੀ ਸੰਦੇਸ਼ ਕੁਮਾਰ ਕੇਰਲਾ ਮੈਂਬਰ ਪਾਰਲੀਮੈਂਟ ਅਤੇ ਕੌਮੀ ਸਕੱਤਰ ਸੀ ਪੀ ਆਈ, ਡਾਕਟਰ ਸਵਰਾਜ ਬੀਰ ਚੰਡੀਗੜ੍ਹ ਸਾਬਕਾ ਸੰਪਾਦਕ ਪੰਜਾਬੀ ਟ੍ਰਿਬਿਊਨ, ਕਾਮਰੇਡ ਨਿਰਮਲ ਸਿੰਘ ਧਾਲੀਵਾਲ ਸੂਬਾ ਜਨਰਲ ਸਕੱਤਰ ਏਟਕ, ਕਾਮਰੇਡ ਜਗਰੂਪ ਸਿੰਘ ਮੁੱਖ ਸਲਾਹਕਾਰ, ਬਨੇਗਾ ਪ੍ਰਾਪਤੀ ਮੁਹਿੰਮ, ਕਾਮਰੇਡ ਸੁਖਦੇਵ ਸ਼ਰਮਾ ਐਕਟਿੰਗ ਵਰਕਿੰਗ ਪ੍ਰਧਾਨ ਪੰਜਾਬ ਏਟਕ, ਕਾਮਰੇਡ ਸੁਖਜਿੰਦਰ ਮਹੇਸ਼ਰੀ ਪ੍ਰਧਾਨ ਆਲ ਇੰਡੀਆ ਯੂਥ ਫੈਡਰੇਸ਼ਨ ਅਤੇ ਕਾਮਰੇਡ ਕੁਲਦੀਪ ਭੋਲਾ ਜ਼ਿਲ੍ਹਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਮੋਗਾ ਸੰਬੋਧਨ ਕਰਨਗੇ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਗੁਰਚਰਨ ਕੌਰ ਮੋਗਾ,ਬਲਵਿੰਦਰ ਕੌਰ ਖੋਸਾ, ਅਮਰੀਕ ਸਿੰਘ ਬਟਾਲਾ, ਗੁਰਮੇਲ ਚੰਦ ਨਵਾਂਸ਼ਹਿਰ, ਮੋਹਨਜੀਤ ਸਿੰਘ, ਮਹਿੰਦਰ ਸਿੰਘ ਰੋਪੜ, ਜਗਪਾਲ ਸਿੰਘ ਬਰਾੜ ਮੋਗਾ, ਸੰਦੀਪ ਕੌਰ, ਨਵਜੀਤ ਸਿੰਘ, ਹਰਜਿੰਦਰ ਸਿੰਘ ਸੰਗੋ, ਨਸੀਬ ਸਿੰਘ ਜੜਤ ਦਰਸ਼ਨ ਸਿੰਘ ਥਰੀਕੇ , ਦਰਸ਼ਨ ਕੁਮਾਰ ਬਟਾਲਾ, ਤਰਸੇਮ ਨਰੂਲਾ ਫਰੀਦਕੋਟ, ਜਗਦੀਸ਼ ਸਿੰਘ ਜਗਰਾਉਂ, ਅਜਮੇਰ ਸਿੰਘ, ਭੁਪਿੰਦਰ ਸਿੰਘ ਭਿੰਡਾ , ਦਲਜੀਤ ਸਿੰਘ ਜਗਰਾਉਂ, ਗੁਰਦੀਪ ਸਿੰਘ ਪਠਾਨਕੋਟ , ਜੋਗਿੰਦਰ ਸਿੰਘ ਬਟਾਲਾ, ਅਵਤਾਰ ਸਿੰਘ ਜਗਰਾਓਂ , ਜਗਸੀਰ ਨੇਹਰੀ, ਸੰਦੀਪ ਸਿੰਘ ਜਲੰਧਰ -1ਮੁਕਤਸਰ , ਬਲਬੀਰ ਸਿੰਘ ਮਾਨ ਸ੍ਰੀ ਮੁਕਤਸਰ ਸਾਹਿਬ ਆਦਿ ਹਾਜ਼ਰ ਸਨ।



# ਦਿਲ ਦੇ ਦੌਰੇ ਨਾਲ ਨਹੀਂ, ਮੋਟਰਸਾਈਕਲ ਵੱਜਣ ਕਾਰਨ ਹੋਈ ਠੇਕੇਦਾਰ ਧਰਮਪਾਲ ਦੀ ਮੌਤ

**ਨੰਗਲ (ਸੁਰਜੀਤ ਸਿੰਘ)-** ਇੱਕ ਨਾਮੀ ਸ਼ਰਾਬ ਠੇਕੇਦਾਰ ਦੀ ਸਵੇਰੇ ਤੜਕਸਾਰ ਸੈਰ ਕਰਨ ਸਮੇਂ ਭੇਦਭਰੇ ਹਾਲਾਤ ਵਿੱਚ ਮੌਤ ਹੋ ਗਈ। ਜਿਸ ਨੂੰ ਲੈ ਕੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਠੇਕੇਦਾਰ ਧਰਮਪਾਲ ਮੁਹੱਲਾ ਪ੍ਰੀਤ ਨਗਰ, ਵਾਰਡ ਨੰਬਰ 3 ਦੇ ਵਸਨੀਕ ਸਨ। ਉਹ ਸਵੇਰੇ 5 ਵਜੇ ਘਰ ਤੋਂ ਸੈਰ ਕਰਨ ਲਈ ਨੰਗਲ ਭਾਖੜਾ ਮੁੱਖ ਮਾਰਗ ਤੋਂ ਖੇਡ ਮੈਦਾਨ ਵੱਲ ਨੂੰ ਜਾਂਦੇ ਸੀ। ਅੱਜ ਸਵੇਰੇ ਵੀ ਜਦੋਂ ਉਹ ਘਰ ਤੋਂ ਸੈਰ ਲਈ ਨਿਕਲੇ ਪਰ ਸਵੇਰੇ 6 ਵਜੇ ਦੇ ਕਰੀਬ ਕੁਝ ਨੌਜਵਾਨਾਂ ਨੇ ਉਨ੍ਹਾਂ ਨੂੰ ਨੰਗਲ ਭਾਖੜਾ ਮੁੱਖ ਮਾਰਗ 'ਤੇ ਬਿਜਲੀ ਦਫਤਰ ਸਾਹਮਣੇ ਸੜਕ 'ਤੇ ਡਿੱਗਿਆ ਵੇਖਿਆ। ਹਾਲਾਂਕਿ ਕਿਸੇ ਨੂੰ ਉਨ੍ਹਾਂ ਦੀ ਪਹਿਚਾਣ ਨਹੀਂ ਸੀ ਹੋ ਸਕੀ ਪਰ ਕੁਝ ਨੌਜਵਾਨ ਉਨ੍ਹਾਂ ਨੂੰ ਨੰਗਲ ਸਿਵਲ ਹਸਪਤਾਲ ਵਿਚ ਲੈ ਆਏ, ਜਿੱਥੇ ਕੁਝ ਦੇਰ ਬਾਅਦ ਡਾਕਟਰਾਂ ਵੱਲੋਂ ਉਨ੍ਹਾਂ ਦੀ ਸ਼ਨਾਖਤ ਕਰਨ ਤੋਂ ਬਾਅਦ ਇਹ ਕਹਿ ਦਿੱਤਾ ਗਿਆ ਕਿ ਹਸਪਤਾਲ ਆਉਣ ਤੋਂ ਪਹਿਲਾਂ ਹੀ ਇਨ੍ਹਾਂ ਦੀ ਮੌਤ ਹੋ ਚੁੱਕੀ ਸੀ, ਮੂੰਹ 'ਤੇ ਗੰਭੀਰ ਸੱਟਾਂ ਵੇਖ ਇਹ ਕਿਆਸ ਲਗਾਏ ਜਾ ਰਹੇ ਸੀ ਕਿ ਸ਼ਾਇਦ ਉਨ੍ਹਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਸੜਕ 'ਤੇ ਡਿੱਗ ਕੇ ਮੌਤ ਹੋਈ ਹੈ।ਪਰ ਜਾਂਚ ਪੜਤਾਲ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਠੇਕੇਦਾਰ ਦੀ ਦਿਲ ਦਾ ਦੌਰਾ ਪੈਣ ਨਾਲ ਨਹੀਂ ਬਲਕਿ ਇੱਕ ਮੋਟਰਸਾਈਕਲ ਦੀ ਫੇਟ ਵੱਜਣ ਕਾਰਨ ਮੌਤ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਜਦੋਂ ਧਰਮਪਾਲ ਸੈਰ ਕਰਕੇ ਘਰ ਨੂੰ ਵਾਪਸ ਆ ਰਹੇ ਸੀ ਤਾਂ ਇੱਕ ਮੋਟਰਸਾਈਕਲ ਚਾਲਕ ਨੇ ਪਿੱਛੇ ਤੋਂ ਉਨ੍ਹਾਂ ਨੂੰ ਫੇਟ ਮਾਰੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਉਹ ਮੂੰਹ ਦੇ ਭਾਰ ਹੇਠਾਂ ਡਿੱਗੇ। ਟੱਕਰ ਮਾਰਨ ਵਾਲੇ ਨੌਜਵਾਨ ਨੇ ਉਨ੍ਹਾਂ ਨੂੰ ਚੁੱਕਣਾ ਮੁਨਾਸਿਬ ਨਾ ਸਮਝਿਆ ਤੇ ਖੁਦ ਸਾਡੇ 6 ਕੁ ਵਜੇ ਦੇ ਕਰੀਬ ਉਹ ਨੌਜਵਾਨ ਬੀ ਬੀ ਐਮ ਬੀ ਹਸਪਤਾਲ ਵਿੱਚ ਦਾਖਲ ਹੋ ਗਿਆ। ਉਕਤ ਨੌਜਵਾਨ ਨੰਗਲ ਦੇ ਨਾਲ ਲਗਦੇ ਹਿਮਾਚਲ ਪ੍ਰਦੇਸ਼ ਦੇ ਇੱਕ ਪਿੰਡ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ, ਜਿਸ ਦੀ ਉਮਰ 18 ਕੁ ਸਾਲ ਦੱਸੀ ਜਾ ਰਹੀ ਸੀ, ਜੋ ਕੁਝ ਦੇਰ ਬਾਅਦ ਹਸਪਤਾਲ ਤੋਂ ਚਲਾ ਗਿਆ। ਜਿਸ ਥਾਂ 'ਤੇ ਘਟਨਾ ਵਾਪਰੀ ਉੱਥੇ ਇੱਕ ਟੁੱਟਿਆ ਹੈਲਮੇਟ ਵੀ ਨਜ਼ਰ ਆਇਆ। ਚਕਨਾਚੂਰ ਹੋਏ ਹੈਲਮੇਟ ਨੂੰ ਵੇਖ ਅੰਦਾਜ਼ਾ ਲਗਾਇਆ ਜਾ ਸਕਦਾ ਸੀ ਕਿ ਮੋਟਰਸਾਈਕਲ ਚਾਲਕ ਕਿੰਨੀ ਜ਼ਿਆਦਾ ਰਫਤਾਰ ਵਿੱਚ ਹੋਏਗਾ।ਠੇਕੇਦਾਰ ਧਰਮਪਾਲ ਬਹੁਤ ਹੀ ਮਿਲਨਸਾਰ ਤੇ ਸਭ ਨੂੰ ਖਿੜੇ ਮੱਥੇ ਮਿਲਣ ਵਾਲੇ ਵਿਅਕਤੀ ਸਨ। ਕਰਵਾਚੌਥ ਮੌਕੇ ਘਰਵਾਲੀ ਘਰ ਉਡੀਕ ਕਰਦੀ ਰਹੀ ਪਰ ਉਹ ਹਸਪਤਾਲ ਵਿੱਚ ਕਫਨ ਵਿੱਚ ਲਿਪਟੇ ਨਜ਼ਰ ਆਏ। ਘਰ ਦੀਆਂ ਸਾਰੀਆਂ ਖੁਸ਼ੀਆਂ ਮਾਤਮ ਵਿੱਚ ਤਬਦੀਲ ਹੋ ਗਈਆਂ। ਧਰਮਪਾਲ ਦੇ 2 ਪੁੱਤਰ ਤੇ ਇੱਕ ਧੀ ਹੈ, ਤਿੰਨਾਂ ਦਾ ਵਿਆਹ ਹੋ ਚੁੱਕਾ ਹੈ ਤੇ ਤਿੰਨੋਂ ਬੱਚੇ ਵਿਦੇਸ਼ ਵਿੱਚ ਰਹਿੰਦੇ ਹਨ। ਕੈਨੇਡਾ ਤੋਂ ਆਉਣ ਤੋਂ ਬਾਅਦ ਹੀ ਜਿੱਥੇ ਧਰਮਪਾਲ ਦਾ ਸਸਕਾਰ ਕੀਤਾ ਜਾਵੇਗਾ। ਫਿਲਹਾਲ ਪੁਲਸ ਨੇ ਮ੍ਰਿਤਕ ਦੇਹ ਦਾ ਪੋਸਟ ਮਾਰਟਮ ਕਰਵਾਉਣ ਲਈ ਲਾਸ਼ ਨੂੰ ਮੋਰਚਰੀ ਘਰ ਵਿੱਚ ਰਖਵਾ ਦਿੱਤਾ ਹੈ। ਸ਼ਰਾਬ ਠੇਕੇਦਾਰ ਦੀ ਮੌਤ 'ਤੇ ਚੇਅਰਮੈਨ ਡਾ. ਸੰਜੀਵ ਗੌਤਮ, ਮਨਜੋਤ ਰਾਣਾ, ਸੁਰੇਸ਼ ਕੁਮਾਰ ਭੋਲਾ, ਵਿਸ਼ਾਲ ਠਾਕੁਰ, ਹਰਪ੍ਰੀਤ ਸਿੰਘ ਰੰਧਾਵਾ, ਐਡ. ਅਨੁਜ ਠਾਕੁਰ, ਨਰਦੀਪ ਠਾਕੁਰ, ਰਜਿੰਦਰ ਰਾਣਾ, ਬਿੰਦੂ ਰਾਣਾ, ਸੌਰਵ ਸ਼ਰਮਾ, ਹੈਪੀ ਜ਼ੈਲਦਾਰ, ਪ੍ਰਧਾਨ ਰੋਹਿਤ ਕਾਲੀਆ, ਦੀਪਕ ਸੋਨੀ, ਪ੍ਰਦੀਪ ਸੋਨੀ, ਪ੍ਰਵੇਸ਼ ਸੋਨੀ, ਅਸ਼ੋਕ ਮਨੋਚਾ, ਇੰਜ, ਪਰਮਿੰਦਰ ਸਿੰਘ ਸੰਧੂ, ਪ੍ਰਧਾਨ ਸੰਜੇ ਸਾਹਨੀ ਤੋਂ ਇਲਾਵਾ ਹੋਰ ਇਲਾਕਾ ਵਾਸੀਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।



# ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ : ਰਾਜਪਾਲ



**ਬੰਗਾ, ਨਵਾਂਸ਼ਹਿਰ (ਅਵਤਾਰ ਕਲੇਰ, ਕੁਲਵਿੰਦਰ ਦੁਰਗਾਪੁਰੀਆ)**

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਪਣੀ ਪਤਨੀ ਅਨੀਤਾ ਕਟਾਰੀਆ ਸਮੇਤ ਸਥਾਨਕ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਜਾਇਬ ਘਰ ਵਿਖੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਦੇਸ਼ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਸਾਰੇ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਜਾਇਬ ਘਰ ਵਿਖੇ ਪਹੁੰਚਣ 'ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸ਼ਹੀਦ-ਏ-ਆਜਮ ਦੀ ਸਮਾਧ ਅਤੇ ਫਿਰ ਉਨ੍ਹਾਂ ਦੇ ਬੁੱਤ 'ਤੇ ਫੁੱਲ ਅਰਪਿਤ ਕੀਤੇ। ਉਨ੍ਹਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਹੋਰਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਨੂੰ ਨਵੀਂ ਦਿਸ਼ਾ ਦਿੱਤੀ ਜਿਸ ਦੇ ਸਿੱਟੇ ਵਜੋਂ ਨੌਜਵਾਨਾਂ ਵਿੱਚ ਦੇਸ਼ ਭਗਤੀ ਦੀ ਚਿਨਗ ਹੋਰ ਤੇਜ਼ ਹੋਈ। ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਰਾਜਪਾਲ ਨੇ ਕਿਹਾ ਕਿ ਸੂਬੇ ਸਾਹਮਣੇ ਹੜ੍ਹਾਂ ਨਾਲ ਪੈਦਾ ਹੋਈ ਸਥਿਤੀ ਅਤੇ ਨਸ਼ੇ ਵੱਡੀਆਂ ਚੁਣੌਤੀਆਂ ਹਨ ਜਿਨ੍ਹਾਂ ਵਿਚੋਂ ਉੱਭਰਨ ਲਈ ਲਗਾਤਾਰ ਉਪਰਾਲੇ ਜਾਰੀ ਹਨ। ਖਟਕੜ ਕਲਾਂ ਪਹੁੰਚਣ ਤੋਂ ਪਹਿਲਾਂ ਰਾਜਪਾਲ ਅਤੇ ਉਨ੍ਹਾਂ ਦੀ ਪਤਨੀ ਨੇ ਨਵਾਂਸ਼ਹਿਰ ਵਿਖੇ ਜੈਨ ਸਥਾਨਕ ਵਿਖੇ ਪਹੁੰਚ ਕੇ ਪ੍ਰਵਚਨ ਸੁਣੇ ਤੇ ਆਸ਼ੀਰਵਾਦ ਲਿਆ।

# ਨਸ਼ਾ ਤਸਕਰ ਪਤੀ-ਪਤਨੀ ਵੱਲੋਂ ਪੰਚਾਇਤੀ ਜ਼ਮੀਨ 'ਤੇ ਬਣਾਏ ਘਰ ਉੱਪਰ ਚੱਲਿਆ ਪੀਲਾ ਪੰਜਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਬਲਵੀਰ ਸ਼ਾਲ੍ਹਪੁਰੀ)-** ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਰੋਕਥਾਮ ਲਈ ਸ਼ੁਰੂ ਕੀਤੇ ਗਏ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਪਿੰਡ ਸੇਚਾਂ ਵਿਖੇ ਨਸ਼ਾ ਤਸਕਰਾਂ ਵੱਲੋਂ ਪੰਚਾਇਤੀ ਜ਼ਮੀਨ ਉੱਪਰ ਬਣਾਏ ਗਏ ਘਰ ਉੱਪਰ ਬੀ. ਡੀ.ਪੀ.ਓ. ਦੇ ਹੁਕਮਾਂ 'ਤੇ ਪੀਲਾ ਪੰਜਾ ਚਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਥਾਣਾ ਸੁਲਤਾਨਪੁਰ ਲੋਧੀ ਤਹਿਤ ਪੈਂਦੇ ਪਿੰਡ ਸੇਚਾਂ ਵਿਖੇ ਸਰਬਜੀਤ ਸਿੰਘ ਉਰਫ ਬੱਬੀ ਪੁੱਤਰ ਜਰਨੈਲ ਸਿੰਘ ਵਾਸੀ ਸੇਚਾਂ ਤੇ ਉਸ ਦੀ ਪਤਨੀ ਜਸਪਾਲ ਕੌਰ ਉਰਫ ਸੁਮਨ ਪਤਨੀ ਸਰਬਜੀਤ ਸਿੰਘ ਵੱਲੋਂ ਪਿੰਡ ਵਿਖੇ ਲਗਭਗ 7 ਮਰਲੇ ਪੰਚਾਇਤੀ ਥਾਂ ਉੱਪਰ ਕਬਜ਼ਾ ਕਰਕੇ ਘਰ ਬਣਾਇਆ ਹੋਇਆ ਸੀ। ਦੋਵੇਂ ਪਤੀ ਪਤਨੀ ਐਨ ਡੀ ਪੀ ਐਸ ਦੇ 17 ਕੇਸਾਂ ਦਾ ਸਾਹਮਣਾ ਕਰ ਰਹੇ ਹਨ , ਜਿਸ ਵਿੱਚੋਂ ਪਤੀ ਉੱਪਰ 10 ਤੇ ਪਤਨੀ ਉੱਪਰ 7 ਕੇਸ ਦਰਜ ਹਨ। ਐੱਸ ਐੱਸ ਪੀ ਕਪੂਰਥਲਾ ਗੌਰਵ ਤੂਰਾ ਨੇ ਦੱਸਿਆ ਕਿ ਬੀ ਡੀ ਪੀ ਓ ਸੁਲਤਾਨਪੁਰ ਲੋਧੀ ਵੱਲੋਂ ਦਿੱਤੇ ਹੁਕਮਾਂ ਅਨੁਸਾਰ ਪੁਲਸ ਵੱਲੋਂ ਨਜਾਇਜ ਕਬਜ਼ਾਕਾਰ ਉੱਪਰ ਕਾਰਵਾਈ ਕੀਤੀ ਗਈ ਹੈ। ਬੀ ਡੀ ਪੀ ਓ ਸੁਲਤਾਨਪੁਰ ਲੋਧੀ ਨੇ ਦੱਸਿਆ ਕਿ ਗ੍ਰਾਮ ਪੰਚਾਇਤ ਵੱਲੋਂ ਸਰਬਜੀਤ ਸਿੰਘ ਤੇ ਉਸ ਦੀ ਪਤਨੀ ਨੂੰ ਪੰਚਾਇਤੀ ਥਾਂ ਖਾਲੀ ਕਰਨ ਲਈ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 34 ਤਹਿਤ 3 ਵਾਰ ਨੋਟਿਸ ਜਾਰੀ ਕੀਤਾ ਗਿਆ ਪਰ ਸਬੰਧਿਤ ਨਜਾਇਜ਼ ਕਾਬਜਕਾਰ ਵੱਲੋਂ ਥਾਂ ਖਾਲੀ ਨਹੀਂ ਕੀਤੀ ਗਈ। ਤੂਰਾ ਨੇ ਦੱਸਿਆ ਕਿ ਪੰਚਾਇਤੀ ਵਿਭਾਗ ਵੱਲੋਂ ਪੁਲਸ ਨੂੰ ਪੰਚਾਇਤੀ ਥਾਂ ਦਾ ਕਬਜ਼ਾ ਲੈਣ ਲਈ ਪੁਲਸ ਸੁਰੱਖਿਆ ਮੁਹੱਈਆ ਕਰਵਾਉਣ ਲਈ ਲਿਖਿਆ ਗਿਆ ਸੀ , ਜਿਸ ਤਹਿਤ ਪੁਲਸ ਸੁਰੱਖਿਆ ਮੁਹੱਈਆ ਕਰਵਾਈ ਗਈ। ਸ੍ਰੀ ਤੂਰਾ ਨੇ ਪੰਜਾਬ ਸਰਕਾਰ ਦੀ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਨਸ਼ਾ ਤਸਕਰਾਂ ਨੂੰ ਸਖ਼ਤ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਨਸ਼ੇ ਦੀ ਕਾਲੀ ਕਮਾਈ ਨਾਲ ਕੀਤੀਆਂ ਗਈਆਂ ਨਜਾਇਜ਼ ਉਸਾਰੀਆਂ ਵਿਰੁੱਧ ਕਾਰਵਾਈ ਜਾਰੀ ਰਹੇਗੀ।



# ਕੌਂਸਲਰਾਂ ਵੱਲੋਂ ਮੇਹਰਚੰਦ ਪੋਲੀਟੈਕਨਿਕ ਕਾਲਜ ਦੇ ਪ੍ਰਿੰ. ਡਾ. ਜਗਰੂਪ ਸਿੰਘ ਨੂੰ ਨੈਸ਼ਨਲ ਐਵਾਰਡ ਮਿਲਣ 'ਤੇ ਵਧਾਈ

**ਜਲੰਧਰ (ਸ਼ੈਲੀ ਐਲਬਰਟ)-** ਜਤਿੰਦਰ ਜਿੰਦ ਮਿਊਂਸਪਲ ਕੌਂਸਲਰ, ਵਾਰਡ ਨੰ 63, ਅਵਿਨਾਸ਼ ਮਾਨਕ, ਵਾਰਡ ਨੰ 68, ਚਰਨਜੀਤ ਬੱਧਨ, ਕੌਂਸਲਰ ਵਾਰਡ ਨੰ 81 ਤੇ ਸਾਬਕਾ ਕੌਂਸਲਰ ਜਗਦੀਸ਼ ਸਮਰਾਏ ਤੇ ਅਨਿਲ ਕੁਮਾਰ ਨੇ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੂੰ ਨੈਸ਼ਨਲ ਐਵਾਰਡ ਮਿਲਣ 'ਤੇ ਵਧਾਈ ਦਿੱਤੀ। ਉਹਨਾਂ ਕਿਹਾ ਕਿ ਇਸ ਐਵਾਰਡ ਨਾਲ ਜਲੰਧਰ ਸ਼ਹਿਰ ਦਾ ਮਾਣ ਵਧਿਆ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸਮੂਹ ਕੌਂਸਲਰਾਂ ਦਾ ਸਵਾਗਤ ਕੀਤਾ ਤੇ ਧੰਨਵਾਦ ਕੀਤਾ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸਭ ਕੌਂਸਲਰਾਂ ਅੱਗੇ ਸੜਕ ਮੁਕੰਮਲ ਕਰਨ ਦੀ ਮੰਗ ਕੀਤੀ ਜੋ ਡੀ.ਏ.ਵੀ ਕਾਲਜ ਤੋਂ ਲੈ ਮੇਹਰਚੰਦ ਪੋਲੀਟੈਕਨਿਕ ਤੱਕ ਜਾਂਦੀ ਹੈ, ਜੋ ਨਹਿਰੀ ਪਾਣੀ ਦਾ ਪ੍ਰੋਜੈਕਟ ਤਿਆਰ ਕਰਨ ਅਤੇ ਪਾਈਪ ਪਾਉਣ ਲਈ ਤੋੜ ਦਿੱਤੀ ਗਈ ਸੀ। ਸਮੂਹ ਕੌਂਸਲਰਾਂ ਨੇ ਯਕੀਨ ਦੁਆਇਆ ਕਿ ਬਹੁਤ ਜਲਦ ਇਹ ਸੜਕ ਰਿਪੇਅਰ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਮੀਟਿੰਗ ਵਿੱਚ ਦੁਰਗੇਸ਼ ਜੰਡੀ ਤੇ ਮੋਨੂੰ ਪਤਿਆਲ ਵੀ ਸ਼ਾਮਲ ਹੋਏ।



# ਜਿੰਪਾ ਨੇ ਆਂਗਨਵਾੜੀ ਸੈਂਟਰ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 13 ਦੇ ਮੁਹੱਲਾ ਸੁੰਦਰ ਨਗਰ ਵਿਚ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਆਂਗਨਵਾੜੀ ਕੇਂਦਰ ਵਿੱਚ ਵਰਧਮਾਨ ਯਾਰਨਜ਼ ਐਂਡ ਥ੍ਰੈਡਸ ਲਿਮਟਿਡ ਵੱਲੋਂ 20 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਉਦਯੋਗ ਜਗਤ ਵਲੋਂ ਸਮਾਜਿਕ ਕੰਮਾਂ ਪ੍ਰਤੀ ਕੀਤੇ ਜਾ ਰਹੇ ਯਤਨ ਸ਼ਲਾਘਾਯੋਗ ਹਨ। ਵਰਧਮਾਨ ਗਰੁੱਪ ਨੇ ਸਥਾਨਕ ਪੱਧਰ 'ਤੇ ਸਿੱਖਿਆ ਅਤੇ ਬਾਲ ਵਿਕਾਸ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਵਿਧਾਇਕ ਜਿੰਪਾ ਨੇ ਵਰਧਮਾਨ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਹਿਯੋਗ ਨਾਲ ਲੋਕ ਭਲਾਈ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਦੇ ਸਰਵਪੱਖੀ ਵਿਕਾਸ ਵਿਚ ਆਂਗਨਵਾੜੀ ਕੇਂਦਰਾਂ ਦੀ ਭੂਮਿਕਾ ਨੂੰ ਸਮਝਣ ਅਤੇ ਉਨ੍ਹਾਂ ਦੀ ਦੇਖਭਾਲ ਵਿਚ ਅਹਿਮ ਯੋਗਦਾਨ ਦੇਣ। ਸਮਾਗਮ ਵਿਚ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਵਰਧਮਾਨ ਯਾਰਨਜ਼ ਐਂਡ ਥ੍ਰੈਡਸ ਲਿਮਟਿਡ ਦੇ ਡਾਇਰੈਕਟਰ ਤਰੁਣ ਚਾਵਲਾ, ਸ੍ਰੀ ਡਡਵਾਲ, ਕੌਂਸਲਰ ਚੰਦਰਾਵਤੀ ਅਤੇ ਕਾਮਰੇਡ ਗੰਗਾ ਪ੍ਰਸਾਦ ਸਮੇਤ ਕਈ ਪਤਵੰਤੇ ਸ਼ਾਮਲ ਹੋਏ।

# ਸੁਖਬੀਰ ਬਾਦਲ ਵੱਲੋਂ ਪਸ਼ੂ ਪਾਲਕਾਂ ਲਈ 100 ਟਰੱਕ ਚਾਰੇ ਦੇ ਰਵਾਨਾ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਨਜ਼ਦੀਕੀ ਪਿੰਡ ਦੁੱਗਰੀ ਤੋਂ ਹੜ੍ਹਾਂ ਕਾਰਨ ਪ੍ਰਭਾਵਿਤ ਜ਼ਿਲ੍ਹੇ ਪਟਿਆਲਾ ਅਤੇ ਜਲੰਧਰ ਦੇ ਪਸ਼ੂ ਪਾਲਕਾਂ ਲਈ 100 ਟਰੱਕ ਚਾਰੇ ਦੀ ਮਦਦ ਰਵਾਨਾ ਕੀਤੀ ਗਈ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਦਲ ਨੇ ਦੱਸਿਆ ਕਿ ਇਹ ਮਦਦ ਹੜ੍ਹਾਂ ਕਾਰਨ ਆਪਣੇ ਪਸ਼ੂਆਂ ਲਈ ਚਾਰਾ ਨਹੀਂ ਲੱਭ ਰਹੇ ਕਿਸਾਨਾਂ ਦੀ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ੍ਹ ਪੀੜਤ ਪਰਵਾਰਾਂ ਦੇ ਪਸ਼ੂਆਂ ਲਈ 500 ਟਰੱਕ ਚਾਰੇ ਦੇ ਦੇਣ ਦਾ ਵਾਅਦਾ ਕੀਤਾ ਗਿਆ ਸੀ, ਜਿਸ ਲੜੀ ਤਹਿਤ ਅੱਜ ਦੂਜੀ ਕਿਸਤ ਟਰੱਕਾਂ ਦੀ ਹੜ੍ਹਾਂ ਤੋਂ ਪ੍ਰਭਾਵਿਤ ਵੱਖ-ਵੱਖ ਪਿੰਡਾਂ ਲਈ ਰਵਾਨਾ ਕੀਤੀ ਗਈ ਹੈ । ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਮੁਸ਼ਕਿਲ ਸਮੇਂ ਪੰਜਾਬ ਦੇ ਲੋਕਾਂ ਨਾਲ ਖੜ੍ਹੀ ਰਹੀ ਹੈ ਅਤੇ ਇਹ ਚਾਰਾ ਸਿਰਫ਼ ਇੱਕ ਸ਼ੁਰੂਆਤ ਹੈ ਅਤੇ ਜਿੱਥੇ ਜਿੱਥੇ ਲੋੜ ਹੋਵੇਗੀ, ਉੱਥੇ ਹੋਰ ਮਦਦ ਭੇਜੀ ਜਾਵੇਗੀ।ਇਸ ਮੌਕੇ ਸੀਨੀਅਰ ਅਕਾਲੀ ਆਗੂ ਹਰਮੋਹਣ ਸਿੰਘ ਸੰਧੂ, ਬਲਦੇਵ ਸਿੰਘ ਹਾਫਿਜ਼ਾਬਾਦ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਅਮਰਿੰਦਰ ਸਿੰਘ ਬਿੰਦਰਾ, ਪਰਮਜੀਤ ਸਿੰਘ ਢਿੱਲੋਂ, ਬੰਟੀ ਰੁਮਾਣਾ, ਰਵਿੰਦਰ ਸਿੰਘ ਖੇੜਾ ਅਤੇ ਪਰਮਜੀਤ ਸਿੰਘ ਮਾਕੜ ਆਦਿ ਹਾਜ਼ਰ ਸਨ।

# ਹਰਦੇਵ ਸਿੰਘ ਕੌਸ਼ਲ ਚੇਅਰਮੈਨ ਸੋਸ਼ਲ ਕ੍ਰਾਈਮ ਡਵੀਜ਼ਨ ਪੰਜਾਬ ਨਿਯੁਕਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)-**ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਅਧੀਨ ਕਾਨੂੰਨੀ ਤੌਰ 'ਤੇ ਰਜਿਸਟਰਡ ਸਿਵਲ ਪ੍ਰੋਟੈਕਸ਼ਨ ਲੀਗਲ ਸਰਵਿਸਿਜ਼ ਇੰਡੀਆ ਵੱਲੋਂ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਸ਼ਲ ਨੂੰ ਪੰਜਾਬ ਸਟੇਟ ਚੇਅਰਮੈਨ ਸੋਸ਼ਲ ਕ੍ਰਾਈਮ ਡਿਵੀਜ਼ਨ (ਪੰਜਾਬ) ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਭਾਰਤ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸੰਸਥਾ ਵਿੱਚ ਇੱਕ ਮਹੱਤਵਪੂਰਨ ਅਤੇ ਵੱਡੀ ਜ਼ਿੰਮੇਵਾਰੀ ਮੰਨੀ ਜਾ ਰਹੀ ਹੈ ਜਿਸ ਨੂੰ ਗ੍ਰਹਿ ਮੰਤਰਾਲਾ ਅਤੇ ਸਮਾਜਿਕ ਨਿਆਂ ਮੰਤਰਾਲਾ ਵੱਲੋਂ ਵਿਧਾਨਕ ਮਨਜ਼ੂਰੀ ਮਿਲੀ ਹੋਈ ਹੈ। ਨੈਸ਼ਨਲ ਪ੍ਰੈਜ਼ੀਡੈਂਟ ਸਈਅਦ ਅਬਦੁਲ ਕਰੀਮ ਨੇ ਕਿਹਾ ਕਿ ਹਰਦੇਵ ਸਿੰਘ ਕੌਸ਼ਲ ਦੀਆਂ ਸਮਾਜ ਪ੍ਰਤੀ ਵਡਮੁੱਲੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਹਨਾਂ ਨੂੰ ਇਹ ਨਿਯੁਕਤੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿਵਲ ਪ੍ਰੋਟੈਕਸ਼ਨ ਲੀਗਲ ਸਰਵਿਸਿਜ਼ ਇੰਡੀਆ ਤਹਿਤ ਦੇਸ਼ ਭਰ ਵਿੱਚ ਕਾਨੂੰਨੀ ਸੁਰੱਖਿਆ, ਜਾਗਰੂਕਤਾ, ਸਲਾਹ-ਮਸ਼ਵਰਾ ਅਤੇ ਨਿਆਂ ਸੰਬੰਧੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਜਿਸ ਰਾਹੀਂ ਕੇਂਦਰੀ ਰਾਜ ਸਰਕਾਰ ਅਤੇ ਨਿਆਂਪਾਲਿਕਾ ਦੀ ਮਦਦ ਨਾਲ ਅਪਰਾਧ ਅਤੇ ਭ੍ਰਿਸ਼ਟਾਚਾਰ ਨੂੰ ਕੰਟਰੋਲ ਕਰਨ ਲਈ ਹਰਦੇਵ ਸਿੰਘ ਕੌਸ਼ਲ ਦੀ ਸੂਬਾ ਚੇਅਰਮੈਨ ਵਜੋਂ ਇਹ ਨਿਯੁਕਤੀ ਕੀਤੀ ਗਈ ਹੈ।



# ਸ੍ਰੀ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਸ੍ਰੀ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਸਬੰਧੀ ਪਿੰਡ ਜੰਡਿਆਲਾ ਮੰਜਕੀ ਪੱਤੀ ਰਾਮ ਕੀ ਵੱਲੋਂ ਸੰਗਤ ਦੇ ਸਹਿਯੋਗ ਨਗਾਰਿਆਂ, ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਸਜਾਇਆ ਗਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿੱਚ ਫੁੱਲਾਂ ਨਾਲ ਸਜਾਵਟ ਕੀਤੀ ਗਈ।ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਵਿੱਚ ਸੁਸ਼ੋਭਿਤ ਕੀਤਾ। ਇਸ ਮੌਕੇ ਸੰਗਤ ਨੇ ਫੁੱਲਾਂ ਦੀ ਵਰਖਾ ਕੀਤੀ।ਨਗਰ ਕੀਰਤਨ ਦਾ ਪਿੰਡ ਦੇ ਗੁਰਦੁਆਰਾ ਸਾਹਿਬ 'ਤੇ ਸੰਗਤ ਨੇ ਭਰਵਾਂ ਸਵਾਗਤ ਕੀਤਾ। ਵੱਖ-ਵੱਖ ਥਾਵਾਂ 'ਤੇ ਸਭਾ-ਸੁਸਾਇਟੀਆਂ ਅਤੇ ਸੰਗਤ ਨੇ ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸ਼ਰਧਾ ਪ੍ਰਗਟਾਈ।ਨਿਊ ਰਿ- ਪਬਲਿਕ ਮਾਡਲ ਸਕੂਲ ਪਿੰਡ ਜੰਡਿਆਲਾ ਮੰਜਕੀ ਪੱਤੀ ਰਾਮ ਕੀ ਦੇ ਬੱਚਿਆਂ ਨੇ ਬੈਂਡ ਦੀ ਸੇਵਾ ਨਿਭਾਈ। ਇਸ ਮੌਕੇ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ ।ਇਸ ਮੌਕੇ ਜੱਥੇਦਾਰ ਦਸਮੇਸ਼ ਤਰਨਾ ਦਲ ਮਹਾਕਾਲ ਬਾਬਾ ਹਰਸਾਹਿਬ ਸਿੰਘ ਛਾਉਣੀ ਨਿਹੰਗ ਸਿੰਘਾਂ ਜੰਡਿਆਲਾ ਮੰਜਕੀ ਅਤੇ ਗੁਰਦੁਆਰੇ ਦੇ ਮੁੱਖ ਸੇਵਾਦਾਰ ਨੇ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਦੀ ਵਿਸ਼ਵ ਭਰ ਵਿੱਚ ਵਸਦੀ ਸੰਗਤ ਨੂੰ ਵਧਾਈ ਦਿੰਦਿਆਂ ਸਮੂਹ ਸੰਗਤ ਨੂੰ ਗੁਰੂ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੇਵਾ, ਨਿਮਰਤਾ ਅਤੇ ਨਿਸ਼ਕਾਮ ਭਾਵਨਾ ਨਾਲ ਕੌਮ ਦੀ ਚੜ੍ਹਦੀ ਕਲਾ, ਏਕਤਾ ਅਤੇ ਲੋਕ ਭਲਾਈ ਦੇ ਕਾਰਜ ਕਰਨ ਲਈ ਆਖਿਆ। ਤਿੰਨ ਦਿਨ ਗੁਰੂ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਤੇ ਜਥੇਦਾਰ ਦਸ਼ਮੇਸ਼ ਤਰਨਾਦਲ ਮਹਾਂਕਾਲ ਬਾਬਾ ਹਰਸਾਹਿਬ ਸਿੰਘ ਜੀ, ਸੁਖਦੇਵ ਸਿੰਘ, ਦਿਲਬਾਗ ਸਿੰਘ ਨੰਬਰਦਾਰ, ਰੇਸ਼ਮ ਸਿੰਘ, ਨਰਿੰਦਰ ਸਿੰਘ ਆਦਿ ਹਾਜ਼ਰ ਸਨ ।

# ਝੋਨੇ ਦੀ ਖਰੀਦ ਤਸੱਲੀਬਖਸ਼ ਤਰੀਕੇ ਨਾਲ ਨਹੀਂ ਹੋ ਰਹੀ : ਰਾਜੇਵਾਲ

**ਫਿਲੌਰ, (ਨਿਰਮਲ)-**ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਫਿਲੌਰ ਦੀ ਅਹਿਮ ਮੀਟਿੰਗ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਹੋਈ,ਜਿਸ ਵਿੱਚ ਸੈਂਕੜੇ ਮੈਂਬਰਾਂ ਨੇ ਭਾਗ ਲਿਆ ਅਤੇ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਕਿਹਾ ਕਿ ਝੋਨੇ ਦੀ ਕਟਾਈ ਸ਼ੁਰੂ ਹੋ ਚੁੱਕੀ ਹੈ,ਪਰ ਮੰਡੀਆਂ ਵਿੱਚ ਝੋਨੇ ਦੀ ਖਰੀਦ ਤਸੱਲੀ ਬਖਸ਼ ਤਰੀਕੇ ਨਾਲ ਨਹੀਂ ਹੋ ਰਹੀ, ਪ੍ਰਸ਼ਾਸਨ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਮਾਨਯੋਗ ਹਾਈਕੋਰਟ ਦੇ ਦੇ ਹੁਕਮਾਂ ਅਨੁਸਾਰ 2500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਪਰਾਲੀ ਪ੍ਰਬੰਧਨ ਦੀ ਰਾਸ਼ੀ ਸਰਕਾਰ ਪ੍ਰਸ਼ਾਸਨ ਵੱਲੋਂ ਨਹੀਂ ਦਿੱਤੀ ਜਾ ਰਹੀ। ਜੇਕਰ ਸਰਕਾਰ ਵੱਲੋਂ ਵਿਤੀ ਸਹਾਇਤਾ ਦਾ ਪ੍ਰਬੰਧ ਨਹੀਂ ਹੋ ਰਿਹਾ ਤਾਂ ਉਹ ਪਰਾਲੀ ਇਕੱਠੀਆਂ ਕਰਨ ਵਾਲੀਆਂ ਮਸ਼ੀਨਾਂ ਪ੍ਰਬੰਧ ਜ਼ਰੂਰ ਕਰਵਾਵੇ।ਉਨ੍ਹਾਂ ਕਿਹਾ ਕਿ ਜ਼ਿਆਦਾ ਮੀਂਹ ਪੈਣ ਕਾਰਨ ਝੋਨੇ ਵਿੱਚ ਨਮੀ ਦੀ ਮਾਤਰਾ ਵੱਧ ਗਈ ਹੈ ,ਮੌਸਮ ਵਿੱਚ ਵੀ ਤਬਦੀਲੀ ਆਈ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਝੋਨੇ ਦੀ ਮਾਉਸਚਰ ਲਿਮਟ ਵਧਾਕੇ 17 ਤੋਂ 20 ਪੁਆਇੰਟ ਕੀਤੀ ਜਾਵੇ।



# ਚੀਫ ਜਸਟਿਸ 'ਤੇ ਹਮਲਾ ਸੰਵਿਧਾਨ ਤੇ ਦਲਿਤ ਵਿਰੋਧੀ ਵਿਚਾਰਧਾਰਾ ਦਾ ਪ੍ਰਤੀਕ : ਕਰਨ ਸਿੰਘ ਰਾਣਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-**ਮਨਰੇਗਾ ਅਧਿਕਾਰ ਅੰਦੋਲਨ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਦੀ ਤਹਿਸੀਲ ਨਵਾਂ ਸ਼ਹਿਰ ਦੀ ਇਕਾਈ ਦੀ ਮੀਟਿੰਗ ਸਾਥੀ ਸੁਰਜੀਤ ਕੁਮਾਰ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿਚ ਮਨਰੇਗਾ ਫੰਡਾਂ ਵਿੱਚ ਅਤੇ ਕੰਮ ਵਿੱਚ ਕੀਤੀ ਕਟੌਤੀ, ਰਾਸ਼ਨ ਕਾਰਡਾਂ ਦੀ ਕਟੌਤੀ, ਸਾਲ ਵਿਚ 200 ਦਿਨਾਂ ਦਾ ਕੰਮ ਵਰਗੇ ਮਸਲਿਆਂ ਤੇ ਚਰਚਾ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਨੇ ਬੀਤੇ ਸੋਮਵਾਰ ਸੁਪਰੀਮ ਕੋਰਟ ਦੇ ਮੁਖ ਜੱਜ ਤੇ ਹੋਏ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਇਸ ਨੂੰ ਲੋਕ ਵਿਰੋਧੀ, ਸੰਵਿਧਾਨ ਵਿਰੋਧੀ ਅਤੇ ਦਲਤ ਵਿਰੋਧੀ ਵਿਚਾਰਧਾਰਾ ਦਾ ਪ੍ਰਤੀਕ ਦੱਸਿਆ।ਇਸ ਮੌਕੇ ਨਿਰਮਲਾ ਦੇਵੀ ਜਿਲਾ ਖਜਾਨਚੀ, ਕੋਮਲ ਰਾਣੀ ਤਹਿਸੀਲ ਪ੍ਰਧਾਨ, ਮਨੋਹਰ ਲਾਲ ਤਹਿਸੀਲ ਪ੍ਰਧਾਨ ਬਲਾਚੌਰ, ਜੀਤ ਸਿੰਘ ਅਤੇ ਜਸਵਿੰਦਰ ਕੌਰ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ।

# ਵਿਸ਼ਾਲ ਗੁਰਮਤਿ ਸਮਾਗਮ ਅੱਜ

**ਆਦਮਪੁਰ (ਪਰਮਜੀਤ ਸਿੰਘ)-**ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਭੇਲਾ ਨੇੜੇ ਆਦਮਪੁਰ ਜ਼ਿਲ੍ਹਾ ਜਲੰਧਰ ਵਿਖੇ ਬਹੁਤ ਹੀ ਸ਼ਰਧਾ-ਪੂਰਵਕ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸਮੂਹ ਸੰਗਤਾਂ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਹਨ, ਜਿਨਾਂ ਦੇ ਭੋਗ ਮਿਤੀ 12 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ10 ਵਜੇ ਪਾਏ ਜਾਣਗੇ ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ। ਜਿਸ ਦੌਰਾਨ ਰਾਗੀ ਜੱਥਾ ਭਾਈ ਸਿਮਰਨਪ੍ਰੀਤ ਸਿੰਘ ਅਤੇ ਕਵੀਸ਼ਰ ਜਥਾ ਭਾਈ ਸੁਖਬੀਰ ਸਿੰਘ ਵੱਲੋਂ ਆਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਮੁੱਖ ਚੋਣ ਅਧਿਕਾਰੀ ਵੱਲੋਂ ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਨਾਲ ਸਮੀਖਿਆ ਮੀਟਿੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਤਰਨ ਤਾਰਨ ਸੀਟ ਦੀ ਜ਼ਿਮਨੀ ਚੋਣ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸ਼ੁੱਕਰਵਾਰ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ- ਕਮ- ਜ਼ਿਲ੍ਹਾ ਚੋਣ ਅਧਿਕਾਰੀ ਰਾਹੁਲ, ਐੱਸ.ਐੱਸ.ਪੀ ਡਾ. ਰਵਜੋਤ ਗਰੇਵਾਲ ਅਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸਿੰਗ ਜ਼ਰੀਏ ਮੀਟਿੰਗ ਕੀਤੀ।ਮੀਟਿੰਗ ਦੌਰਾਨ ਸਿਬਿਨ ਸੀ ਨੇ ਤਰਨ ਤਾਰਨ ਸੀਟ ਦਾ ਇਲਾਕਾ ਕੌਮਾਂਤਰੀ ਸਰਹੱਦੀ ਨਾਲ ਲੱਗਦੇ ਹੋਣ ਕਰਕੇ ਵਧੇਰੇ ਚੌਕਸੀ ਵਧਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਵੋਟਾਂ ਤੋਂ 72, 48 ਅਤੇ 24 ਘੰਟਿਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਹਰ ਗਤੀਵਿਧੀ ਉੱਤੇ ਨਜ਼ਰ ਰੱਖੀ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਚੋਣ ਜ਼ਾਬਤਾ ਸਖਤੀ ਨਾਲ ਲਾਗੂ ਕੀਤਾ ਜਾਵੇ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਸਬੰਧਤ ਸ਼ਿਕਾਇਤਾਂ ਨੂੰ ਵੀ ਸਮਾਂਬੱਧ ਤਰੀਕੇ ਨਾਲ ਨਿਪਟਾਇਆ ਜਾਵੇ। ਮੁੱਖ ਚੋਣ ਅਧਿਕਾਰੀ ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਪੋਲਿੰਗ ਬੂਥਾਂ, ਕਾਊਂਟਿੰਗ ਹਾਲ ਅਤੇ ਸਟਰਾਂਗ ਰੂਮ ਵਿੱਚ ਢੁਕਵੇਂ ਪ੍ਰਬੰਧ ਤੇ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਨੇ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਬੂਥਾਂ 'ਤੇ ਪੀਣ ਵਾਲੇ ਪਾਣੀ, ਵੇਟਿੰਗ ਏਰੀਆ, ਪਖਾਨਿਆਂ ਅਤੇ ਦਿਵਿਆਂਗ ਵੋਟਰਾਂ ਲਈ ਵ੍ਹੀਲ ਚੇਅਰਾਂ ਆਦਿ ਦੀ ਸਹੂਲਤ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਸਿਬਿਨ ਸੀ ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਕੈਮਰੇ ਲਗਾ ਕੇ 100 ਫ਼ੀਸਦੀ ਵੈੱਬਕਾਸਟਿੰਗ ਯਕੀਨੀ ਬਣਾਉਣ ਅਤੇ ਸਵੀਪ ਗਤੀਵਿਧੀਆਂ ਵਧਾਉਣ ਲਈ ਕਿਹਾ ਤਾਂ ਜੋ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਇਆ ਜਾ ਸਕੇ। ਸਿਬਿਨ ਸੀ ਨੇ ਐੱਸ ਐੱਸ ਪੀ ਨੂੰ ਸਖ਼ਤੀ ਵਧਾਉਣ ਅਤੇ ਨਾਕਿਆਂ ਉੱਤੇ ਸੀ ਸੀ ਟੀ ਵੀ ਕੈਮਰਿਆਂ ਦੀ ਮਦਦ ਨਾਲ ਨਿਗਰਾਨੀ ਰੱਖਣ ਦੇ ਆਦੇਸ਼ ਦਿੱਤੇ ਤਾਂ ਜੋ ਡਰੱਗ, ਸ਼ਰਾਬ, ਨਕਦੀ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਉੱਤੇ ਨੱਥ ਪਾਈ ਜਾ ਸਕੇ।ਉਨ੍ਹਾਂ ਸੀ-ਵਿਜ਼ਿਲ ਐਪ ਪ੍ਰਤੀ ਲੋਕਾਂ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਵੋਟਰ ਬਿਨਾਂ ਡਰ-ਭੈਅ ਦੇ ਇਸ ਐਪ ਉੱਤੇ ਸ਼ਿਕਾਇਤ ਦਰਜ ਕਰਵਾ ਸਕਣ।ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਧਿਕਾਰੀ ਅਤੇ ਐੱਸ.ਐੱਸ.ਪੀ ਨੇ ਦੱਸਿਆ ਕਿ ਵੋਟਿੰਗ ਲਈ ਕੁੱਲ 114 ਥਾਵਾਂ ਉੱਤੇ 222 (ਸ਼ਹਿਰੀ 60 ਅਤੇ ਪੇਂਡੂ 162) ਪੋਲਿੰਗ ਬੂਥ ਬਣਾਏ ਗਏ ਹਨ। ਇਨ੍ਹਾਂ ਵਿੱਚੋਂ ਹੁਣ ਤੱਕ 100 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਕੌਮਾਂਤਰੀ ਸਰਹੱਦ ਨੇੜਲੇ ਪਿੰਡਾਂ ਵਿੱਚ ਇੱਕ ਦਰਜਨ ਤੋਂ ਵੱਧ ਪੋਲਿੰਗ ਬੂਥ ਬਣਾਏ ਗਏ ਹਨ, ਜਿਨ੍ਹਾਂ ਉੱਤੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਹੁਣ ਤੱਕ 1435 ਪੁਲਸ ਮੁਲਾਜ਼ਮ ਅਤੇ ਹੋਰ ਸੁਰੱਖਿਆ ਬਲ ਤਾਇਨਾਤ ਕੀਤੇ ਜਾ ਚੁੱਕੇ ਹਨ। ਮੀਟਿੰਗ ਦੌਰਾਨ ਜੁਆਇੰਟ ਸੀ ਈ ਓ ਸਕੱਤਰ ਸਿੰਘ ਬੱਲ, ਰਿਟਰਨਿੰਗ ਅਧਿਕਾਰੀ ਗੁਰਮੀਤ ਸਿੰਘ (ਐਸ.ਡੀ.ਐਮ. ਤਰਨ ਤਾਰਨ) ਤੋਂ ਇਲਾਵਾ ਸੀ ਈ ਓ ਦਫ਼ਤਰ ਤੇ ਜ਼ਿਲ੍ਹੇ ਦੇ ਹੋਰ ਅਧਿਕਾਰੀ ਹਾਜ਼ਰ ਸਨ।

# ਓਇੰਦ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਮੋਰਿੰਡਾ (ਜੈਜ਼ੀ ਸਰਦਾਰ)**



ਗੁਰਦੁਆਰਾ ਸ੍ਰੀ ਕੁਟੀਆ ਸਾਹਿਬ ਪਿੰਡ ਓਇੰਦ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸਚੈ ਮਾਰਗਿ ਚਲਦਿਆ ਨਿਸ਼ਕਾਮ ਸੇਵਾ ਸੰਸਥਾ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਕਥਾ-ਕੀਰਤਨ ਦੀਵਾਨ ਸਜਾ ਕੇ ਮਨਾਇਆ ਗਿਆ। ਬਾਬਾ ਜੋਗਿੰਦਰ ਸਿੰਘ ਸ੍ਰੀ ਚਮਕੌਰ ਸਾਹਿਬ ਵਾਲਿਆਂ ਨੇ ਕੀਰਤਨ ਦੀ ਹਾਜ਼ਰੀ ਭਰੀ ਅਤੇ ਭਾਈ ਸੁਖਦੇਵ ਸਿੰਘ ਡੱਲਾ ਨੇ ਇਬਾਦਤ ਤੇ ਸ਼ਹਾਦਤ ਉੱਤੇ ਆਧਾਰਤ ਕਥਾ ਵਖਿਆਨ ਕੀਤਾ। ਸੰਗਤਾਂ ਨੇ ਭਰਵੀਂ ਹਾਜ਼ਰੀ ਨਾਲ ਕਥਾ-ਕੀਰਤਨ ਦਾ ਅਨੰਦ ਮਾਣਿਆ। ਸੰਸਥਾ ਦੇ ਮੁੱਖ ਸੇਵਾਦਾਰ ਭਾਈ ਨਿਰਮਲ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਸਮੁੱਚੇ ਪ੍ਰੋਗਰਾਮ ਲਈ ਐਨ ਆਰ ਆਈ ਸ਼ੇਰ ਸਿੰਘ ਵਕੀਲ ਯੂ ਐਸ ਏ, ਜਗਰੂਪ ਸਿੰਘ ਯੂ ਐਸ ਏ, ਕੇਸਰ ਸਿੰਘ ਆਸਟ੍ਰੇਲੀਆ, ਰਮਨਦੀਪ ਸਿੰਘ ਖਰੌੜ ਯੂ.ਕੇ., ਜਗਤਾਰ ਸਿੰਘ ਕੈਨੇਡਾ ਤੇ ਜਤਿੰਦਰ ਸਿੰਘ ਲੰਬੜਦਾਰ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।ਮੁੱਖ ਤੌਰ 'ਤੇ ਗੁਰਦੁਆਰਾ ਕੁਟੀਆ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਖਰੌੜ, ਬਾਬਾ ਸਤਨਾਮ ਸਿੰਘ, ਹਰਮੀਤ ਸਿੰਘ ਰੋਮੀ, ਬਲਜਿੰਦਰ ਸਿੰਘ ਦੇ ਸਪੁੱਤਰ ਪਰਵਿੰਦਰ ਸਿੰਘ, ਗੁਰੂ ਕੇ ਵਜ਼ੀਰ ਭਾਈ ਜਸਪਾਲ ਸਿੰਘ, ਮੇਜਰ ਸਿੰਘ ਸਰਪੰਚ, ਕੁਲਦੀਪ ਸਿੰਘ ਓਇੰਦ, ਦਲਵੀਰ ਸਿੰਘ ਨੰਬਰਦਾਰ, ਡਾਕਟਰ ਬਹਾਦਰ ਸਿੰਘ, ਸਾਬਕਾ ਸਰਪੰਚ ਪ੍ਰਿਤਪਾਲ ਸਿੰਘ, ਪਰਮਜੀਤ ਸਿੰਘ ਕਾਹਲੋਂ ਐਮ ਸੀ ਮੋਹਾਲੀ, ਰਵਿੰਦਰ ਸਿੰਘ ਸ਼ਾਮਪੁਰਾ, ਡਾਕਟਰ ਦਰਸ਼ਨ ਸਿੰਘ ਥਾਬਲਾਂ, ਸੇਵਾਦਾਰ ਅਜੀਤ ਸਿੰਘ, ਸਪਿੰਦਰ ਸਿੰਘ, ਵਰਿੰਦਰ ਸਿੰਘ ਸੱਤੂ, ਸਰਜਾ ਸਿੰਘ, ਗੁਰਪ੍ਰੀਤ ਸਿੰਘ ਨੱਤ, ਰਤਨ ਸਿੰਘ ਫੌਜੀ, ਕੇਸਰ ਸਿੰਘ ਸ਼ਹਿਰੀ,ਹਰਜਿੰਦਰ ਸਿੰਘ ਕੰਧੋਲਾ, ਯਾਦਵਿੰਦਰ ਸਿੰਘ ਯਾਦੀ, ਦਰਸ਼ਨ ਸਿੰਘ ਸਲੇਮਪੁਰ, ਭੋਲਾ ਸਿੰਘ ਸਾਬਕਾ ਪੰਚ ਅਤੇ ਨਗਰ ਦੇ ਹੋਰ ਪਤਵੰਤੇ ਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਹਾਜ਼ਰ ਸਨ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਨੇ ਵਿਸ਼ਵ ਮਾਨਸਿਕ ਸਿਹਤ ਦਿਵਸ ਮਨਾਇਆ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਵਿਸ਼ਵ ਮਾਨਸਿਕ ਸਿਹਤ ਦਿਵਸ ਮਨਾਉਣ ਤਹਿਤ ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼, ਮੋਹਾਲੀ ਦੇ ਮਨੋਵਿਗਿਆਨ ਵਿਭਾਗ ਨੇ ਐਮ ਬੀ ਬੀ ਐਸ ਵਿਦਿਆਰਥੀਆਂ ਲਈ ਪੋਸਟਰ ਮੁਕਾਬਲਾ ਆਯੋਜਿਤ ਕੀਤਾ।ਇਸ ਸਮਾਗਮ ਦਾ ਉਦੇਸ਼ ਭਵਿੱਖ ਦੇ ਸਿਹਤ ਸੰਭਾਲ ਪੇਸ਼ੇਵਰਾਂ ਵਿੱਚ ਮਾਨਸਿਕ ਸਿਹਤ ਮੁੱਦਿਆਂ ਪ੍ਰਤੀ ਜਾਗਰੂਕਤਾ ਅਤੇ ਸਮਝ ਵਧਾਉਣਾ ਅਤੇ ਇਸ ਮਹੱਤਵਪੂਰਨ ਵਿਸ਼ਵਵਿਆਪੀ ਚਿੰਤਾ 'ਤੇ ਰਚਨਾਤਮਕ ਪ੍ਰਗਟਾਵੇ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੌਕੇ ਐਮ ਬੀ ਬੀ ਐਸ ਵਿਦਿਆਰਥੀਆਂ ਨੇ ਮਾਨਸਿਕ ਤੰਦਰੁਸਤੀ, ਸਮਾਜਿਕ ਸ਼ਰਮਿੰਦਗੀ ਘਟਾਉਣ ਅਤੇ ਮਾਨਸਿਕ ਸਿਹਤ ਦੇਖਭਾਲ ਤੱਕ ਪਹੁੰਚ ਦੇ ਵਿਸ਼ਿਆਂ ਨੂੰ ਉਜਾਗਰ ਕਰਨ ਵਾਲੇ ਵਿਚਾਰ-ਉਕਸਾਉਣ ਵਾਲੇ ਅਤੇ ਦ੍ਰਿਸ਼ਟੀਗਤ ਤੌਰ 'ਤੇ ਆਕਰਸ਼ਕ ਪੋਸਟਰ ਪੇਸ਼ ਕੀਤੇ।ਸੰਸਥਾ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਨੇ ਸਮਾਜ ਵਿੱਚ ਪ੍ਰਚਲਿਤ ਮਾਨਸਿਕ ਸਿਹਤ ਚੁਣੌਤੀਆਂ ਪ੍ਰਤੀ ਨੌਜਵਾਨ ਡਾਕਟਰਾਂ ਨੂੰ ਸੰਵੇਦਨਸ਼ੀਲ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਡਾ. ਨਿਧੀ ਮਲਹੋਤਰਾ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਮਨੋਵਿਗਿਆਨ ਵਿਭਾਗ, ਡਾ. ਏਕਰਾਮ ਗੋਇਲ ਨੇ ਵੀ ਵਿਚਾਰ ਪੇਸ਼ ਕੀਤੇ।ਮੁਕਾਬਲੇ ਵਿੱਚ ਪਹਿਲਾ ਇਨਾਮ: ਸ਼ਗੁਨ, ਦੂਜਾ ਇਨਾਮ: ਸੀਆ ਰਾਜਪੂਤ, ਤੀਜਾ ਇਨਾਮ: ਮਾਰਸ਼ਲ ਧੀਮਾਨ ਨੂੰ ਸਨਮਾਨਤ ਕੀਤਾ ਗਿਆ।

# ਹਰ ਧਰਮ ਦੇ ਤਿਉਹਾਰ ਮਿਲ ਕੇ ਮਨਾਓ : ਵਿਧਾਇਕ ਰਾਜਾ, ਸੋਨੂ ਖੰਨਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)-** ਦੀਵਾਲੀ ਵਾਲੇ ਦਿਨ ਭਗਵਾਨ ਸ੍ਰੀ ਰਾਮ ਚੰਦਰ ਜੀ 14 ਸਾਲ ਦੇ ਬਨਵਾਸ ਉਪਰੰਤ ਅਯੁੱਧਿਆ ਵਾਪਸ ਆਏ ਸਨ ਅਤੇ ਉਨ੍ਹਾਂ ਦੇ ਵਾਪਸ ਆਉਣ 'ਤੇ ਅਯੁੱਧਿਆ ਨਿਵਾਸੀਆਂ ਨੇ ਦੀਪਮਾਲਾ ਕਰਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਸੀ। ਉਸੇ ਪਰੰਪਰਾ ਤਹਿਤ ਸਾਰੀ ਦੁਨੀਆ ਵਿੱਚ ਸਨਾਤਨ ਧਰਮ ਦੇ ਲੋਕ ਦੀਵਾਲੀ ਤੇ ਕਰਵਾ ਚੌਥ ਤਿਉਹਾਰ ਬੜੀ ਖੁਸ਼ੀ ਨਾਲ ਮਨਾਉਂਦੇ ਹਨ ਅਤੇ ਦੁਕਾਨਦਾਰ ਆਪਣੀਆਂ ਦੁਕਾਨਾਂ ਦੇ ਬਾਹਰ ਬੜੀ ਸਜਾਵਟ ਕਰਦੇ ਹਨ । ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਥਾਨਕ ਪੱਤਰਕਾਰਾਂ ਨਾਲ ਕਰਦੇ ਹੋਏ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਤਿਉਹਾਰਾਂ ਵਾਲੇ ਦਿਨਾਂ ਵਿੱਚ ਦੁਕਾਨਾਂ ਦੇ ਬਾਹਰ ਸ਼ਮਿਆਨੇ ਲਗਾ ਕੇ ਸਜਾਈਆਂ ਗਈਆਂ ਦੁਕਾਨਾਂ ਦੇ ਮਾਲਕਾਂ ਨੂੰ ਕੋਈ ਵੀ ਰੋਕ ਟੋਕ ਨਹੀਂ ਕੀਤੀ ਜਾਂਦੀ, ਪਰ ਤਿਉਹਾਰਾਂ ਤੋਂ ਪਹਿਲੇ ਜਾਂ ਬਾਅਦ ਵਿੱਚ ਕਿਸੇ ਵੀ ਦੁਕਾਨਦਾਰ ਨੂੰ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਨਹੀਂ ਕਰਨਾ ਚਾਹੀਦਾ। ਆਪ ਸੀਨੀਅਰ ਨੇਤਾ ਸੋਨੂ ਖੰਨਾ ਨੇ ਕਿਹਾ ਕਿ ਤਿਉਹਾਰਾਂ ਵਾਲੇ ਦਿਨਾਂ ਵਿੱਚ ਦੇਸ਼ ਭਰ ਦੇ ਸਨਾਤਨੀ ਧਰਮ ਦੇ ਲੋਕ ਆਪਣੇ ਘਰਾਂ ਅਤੇ ਦੁਕਾਨਦਾਰ ਆਪਣੀਆਂ ਦੁਕਾਨਾਂ ਦੇ ਬਾਹਰ ਸਜਾਵਟ ਕਰਕੇ ਆਪਣੀ ਖੁਸ਼ੀਆਂ ਦਾ ਇਜ਼ਹਾਰ ਕਰਦੇ ਹਨ। ਆਪ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਨਵੀਰ ਸਿੰਘ ਝਾਵਰ ਅਤੇ ਹਲਕਾ ਪ੍ਰਧਾਨ ਅਮਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਤਿਉਹਾਰਾਂ ਵਾਲੇ ਦਿਨਾਂ ਵਿੱਚ ਹਰ ਦੁਕਾਨਦਾਰ ਆਪਣੀਆਂ ਦੁਕਾਨਾਂ ਅੱਗੇ ਸ਼ਮਿਆਨੇ ਲਗਾ ਕੇ ਦੁਕਾਨਾਂ ਨੂੰ ਸਜਾਉਂਦੇ ਹਨ ਉਸ ਨੂੰ ਨਜਾਇਜ਼ ਕਬਜ਼ਾ ਨਹੀਂ ਕਿਹਾ ਜਾ ਸਕਦਾ।ਸੰਦੀਪ ਸਵੀਟ ਛਾਪ ਦੇ ਐਮ.ਡੀ ਲਖਵਿੰਦਰ ਸਿੰਘ, ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ, ਮੋਬਾਇਲ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਜੱਸੀ ਅਤੇ ਸੀਨੀਅਰ ਅਪ ਨੇਤਾ ਲਖਵਿੰਦਰ ਸਿੰਘ ਮੁਲਤਾਨੀ ਨੇ ਕਿਹਾ ਕਿ ਜੇਕਰ ਤਿਉਹਾਰਾਂ ਦੇ ਦਿਨਾਂ ਵਿੱਚ ਦੁਕਾਨਦਾਰ ਆਪਣੇ ਦੁਕਾਨ ਦੀ ਸਜਾਵਟ ਨਹੀਂ ਕਰਨਗੇ ਤਾਂ ਲੋਕਾਂ ਨੂੰ ਕਿਵੇਂ ਪਤਾ ਚੱਲੇਗਾ ਕਿ ਸਾਡੇ ਧਰਮ ਦਾ ਤਿਉਹਾਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਧਰਮ ਦੇ ਲੋਕਾਂ ਨੂੰ ਹਰ ਧਰਮ ਦੇ ਧਾਰਮਿਕ ਸਮਾਗਮ ਮਿਲ ਕੇ ਮਨਾਉਣੇ ਚਾਹੀਦੇ ਹਨ ਤਾਂ ਜੋ ਆਪਸੀ ਭਾਈਚਾਰੇ ਵਿੱਚ ਹੋਰ ਵਾਧਾ ਹੋ ਸਕੇ।

# ਬਿਸਤ ਦੋਆਬ ਨਹਿਰ ਦੇ ਕਿਨਾਰੇ ਰੇਲਿੰਗ ਲਗਾਉਣ ਦੀ ਮੰਗ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)-**ਬਿਸਤ ਦੋਆਬ ਨਹਿਰ ਦੇ ਨਾਲ ਬਣੀ ਰੋਡ ਲੋਕਾਂ ਲਈ ਸੁਵਿਧਾ ਨਾਲੋਂ ਜ਼ਿਆਦਾ ਮੁਸੀਬਤ ਬਣਦੀ ਜਾ ਰਹੀ ਹੈ। ਇਸ ਰੋਡ ਤੇ ਨਿੱਤ ਹਾਦਸਿਆਂ ਦੀਆਂ ਖ਼ਬਰਾਂ ਆ ਰਹੀਆਂ ਹਨ। ਮੁੱਖ ਕਾਰਣ ਨਹਿਰ ਦੇ ਕਿਨਾਰੇ ਰੇਲਿੰਗ ਦਾ ਨਾ ਹੋਣਾ ਦੱਸਿਆ ਜਾ ਰਿਹਾ ਹੈ। ਸਥਾਨਕ ਲੋਕਾਂ ਦੱਸਿਆ ਕੀ ਕਈ ਵਾਰ ਦਰੱਖਤਾਂ ਦੀਆਂ ਟਾਹਣੀਆਂ ਤੋ ਬਚਾਉਂਦਿਆਂ ਟਿੱਪਰ ਗਲਤ ਸਾਇਡ ਆ ਜਾਂਦੇ ਜੋਂ ਹਾਦਸਿਆਂ ਦੇ ਵੱਧਣ ਦਾ ਵੱਡਾ ਕਾਰਣ ਹੈ।ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਤੁਰੰਤ ਨਹਿਰ ਦੇ ਕਿਨਾਰੇ ਰੇਲਿੰਗ ਲਗਾਈ ਜਾਵੇ ਅਤੇ ਇਸ ਰੋਡ 'ਤੇ ਟਰਾਲਿਆਂ ਤੇ ਓਵਰਲੋਡ ਟਿੱਪਰਾਂ ਦੀ ਆਵਾਜਾਈ 'ਤੇ ਪਾਬੰਦੀ ਲਗਾਈ ਜਾਵੇ ਤਾਂ ਜੋਂ ਨਿੱਤ ਵਾਪਰ ਰਹੇ ਹਾਦਸਿਆਂ ਅਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ।

# ਹੜ੍ਹ ਪੀੜਤਾਂ ਦੀ ਮਦਦ ਲਈ ਤਿੰਨ ਟਰੱਕ ਰਸਦ ਰਵਾਨਾ



**ਆਦਮਪੁਰ (ਪਰਮਜੀਤ ਸਿੰਘ)**

ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ ਡਰੋਲੀ ਕਲ੍ਹਾ ਵਿਖੇ ਹੜ੍ਹ ਪੀੜਤਾਂ ਦੀ ਮਦਦ ਲਈ 3 ਟਰੱਕ ਰਸਦ ਭੇਜਣ ਲਈ ਸਮਾਰੋਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਦੀ ਦੇਖ ਰੇਖ ਹੇਠ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋ ਸੰਤ ਬਾਬਾ ਮਨਮੋਹਣ ਸਿੰਘ ਡੇਰਾ ਸੰਤ ਬਾਬਾ ਭਾਗ ਸਿੰਘ ਸੰਤਪੁਰਾ ਜੱਬੜ ਅਤੇ ਵਿਵੇਕ ਕੁਮਾਰ ਮੋਦੀ ਐਸ. ਡੀ. ਐਮ. ਸਬ ਡਿਵੀਜ਼ਨ ਆਦਮਪੁਰ ਨੇ ਸ਼ਿਰਕਤ ਕੀਤੀ । ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਸਾਹਿਬ ਵਲੋਂ ਗੁਰੂ ਮਹਾਰਾਜ ਦੇ ਚਰਨਾਂ 'ਚ ਅਰਦਾਸ ਕਰਨ ਤੋਂ ਬਾਅਦ ਸੰਤ ਬਾਬਾ ਮਨਮੋਹਣ ਸਿੰਘ, ਐਸ. ਡੀ. ਐਮ. ਵਿਵੇਕ ਕੁਮਾਰ ਮੋਦੀ ਤੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਨੇ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਤੋਂ 3 ਗੱਡੀਆਂ ਰਸਦ ਦੀਆਂ ਹੜ੍ਹ ਪੀੜਤਾ ਦੀ ਮਦਦ ਲਈ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਲਈ ਰਵਾਨਾ ਕੀਤੀਆਂ । ਉਪਰੰਤ ਐਸ ਡੀ ਐਮ ਵਿਵੇਕ ਕੁਮਾਰ ਮੋਦੀ ਨੇ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਦੇ ਪ੍ਰਧਾਨ ਮਨੋਹਰ ਸਿੰਘ ਡਰੋਲੀ, ਸਮੂਹ ਮੈਂਬਰਾਂ ਤੇ ਸੰਗਤਾਂ ਵਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਇਸ ਮੌਕੇ ਸੰਤ ਬਾਬਾ ਮਨਮੋਹਣ ਸਿੰਘ,ਐਸ. ਡੀ. ਐਮ. ਵਿਵੇਕ ਕੁਮਾਰ ਮੋਦੀ ਤੇ ਹੋਰ ਪਤਵੰਤਿਆ ਨੂੰ ਜੱਥੇਦਾਰ ਮਨੋਹਰ ਸਿੰਘ ਵਲੋਂ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਰਨੈਲ ਸਿੰਘ ਨਡਾਲੋ, ਸਕੱਤਰ ਰਣਵੀਰ ਪਾਲ ਸਿੰਘ, ਮਾਸਟਰ ਸੁਰਜੀਤ ਸਿੰਘ, ਜਰਨੈਲ ਸਿੰਘ ਡਰੋਲੀ, ਜਸਪਾਲ ਸਿੰਘ,ਦਰਸ਼ਨ ਸਿੰਘ, ਕਰਮ ਸਿੰਘ, ਨਰਿੰਦਰ ਸਿੰਘ, ਸਰਪੰਚ ਰਸ਼ਪਾਲ ਸਿੰਘ, ਹਰਦਿਆਲ ਸਿੰਘ, ਸੁਰਿੰਦਰ ਸਿੰਘ, ਗੁਰਜੀਤ ਸਿੰਘ,ਮਨਦੀਪ ਸਿੰਘ, ਇਕਬਾਲ ਸਿੰਘ ਸਾਬਕਾ ਪੰਚ ਤੇ ਹੋਰ ਸੰਗਤਾਂ ਹਾਜ਼ਰ ਸਨ।



ਅੰਡੇਮਾਨ ਟਾਪੂ, ਕਾਲ਼ੇ ਪਾਣੀ ਤੇ ਗ਼ਦਰੀ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਘਰ ਦੇ ਅੰਨ੍ਹੇ ਜ਼ਾਬਤਿਆਂ ਵਿੱਚ
ਜੀਣਾ ਮੁਸ਼ਕਲ ਹੋ ਜਾਂਦਾ ਹੈ।
ਝੱਜਰੀ ਵਿੱਚ ਦਰਿਆ ਦਾ ਪਾਣੀ
ਅਕਸਰ ਬਹਿਬਲ ਹੋ ਜਾਂਦਾ ਹੈ।
- ਜਗਵਿੰਦਰ ਜੋਧਾ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 12 ਅਕਤੂਬਰ 2025 | www.nawanzamana.in | ਕੀਮਤ 5.00 ਰੁਪਏ


# ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ

ਅੱਗੇ ਭਾਈ ਸਾਹਿਬ ਲਿਖਦੇ ਹਨ ਕਿ ਅਸਲ ਪੋਥੀ ਬਿਆਸ ਦਰਿਆ ਵਿੱਚ ਸੁੱਟ ਕੇ ਆਪਣੇ ਮਨੋਰਥ ਨੂੰ ਸਿੱਧ ਕਰਨ ਲਈ ਨਵੀਂ ਪੋਥੀ ਰਚ ਕੇ ਪੇਸ਼ ਕਰ ਦਿੱਤੀ, ਜੋ ਅੱਜ ਸਭ ਦੇ ਸਾਹਮਣੇ ਹੈ:- ਪੂਰਬ ਪੋਥੀ ਹੁਤੀ ਜੋ ਸੋਈ। ਲਈ ਬਿਪਾਸਾ ਬੀਚ ਡਬੋਈ॥੨੭॥

ਪੰਨੇ ਛੇਦੇ ਦਏ ਬਹਾਈ। ਜੋ ਸ੍ਰੀ ਗੁਰ ਅੰਗਦ ਲਿਖਵਾਈ॥

ਤਿਹ ਕੋ ਤਾਤ ਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥

ਇਸ ਦਾ ਅਰਥ ਇਹ ਨਹੀਂ ਕਿ ਜੋ ਗੁਰੂ ਅੰਗਦ ਦੇਵ ਜੀ ਵੇਲੇ ਸਾਖੀ ਲਿਖੀ ਗਈ, ਉਹ ਬਾਲੇ ਨੇ ਖ਼ੁਦ ਲਿਖਵਾਈ ਹੋਵੇ। ਇਹ ਕਿਸੇ ਹੋਰ ਲਿਖਾਰੀ ਦੀ ਅਤੇ ਕਿਸੇ ਹੋਰ ਨਾਂਅ 'ਤੇ ਲਿਖੀ ਗਈ ਹੋਵੇਗੀ। ਪੋਥੀ ਦੇ ਦਰਿਆ ਵਿੱਚ ਸੁੱਟੇ ਜਾਣ ਦੀ ਗੱਲ ਭਾਈ ਸੰਤੋਖ ਸਿੰਘ ਦੀ ਵੱਖਰੀ ਹੈ। ਜਿਸ ਬਾਰੇ ਬਾਬਾ ਗਣੇਸ਼ਾ ਸਿੰਘ

## ਭਾਈ ਬਾਲੇ ਦੀ ਹੋਂਦ-ਅਣਹੋਂਦ (ਕਿਸ਼ਤ-4)


## ਡਾ. ਜਸਵਿੰਦਰ ਸਿੰਘ ਭੁੱਲਰ


ਬੇਦੀ ਨੇ ਵੀ ਅਜਿਹੀ ਗੱਲ ਦੁਹਰਾਈ ਹੈ। ਉਹ ਲਖਮੀ ਚੰਦ ਦੀ ਦਸਵੀਂ ਬੰਸ ਵਿੱਚੋਂ ਹਨ। ਉਨ੍ਹਾਂ ਦੀ ਲਿਖੀ 'ਗੁਰੂ ਨਾਨਕ ਸੂਰਜੋਦੇ ਜਨਮ ਸਾਖੀ' ਭਾਸ਼ਾ ਵਿਭਾਗ, ਪੰਜਾਬ ਕੋਲ ਹੈ, ਦਾ ਰਚਨਾਕਾਲ ੧੯੨੬ ਬਿ. (੧੮੬੯ ਈ.) ਹੈ। ਇਸ ਮਹਾਕਾਵਿ ਦਾ ਮੂਲ ਖਾਸਾ 'ਬਾਲੇ ਵਾਲੀ ਜਨਮ ਸਾਖੀ' ਅਤੇ 'ਨਾਨਕ ਪ੍ਰਕਾਸ਼' ਤੋਂ ਉਧਰਿਤ ਹੈ। ਇਸ ਕਰਕੇ ਇਸ ਵਿੱਚ ਬਾਲੇ ਦੀ ਮੌਜੂਦਗੀ ਕੋਈ ਹੈਰਾਨੀ ਵਾਲੀ ਗੱਲ ਨਹੀਂ। ਜਨਮ ਸਾਖੀ ਦੀ ਮੂਲ ਪੋਥੀ ਬਿਆਸ ਦਰਿਆ ਵਿੱਚ ਸੁੱਟ ਦਿੱਤੇ ਜਾਣ ਬਾਰੇ ਬਾਬਾ ਗਣੇਸ਼ਾ ਸਿੰਘ ਬੇਦੀ ਲਿਖਦੇ ਹਨ:-

ਪੋਥੀ ਪ੍ਰਿਥਮ ਡੁਬਾਈ ਤਾਹੀ॥ ਪੰਨੇ ਛੇਦ ਬਿਪਾਸਾ ਮਾਹੀ॥੧੮॥

ਤਾ ਕੋ ਤਾਤਪਰਜ ਲਿਖ ਲੀਨਾ॥ ਅਪਨ ਬਡਨ ਕੋ ਜਸ ਧਰ ਲੀਨਾ॥

ਇਹ ਬਿਧ ਪੋਥੀ ਕੀਨੀ ਤਿਆਰੂ॥ ਤਿਹ ਤੇ ਉਤ ਹੀ ਨਕਲ ਅਪਾਰੂ॥੧੯॥

ਭਾਈ ਸੰਤੋਖ ਸਿੰਘ ਤੇ ਬਾਬਾ ਬੇਦੀ ਦੀਆਂ ਉਕਤ ਲਾਈਨਾਂ ਸਪੱਸ਼ਟ ਕਰਦੀਆਂ ਹਨ ਕਿ ਜਨਮ ਸਾਖੀ ਦੀ ਮੂਲ ਪੋਥੀ ਬਿਆਸ ਦਰਿਆ ਵਿੱਚ ਸੁੱਟ ਦਿੱਤੀ ਗਈ। ਇਹ ਵੀ ਹੋ ਸਕਦਾ ਹੈ ਕਿ ਸੁੱਟਣ ਤੋਂ ਪਹਿਲਾਂ ਉਸ ਦਾ ਉਤਾਰਾ ਸਾਂਭ ਕੇ ਦਰਿਆ ਵਿੱਚ ਵਹਾ ਦਿੱਤੀ ਹੋਵੇ। ਸੁੱਟੀ ਗਈ ਇਹ ਪੋਥੀ ਬਾਲੇ ਨੇ ਨਹੀਂ, ਬਲਕਿ ਕਿਸੇ ਹੋਰ ਨੇ ਲਿਖੀ ਹੋਵੇ। ਹੰਦਾਲੀਆਂ ਨੇ ਉਸ ਦੇ ਸੱਜਰੇ ਵਿੱਚੋਂ ਗੁਰੂ ਸਾਹਿਬ ਦੀ ਉਸਤਤਿ ਵਾਲੇ ਹਿੱਸੇ ਕੱਢ ਕੇ ਉਹਨਾਂ ਦਾ ਕੱਦ ਛੁਟਿਆਉਣ ਲਈ ਉਸ ਵਿੱਚ ਹੰਦਾਲ ਦੀ ਉਸਤਤਿ ਵਾਲੀਆਂ ਨਵੀਆਂ ਸਾਖੀਆਂ ਜੋੜ ਕੇ ਬਿਧੀ ਚੰਦ ਨੇ ਆਪਣੇ ਭਰਾ ਬਾਲ ਚੰਦ ਬਾਲੇ ਦੇ ਨਾਂਅ 'ਤੇ ਨਵੀਂ ਪੋਥੀ ਪੇਸ਼ ਕਰ ਦਿੱਤੀ। ਸੌ ਫੀਸਦੀ ਅਜਿਹਾ ਹੀ ਹੈ। ਹੰਦਾਲੀਆਂ ਨੇ ਵਿਸ਼ਵਾਸ ਪ੍ਰਚਾਰਿਤ ਕੀਤਾ ਕਿ ਇਹੋ ਹੀ ਬਾਲੇ ਵਾਲੀ ਅਸਲ ਜਨਮ ਸਾਖੀ ਹੈ। ਇੱਥੇ ਇਹ ਵੀ ਦੱਸਦੇ ਚਲੀਏ ਕਿ ਬਿਆਸ ਦਰਿਆ ਵਿੱਚ ਸੁੱਟੀ ਪੋਥੀ ਦਾ ਉਤਾਰਾ ਜ਼ਰੂਰ ਹੰਦਾਲੀਆਂ ਹੱਥ ਲੱਗਾ ਹੋਵੇਗਾ, ਕਿਉਂਕਿ ਬਾਲੇ ਵਾਲੀ ਮੌਜੂਦਾ ਜਨਮ ਸਾਖੀ ਵਿੱਚ ਕੁਝ ਅਜਿਹੀਆਂ ਸਾਖੀਆਂ ਜਾਂ ਖ਼ਾਸੀਅਤਾਂ ਹਨ, ਜੋ ਦੂਜੀਆਂ ਕਿਸੇ ਹੋਰ ਜਨਮ ਸਾਖੀਆਂ ਵਿੱਚ ਨਹੀਂ ਮਿਲਦੀਆਂ। ਮਸਲਨ ਸਰਪ ਛਾਇਆ, ਖਰਾ ਸੌਦਾ, ਨਾਨਕੀ ਦੀ ਕੁੜਮਾਈ ਆਦਿ ਵਾਲੀਆਂ ਸਾਖੀਆਂ ਇਸ ਵਿੱਚ ਹਨ। ਇਨ੍ਹਾਂ ਤੋਂ ਇਲਾਵਾ ਹੋਰ ਕਈ ਸਾਖੀਆਂ, ਵੱਖ-ਵੱਖ ਤਾਰੀਖਾਂ, ਗੁਰੂ ਸਾਹਿਬਾਂ ਦੇ ਸੰਪਰਕ ਵਿੱਚ ਆਈਆਂ ਵੱਖ-ਵੱਖ ਸ਼ਖ਼ਸੀਅਤਾਂ ਦੇ ਨਾਂਅ ਇਸ ਵਿੱਚੋਂ ਪ੍ਰਾਪਤ ਹੁੰਦੇ ਹਨ। ਇਥੇ ਇਹ ਵੀ ਕਹਿਣਾ ਬਣਦਾ ਹੈ ਕਿ ਇਸ ਦੀਆਂ ਸਾਰੀਆਂ ਸਾਖੀਆਂ ਮਲੀਨ ਨਹੀਂ ਅਤੇ ਸਾਰੀਆਂ ਵਿੱਚ ਬਾਲਾ ਵੀ ਨਹੀਂ। ਗ਼ੈਰ ਸਮਕਾਲੀਆਂ ਨਾਲ ਰਚਾਏ ਵਾਦ-ਸੰਵਾਦ, ਉਨ੍ਹਾਂ ਦੇ ਸੁਆਲਾਂ/ਸ਼ੰਕਾਵਾਂ ਦੇ ਕਾਵਿਕ ਜੁਆਬ/ਵਾਚ ਇਸ ਸਾਖੀ ਦੀ ਖ਼ਸਲਤ ਹਨ, ਪਰ ਇਨ੍ਹਾਂ ਪੂਰਵਕਾਲੀ ਪੌਰਾਣਿਕ ਦੈਵੀ ਆਤਮਾਵਾਂ ਨਾਲ ਹੋਏ ਵਾਰਤਾਲਾਪ/ਮੁਲਾਕਾਤਾਂ ਦੇ ਵੇਰਵੇ ਇਤਿਹਾਸਕ ਪ੍ਰਮਾਣਿਕਤਾ ਤੋਂ ਦੂਰ ਲੈ ਜਾਂਦੇ ਹਨ।

ਬਾਲੇ ਵਾਲੀ ਸਾਖੀ ਦੀ ਖ਼ਾਸੀਅਤ ਗੁਰੂ ਨਾਨਕ ਦੇਵ ਜੀ ਦੀਆਂ ਨਾਥ, ਜੋਗੀਆਂ ਨਾਲ ਹੋਈਆਂ ਗੋਸਟਾਂ ਦੇ ਲਿਖਵਾਏ ਵਾਚ ਹਨ, ਜਿਵੇਂ ਕਿ ਗੁਰੂ ਨਾਨਕ ਵਾਚ, ਗੋਰਖ ਵਾਚ, ਭਰਥਰੀ ਵਾਚ, ਮਛਿੰਦ੍ਰ ਵਾਚ, ਗੋਪੀ ਚੰਦ ਵਾਚ, ਲਹਰੁਪੇ ਵਾਚ, ਚਰਪਟ ਵਾਚ, ਝੰਗਰਨਾਥ ਵਾਚ, ਸੰਘਰਨਾਥ ਵਾਚ, ਸੰਭੂ ਨਾਥ ਵਾਚ, ਘੁਘੂ ਨਾਥ ਵਾਚ, ਚੰਬਾ ਨਾਥਿ ਵਾਚ, ਮੰਗਲ ਨਾਥ ਵਾਚਾ, ਖਿੰਥੜਾ ਵਾਚਾ, ਧਗਰ ਨਾਥ ਵਾਚਾ, ਆਸਾ ਗੋਰਖੋ ਵਾਚਾ, ਪ੍ਰਾਣ ਨਾਥ ਵਾਚਾ ਆਦਿ ਸਿਧਾਂ ਦੇ ਵਾਚ ਵਿਸਥਾਰ ਵਿੱਚ ਲਿਖਵਾਉਂਦਾ ਹੈ। ਇਹ ਹੀ ਨਹੀਂ ਇਹਨਾਂ ਚਉਰਾਸੀ (੮੪) ਸਿਧਾਂ ਦੇ ਨਾਂਅ ਵੀ ਬਾਲੇ ਨੂੰ ਯਾਦ ਸਨ, ਜਿਨ੍ਹਾਂ ਨੂੰ ਉਸ ਨੇ ਕ੍ਰਮਵਾਰ ਪੈੜੇ ਨੂੰ ਲਿਖਵਾਇਆ। ਨਾਨਕ ਬਾਣੀ ਦੀਆਂ ਤੁਕਾਂ ਦਾ 'ਤਿਸ ਕਾ ਪਰਮਾਰਥ' ਲਿਖਵਾ ਕੇ ਬਾਲੇ ਨੇ ਪਹਿਲਾਂ ਤੋਂ ਚਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ ਹੈ। ਭਾਈ ਸੰਤੋਖ ਸਿੰਘ ਨੇ ਬਾਲੇ ਵਾਲੀ ਜਨਮ ਸਾਖੀ ਨੂੰ ਆਧਾਰ ਬਣਾ ਕੇ ਉਸ ਦਾ ਪੂਰਾ ਸੱਜਰਾ ਉਠਾਇਆ ਹੈ ਪਰ ਮੰਵੌਤ, ਸਹਜ ਕੁਸਹਜ ਅਤੇ ਹੋਰ ਸਾਖੀਆਂ ਨੂੰ ਆਪਣੇ 'ਨਾਨਕ ਪ੍ਰਕਾਸ਼' ਦਾ ਹਿੱਸਾ ਨਹੀਂ ਬਣਾਇਆ। ਇਹੀ ਨਹੀਂ ਭਾਈ ਸਾਹਿਬ ਨੇ ਬਾਲੇ ਦੀ ਸਾਖੀ ਦੇ ਹੋਰ ਅਨੇਕਾਂ ਅਯੋਗ ਪ੍ਰਸੰਗਾਂ ਨੂੰ ਵੀ ਮਨਫੀ ਕਰ ਦਿੱਤਾ, ਜੋ ਨਾਨਕ ਦੀ ਮਹਿਮਾ ਨੂੰ ਠੇਸ ਪਹੁੰਚਾਉਂਦੇ ਸਨ। ਸਰੂਪ ਦਾਸ ਭੱਲਾ ਦਾ 'ਮਹਿਮਾ ਪ੍ਰਕਾਸ਼' ਜੋ ੧੬੫੦ ਈਸਵੀ ਵਿੱਚ 'ਨਾਨਕ ਪ੍ਰਕਾਸ਼' ਤੋਂ ੫੦ ਵਰ੍ਹੇ ਪਹਿਲਾਂ ਖਡੂਰ ਸਾਹਿਬ ਵਿਖੇ ਰਚਿਆ ਗਿਆ, ਵਿੱਚ ਕਿਤੇ ਵੀ ਜ਼ਿਕਰ ਨਹੀਂ ਕਿ ਬਾਲੇ ਵਾਲੀ ਜਨਮ ਸਾਖੀ ਇੱਥੇ ਲਿਖਵਾਈ ਗਈ, ਸਗੋਂ 'ਸੱਚੇ ਸੌਦੇ' ਵਾਲੀ ਸਾਖੀ ਵਿੱਚ ਕਿਸੇ ਸੇਵਕ ਦਾ ਮੇਲ ਗੁਰੂ ਨਾਨਕ ਨਾਲ ਦੱਸਿਆ ਜਾਂਦਾ ਹੈ। ਉਥੇ ਬਾਲੇ ਦਾ ਨਾਂਅ ਨਹੀਂ, ਬਲਕਿ ਉਸ ਥਾਂ ਟਹਿਲੀਆ ਲਿਖਿਆ ਹੈ:-

"ਸੁਨ ਬਚਨ ਪਿਤਾ ਬਾਬੇ ਮੰਨ ਲੀਨਾ। ਲੇ ਟਹਿਲੀਆ ਸੰਗ ਪਿਆਨਾ ਕੀਨਾ।"

(ਮਹਿਮਾ ਪ੍ਰਕਾਸ਼, ਪਤ੍ਰੀ-੧੨)


'ਮਹਿਮਾ ਪ੍ਰਕਾਸ਼' ਵਿੱਚ ਸਿਰਫ ਇਕ ਥਾਂ ਬਾਲੇ ਦਾ ਜ਼ਿਕਰ ਹੈ:-

"ਬਾਲਾ ਸੰਧੂ ਸੇਵਕ ਨੀਕਾ, ਭਾਗੀਰਥ ਸੁਖਦਾਈ ਜੀ ਕਾ।"

ਦਰਅਸਲ ਇਤਿਹਾਸ ਵਿੱਚ ਅਜਿਹੀ ਛੇੜ-ਛਾੜ ਦਾ ਮਾਮਲਾ ਪਹਿਲੀ ਵਾਰ ਨਹੀਂ ਹੋਇਆ। ਲਿਖਤ ਇਤਿਹਾਸ ਵਿੱਚ ਮੌਕੇ ਦੇ ਇਤਿਹਾਸਕਾਰਾਂ ਜਾਂ ਬਾਅਦ ਦੇ ਇਤਿਹਾਸਕਾਰਾਂ ਵੱਲੋਂ ਇਕ ਪਾਸੜ ਜ਼ਿਕਰ, ਰਲਾਅ ਜਾਂ ਮਿਲਾਵਟ ਸਦੀਆਂ ਤੋਂ ਹੁੰਦੀ ਆਈ ਹੈ। ਜਿਵੇਂ ਰਾਜਿਆਂ ਦੇ ਤਨਖ਼ਾਹੀਏ ਦਰਬਾਰੀ ਇਤਿਹਾਸਕਾਰ ਰਾਜੇ ਦੇ ਰਾਜ-ਕਾਲ ਨੂੰ ਘੱਟ ਹੀ ਨਿੰਦਦੇ ਸਨ। ਜੰਗਾਂ ਵਿੱਚ ਵੀ ਉਹ ਆਪਣੇ ਰਾਜੇ ਦਾ ਚੜ੍ਹਦੀਕਲਾ ਵਾਲਾ ਇਕ ਪਾਸੜ ਦ੍ਰਿਸ਼ ਦਾ ਹੀ ਜ਼ਿਕਰ ਕਰਦੇ ਸਨ। ਮੁਗ਼ਲਾਂ ਵੇਲੇ ਬਾਦਸ਼ਾਹਾਂ ਦਾ ਲਿਖਿਆ ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ। ਧਰਮ ਵਾਲੇ ਪਾਸੇ ਜਾਈਏ ਤਾਂ ਧਾਰਮਿਕ ਪੁਸਤਕਾਂ ਵਿੱਚ ਵੀ ਰਲਾਅ ਮਿਲ ਜਾਂਦੇ ਹਨ। ਭਾਵੇਂ ਕੁਰਾਨ ਵਿੱਚ ਕਿਸੇ ਕਿਸਮ ਦਾ ਰਲਾਅ ਨਹੀਂ, ਪਰ ਇਸਲਾਮ ਵਿਚਲੀਆਂ ਹਦੀਸਾਂ ਆਪੋ ਵਿੱਚ ਮੇਲ ਨਹੀਂ ਖਾਂਦੀਆਂ, ਸੁੰਨਤ ਵਿੱਚ ਵੀ ਵਖਰੇਵੇਂ ਮਿਲਦੇ ਹਨ। ਵੱਖ-ਵੱਖ ਬਾਈਬਲ ਦਾ ਪਾਠ ਵੀ ਇਕੋ ਜਿਹਾ ਨਹੀਂ। ਬੁੱਧ ਦੀਆਂ ਜਾਤਕ ਕਥਾਵਾਂ ਵੀ ਅਛੂਤੀਆਂ ਨਹੀਂ ਰਹੀਆਂ। ਵੱਖੋ-ਵੱਖਰੇ ਲਿਖਾਰੀਆਂ ਦੇ ਰਮਾਇਣ ਤੇ ਮਹਾਭਾਰਤ ਦੇ ਪ੍ਰਸੰਗਾਂ ਵਿੱਚ ਵੀ ਫਰਕ ਹੈ। ਫਿਰ ਜਨਮ ਸਾਖੀਆਂ ਦੇ ਕੁਝ ਇਕ ਲਿਖਾਰੀ ਤੇ ਕੱਚੀ ਬਾਣੀ ਲਿਖਣ ਵਾਲੇ ਗੁਰੂ ਘਰ ਦੇ ਦੋਖੀ ਰਲਾਅ ਪਾਉਣੋਂ ਕਿਵੇਂ ਪਿੱਛੇ ਰਹਿ ਜਾਂਦੇ? ਸਿੱਖ ਧਰਮ ਵਿੱਚ ਇਹ ਕੰਮ ਮੀਣਿਆਂ ਤੇ ਹੰਦਾਲੀਆਂ ਨੇ ਕੀਤਾ ਹੈ। ਗੁਰੂ ਸਾਹਿਬਾਨ ਨੇ ਵੀ ਇਨ੍ਹਾਂ ਦੋਖੀਆਂ ਬਾਰੇ ਪੁਖਤਾ ਸਬੂਤ ਦਿੱਤੇ ਹਨ, ਜਿਵੇਂ ਕਿ ਅਸੀਂ ਉੱਪਰ ਖੁੱਲ੍ਹ ਕੇ ਜ਼ਿਕਰ ਕਰ ਆਏ ਹਾਂ। ਉਪਰੋਕਤ ਤੱਥਾਂ ਦੀ ਰੌਸ਼ਨੀ ਵਿੱਚ ਨਜ਼ਰ ਆਉਂਦਾ ਹੈ ਕਿ ਭਾਈ ਬਾਲੇ ਨਾਂਅ ਦਾ ਪਾਤਰ ਹੰਦਾਲੀਆਂ ਦਾ ਘੜਿਆ ਹੋਇਆ ਹੈ। ਬਾਲੇ ਵਾਲੀ ਜਨਮ ਸਾਖੀ ਤੋਂ ਇਲਾਵਾ ਕਿਸੇ ਹੋਰ ਜਨਮ

ਸਾਖੀ ਵਿੱਚ ਬਾਲਾ ਨਾਂਅ ਦਾ ਪਾਤਰ ਨਹੀਂ ਦਿਸਦਾ। ਇਸ ਦੀ ਜਨਮ ਸਾਖੀ ਵਿੱਚ ਦਰਜ ਕਰਾਈਆਂ ਕੁਝ ਗੱਲਾਂ ਤਰਕ ਵਿਹੂਣੀਆਂ ਰੜਕਦੀਆਂ ਹਨ, ਜਿਵੇਂ ਭਾਈ ਬਾਲਾ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਕ ਮਹਾਨ ਹਿੰਦੂ ਸਨ, ਜੋ ਅਧਿਆਤਮਿਕਤਾ ਵਿੱਚ ਭਗਤ ਕਬੀਰ, ਹੰਦਾਲ ਦੇ ਬਰਾਬਰ ਨਹੀਂ ਸਨ, ਜੋ ਤੱਥਾਂ 'ਤੇ ਅਧਾਰਿਤ ਨਹੀਂ। ਕਿਉਂ ਜੋ ਗੁਰੂ ਸਾਹਿਬ ਨੇ ਤਾਂ ਆਪ ਸਿੱਖ ਮੱਤ ਦੀ ਨੀਂਹ ਰੱਖੀ ਸੀ ਤੇ ਉਸ ਨੂੰ ਪ੍ਰਚਾਰਣ ਲਈ ਇਕ ਨਿਰੰਕਾਰ ਦਾ ਸੰਦੇਸ਼ ਸਮੁੱਚੀ ਲੋਕਾਈ ਵਿੱਚ ਪਹੁੰਚਾਉਣ ਲਈ ਅਨੇਕਾਂ ਸਾਲ ਕਠਿਨਾਈਆਂ ਝੱਲ ਕੇ ਪੈਦਲ ਵਿਸ਼ਵ ਦਾ ਦੌਰਾ ਕੀਤਾ ਤਾਂ ਬਾਲਾ ਕਿਸ ਤਰ੍ਹਾਂ ਕਹਿ ਸਕਦਾ ਹੈ ਕਿ ਗੁਰੂ ਸਾਹਿਬ ਮਹਾਨ ਹਿੰਦੂ ਸਨ, ਪਰ ਇਸ ਸਾਖੀ ਵਿੱਚ ਬਾਲਾ 'ਪਾਤਾਲਾ ਪਾਤਾਲ, ਆਗਾਸਾ ਆਗਾਸ' ਦੀ ਸੋਝੀ ਰੱਖਣ ਵਾਲਾ ਅਧਿਆਤਮ ਪੁਰਸ਼ ਆਪਣੇ ਆਪ ਨੂੰ ਦ੍ਰਿੜ੍ਹ ਕਰਾਉਂਦਾ ਹੈ। ਇਹ ਹੀ ਨਹੀਂ, ਬਾਲਾ ਗੁਰੂ ਅੰਗਦ ਦੇਵ ਜੀ 'ਤੇ ਅਵਿਸ਼ਵਾਸ ਰੱਖਦਾ ਪੁੱਛਦਾ ਹੈ ਕਿ ਗੁਰੂ ਸਾਹਿਬ ਨਾਲ ਕਿਵੇਂ ਮੇਲ ਹੋਇਆ? ਭਾਈ ਮਨੀ ਸਿੰਘ ਵੱਲ ਵੇਖ ਕੇ ਕੁਝ ਵਿਦਵਾਨ ਲਿਖਦੇ ਹਨ ਕਿ ਭਾਈ ਬਾਲਾ ਚਾਰਾਂ ਉਦਾਸੀਆਂ 'ਤੇ ਨਹੀਂ, ਸਿਰਫ ਇਕ ਉਦਾਸੀ 'ਤੇ ਹੀ ਨਾਲ ਗਿਆ ਸੀ। ਇਕ ਬਿੰਦ ਲਈ ਜੇ ਇਹ ਮੰਨ ਵੀ ਲਿਆ ਜਾਵੇ, ਤਾਂ ਉਹ ਬਾਕੀ ਤਿੰਨ ਉਦਾਸੀਆਂ ਦੀ ਇਕ-ਇਕ ਗੱਲ ਵਿਸਥਾਰ ਨਾਲ ਪੈੜੇ ਨੂੰ ਲਿਖਵਾਈ ਜਾਂਦਾ ਅੰਤਰਯਾਮੀ ਹੋ ਨਿਬੜਦਾ ਹੈ। ਅਜਿਹੀ ਅੰਤਰਯਾਮਤਾ ਉਦੋਂ ਵੀ ਦਿਖਾਉਂਦਾ ਹੈ, ਜਦੋਂ ਉਹ ਹੁੰਦਾ ਤਾਂ ਤਲਵੰਡੀ ਵਿੱਚ ਪਰ ਕਰਤਾਰਪੁਰ ਬੈਠੇ ਗੁਰੂ ਸਾਹਿਬ ਕੀ ਕਰ ਰਹੇ ਹਨ, ਸਭੇ ਕੁਝ ਵਿਸਥਾਰ ਨਾਲ ਲਿਖਵਾਉਂਦਾ ਹੈ। ਕੁਝ ਵਿਦਵਾਨ ਇਹ ਵੀ ਤਰਕ ਦਿੰਦੇ ਹਨ ਕਿ ਬਾਲੇ ਦੇ ਨਾਂਅ 'ਤੇ ਕੇਰਨ ਸੈਕਟਰ ਕਸ਼ਮੀਰ ਵਿੱਚ ਇਕ ਸਥਾਨ ਹੈ। ਇਸ ਤੋਂ ਇਲਾਵਾ ਉਸ ਦੇ ਪਿਤਾ ਚੰਦਰ ਭਾਨ ਦੇ ਨਾਂਅ 'ਤੇ ਤਲਵੰਡੀ ਵਿੱਚ ਇਕ ਖੂਹ ਹੈ। ਕਸ਼ਮੀਰ ਦਾ ਕੇਰਨ ਸੈਕਟਰ ਨੀਲਮ ਨਦੀ ਕਿਨਾਰੇ ਪਾਕਿਸਤਾਨ ਦੀ ਸੀਮਾ 'ਤੇ ਹੈ। ਨਦੀ ਦੇ ਇਸ ਪਾਸੇ ਭਾਰਤ ਅਤੇ ਪਾਰਲੇ ਪਾਸੇ ਪਾਕਿਸਤਾਨ। ਗੁਰੂ ਸਾਹਿਬ ਤਿੱਬਤ ਦੀ ਤੀਸਰੀ ਉਦਾਸੀ ਕਰਦਿਆਂ ਲੇਹ-ਲੱਦਾਖ ਤੋਂ ਹੁੰਦੇ ਹੋਏ ਇਥੇ ਆਏ ਸਨ ਪਰ ਇਸ ਉਦਾਸੀ ਦੌਰਾਨ ਬਾਲਾ ਨਾਂਅ ਦਾ ਕੋਈ ਵੀ ਸ਼ਖ਼ਸ ਉਨ੍ਹਾਂ ਦੇ ਨਾਲ ਨਹੀਂ ਸੀ। ਫਿਰ ਕਿਵੇਂ ਉਸ ਦੇ ਨਾਂਅ 'ਤੇ ਜਗ੍ਹਾ ਦਾ ਨਾਂਅ ਹੋ ਗਿਆ। ਅੱਖਾਂ ਸਾਹਮਣੇ ਵਾਪਰੀ ਇਕ ਉਦਾਹਰਣ ਲੈਂਦੇ ਹਾਂ। ਦਿੱਲੀ ਦੇ ਸਿੱਖ ਬਹੁਲ ਇਲਾਕੇ ਫਤਹਿ ਨਗਰ ਵਿੱਚ ਕੁਝ ਦਹਾਕੇ ਪਹਿਲਾਂ ਇਕ ਪਰਵਾਰ ਨੇ ਗਲੀ ਵਿੱਚ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਉਸਾਰ ਦਿੱਤਾ। ਅੱਜ ਉਸ ਦੀ ਬਹੁਤ ਮਾਨਤਾ ਹੈ ਜਦਕਿ ਉਥੇ ਕਦੀ ਸਾਹਿਬਜ਼ਾਦੇ ਨਹੀਂ ਆਏ। ਚੰਗੀ ਗੋਲਕ ਇਕੱਠੀ ਹੁੰਦੀ ਹੈ। ਕੇਰਨ ਸੈਕਟਰ ਕਸ਼ਮੀਰ ਵਿੱਚ ਬਾਲਾ ਕਦੇ ਗਿਆ ਨਾ ਹੋਵੇ, ਜਗ੍ਹਾ ਉਸ ਦੇ ਨਾਂਅ ਨਾਲ ਜਾਣੀ ਜਾਂਦੀ ਹੈ, ਫਤਹਿ ਨਗਰ ਵਾਂਗ। ਬਾਲੇ ਵਾਲੀ ਜਨਮ ਸਾਖੀ ਵਿੱਚ ਆਉਂਦਾ ਹੈ ਕਿ ਗੁਰੂ ਸਾਹਿਬ ਜਦ ਵੀ ਤਲਵੰਡੀ ਆਉਂਦੇ ਹਨ ਤਾਂ ਚੰਦਰਭਾਨ, ਜੋ ਬਾਲੇ ਦਾ ਪਿਤਾ ਸੀ, ਦੇ ਖੂਹ ਉੱਤੇ ਆ ਕੇ ਬਹਿੰਦੇ। ਅੱਜ-ਕੱਲ੍ਹ ਇਸ ਨੂੰ ਬਾਲੇ ਦਾ ਖੂਹ ਦੱਸਿਆ ਜਾਂਦਾ ਹੈ। ਕਰਮ ਸਿੰਘ ਹਿਸਟੋਰੀਅਨ ਇਸ ਖੂਹ ਦੇ ਲਾਗਲੇ ਇਕ ਥੇਹ ਜਿੱਥੇ ਕਿਲ੍ਹਾ ਤੇ ਮਹੱਲ ਢਹਿ-ਢੇਰੀ ਹੋਏ ਸਨ, ਦੀਆਂ ਵੱਡੀਆਂ-ਵੱਡੀਆਂ ਇੱਟਾਂ ਇਕੋ ਠੱਪੇ ਕਰਕੇ ਆਪੋ ਵਿੱਚ ਮੇਲ ਖਾਂਦੀਆਂ ਦੱਸਦਾ ਹੈ। ਇਸ ਤਰ੍ਹਾਂ ਖੂਹ ਅਤੇ ਕਿਲ੍ਹੇ ਮਹੱਲ ਦੀ ਉਸਾਰੀ ਇਕੋ ਵੇਲੇ ਦੀ ਦੱਸਦੇ ਹਨ। ਰਾਇ ਭੋਇ ਵੇਲੇ ਤਲਵੰਡੀ ਵੱਸੀ ਤਾਂ ਇਹ ਖੂਹ ਉਨ੍ਹਾਂ ਨੂੰ ਉਪਹਾਰ ਸਰੂਪ ਮਿਲਿਆ ਹੋ ਸਕਦਾ ਹੈ। ਬਾਲੇ ਵਾਲੀ ਜਨਮ ਸਾਖੀ ਵਿੱਚ ਇਸ ਦਾ ਨਾਂਅ ਲਿਖਣ ਨਾਲ ਪ੍ਰਚਾਰ ਹੋਣਾ ਸ਼ੁਰੂ ਹੋ ਗਿਆ। ਬਾਲਾ ਪ੍ਰਸਤਾਂ ਨੇ ਇਸ ਨੂੰ ਬਾਲੇ ਦੇ ਪਿਓ ਦੇ ਨਾਂਅ ਨਾਲ ਜੋੜ ਦਿੱਤਾ। ਨਾਂਅ ਜੋੜਨ ਨਾਲ ਖੂਹ ਉਸ ਦੇ ਪਿਓ ਦਾ ਨਹੀਂ ਹੋ ਗਿਆ। ਜਦੋਂ ਗੁਰੂ ਸਾਹਿਬ ਉਦਾਸੀ ਕਰਕੇ ਆਉਂਦੇ ਹਨ ਤਾਂ ਤਲਵੰਡੀਓਂ ਬਾਹਰ ਕੁਝ ਕੋਹਾਂ ਦੀ ਦੂਰੀ 'ਤੇ ਉਜਾੜ ਵਿੱਚ ਆ ਬਹਿੰਦੇ ਹਨ। ਮਾਤਾ-ਪਿਤਾ ਨੂੰ ਮਿਲਣ ਤੋਂ ਬਾਅਦ ਜਦੋਂ ਰਾਇ ਬੁਲਾਰ ਨੂੰ ਮਿਲਦੇ ਹਨ ਤਾਂ ਆਪਸੀ ਸੰਵਾਦ ਦੇਖੋ:-

ਤਾਂ ਫਿਰਿ ਰਾਇ ਕਹਿਆ, "ਤਪਾ ਜੀ! ਤੁਸੀ ਲੰਗਰੁ ਚਲਾਵੋ। ਤ੍ਰੈ ਖੂਹ ਤੁਸਾਡੀ ਤਲਕ ਕਰਿ ਦੇਨੇ ਆਹੇ। ਨਾ ਹਾਲਾ ਨਾ ਪਤਾ। ਤੁਸੀ ਫਕੀਰਾਂ ਨੂੰ ਬੈਠੇ ਖਵਾਵੋ।" ਇਥੋਂ ਸਪਸ਼ਟ ਹੁੰਦਾ ਹੈ ਕਿ ਸੈਂਕੜੇ ਮੁਰੱਬਿਆਂ ਦੇ ਮਾਲਕ ਰਾਇ ਬੁਲਾਰ ਦਾ ਹੀ ਖੂਹ ਹੋਵੇਗਾ, ਜਿਸ ਨੂੰ ਲੋਕ ਅਗਿਆਨਤਾ ਵੱਸ ਚੰਦਰਭਾਨ ਦਾ ਕਹਿੰਦੇ ਆ ਰਹੇ ਹਨ, ਕਿਉਂਕਿ ਖੂਹ ਖੁਦਵਾਉਣਾ, ਪੱਕਾ ਕਰਾਉਣਾ ਇਕ ਬਹੁਤ ਖਰਚੀਲਾ ਕੰਮ ਹੈ, ਕਿਸੇ ਹਾਰੀ-ਸਾਰੀ ਦਾ ਨਹੀਂ। ਸੋ ਇਹ ਵੀ ਬਾਲੇ ਦੀ ਸਥਾਪਤੀ ਦਾ ਇਕ ਹੱਥਕੰਡਾ ਹੈ, ਜੋ ਗੋਰਖ ਦਾਸ ਨੇ ਸਾਖੀ ਵਿੱਚ ਵਰਤਿਆ ਹੈ। ਖ਼ੈਰ! ਇਸ ਮਹਾਨ ਸ਼ਖ਼ਸ ਬਾਲੇ ਦੀ ਅਣਹੋਂਦ ਨੂੰ ਦਰਸਾਉਂਦਾ ਸਭ ਤੋਂ ਮਹੱਤਵਪੂਰਨ ਤੱਥ ਇਸ ਪ੍ਰਕਾਰ ਹੈ; ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਈਰਾਨ ਦੇ ਜੰਗਲਾਂ ਵਿੱਚੋਂ ਲੰਘ ਰਹੇ ਸਨ ਤਾਂ ਈਰਾਨ-ਬਗ਼ਦਾਦ ਦੇ ਸਰਹੱਦੀ ਇਲਾਕੇ ਇੰਦਲਾਸ ਦੇ ਵਾਸੀ ਤਾਜੁਦੀਨ (ਨਕਸ਼ਬੰਦੀ) ਨਾਉਂ ਦੇ ਇਕ ਆਲਮ ਫ਼ਾਜ਼ਲ ਨੇ ਜੰਗਲਾਂ ਵਿੱਚ ਹਜ਼ੂਰ ਦਾ ਦੀਦਾਰ ਪਾਇਆ। ਤਾਜੁਦੀਨ ਆਪਣੀਆਂ ਲਿਖਤਾਂ ਵਿੱਚ ਦੱਸਦੇ ਹਨ, "ਮੈਂ ਈਰਾਨ ਦੇ ਇਕ ਪਹਾੜੀ ਜੰਗਲ 'ਚੋਂ ਲੰਘ ਰਿਹਾ ਸਾਂ ਕਿ ਅਚਨਚੇਤ ਇਕ ਰਮਣੀਕ ਸਤਹ ਉੱਤੇ ਬੈਠੇ ਹਿੰਦੀ ਫ਼ਕੀਰ ਦਿਸੇ; ਇਕ ਸਰੋਦ (ਰਬਾਬ) ਵਜਾ ਰਿਹਾ ਸੀ ਅਤੇ ਸਾਹਮਣੇ ਦਿਬ-ਜੋਤਿ ਨੂਰ ਨਾਲ ਭਰਪੂਰ, ਜਗਮਗ ਕਰਦੇ ਮਸਤਕ ਵਾਲੇ ਬਜ਼ੁਰਗ ਬੈਠੇ ਸਨ। ਇਹ ਅਤਿ ਰਸੀਲੀ, ਦਿਲ ਸੋਜ਼ ਤੇ ਵਜਦਮਈ ਰਸ ਵਿੱਚ ਕੁਝ ਗਾ ਰਹੇ ਸਨ, ਜੋ ਅਤਿ ਸਵਾਦਿਸ਼ਟ ਤੇ ਹਿਰਦਾ ਮੋਹਿਕ ਸੀ।" ਇਹ ਤਾਜੁਦੀਨ ਨਾਉਂ ਦਾ ਆਲਮ ਫ਼ਾਜ਼ਲ ਲੱਗਭੱਗ ਡੇਢ



ਦੋ ਸਾਲ ਗੁਰੂ ਸਾਹਿਬ ਦੀ ਮੱਕੇ ਦੀ ਉਦਾਸੀ ਦੌਰਾਨ ਉਨ੍ਹਾਂ ਦੇ ਨਾਲ ਰਿਹਾ ਦੱਸਿਆ ਜਾਂਦਾ ਹੈ, ਜਿਸ ਦਾ ਜ਼ਿਕਰ ਉਸ ਨੇ 'ਸੱਯਾਹਤੋ ਬਾਬਾ ਨਾਨਕ ਫ਼ਕੀਰ' ਨਾਮੀ ਅਰਬੀ-ਫ਼ਾਰਸੀ ਵਿੱਚ ਆਪੂੰ ਲਿਖੇ ਖਰੜੇ 'ਚ ਕੀਤਾ ਹੈ। ਜਦੋਂ ਗੁਰੂ ਸਾਹਿਬ ਮਰਦਾਨੇ ਸਹਿਤ ਬਗ਼ਦਾਦ ਤੋਂ ਖੁਰਮੇ ਸ਼ਹਿਰ ਨੂੰ ਵਿਦਾ ਹੋਏ ਤਾਂ ਮਹਾਂਪੁਰਸ਼ਾਂ ਤੋਂ ਆਖਰੀ ਬਰਕਤਾਂ-ਰਹਿਮਤਾਂ ਪ੍ਰਾਪਤ ਕਰਕੇ ਹਜ਼ਰਤ ਮੁਹੰਮਦ ਸਾਹਿਬ ਦੀ ਕਬਰ 'ਤੇ ਬੈਠ ਕੇ ੧੫੦੩-੧੫੦੫ ਈ. ਦੌਰਾਨ ਉਸ ਨੇ ਇਹ ਸਫਰਨਾਮਾ ਲਿਖਿਆ, ਜਿਸ ਨੂੰ ੧੫੦੯ ਈ. ਵਿੱਚ ਮਦੀਨੇ ਦੇ ਕੁਤਬਖ਼ਾਨੇ ਵਿੱਚ ਰੱਖ ਦਿੱਤਾ। 'ਸੱਯਾਹਤੋ ਬਾਬਾ ਨਾਨਕ ਫ਼ਕੀਰ' ਗ੍ਰੰਥ ਦਾ ਉਲਥਾ ੧੯੨੭ ਈ. ਵਿੱਚ ਸੱਯਦ ਮੁਸ਼ਤਾਕ ਹੁਸੈਨ, ਜੋ ਬਾਅਦ ਵਿੱਚ ਅੰਮ੍ਰਿਤ ਛਕ ਕ ਪ੍ਰਿਥੀਪਾਲ ਸਿੰਘ ਬਣ ਗਏ, ਦੇ ਯਤਨਾਂ ਸਦਕਾ ਸਿੱਖ ਸੰਗਤਾਂ ਸਾਹਮਣੇ ਆਉਂਦਾ ਹੈ, ਜਿਸ ਵਿੱਚ ਭਾਈ ਬਾਲੇ ਬਾਰੇ ਕਿਤੇ ਜ਼ਿਕਰ ਨਹੀਂ, ਪਰ ਮਰਦਾਨੇ ਦਾ ਜ਼ਿਕਰ ਵਾਰ-ਵਾਰ ਮਿਲਦਾ ਹੈ। ਇਸ ਤੋਂ ਵੱਡਾ ਹੋਰ ਕਿਹੜਾ ਪ੍ਰਮਾਣ ਹੋ ਸਕਦਾ ਹੈ। ਜਨਮ ਸਾਖੀ ਵਿੱਚ ਬਾਲਾ ਭਾਈ ਫਿਰੰਦੇ ਅਤੇ ਗੁਰੂ ਨਾਨਕ ਦੇਵ ਜੀ ਵਿੱਚ ਕੋਈ ਫਰਕ ਨਹੀਂ ਦੱਸਦਾ, ਬਲਕਿ ਦੋਵਾਂ ਨੂੰ ਸਕੇ ਭਰਾ ਦੱਸਦਾ ਹੈ। ਦੋਵਾਂ ਨੂੰ ਆਤਮਿਕ ਤੌਰ 'ਤੇ ਵੀ ਇਕ ਕਹਿੰਦਾ ਹੈ। ਪਿਛਲੇ ਜਨਮ 'ਚ ਤੇਲੀ ਪਰਾਨ ਨਾਥ ਦੇ ਘਰ ਜਨਮੇ ਗੁਰੂ ਸਾਹਿਬ ਦਾ ਨਾਂਅ ਸੁੰਦਰ, ਨਾਨਕੀ ਸੁੰਦਰੀ ਅਤੇ ਫਿਰੰਦਾ ਪ੍ਰੇਮਾ ਦੱਸਦਾ ਹੈ। ਉਹ ਲਿਖਵਾਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਉਜਾੜ ਵਿੱਚ ਡਰਦਿਆਂ ਭਗਤੀ ਕਰਦੇ ਸਨ। ਫਿਰੰਦਾ ਰਬਾਬ ਵਜਾਉਂਦਾ ਸੀ। ਮਰਦਾਨੇ ਦਾ ਜ਼ਿਕਰ ਨਹੀਂ ਕਰਦਾ। ਇਥੇ ਹੀ ਬੱਸ ਨਹੀਂ, ਬਾਲਾ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਗੁਰੂ ਸਾਹਿਬ ਦਾ ਇਸ ਦੁਨੀਆ ਵਿੱਚ ਆਉਣਾ ਚੁਰਾਸੀ ਦੇ ਗੇੜ ਕਰਕੇ ਹੈ। ਉਹ ਆਪਣਾ ਉੱਦਾਰ ਕਰਾਉਣ ਖ਼ਾਤਰ ਉਦਾਸੀਆਂ ਕਰਦੇ ਹਨ। ਇਸੇ ਕਰਕੇ ਧਰਮ ਦੇ ਵਡੇਰਿਆਂ ਅਤੇ ਭਗਤਾਂ ਨੂੰ ਮਿਲਦੇ ਹਨ। ਬਾਲਾ ਸਪੱਸ਼ਟ ਕਰਦਾ ਹੈ ਕਿ ਉਹ ਨਿਰੰਕਾਰ ਦੇ ਭੇਜੇ ਹੋਏ ਅਵਤਾਰ ਨਹੀਂ ਬਲਕਿ ਆਪਣੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਭੋਗਣ ਆਏ ਹਨ। ਉਹ ਇਸ ਲੋਕ ਵਿੱਚ ਵੀ ਆਪਣਾ ਉੱਦਾਰ ਕਰਾਉਣ ਆਏ ਹਨ। ਗੁਰੂ ਨਾਨਕ ਦੇਵ ਜੀ ਅਤੇ ਇੰਦਰਸੈਣ ਨਾਲ ਹੋਈ ਵਾਰਤਾਲਾਪ, ਜੋ ਬਾਲਾ ਆਪਣੀ ਸਾਖੀ ਵਿੱਚ ਦਰਜ ਕਰਾਉਂਦਾ ਹੈ, ਉਹ ਇੰਝ ਹੈ:- "ਤਾਂ ਇੰਦਰ ਸੈਣ ਆਖਿਆ, ਜੀ ਤੇਰਾ ਮਨੋਰਥ ਕਿਆ ਹੈ, ਤਾਂ ਗੁਰੂ ਨਾਨਕ ਜੀ ਆਖਿਆ ਮੇਰਾ ਮਨੋਰਥ ਏਹੋ ਆ ਜੋ ਅਸੀ ਤੁਸੀ ਇਕੱਠੇ ਰਹੀਏ ਅਤੇ ਭਗਤੀ ਭੀ ਇਕੱਠੀ ਕੀਤੀ ਆਹੀ, ਏਸ ਵਾਸਤੇ ਅਸੀਂ ਤੁਸਾਂ ਪਾਸ ਆਏ ਆਹੇ ਇਕੇ ਤਾਂ ਤੁਸੀਂ ਅਸਾਨੂੰ ਉਧਾਰੋ ਇਕੇ ਤਾਂ ਅਸੀਂ ਤੁਸਾਨੂੰ ਉਧਾਰੀਏ।" ਬਾਲੇ ਦੀ ਘਟੀਆ ਤੇ ਹੱਦ ਦਰਜੇ ਦੀ ਮਲੀਨ ਸੋਚ ਦਾ ਇਕ ਹੋਰ ਨਮੂਨਾ ਉਸ ਦੀ ਲਿਖਵਾਈ ਜਨਮ ਸਾਖੀ ਵਿੱਚ ਦੇਖੋ ਕਿ ਉਸ ਨੇ ਤਾਂ ਬੇਬੇ ਨਾਨਕੀ ਨੂੰ ਵੀ ਨਹੀਂ ਬਖ਼ਸ਼ਿਆ। ਸਾਖੀ ਵਿਚਲੀਆਂ ਸਤਰਾਂ ਇੰਝ ਹਨ:- "ਨਾਨਕੀ ਕਾਲੂ ਦੀ ਧੀ ਪਾਣੀ ਭਰਨ ਖੂਹ ਤੇ ਆਈ ਸੀ, ਜੈ ਰਾਮ ਪਲਤੇ ਦੀ ਨਜਰ ਪਈ, ਖਰੀ ਛੈਲ ਸੀ, ਜੈ ਰਾਮ ਦੇਖ ਕਰ ਮੋਹਿਆ ਗਿਆ, ਜੈ ਰਾਮ ਰਾਇ ਬੁਲਾਰ ਨੂੰ ਕਹਿਆ, ਰਾਇ ਜੀ ਇਹ ਲੜਕੀ ਕਿਸ ਦੀ ਹੈ, ਇਸ ਦੀ ਕਹਾਣੀ ਅਸਾਂ ਨਾਲ ਕਰਾਵਹੁ।" ਨਾਲ ਹੀ ਉਹ ਸੱਚ ਠਹਿਰਾਉਂਦਾ ਜਨਮ ਸਾਖੀ ਵਿੱਚ ਲਿਖਵਾਉਂਦਾ ਹੈ, "ਜੋ ਮੈਂ ਆਪਣੀ ਅੱਖੀ ਡਿੱਠਾ ਆਹਾ ਸੋ ਮੈਂ ਲਿਖਵਾਇਆ ਹੈ।" ਸਾਖੀ 'ਨਾਨਕੀ ਦਾ ਮੁਕਲਾਵਾ' ਵਿੱਚ ਭਾਈਆ ਜੈ ਰਾਮ ਅੱਗੇ ਰਾਏ ਬੁਲਾਰ ਕੋਲੋਂ ਮਹਿਤਾ ਕਾਲੂ ਨੂੰ ਦੁਰਬਚਨੀ ਕਹਾਉਂਦਾ ਹੈ; "ਰਾਏ ਕਹਿਆ ਭਯਾ ਜੀ ਤੇਰਾ ਸਹੁਰਾ ਕਾਲੂ ਮਹਾ ਦੁਰਬਚਨੀ ਹੈ।" ਇਹ ਹੀ ਨਹੀਂ ਗੁਰੂ ਨਾਨਕ ਦੇਵ ਜੀ ਦੇ ਪਿਤਾ ਨੂੰ ਸੱਚੇ ਸੌਦੇ ਵਾਲੀ ਸਾਖੀ ਵਿੱਚ ਲਿਖਵਾਉਂਦਾ ਹੈ ਕਿ ਉਹ ਖੱਤਰੀ ਨਹੀਂ। ਉਨ੍ਹਾਂ ਨੂੰ ਬਾਲਾ 'ਚੰਡਾਲ' ਤੱਕ ਕਹਿ ਦਿੰਦਾ ਹੈ, "ਲੋਕ ਤਲਵੰਡੀ ਦੇ ਖੱਤਰੀ ਬ੍ਰਾਹਮਣ ਜਿਤਨੇ ਹਿੰਦੂ ਤੁਰਕ ਆਹੇ, ਜਟ ਬੂਟ ਆਹੇ, ਤਿਤਨੇ ਭ੍ਰਿਸ਼ਟਣ ਲਗੇ, ਤੂੰ ਕੋਈ ਖੱਤਰੀ ਨਾਹੀ, ਤੇਰਾ ਕੋਈ ਚੰਡਾਲ ਦਾ ਜਨਮ ਹੈ।" ਅਜਿਹੇ ਸ਼ਬਦ ਬਾਲੇ ਦੇ ਮੂੰਹੋਂ ਸੁਣ ਕੇ ਗੁਰੂ ਸਾਹਿਬ ਬਾਲੇ 'ਤੇ ਕਦੀ ਨਿਹਾਲ ਹੋ ਸਕਦੇ ਹਨ? ਕਦਾਚਿੱਤ ਨਹੀਂ ਪਰ ਬਾਲੇ ਨੇ ਇਹ ਵੀ ਸੱਚ ਕਰ ਵਿਖਾ ਕੇ ਅੱਗੇ ਇੰਝ ਦਰਜ ਕਰਵਾਇਆ ਹੈ, "ਗੁਰੂ ਜੀ ਇਕ ਮੇਰੀ ਅਰਦਾਸ ਹੈ, ਜੇ ਧਿਆਨ ਲਾਇਕੇ ਸੁਣੋ ਤਾਂ ਮੈਂ ਕਹਾਂ। ਤਾਂ ਗੁਰੂ ਜੀ ਕਹਿਆ ਭਾਈ ਬਾਲਾ ਅਜ ਮੈਂ ਨਿਹਾਲ ਹੋਇਆ ਹਾਂ ਅਜ ਤੁਸਾਂ ਤੇ ਕਰਤਾਰ ਮੇਹਰਬਾਨ ਹੋਇਆ ਹੈ ਜੋ ਤੈਂ ਖੁਲ੍ਹ ਕਰ ਬਚਨ ਕੀਤਾ।" ਗੁਰੂ ਅੰਗਦ ਦੇਵ ਜੀ ਦੇ ਮੂੰਹੋਂ ਇਹ ਸ਼ਬਦ ਅਖਵਾ ਕੇ ਆਪਣੀ ਜਨਮ ਸਾਖੀ 'ਤੇ ਮੋਹਰ ਲਗਵਾ ਕੇਬਾਲਾ ਅਯੋਗ ਸਾਖੀਆਂ ਨੂੰ ਵੀ ਸੱਚਾ ਸਾਬਿਤ ਕਰਵਾ ਲੈਂਦਾ ਹੈ ਕਿ ਜਿਹੜਾ ਸਿੱਖ ਇਨ੍ਹਾਂ ਨੂੰ ਸੱਚ ਜਾਣ ਕੇ ਸੁਣੇਗਾ ਉਹ ਪਰਮਾਤਮਾ ਦੀ ਦਰਗਾਹ ਜਾਏਗਾ। ਸਤਰਾਂ ਦੇਖੋ:- "ਜੋ ਸਿੱਖ ਇਸ ਬਚਨ (ਜਨਮ ਸਾਖੀਆਂ) ਸਤਿ ਕਰ ਜਾਨੇਗਾ, ਖੁਲ੍ਹੇ ਦਰਵਾਜ਼ੇ ਦਰਗਾਹ ਵਿਚ ਜਾਵੇਗਾ, ਸਤਿ ਪਰਤੀਤ ਕਰ ਜਾਣੀ।" ਕੀ ਗੁਰੂ ਅੰਗਦ ਦੇਵ ਜੀ ਅਜਿਹੀਆਂ ਸਾਖੀਆਂ ਨੂੰ ਸੁਣ ਕੇ, ਸੱਚ ਮੰਨ ਕੇ ਉਕਤ ਸ਼ਬਦ ਕਹਿ ਸਕਦੇ ਹਨ? ਹਰਗਿਜ਼ ਨਹੀਂ। ਇਹ ਹੀ ਨਹੀਂ, 'ਸਹਜ ਕੁਸਹਜ' ਵਾਲੀ ਸਾਖੀ ਵਿਚ ਬਾਲਾ ਆਪਣੇ ਆਪ ਨੂੰ ਬ੍ਰਹਮ ਗਿਆਨੀ ਦੱਸਦਾ ਹੈ। ਉਹ ਗੁਰੂ ਅੰਗਦ ਦੇਵ ਜੀ ਨੂੰ ਦੱਸਦਾ ਹੈ ਕਿ ਉਸ ਨੂੰ ਗੁਰੂ ਨਾਨਕ ਦੇਵ ਜੀ ਪੂਰਨ ਗੁਰੂ ਨਹੀਂ ਲੱਗੇ। ਉਹ ਲਿਖਵਾਉਂਦਾ ਹੈ:- "ਗੁਰੂ ਜੀ ਅਸੀਂ ਗੁਰੂ ਨਾਨਕ ਜੀ ਨਾਲ ਇਤਨੇ ਵਰ੍ਹੇ ਫਿਰਦੇ ਰਹੇ ਪਰ ਅਸਾਂ ਇਹ ਨਾ ਜਾਤਾ ਕਿ ਇਹ ਪੂਰਨ ਗੁਰੂ ਹੈ।" ਇਕ ਹੋਰ ਪ੍ਰਸੰਗ ਦੇਖੋ:- "ਦੇਵਲੂਤ ਰਾਜਾ ਖੁਸੀ ਹੋਇਆ ਤ੍ਰੈ ਮਨੁੱਖ ਜੋ ਬੈਠੇ ਹੈ ਸੋ ਸਾਡੀ ਖੁਰਾਕ ਹੈਨ" ਪਰ ਗੁਰੂ ਸਾਹਿਬ ਕਹਿੰਦੇ ਹਨ, "ਭਾਈ ਦੇਵਲੂਤ! ਤੈਨੂੰ ਅਸਾਂ ਮਸੰਦ ਕੀਤਾ।" ਰਾਜਾ ਦੇਵਲੂਤ ਗੁਰੂ ਸਾਹਿਬ, ਬਾਲੇ, ਮਰਦਾਨੇ ਨੂੰ ਖਾ ਜਾਣ ਦੀ ਗੱਲ ਕਰ ਰਿਹੈ ਅਤੇ ਗੁਰੂ ਸਾਹਿਬ ਕਿਵੇਂ ਉਸ ਨੂੰ ਮਸੰਦ ਥਾਪ ਸਕਦੇ ਹਨ? ਇਥੇ ਹੀ ਬਾਲੇ ਨੇ ਬਸ ਨਹੀਂ ਕੀਤੀ, ਉਸ ਨੇ ਜਨਮ ਸਾਖੀ ਵਿੱਚ ਨਾਨਕ ਬਾਣੀ ਨਾਲ ਵੀ ਘੋਰ ਛੇੜ-ਛਾੜ ਕੀਤੀ ਹੈ:- "ਜਤੁ ਪਹਾਰਾ ਧੀਰਜੁ ਸੁਨਿਆਰ। ਅਹਰਨ ਮਤਿ ਵੇਦ ਹਥਿਆਰ। ਗੁਰ ਸਬਦ ਸਚ ਸਚੀ ਧਰਮਸਾਲ। ਸਚ ਕਰ ਭਾਂਡਾ ਤਤ ਲੈ ਢਾਲ। ਘੜੀਐ ਸਬਦ ਸਚੀ ਟਕਸਾਲ। ਅੰਮ੍ਰਿਤ ਦ੍ਰਿਸਟ ਸਦਾ ਦਿਆਲ। ਨਾਨਕ ਨਦਰੀ ਨਦਰ ਨਿਹਾਲ।" ਇਤਿਹਾਸ ਵਿੱਚ ਬਾਣੀ ਨਾਲ ਛੇੜ-ਛਾੜ ਦੀ ਇਕ ਹੋਰ ਉਦਾਹਰਣ ਦੇਖਦੇ ਹਾਂ। ਸੱਤਵੇਂ ਗੁਰੂ ਹਰਿਰਾਇ ਜੀ ਦੇ ਪੁੱਤਰ ਰਾਮ ਰਾਇ ਨੇ ਔਰੰਗਜ਼ੇਬ ਤੋਂ ਡਰਦਿਆਂ ਆਸਾ ਦੀ ਵਾਰ ਦੀ ਤੁਕ 'ਮਿਟੀ ਮੁਸਲਮਾਨ ਕੀ' ਦੀ ਜਗ੍ਹਾ 'ਮਿਟੀ ਬੇਈਮਾਨ ਕੀ' ਕਰ ਦਿੱਤਾ ਸੀ। ਜਿਸ ਦੇ ਵਿਰੋਧ ਵਿੱਚ ਗੁਰੂ ਹਰਿਰਾਇ ਜੀ ਨੇ ਆਪਣੇ ਪੁੱਤਰ ਨੂੰ ਸਿੱਖੀ ਤੋਂ ਨਾ ਸਿਰਫ਼ ਖਾਰਿਜ ਕੀਤਾ, ਬਲਕਿ ਉਸ ਦਾ ਸਾਰੀ ਉਮਰ ਮੂੰਹ ਨਾ ਵੇਖਿਆ। ਬਾਲਾ ਹੀ ਨਹੀਂ, ਗੋਰਖ ਦਾਸ ਨੇ ਮੀਣਿਆਂ ਦੀ ਤਰ੍ਹਾਂ ਕਈ ਜਗ੍ਹਾ 'ਨਾਨਕ' ਛਾਪ ਵਰਤ ਕੇ ਗੁਰਬਾਣੀ ਵਾਂਗ ਤੁਕਬੰਦੀ ਕਰਨ ਦਾ ਵੀ ਗੁਨਾਹ ਕੀਤਾ ਹੈ। ਹੁਣ ਪਾਠਕ ਆਪ ਫੈਸਲਾ ਕਰਨਗੇ ਕਿ ਬਾਲੇ/ਮੀਣੇ/ਗੋਰਖ ਦਾਸ ਨੇ ਬਾਣੀ ਦੇ ਇਕ ਸ਼ਬਦ ਨੂੰ ਨਹੀਂ ਬਲਕਿ ਅਨੇਕਾਂ ਮਨਘੜਤ 'ਨਾਨਕ' ਛਾਪ ਹੇਠ ਤੁਕਾਂ ਵਾੜ ਕੇ ਬਾਣੀ ਦਾ ਅਸਲ ਸਰੂਪ ਹੀ ਵਿਗਾੜ ਦਿੱਤਾ। ਅਜਿਹੇ ਬੰਦੇ ਨਾਲ ਪੰਥ ਕੀ ਨਿਆਂ ਕਰੇਗਾ? ਪੰਥ ਦੇਰ-ਸਵੇਰ ਨਿਆਂ ਕਰ ਹੀ ਲਏਗਾ। ਹੁਣ ਦੇਖਦੇ ਹਾਂ ਕਿ ਗੁਰੂ ਨਾਨਕ ਦੇ ਸਮਕਾਲੀ ਸਾਖੀ ਲਿਖਾਰੀ ਬਾਲੇ ਦੀ ਹੋਂਦ-ਅਣਹੋਂਦ ਨਾਲ ਕੀ ਨਿਆਂ ਕਰਦੇ ਹਨ? ਸਭ ਤੋਂ ਪਹਿਲੀ 'ਸਾਖੀ ਮਹਲੁ ਪਹਿਲੇ ਕੀ' ਲਿਖਣ ਵਾਲੇ ਸੀਹੋਂ ਉਪਲ ਨੂੰ ਭਾਈ ਗੁਰਦਾਸ ਜੀ ਸਮੇਤ ਪਹਿਲੀਆਂ ਤਿੰਨ ਪਾਤਸ਼ਾਹੀਆਂ ਨਾਲ ਜੁੜੇ ਰਹਿਣ ਦਾ ਸੁਭਾਗ ਪ੍ਰਾਪਤ ਹੈ। ਖਵਾਜਾ ਖਿਜਰ ਦੀ ਸਾਖੀ ਵਿੱਚ ਜ਼ਿਕਰ ਆਉਂਦਾ ਹੈ ਕਿ ਸੀਹਾਂ ਉਪਲ ਤੇ ਸੈਦੋ ਘੇਹੋ ਵੀ ਉਦਾਸੀ 'ਤੇ ਨਾਲ ਸਨ। ਇਸ ਤਰ੍ਹਾਂ ਸੀਹਾਂ ਉਪਲ ਬਾਬੇ ਨਾਨਕ ਦਾ ਸਮਕਾਲੀ ਹੈ ਪਰ ਸੈਦੋ ਨਹੀਂ। ਭਾਈ ਗੁਰਦਾਸ ਨੇ ੧੧ਵੀਂ ਵਾਰ ਦੀ ਪਉੜੀ ੪ ਵਿੱਚ ਸੀਹਾਂ ਤੇ ਗਜਣ ਉਪਲ ਦਾ ਨਾਂਅ ਗੁਰੂ ਨਾਨਕ ਦੇ ਸਿੱਖਾਂ ਵਿੱਚ ਸ਼ੁਮਾਰ ਕੀਤਾ ਹੈ। ਸਿੱਖ ਨਾਮ ਮਾਲਾ ਵਿੱਚ ਸਭ ਤੋਂ ਪਹਿਲਾ ਨਾਂਅ ਇਸੇ ਦਾ ਹੈ। ਸੀਹਾਂ ਤੇ ਗਜਣ ਦੋਵੇਂ ਚਾਚੇ ਤਾਏ ਦੇ ਪੁੱਤ ਭਰਾ ਸਨ। ਸੀਹੋਂ ਪਰ ਸਤਿਗੁਰਾਂ ਦੀ ਅਪਾਰ ਬਖ਼ਸ਼ਿਸ਼ ਸੀ:-

"ਸੀਹਾ ਉਪਲ ਜਾਣੀਐ ਗਜਣੁ ਉਪਲ ਸਤਿਗੁਰ ਭਾਵੈ।"

੧੯ਵੀਂ ਸਦੀ ਦੀਆਂ ਹੋਰ ਕਈ ਲਿਖਤਾਂ ਵਿੱਚ ਗੁਰੂ ਅਮਰਦਾਸ ਜੀ ਦੇ ਨਾਂਅ ਨਾਲ ਸੀਹਾਂ ਉਪਲ ਦਾ ਨਾਂਅ ਆਉਂਦਾ ਹੈ। ਇਸ ਤੋਂ ਸੀਹਾਂ ਦੇ ਕਾਲ ਅਤੇ ਗੁਰੂ ਘਰ ਨਾਲ ਉਸ ਦੀ ਨੇੜਤਾ ਦਾ ਅੰਦਾਜ਼ਾ ਭਲੀਭਾਂਤ ਲੱਗਦਾ ਹੈ। ਖਤਰੇਟਾ ਸੀਹਾਂ ਉਪਲ, ਜੋ ਸੁਲਤਾਨਪੁਰ ਦਾ ਰਹਿਣ ਵਾਲਾ ਸੀ, ਦੀ ਸਾਖੀ ਵਿੱਚ ਦਰਜ ਵੇਰਵੇ ਬਾਕੀ ਸਾਰੀਆਂ ਸਾਖੀਆਂ ਨਾਲੋਂ ਜ਼ਿਆਦਾ ਸਟੀਕ ਅਤੇ ਰਲਾਅ ਰਹਿਤ ਹੋਣਗੇ ਕਿਉਂਕਿ ਗੁਰੂ ਸਾਹਿਬ ਅਤੇ ਉਸ ਦੀ ਉਮਰ ਵਿੱਚ ਜ਼ਿਆਦਾ ਫਰਕ ਨਹੀਂ ਸੀ। ਅਫਸੋਸ! ਸਟੀਕ ਹੋਣ ਦੇ ਬਾਵਜੂਦ ਸੀਹੋਂ ਦੀ ਸਾਖੀ ਲੋਕਪ੍ਰਿਯ ਨਹੀਂ ਹੋਈ। ਇਹ ਗੋਰਖ-ਲਾਲਾ-ਬਿਧ-ਬਾਲਾ ਦੀ ਯੋਜਨਾਬੰਦੀ ਹੀ ਹੈ, ਜਿਸ ਕਰਕੇ ਬਾਲੇ ਵਾਲੀ ਜਨਮ ਸਾਖੀ ਨੂੰ ਲੋਕਪ੍ਰਿਯਤਾ ਹਾਸਲ ਹੋਈ। ਜਿਸ ਦੇ ਅਸਰ ਹੇਠ ਅਸੀਂ ਗੁਰੂ ਨਾਨਕ ਦਾ ਜਨਮ ਦਿਹਾੜਾ ਕੱਤਕ ਦੀ ਪੂਰਨਮਾਸੀ ਨੂੰ ਮਾਨਤਾ ਦੇ ਕੇ ਮਨਾਉਂਦੇ ਆ ਰਹੇ ਹਾਂ। ਬਾਲਾ ਆਪਣੀ ਜਨਮ ਸਾਖੀ ਦੇ ਸ਼ੁਰੂ ਵਿੱਚ ਹੀ ਗੁਰੂ ਨਾਨਕ ਦੇਵ ਜੀ ਦੀ ਜਨਮ ਤਿਥੀ ਬਾਰੇ ਤੌਖਲੇ ਨੂੰ ਲੈ ਕੇ ਕੱਤਕ ਜਾਂ ਵਿਸਾਖ ਮਹੀਨੇ ਵਾਲਾ ਵਿਵਾਦ ਜਾਣ-ਬੁੱਝ ਕੇ ਸਾਜ਼ਿਸ਼ ਤਹਿਤ ਸ਼ੁਰੂ ਕਰ ਲੈਂਦਾ ਹੈ, ਜਿਵੇਂ ਕਿ ਉਹ ਇਸ ਵਿਵਾਦ ਨੂੰ ਪਹਿਲਾਂ ਹੀ ਜਾਣਦਾ, ਸਮਝਦਾ ਸੀ ਜਾਂ ਉਸ ਵੇਲੇ ਪ੍ਰਚੰਡ ਸੀ। ਉਹ ਸਭ ਤੋਂ ਪਹਿਲਾਂ ਉਸ ਨੂੰ ਹੱਲ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਚਾਚਾ ਲਾਲੂ ਕੋਲੋਂ ਜਨਮ ਪੱਤਰੀ ਲੈ ਕੇ ਪੜ੍ਹਨ ਦੀ ਚਾਹ ਰੱਖਦਾ ਹੈ। ਜੇ ਉਹ ਸੱਚੀ ਗੁਰੂ ਨਾਨਕ ਦੇਵ ਜੀ ਦੇ ਨਾਲ ਸੀ ਤਾਂ ਉਸ ਨੂੰ ਜਨਮ ਤਿੱਥ ਬਾਰੇ ਪਤਾ ਹੋਣਾ ਚਾਹੀਦਾ ਸੀ ਤੇ ਬੇਲੋੜਾ ਵਿਵਾਦ ਖੜ੍ਹਾ ਨਹੀਂ ਸੀ ਕਰਨਾ ਚਾਹੀਦਾ। ਖ਼ੈਰ! ਗੁਰੂ ਜੀ ਦੇ ਆਗਮਨ ਦਾ ਬਹੁ ਚਰਚਿਤ ਵਿਵਾਦ ਵੀ ਪੂਰਨ ਸੱਚਾਈ ਨਾਲ ਸੀਹੋਂ ਉਪਲ ਦੀ ਸਾਖੀ ਹੱਲ ਕਰਦੀ ਹੈ:-

"ਸੰਮਤ ੧੫੨੬ ਬਾਬਾ ਨਾਨਕੁ ਜਨਮਿਆ॥
ਵੈਸਾਖ ਦਿਨ ਤੀਜ ਚਾਨਣੀ ਰਾਤਿ ਅਮ੍ਰਿਤ ਵੇਲਾ ਪਹਰੁ ਰਾਤਿ ਰਹਦੀ ਜਨਮੁ ਲਇਆ॥"

ਸਮੁੱਚੇ ਸਿੱਖ ਪੰਥ ਨੂੰ ਇਸ 'ਤੇ ਟੇਕ ਰੱਖਣੀ ਚਾਹੀਦੀ ਹੈ ਤੇ ਨਿੰਦਕ ਬਿਰਤੀ ਵਾਲਿਆਂ ਦੀ ਲਿਖਤ ਨੂੰ ਮੂਲੋਂ ਨਕਾਰਨਾ ਚਾਹੀਦਾ ਹੈ। ਬਾਲੇ ਵਾਲੀ ਸਾਖੀ ਨੂੰ ਛੱਡ ਕੇ ਬਾਕੀ ਸਾਰੀਆਂ ਸਾਖੀ ਲਿਖਤਾਂ ਅਵਤਾਰ ਪੁਰਬ ਵੈਸਾਖ ਦਿਨ ਤੀਜ ਹੀ ਦੱਸਦੀਆਂ ਹਨ। ਫਿਰ ਇਸ ਬਿਧੀ ਚੰਦੀਆਂ ਦੀ ਲਿਖਵਾਈ ਸਾਖੀ 'ਤੇ ਕਿਉਂ ਵਿਸ਼ਵਾਸ ਕਰਨਾ? ਅਗਰ ਗੁਰੂ ਸਾਹਿਬ ਦੀ ਜਨਮ ਤਿੱਥ ਨੂੰ ਲੈ ਕੇ ਵਿਵਾਦ ਹੁੰਦਾ ਤਾਂ ਬਾਲੇ ਤੋਂ ਪੂਰਵ ਲਿਖੀਆਂ ਸਾਖੀਆਂ ਵਿੱਚ ਵੈਸਾਖ ਮਾਹ ਦੀ ਇਕਸੁਰਤਾ ਕਿਵੇਂ ਆ ਗਈ? ਉਨ੍ਹਾਂ ਵਿੱਚ ਵੀ ਵੱਖ-ਵੱਖ ਤਿੱਥਾਂ ਹੋ ਸਕਦੀਆਂ ਸਨ। ਅਫਸੋਸ ਅਜਿਹਾ ਕੁਝ ਨਹੀਂ। ਇਹ ਜਾਣ-ਬੁਝ ਕੇ ਭੰਬਲਭੂਸਾ ਪਾਉਣ ਲਈ ਛੇੜਿਆ ਵਿਵਾਦ ਹੈ, ਜਿਸ 'ਤੇ ਪੰਥ ਫੁੱਲ ਚੜ੍ਹਾਈ ਬੈਠਾ ਹੈ। ਸੀਹੋਂ ਉਪਲ ਦੇ ਚਲਾਣੇ ਕਰਕੇ 'ਸਾਖੀ ਮਹਲੁ ਪਹਿਲੇ ਕੀ' ਕਰੋੜੀਏ 'ਤੇ ਆ ਕੇ ਖ਼ਤਮ ਹੋ ਜਾਂਦੀ ਹੈ। ਇਸ ਅਧੂਰੀ ਸਾਖੀ ਨੂੰ ਬਾਅਦ ਵਿੱਚ ਸੈਦੋ ਘੇਹੋ ਪੂਰਿਆਂ ਕਰਦਾ ਹੈ। ਗੁਰੂ ਘਰ ਦਾ ਸੇਵਕ ਸੈਦੋ ਘੇਹੋ ਜਾਤ ਜੱਟ ਲਾਹੌਰ ਦੇ ਮੁਜੰਗਾਂ ਦਾ ਰਹਿਣ ਵਾਲਾ ਸੀ। ਉਹ ਹੰਦਾਲ ਦਾ ਸਮਕਾਲੀ ਸੀ ਅਤੇ ਗੁਰੂ ਅਰਜਨ ਦੇਵ ਜੀ ਦਾ ਅਨਿਨ ਸੇਵਕ ਸੀ, ਜਿਸ ਨੇ ਪੋਠੋਹਾਰ ਦੇ ਇਲਾਕੇ ਵਿੱਚ ਸਿੱਖੀ ਪ੍ਰਚਾਰ ਵੀ ਕੀਤਾ। ਇਸ ਦੀ ਸਾਖੀ ਦਾ ਲਿਖਾਰੀ ਵੀ ਲਾਹੌਰ ਦਾ ਗੋਰਖ ਦਾਸ ਹੀ ਸੀ। ਗੁਰੂ ਅਰਜਨ ਦੇਵ ਜੀ ਦੇ ਸਿੱਖ ਸੈਦੋ ਨੂੰ ਭਾਈ ਗੁਰਦਾਸ ਜੀ ਨੇ ੧੧ਵੀਂ ਵਾਰ ਦੀ ਪਉੜੀ ੨੫ ਵਿੱਚ ਲਾਹੌਰ ਦੀ ਮੁਜੰਗੀ ਸੰਗਤਿ ਹੇਠ ਪ੍ਰਮੁੱਖ ਸਿੱਖਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਹੈ, ਭਾਵੇਂ ਸੈਦੋ ਸ੍ਰੀ ਚੰਦ ਦੇ ਉਦਾਸੀ ਸੰਪਰਦਾਇ ਨਾਲ ਵੀ ਜੁੜਿਆ ਹੋਇਆ ਸੀ:-

"ਸਾਈਂ ਦਿਤਾ ਝੰਝੀਆ ਸੈਦੋ ਜਟੁ ਸਬਦ ਵੀਚਾਰੀ॥"

ਸੈਦੋ ਨੇ ਨਿੰਦਕ ਅਤੇ ਦਵੇਸ਼ ਬਿਰਤੀ ਵਾਲੀਆਂ ਸਾਖੀਆਂ ਦੇ ਟਾਕਰੇ ਵਿੱਚ ੧੬੫੬-੫੭

ਈਸਵੀ ਦਰਮਿਆਨ ਉਪਲ ਦੀ ਸਾਖੀ ਨੂੰ ਆਧਾਰ ਬਣਾ ਕੇ ਮਹਿਮਾ ਪ੍ਰਸੰਗ ਲਿਖੇ। ਦੋਵਾਂ ਦੀਆਂ ਸਾਖੀਆਂ ਦੇ ਰਚਨਾ ਕਾਲ ਤੋਂ ਸਪੱਸ਼ਟ ਹੈ ਕਿ ਇਹ ਆਪੋ ਵਿੱਚ ਸਮਕਾਲੀ ਨਹੀਂ ਹਨ, ਪਰ ਸਾਖੀਆਂ ਵਿੱਚ ਗੁਰੂ ਸਾਹਿਬ ਦੇ ਨਾਲ ਉਦਾਸੀਆਂ 'ਤੇ ਗਏ ਦੱਸੇ ਗਏ ਹਨ, ਜਿਵੇਂ ਸਾਖੀ 'ਦੂਜੀ ਉਦਾਸੀ ਦੱਖਣ ਦੀ' ਵਿੱਚ ਲਿਖਦਾ ਹੈ ਕਿ ਸੈਦੋ ਤੇ ਸੀਹਾਂ ਨਾਲ ਸਨ:- "ਦੁਤੀਆ ਉਦਾਸੀ ਕੀਤੀ ਦਖਣ ਕੀ... ਤਦਹੁ ਨਾਲਿ ਸੈਦੋ ਜਟ ਜਾਤ ਘੇਹੋ ਥਾ ਤਬ ਰਾਤਿ ਕੈ ਸਮੈ ਸੈਦੋ ਅਤੇ ਸੀਹੋ ਜਾਤ ਘੇਹੋ ਦੋਵੈ ਦਰਿਆਇ ਜਾਵਨਿ।" (ਸਾਖੀ-੪੨) ਸੈਦੋ ਰਚਿਤ 'ਸਾਖੀ ਬਾਬੇ ਨਾਨਕ ਜੀ ਕੀ' (ਪੁਰਾਤਨ ਜਨਮ ਸਾਖੀ) ਵਿੱਚ ਲਿਖਿਆ ਹੈ :-

"ਦੁਏ ਉਦਾਸੀ ਹੋਏ ਬਾਬੇ ਆਪਣੇ ਨਾਲਿ ਰਖੇ।"

ਬਾਲੇ ਵਾਲੀ ਅਤੇ ਪੁਰਾਤਨ ਜਨਮ ਸਾਖੀ ਵਿੱਚ ਕਸ਼ਮੀਰ ਦੀ ਸਾਖੀ ਵਿੱਚ ਸੀਹੋਂ ਛੀਂਬੇ ਦਾ ਨਾਂਅ ਆਉਂਦਾ ਹੈ:-

"ਲਗਾ ਗੁਰੂ ਗੁਰੂ ਜਪਣ, ਸੰਗਤ ਕੀ ਚਰਨ ਰੇਨ ਤਾਂ ਸੀਹੋਂ ਛੀਂਬੇ ਬਾਣੀ ਲਿਖ ਦਿਤੀ।"

ਪੁਰਾਤਨ ਜਨਮ ਸਾਖੀ ਵਿੱਚ ਦੋਹਾਂ ਦੇ ਨਾਲ ਹੋਣ ਦਾ ਜ਼ਿਕਰ ਹੈ:-

"ਤ੍ਰਿਤੀਆ ਉਦਾਸੀ ਉਤਰਖੰਡ ਕੀ ਦੀ ਕਰਨ ਲਗੇ ਤਦਹੁੰ ਨਾਲ ਹਸੂ ਲੁਹਾਰ ਤੇ ਸੀਂਹਾ
ਛੀਂਬਾ ਥੇ।
...ਤਤ ਬਾਣੀ ਹਸੂ ਲੁਹਾਰ ਅਤੇ ਸੀਹੋਂ ਛੀਂਬੇ ਲਿਖੀ।"

ਹਸੂ ਲੁਹਾਰ ਅਤੇ ਸੀਂਹਾ ਛੀਂਬਾ ਬਾਰੇ ਜਨਮ ਸਾਖੀਆਂ ਵਿੱਚ ਕੋਈ ਜ਼ਿਆਦਾ ਜਾਣਕਾਰੀ ਨਹੀਂ ਪਰ ਸੀਂਹਾ ਉਪਲ ਬਾਬੇ ਨਾਨਕ ਜੀ ਦਾ ਸਮਕਾਲੀ ਸੀ ਅਤੇ ਸੈਦੋ ਘੇਹੋ ਗੁਰੂ ਅਰਜਨ ਦੇਵ ਜੀ ਦਾ ਸੇਵਕ ਸੀ। ਕੌਡੇ ਰਾਖਸ਼ ਵਾਲੀ ਸਾਖੀ ਵਿੱਚ ਵੀ ਦੋਵੇਂ ਨਾਲ ਦੱਸੇ ਹਨ। ਜਿਵੇਂ ਕਿ ਅਸੀਂ ਪਹਿਲਾਂ ਦਸ ਚੁੱਕੇ ਹਾਂ ਕਿ ਸਾਖੀਆਂ ਵਿੱਚ ਆਏ ਹਸੂ ਲੁਹਾਰ, ਸੀਂਹਾ ਛੀਂਬਾ, ਝਾੜੂ ਕਲਾਲ, ਝੰਡਾ ਬਾਢੀ ਅਤੇ ਘੇਹੇ ਜਟ ਸਭ ਕਾਲਪਨਿਕ ਪਾਤਰ ਹਨ। 'ਮਹਾਨ ਕੋਸ਼' ਤੇ ਭਾਈ ਗੁਰਦਾਸ ਵੀ ਇਸ ਬਾਰੇ ਚੁੱਪ ਹਨ। ਅੱਜ ਤੱਕ ਪ੍ਰਾਪਤ ਹੋਏ ਕਿਸੇ ਵੀ ਚਿੱਤਰ ਵਿੱਚ ਕਿਸੇ ਦੀ ਵੀ ਹਾਜ਼ਰੀ ਨਹੀਂ ਦਿਸਦੀ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਤ੍ਰਿਤੀਆ ਉਦਾਸੀ ਵੇਲੇ ਗੁਰੂ ਸਾਹਿਬ ਉਤਰਾਖੰਡ ਦੇ ਗੜਵਾਲ ਵੱਲੋਂ ਜ਼ਰੂਰ ਨੇਪਾਲ, ਭੂਟਾਨ, ਅਸਾਮ, ਅਰੁਣਾਚਲ, ਸਿੱਕਮ ਹੁੰਦਿਆਂ ਤਿੱਬਤ ਗਏ ਸਨ। ਤਿੱਬਤ ਤੋਂ ਵਾਪਸੀ ਵੇਲੇ ਉਹ ਲੱਦਾਖ ਦੇ ਲੇਹ-ਕਾਰਗਿਲ ਹੁੰਦਿਆਂ ਕਸ਼ਮੀਰ ਆਏ ਸਨ ਪਰ ਮਰਦਾਨੇ ਤੋਂ ਇਲਾਵਾ ਉਨ੍ਹਾਂ ਦੇ ਨਾਲ ਕੋਈ ਵੀ ਨਹੀਂ ਸੀ। ਦਰਅਸਲ ਸਮਕਾਲ ਵਿੱਚ ਗੁਰੂ ਨਾਲ ਆਢਾ ਲਗਾਉਣ ਵਾਲੀ ਬਾਲੇ ਵਾਲੀ ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਬਣੇ ਅਖੌਤੀ ਹਮਸਫਰ ਬਾਲੇ ਦੇ ਮੁਕਾਬਲੇ ਸੈਦੋ ਨੇ ਆਪਣੀ ਲਿਖੀ 'ਸਾਖੀ ਬਾਬੇ ਨਾਨਕ ਜੀ' ਵਿੱਚ ਸੀਹਾਂ ਉਪਲ ਤੇ ਖ਼ੁਦ ਨੂੰ ਲਿਆ ਖੜ੍ਹਾ ਕੀਤਾ ਹੈ। ਸੀਹਾਂ ਤਾਂ ਹੋ ਸਕਦਾ ਹੈ ਪਰ ਇਥੇ ਸੈਦੋ ਕਾਲਪਨਿਕ ਹੈ, ਕਿਉਂਕਿ ਦੋਵਾਂ ਵਿੱਚ ਲੱਗਭੱਗ ੭੦ ਸਾਲਾਂ ਦੇ ਆਸ-ਪਾਸ ਦਾ ਫਰਕ ਹੈ। ਸੀਹਾਂ ਤਾਂ ਵੈਸੇ ਵੀ ਬਾਬੇ ਦਾ ਚਸ਼ਮਦੀਦ ਸੀ। ਸੈਦੋ ਨੇ 'ਪ੍ਰਚੀ ਬਾਬਾ ਹੰਦਾਲ' ਅਤੇ ਬਾਲੇ ਵਾਲੀ ਜਨਮ ਸਾਖੀ ਵਿਚਲੇ ਨਿੰਦਕ ਪ੍ਰਸੰਗ ਅਤੇ ਦੂਸ਼ਣਬਾਜ਼ੀਆਂ ਦੇ ਵਿਰੋਧ ਵਿੱਚ ਉਸ ਦਾ ਜਵਾਬ ਦੇਣ ਲਈ ਗੁਰੂ ਸਾਹਿਬ ਦਾ ਹਮਸਫਰ ਬਣ ਕੇ ਸੀਹੋਂ ਉਪਲ ਦੀ ਅਧੂਰੀ ਰਹਿ ਗਈ 'ਸਾਖੀ ਮਹਲੁ ਪਹਿਲੇ ਕੀ' ਨੂੰ ਆਪਣੀ ਰਚਨਾਤਮਿਕਤਾ ਨਾਲ ਪੂਰਿਆਂ ਕੀਤਾ। ੪੬ਵੀਂ ਸਾਖੀ ਵਿੱਚ ਸੈਦੋ ਲਿਖਦਾ ਹੈ:-

"ਗੋਸਟਿ ਮਛਿੰਦ੍ਰ ਨਾਲ ਸੰਪੂਰਨ ਹੋਈ॥ ਬਾਣੀ ਸੈਦੋ ਜੱਟ ਜਾਤ ਘੇਹੋ ਲਿਖੀ॥"

ਸਿੰਘਲਾਦੀਪ (ਸ੍ਰੀ ਲੰਕਾ) ਵਾਲੀ ਸਾਖੀ 'ਸ਼ਿਵਨਾਭ ਪ੍ਰਾਨ ਸੰਗਲੀ' ਵਿੱਚ ਸੈਦੋ ਲਿਖਦਾ ਹੈ:-

"ਤਬ ਸਿੰਘਲਾਦੀਪ ਕੀ ਸੁਰਤਿ ਹੋਈ॥
ਜਾਇ ਸਮੁੰਦ੍ਰ ਅਸਗਾਹ ਵਿਚਿ ਖੜੇ ਹੋਇ॥
ਤਬ ਬਾਬੇ ਆਖਿਆ ਏਨਾ ਅਸਗਾਹ ਸਮੁੰਦ੍ਰ ਕਿਉਂ ਕਰਿ ਤਰੀਐ ਲੰਘੀਐ॥
ਤਦਹੁ ਸਿਖਾਂ ਬੇਨਤੀ ਕੀਤੀ॥ ਸੈਦੋ ਅਤੇ ਸੀਹੋ ਆਖਿਆ ਜੀ ਤੇਰੇ ਹੁਕਮ ਨਾਲਿ ਪਹਾੜ
ਤਰਨਿ॥
ਤਬ ਗੁਰੂ ਬੋਲਿਆ ਆਖਿਓਸੁ ਜੋ ਏਹੁ ਸਲੋਕ ਪੜਦੇ ਆਵਹੁ॥"

ਸੋ ਸੈਦੋ ਨੇ ਬਾਲੇ ਵਾਲੀ ਜਨਮ ਸਾਖੀ ਦੀ ਟੱਕਰ ਵਿੱਚ 'ਸਾਖੀ ਬਾਬੇ ਨਾਨਕ ਜੀ ਕੀ' ਰਚ ਕੇ ਇਸ ਵਿੱਚ ਜਾਣ-ਬੁੱਝ ਕੇ ਬਾਲੇ ਦੇ ਮੁਕਾਬਲੇ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਨਾਲ ਗਿਆ ਸਾਥੀ ਲਿਖਿਆ। ਓਧਰ ਜਦ ਹੰਦਾਲੀ ਭਰਾਵਾਂ ਨੂੰ ਪੁਰਾਤਨ 'ਚ ਸੈਦੋ ਦੇ ਬਾਬੇ ਦਾ ਸੰਗੀ ਲਿਖੇ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਲਿਖਾਰੀ ਗੋਰਖ ਦਾਸ ਦੇ ਜ਼ਰੀਏ ਸੈਦੋ ਜੱਟ ਜਾਤ ਘੇਹੋ ਦੀ ਜਗ੍ਹਾ 'ਘੇਹੇ ਜੱਟ' ਨਾਂਅ ਦਾ ਫਰਜ਼ੀ ਪਾਤਰ ਲਿਆ ਵਾੜਿਆ ਤੇ ਮੁਕਾਬਲਤਨ ਫਰਜ਼ੀ 'ਘੇਹੇ ਜੱਟ ਦੀ ਸਾਖੀ' ਲਿਖ ਧਰੀ। ਇਸ ਤਰ੍ਹਾਂ ਘੇਹੇ ਜੱਟ ਗੋਰਖ ਦਾਸ ਦੇ ਦਿਮਾਗ ਦੀ ਕਾਢ ਸੀ। ਜਨਮ ਸਾਖੀ ਵਿੱਚ ਸਿਰਫ ਬਾਲੇ ਦੀ ਹਾਜ਼ਰੀ ਹੀ ਨਹੀਂ, ਹੰਦਾਲੀਆਂ ਨੇ ਅਗਾਂਹ ਸੈਦੋ ਘੇਹੋ ਦੇ ਪਾਤਰ ਨੂੰ ਘੇਹੇ ਬਣਾ ਕੇ ਬਾਲੇ ਵਾਲੀ ਜਨਮ ਸਾਖੀ ਵਿੱਚ ਵਾੜ ਦਿੱਤਾ, ਜਿਸ ਵਿੱਚ ਘੇਹੇ ਜੱਟ ਦੇ ਭਰਾ ਬੀਰਮ ਨੇ ਹੰਦਾਲ ਜੱਟ ਦੇ ਰੂਪ ਵਿੱਚ ਅਵਤਾਰ ਲੈਣਾ ਹੈ, ਜੋ ਭਾਰੀ ਸੰਤ ਤੇ ਵੱਡਾ ਗੁਰਮੁਖ ਹੋਵੇਗਾ। ਦਰਅਸਲ ਸੈਦੋ ਦੀ 'ਸਾਖੀ ਬਾਬੇ ਨਾਨਕ ਜੀ ਕੀ' ਅਤੇ 'ਬਾਲੇ ਵਾਲੀ ਜਨਮ ਸਾਖੀ' ਦਾ ਲਿਖਾਰੀ ਇਕੋ ਗੋਰਖ ਦਾਸ ਹੀ ਸੀ। ਸੈਦੋ ਘੇਹੋ ਤੇ ਗੋਰਖ ਦਾਸ ਦੋਵੇਂ ਹੀ ਲਾਹੌਰ ਦੇ ਨਿਵਾਸੀ ਸਨ। ਆਪੋ ਵਿੱਚ ਇਨ੍ਹਾਂ ਦੀ ਘਨਿਸ਼ਠਤਾ ਸੀ। ਇਸ ਲਈ ਗੋਰਖ ਹੱਟੀ ਤੋਂ ਸੈਦੋ ਘੇਹੋ ਨੂੰ ਬਾਲੇ ਦੀ ਜਨਮ ਸਾਖੀ ਦੀ ਸਮੱਗਰੀ ਬਾਰੇ ਅਤੇ ਲਿਖੇ ਜਾ ਰਹੇ ਪੱਤਰਿਆਂ ਤੋਂ ਇਬਾਰਤ ਪੜ੍ਹਨ ਦਾ ਮੌਕਾ ਮਿਲ ਜਾਂਦਾ ਹੋਵੇਗਾ। ਅਜਿਹਾ ਕਰਨ ਤੋਂ ਤਾਂ ਗੋਰਖ ਦਾਸ ਵੀ ਮਨ੍ਹਾ ਨਹੀਂ ਕਰ ਪਾਉਂਦਾ ਹੋਵੇਗਾ, ਕਿਉਂਕਿ ਸੈਦੋ ਉਦੋਂ ਉਸ ਦਾ ਗ੍ਰਾਹਕ ਵੀ ਸੀ। ਦੂਜੇ ਪਾਸੇ ਗੋਰਖ ਦਾਸ ਹੰਦਾਲੀ ਭਰਾਵਾਂ ਨੂੰ ਸੈਦੋ ਦੀ ਲਿਖਤ ਦੇ ਰਾਜ਼ ਦੱਸ ਕੇ ਥੋੜ੍ਹੀ-ਬਹੁਤ ਮੁੱਠੀ ਵੀ ਗਰਮ ਕਰ ਲੈਂਦਾ ਹੋਵੇਗਾ ਅਤੇ ਮੌਕੇ 'ਤੇ ਉਸ ਦੇ ਟਾਕਰੇ ਲਿਖਤ ਵਿੱਚ ਬਦਲਾਅ ਵੀ ਕਰ ਦਿੰਦਾ ਹੋਵੇਗਾ। ਇੱਥੋਂ ਇਹ ਵੀ ਸਪੱਸ਼ਟ ਹੋਇਆ ਕਿ ਸਾਖੀਆਂ ਵਿੱਚ ਉਧਰਿੱਤਣ ਰੜੇ ਮੁਹੱਲੇ ਦੀ ਹੱਟੀ ਤੋਂ ਗੋਰਖ ਦਾਸ ਜ਼ਰੀਏ ਹੀ ਹੁੰਦਾ ਸੀ। ਅਗਲੀ ਸਾਖੀ 'ਜਨਮ ਪਤ੍ਰੀ ਬਾਬੇ ਜੀ ਕੀ' ਡੱਲਾ ਨਿਵਾਸੀ ਭਾਈ ਪਾਂਧੇ ਬੂਲੇ ਨੇ ਰਚੀ। ਉਸ ਦੀ ਲਿਖੀ 'ਜਨਮ ਪਤ੍ਰੀ' ਨੂੰ 'ਆਦਿ ਸਾਖੀਆਂ' ਦੀ ਸੰਗਿਆ ਦਿੱਤੀ ਗਈ ਹੈ। ਭਾਈ ਬੂਲਾ, ਸੈਦੋ ਘੇਹੋ, ਗੁਰੂ ਅਮਰਦਾਸ ਅਤੇ ਭਾਈ ਗੁਰਦਾਸ ਜੀ ਸਮਕਾਲੀ ਸਨ। ਉਹ ਗੁਰੂ ਅਮਰਦਾਸ ਜੀ ਦਾ ਸੇਵਕ ਸੀ। ਪਾਂਧਾ ਬੂਲਾ ਡੱਲੇ ਵਾਸੀਆਂ ਦੇ ਨਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਆਇਆ ਤੇ ਗੁਰ ਚਰਨੀਂ ਲੱਗਾ ਤਾਂ ਉਸ ਅਰਦਾਸ ਕੀਤੀ, ਜੀ ਮੈਂ ਥੀਂ ਤਾਂ ਸੇਵਾ ਟਹਿਲ ਕੁਝ ਹੋ ਨਹੀਂ ਸਕਦੀ, ਤਾਂ ਬਚਨ ਹੋਇਆ ਗੁਰਾਂ ਕੀ ਬਾਣੀ ਕਥਾ ਕੀਰਤਨੁ ਕਰਕੇ ਸਿੱਖਾਂ ਨੂੰ ਸੁਣਾਵਣੀ, ਨਾਲੇ ਪੋਥੀ ਗੁਰੂ ਕੇ ਲੇਖੇ ਲਿਖ ਦੇਵਣੀ, ਮੰਗਣਾ ਕੁਝ ਨਹੀਂ। ਗੁਰੂ ਅਮਰਦਾਸ ਜੀ ਦੇ ਬਚਨਾਂ ਨੂੰ ਸਿਰ ਮੱਥੇ ਲੈਂਦਿਆਂ ਉਨ੍ਹਾਂ ਦੇ ਲੜ ਲੱਗ ਕੇ ਬੂਲੇ ਨੇ ਜਨਮ ਸਾਖੀ ਲਿਖੀ, ਜੋ ਸੌ ਫੀਸਦੀ ਖ਼ਰੀ ਹੋਵੇਗੀ। ਉਸ ਦੀ ਲਿਖਤ ਵਿੱਚ ਕਤਈ ਰਲਾਅ ਨਹੀਂ ਹੋ ਸਕਦੇ। ਭਾਈ ਗੁਰਦਾਸ ਜੀ ਨੇ ੧੯ਵੀਂ ਪਉੜੀ ਵਿੱਚ ਤੀਸਰੇ ਗੁਰੂ ਦੇ ਸਿੱਖਾਂ ਵਿੱਚ ਭਾਈ ਬੂਲੇ ਦਾ ਜ਼ਿਕਰ ਕੀਤਾ ਹੈ:- "ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ॥ ਡਲੇ ਵਾਸੀ ਸੰਗਤ ਭਾਰੀ॥੧੯॥ ਕਹਿ ਕੇ ਭਾਈ ਗੁਰਦਾਸ ਨੇ ਉਸ ਨੂੰ ਅਹਿਮ ਸਿੱਖਾਂ ਦੀ ਸੂਚੀ ਵਿੱਚ ਗੁਰਬਾਣੀ ਗਾਇਣ ਕਰਨ ਵਾਲਾ ਤੇ ਲਿਖਾਰੀ ਦੇ ਤੌਰ 'ਤੇ ਸ਼ਾਮਲ ਕੀਤਾ ਹੈ। ਪਾਂਧੇ ਬੂਲੇ ਦੀ ਜਨਮ ਸਾਖੀ ਦਾ ਮੂਲ ਆਧਾਰ 'ਸਾਖੀ ਮਹਲੁ ਪਹਿਲੇ ਕੀ' ਦਾ ਹੀ ਸੀ। ਅਧੂਰੀ ਰਹਿ ਗਈ ਇਸ ਸਾਖੀ ਨੂੰ ਉਸ ਨੇ ਆਪਣੇ ਕਲਾ ਕੌਸ਼ਲ ਨਾਲ ਮੁਕੰਮਲ ਕੀਤਾ। ਸੋ ਉਕਤ ਤਿੰਨਾਂ ਜਨਮ ਸਾਖੀਆਂ ਵਿੱਚ ਕਿਤੇ ਵੀ ਬਾਲੇ ਦਾ ਜ਼ਿਕਰ ਨਹੀਂ। ਬਾਅਦ ਵਿੱਚ ਬਾਲੇ ਵਾਲੀ ਸਾਖੀ ਦੀ ਨਕਲ ਮਾਰਨ ਵਾਲੇ ਭਾਈ ਸੰਤੋਖ ਸਿੰਘ ਅਤੇ ਸੰਤ ਦਾਸ ਛਿੱਬਰ ਦੀ ਸਾਖੀ ਵਿੱਚ ਬਾਲਾ ਜ਼ਰੂਰ ਨਜ਼ਰ ਆਉਂਦਾ ਹੈ। ਇੱਥੇ ਸਪੱਸ਼ਟ ਕਰ ਦਈਏ ਕਿ ਬਾਲੇ ਵਾਲੀ ਜਨਮ ਸਾਖੀ ਦਾ ਲਿਖਾਰੀ ਸੁਲਤਾਨਪੁਰ ਦਾ ਪੈੜਾ ਮੋਖਾ ਨਹੀਂ, ਬਲਕਿ ਲਾਹੌਰ ਦੇ ਮੁਜੰਗ ਮੁਹੱਲੇ ਦਾ ਗੋਰਖ ਦਾਸ ਬ੍ਰਾਹਮਣ ਹੈ, ਜੋ ਇਕ ਕੁਲ ਵਕਤੀ ਮਾਹਿਰ ਕਸਬੀ ਲਿਖਾਰੀ ਸੀ। ਇਸ ਨੇ ਹੀ ਸੁਲਤਾਨਪੁਰ ਦੇ ਲਿਖਾਰੀ ਸੀਹੋਂ ਦੇ ਟਾਕਰੇ ਸੁਲਤਾਨਪੁਰੀ ਲਿਖਾਰੀ ਪੈੜਾ ਮੋਖਾ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਬਿਹਾਰ ਚੋਣਾਂ ਵਿੱਚ ਭਾਜਪਾ ਅਤੇ ਚੋਣ ਕਮਿਸ਼ਨ ਇਕੱਠੇ, ਵਿਰੋਧੀ ਧਿਰ ਦਾ ਹਾਲ ਪਹਿਲਾਂ ਵਾਲਾ ਹੀ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਇਸ ਵੇਲੇ ਭਾਰਤ ਦੀ ਰਾਜਨੀਤੀ ਦੇ ਏਜੰਡੇ ਦਾ ਕੇਂਦਰੀ ਧੁਰਾ ਲੱਗਦੀਆਂ ਹਨ, ਪਰ ਪਿਛਲੀਆਂ ਚੋਣਾਂ ਵਿੱਚ ਜਿਵੇਂ ਅੱਜ ਤੱਕ ਹੁੰਦਾ ਸੀ, ਉਸ ਦੇ ਉਲਟ ਇਸ ਵਾਰ ਉਸ ਰਾਜ ਨਾਲ ਸੰਬਧ ਰੱਖਦੇ ਕਿਸੇ ਆਗੂ ਨੂੰ ਨਹੀਂ ਗੌਲਿਆ ਜਾ ਰਿਹਾ। ਮੁਖੀ ਸਰਗਰਮ ਚਿਹਰੇ ਬਾਹਰਲੇ ਹਨ ਅਤੇ ਇਸ ਤਰ੍ਹਾਂ ਜਾਪਦਾ ਹੈ ਕਿ ਬਿਹਾਰ ਇਸ ਵਾਰੀ ਬਾਹਰਲੀਆਂ ਧਾੜਾਂ ਦੇ ਭੇੜ ਵਾਸਤੇ ਪਾਨੀਪਤ ਦਾ ਮੈਦਾਨ ਬਣਨ ਵਾਲਾ ਹੈ। ਇਹ ਸਭ ਕੁਝ ਏਦਾਂ ਹੋ ਸਕਦਾ ਹੈ, ਪਰ ਜਿੱਥੋਂ ਤੱਕ ਇਸ ਚੋਣ ਦੇ ਮੁੱਖ ਏਜੰਡੇ ਦਾ ਸਵਾਲ ਹੈ, ਬਿਹਾਰ ਦੀ ਰਾਜਨੀਤੀ ਵਿੱਚ ਮੁੱਦਾ ਚੋਣ ਨਹੀਂ, ਚੋਣ ਨਾਲੋਂ ਵੀ ਪਹਿਲਾਂ ਏਜੰਡੇ ਦੇ ਮੁੱਦਾ 'ਐੱਸ ਆਈ ਆਰ' (ਵੋਟਰਾਂ ਦਾ 'ਸਪੈਸ਼ਲ ਇੰਟੈਂਸਿਵ ਰੀਵਿਊ') ਬਣ ਚੁੱਕਾ ਹੈ ਤੇ ਗੱਲ ਏਨੀ ਵੀ ਨਹੀਂ, ਚੋਣ ਕਮਿਸ਼ਨ ਦੀ ਭੂਮਿਕਾ ਇਸ ਤੋਂ ਵੱਡਾ ਏਜੰਡਾ ਬਣਦੀ ਪਈ ਜਾਪਦੀ ਹੈ। ਵਿਰੋਧੀ ਧਿਰ ਬਹੁਤ ਆਸਵੰਦ ਹੈ ਕਿ ਇਸ ਵਾਰ ਬਿਹਾਰ ਵਿੱਚ ਉਹ ਭਾਜਪਾ ਦੀ ਅਗਵਾਈ ਵਾਲੇ ਉਸ ਗੱਠਜੋੜ ਨੂੰ ਪਲਟੀ ਮਾਰ ਦੇਵੇਗੀ, ਜੋ ਪਹਿਲਾਂ ਲੰਮਾ ਸਮਾਂ ਨਿਤੀਸ਼ ਕੁਮਾਰ ਦੀ ਅਗਵਾਈ ਦਾ ਮੁਥਾਜ ਹੁੰਦਾ ਸੀ, ਪਿਛਲੀ ਵਾਰੀ ਪਿੱਠ ਪਿੱਛੇ ਕੀਤੇ ਵਾਰ ਨਾਲ ਭਾਜਪਾ ਨੇ ਉਸ ਨੂੰ ਰਾਜਸੀ ਪੱਖ ਤੋਂ ਦਿਵਿਆਂਗ ਬਣਾ ਦਿੱਤਾ ਸੀ ਤੇ ਅੱਜਕੱਲ੍ਹ ਭਾਜਪਾ ਦੀ ਮਿਹਰ ਦਾ ਮੁਥਾਜ ਹੈ। ਭਾਜਪਾ ਨੇ ਪਿਛਲੀ ਚੋਣ ਮੌਕੇ ਸੀਟਾਂ ਭਾਵੇਂ ਨਿਤੀਸ਼ ਦੀ ਪਾਰਟੀ ਲਈ ਵੱਧ ਛੱਡੀਆਂ, ਪਰ ਸਰਗਰਮੀ ਇਸ ਢੰਗ ਨਾਲ ਕੀਤੀ ਸੀ ਕਿ ਆਪਣੇ ਕੋਟੇ ਦੀਆਂ ਸੀਟਾਂ ਵੱਧ ਜਿੱਤ ਜਾਣ ਤੇ ਨਿਤੀਸ਼ ਕੁਮਾਰ ਦੀਆਂ ਜਿੱਤੀਆਂ ਨਾ ਜਾ ਸਕਣ, ਤਾਂ ਕਿ ਉਸ ਦੀ ਬਿਹਾਰ ਦਾ ਵੱਡਾ ਅਤੇ ਪ੍ਰਮੁੱਖ ਚਿਹਰਾ ਹੋਣ ਦਾ ਉਸ ਦਾ ਭਰਮ ਤੋੜਿਆ ਜਾ ਸਕੇ। ਇਸ ਵਿੱਚ ਭਾਜਪਾ ਸਫਲ ਰਹੀ ਸੀ। ਚੋਣਾਂ ਦੇ ਬਾਅਦ ਇਸ ਹਕੀਕਤ ਦੀ ਸਮਝ ਆਈ ਤਾਂ ਨਿਤੀਸ਼ ਕੁਮਾਰ ਭੜਕਿਆ ਵੀ ਬਥੇਰਾ, ਪਰ ਜਦੋਂ ਨਰਿੰਦਰ ਮੋਦੀ ਨੇ ਸਮਝਾਉਣੀ ਦੇ ਨਾਲ ਮੁੱਖ ਮੰਤਰੀ ਦਾ ਅਹੁਦਾ ਵੀ ਫਿਰ ਤੋਂ ਸੰਭਾਲੀ ਰੱਖਣ ਲਈ ਪੇਸ਼ਕਸ਼ ਕਰ ਦਿੱਤੀ ਤਾਂ ਨਿਤੀਸ਼ ਕੁਮਾਰ ਸ਼ਾਂਤ ਹੋ ਕੇ ਭਾਜਪਾ ਦੇ ਕਹੇ ਮੁਤਾਬਕ ਚੱਲਣਾ ਇਸ ਤਰ੍ਹਾਂ ਮੰਨ ਗਿਆ ਕਿ ਫਿਰ ਕਦੀ ਆਪਣੀ ਹੋਂਦ ਹੀ ਨਹੀਂ ਰੜਕਣ ਦਿੱਤੀ।

ਜਿਹੜੀਆਂ ਵਿਰੋਧੀ ਧਿਰਾਂ ਇਸ ਵਾਰੀ ਇਹ ਮੰਨ ਕੇ ਚੱਲ ਰਹੀਆਂ ਹਨ ਕਿ ਬਿਹਾਰ ਵਿੱਚ 'ਵੋਟ ਚੋਰ, ਗੱਦੀ ਛੋੜ' ਦਾ ਨਾਅਰਾ ਲਾ ਕੇ ਉਹ ਮੋਰਚਾ ਮਾਰ ਲੈਣਗੀਆਂ, ਰਾਜ ਅਤੇ ਕੇਂਦਰ ਦੀਆਂ ਸਰਕਾਰਾਂ ਚਲਾ ਰਿਹਾ ਭਾਜਪਾ ਦਾ ਗੱਠਜੋੜ ਉਨ੍ਹਾਂ ਤੋਂ ਵੱਧ ਤੇਜ਼ ਸੋਚਦਾ ਹੈ। ਜਿਸ ਦਿਨ ਬਿਹਾਰ ਦੀਆਂ ਚੋਣਾਂ ਲਈ ਚੋਣ ਕਮਿਸ਼ਨ ਨੇ ਪ੍ਰੈੱਸ ਕਾਨਫਰੰਸ ਕਰਨੀ ਅਤੇ ਤਰੀਕਾਂ ਦਾ ਐਲਾਨ ਕਰਨਾ ਸੀ, ਅਸਲ ਖੇਡ ਉਸ ਦਿਨ ਏਨੀ ਤੇਜ਼ੀ ਨਾਲ ਹੋਈ ਕਿ ਵਿਰੋਧੀ ਧਿਰਾਂ ਨੂੰ ਸਮਝਣ ਦਾ ਮੌਕਾ ਹੀ ਨਹੀਂ ਮਿਲਿਆ। ਇੱਕੋ ਦਿਨ ਕੇਂਦਰ ਅਤੇ ਰਾਜ ਸਰਕਾਰ ਨੇ ਇਕੱਠੀਆਂ ਦੋ ਯੋਜਨਾਵਾਂ ਦਾ ਐਲਾਨ ਕੀਤਾ ਅਤੇ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਮੋਟੀਆਂ ਰਕਮਾਂ ਪਾ ਦਿੱਤੀਆਂ ਸਨ ਅਤੇ ਇਹ ਕੰਮ ਚੋਣ ਕਮਿਸ਼ਨ ਵੱਲੋਂ ਪ੍ਰੈੱਸ ਕਾਨਫਰੰਸ ਸ਼ੁਰੂ ਕਰਨ ਤੋਂ ਕੁਝ ਮਿੰਟ ਪਹਿਲਾਂ ਕੀਤਾ ਸੀ। ਬਹੁਤ ਸਾਰੇ ਰਾਜਨੀਤਕ ਵਿਆਖਿਆਕਾਰਾਂ ਦੀ ਰਾਏ ਇਹ ਹੈ ਕਿ ਸਰਕਾਰ ਅਤੇ ਚੋਣ ਕਮਿਸ਼ਨ ਵਿੱਚ ਬਾਕਾਇਦਾ ਤਾਲਮੇਲ ਕਰ ਕੇ ਇਹ ਕੰਮ ਕੀਤਾ ਗਿਆ, ਪਰ ਚੋਣ ਕਮਿਸ਼ਨਰਾਂ ਨੇ ਨਾ ਇਹ ਮੰਨਣਾ ਸੀ ਤੇ ਨਾ ਭਵਿੱਖ ਵਿੱਚ ਕਦੀ ਮੰਨਣਗੇ। ਚੋਣ ਕਮਿਸ਼ਨ ਰਾਜ ਕਰਦੇ ਗੱਠਜੋੜ ਦੀ ਘੁਸਪੈਠੀਆਂ ਨੂੰ ਵੋਟਾਂ ਨਾ ਪਾਉਣ ਦੇਣ ਦੀ ਮੁਹਿੰਮ ਨਾਲ ਵੀ ਸੁਰ ਮਿਲਾ ਕੇ ਬੋਲਦਾ ਰਿਹਾ ਤੇ ਜਦੋਂ ਵੋਟਰਾਂ ਦੇ ਸਮੁੱਚੇ ਸਰਵੇਖਣ ਦੇ ਬਾਅਦ ਆਖਰੀ ਸੂਚੀ ਪੇਸ਼ ਕੀਤੀ ਤਾਂ ਸਰਵੇਖਣ ਦੌਰਾਨ ਇੱਕ ਵੀ ਵੋਟ ਕਿਸੇ ਘੁਸਪੈਠੀਏ ਦੀ ਕੱਟਣ ਵਾਲੇ ਸਵਾਲ ਦਾ ਜਵਾਬ ਹੀ ਨਹੀਂ ਦੇ ਸਕਿਆ। ਉਸ ਕੋਲ ਕੱਟੀਆਂ ਗਈਆਂ ਹੋਰ ਵੋਟਾਂ ਬਾਰੇ ਵੀ ਕੋਈ ਠੋਸ ਜਵਾਬ ਨਹੀਂ ਸੀ ਅਤੇ ਇਸ ਕਾਰਨ ਮੁੱਖ ਚੋਣ ਕਮਿਸ਼ਨਰ ਨੇ ਅੱਧੀ ਲਾਈਨ ਵਿੱਚ ਵੀ ਇਸ ਸਵਾਲ ਬਾਰੇ ਕੁਝ ਕਹਿਣ ਦੀ ਥਾਂ ਇਹ ਕਹਿ ਕੇ ਚੱਲਦੀ ਕਾਨਫਰੰਸ ਦਾ ਭੋਗ ਪਾ ਦਿੱਤਾ ਕਿ ਉਸ ਨੂੰ ਫਲਾਈਟ ਫੜਨ ਲਈ ਵਕਤ ਸਿਰ ਏਅਰਪੋਰਟ ਪਹੁੰਚਣ ਦੀ ਜਲਦੀ ਹੈ। ਗੱਲ ਖਤਮ ਹੋ ਗਈ।

ਦੂਸਰਾ ਪੱਖ ਇਹ ਹੈ ਕਿ ਪਿਛਲੇ ਦਿਨਾਂ ਵਿੱਚ ਉਸ ਰਾਜ ਵਿੱਚ ਘੱਟ ਗਿਣਤੀਆਂ ਦੇ ਖ਼ਿਲਾਫ ਜਿੱਦਾਂ ਤੂਫਾਨੀ ਜ਼ੋਰ ਦਾ ਪ੍ਰਚਾਰ ਕੀਤਾ ਗਿਆ, ਕਦੀ ਉਨ੍ਹਾਂ ਦੇ ਪੱਖ ਵਿੱਚ ਸਟੈਂਡ ਲੈਣ ਵਾਲਾ ਨਿਤੀਸ਼ ਕੁਮਾਰ ਉਸ ਬਾਰੇ ਬੋਲਣ ਦੀ ਹਿੰਮਤ ਵੀ ਨਹੀਂ ਕਰ ਸਕਿਆ। ਸ਼ਾਇਦ ਉਹ ਹਾਲਾਤ ਦਾ ਵਹਿਣ ਵਗਦਾ ਵੇਖ ਕੇ ਇਸ ਸਥਿਤੀ ਨਾਲ ਸਮਝੌਤਾ ਕਰ ਗਿਆ ਕਿ ਹੋਰ ਤਾਂ ਕੁਝ ਹੋ ਨਹੀਂ ਸਕਦਾ, ਜੇ ਬੇਗਾਨੀ ਥੰਮ੍ਹੀਂ ਦੇ ਆਸਰੇ ਹੀ ਅਗਲੇ ਪੰਜ ਸਾਲ ਇਸ ਗੱਦੀ ਉੱਤੇ ਬੈਠੇ ਰਹਿਣ ਲਈ ਮੌਕਾ ਮਿਲਦਾ ਹੈ ਤਾਂ ਚੁੱਪ ਕੀਤੇ ਰਹਿਣ ਵਿੱਚ ਹਰਜ਼ ਨਹੀਂ। ਕੁਰਸੀ ਬੰਦੇ ਤੋਂ ਬਹੁਤ ਕੁਝ ਕਰਵਾ ਸਕਦੀ ਹੈ। ਨਿਤੀਸ਼ ਕੁਮਾਰ ਤਾਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਵੀ ਕੁਰਸੀ ਲਈ ਏਦਾਂ ਦੇ ਕਈ ਰੰਗ ਵਿਖਾਉਂਦਾ ਆਇਆ ਸੀ।

ਤੀਸਰਾ ਪੱਖ ਵਿਰੋਧੀ ਧਿਰ ਦੀ ਸਰਗਰਮੀ ਦਾ ਹੈ। ਬਿਨਾਂ ਸ਼ੱਕ ਇਸ ਵਾਰੀ ਉਹ ਪੂਰੇ ਜ਼ੋਰ ਨਾਲ ਤਾਲਮੇਲ ਕਰਦੇ ਹੋਏ ਅੱਗੇ ਵਧਣ ਲਈ ਤਾਣ ਲਾ ਰਹੇ ਹਨ, ਪਰ ਉਨ੍ਹਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਉਸ ਰਾਜ ਵਿੱਚ ਚੋਣ ਮੁਹਿੰਮ ਵਾਸਤੇ ਅੱਗੇ ਲਾਇਆ ਲਾਲੂ ਪ੍ਰਸਾਦ ਯਾਦਵ ਦਾ ਪੁੱਤਰ ਅਤੇ ਪਰਵਾਰ ਹੈ। ਲਾਲੂ ਪ੍ਰਸਾਦ ਜਦੋਂ ਆਪ ਉਸ ਰਾਜ ਦਾ ਮੁੱਖ ਮੰਤਰੀ ਸੀ ਜਾਂ ਉਸ ਨੇ ਆਪਣੀ ਪਤਨੀ ਨੂੰ ਮੁੱਖ ਮੰਤਰੀ ਬਣਾਇਆ ਅਤੇ ਪਾਸੇ ਬੈਠਾ ਰਾਜ ਚਲਾ ਰਿਹਾ ਸੀ ਜਾਂ ਫਿਰ ਭਾਰਤ ਦਾ ਰੇਲ ਮੰਤਰੀ ਹੁੰਦਾ ਸੀ, ਉਸ ਵਕਤ ਕੀਤੇ ਭ੍ਰਿਸ਼ਟਾਚਾਰ ਦੇ ਕਿੱਸੇ ਵਿਰੋਧੀ ਗੱਠਜੋੜ ਦੇ ਰਾਹ ਵਿੱਚ ਰੋੜਾ ਬਣ ਕੇ ਅੜਿੱਕੇ ਪਾਉਣ ਵਾਲੇ ਦਾ ਸਭ ਤੋਂ ਵੱਡਾ ਕੰਮ ਕਰਦੇ ਹਨ। ਗੱਠਜੋੜ ਵੱਲੋਂ ਉਸ ਰਾਜ ਵਿੱਚ ਮੁੱਖ ਆਗੂ ਬਣਾਏ ਗਏ ਲਾਲੂ ਪ੍ਰਸਾਦ ਦੇ ਪੁੱਤਰ ਤੇਜਸਵੀ ਯਾਦਵ ਨੇ ਇਸ ਹਫਤੇ ਜਦੋਂ ਵੋਟਰਾਂ ਨੂੰ ਇਹ ਵਾਅਦਾ ਪਰੋਸਿਆ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਇਸ ਰਾਜ ਦੇ ਹਰ ਘਰ ਵਿੱਚੋਂ ਘੱਟੋ-ਘੱਟ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ ਤਾਂ ਨਾਲ ਇਹ ਗੱਲ ਚੱਲ ਪਈ ਕਿ ਉਸ ਨੌਕਰੀ ਲਈ ਹਰ ਘਰ ਦੇ ਕੋਈ ਘੱਟੋ-ਘੱਟ ਇੱਕ ਪਲਾਟ ਜਾਂ ਘਰ ਦੇਣ ਨੂੰ ਤਿਆਰ ਰਹੇ। ਕਾਰਨ ਇਹ ਕਿ ਰੇਲਵੇ ਮੰਤਰੀ ਹੋਣ ਸਮੇਂ ਜਿਹੜੇ ਲੋਕਾਂ ਨੂੰ ਲਾਲੂ ਪ੍ਰਸਾਦ ਦੀ ਕ੍ਰਿਪਾ ਨਾਲ ਨੌਕਰੀਆਂ ਮਿਲੀਆਂ ਸਨ, ਉਨ੍ਹਾਂ ਦੇ ਬਾਰੇ ਬਾਅਦ ਵਿੱਚ ਇਹ ਦੁਹਾਈ ਪਈ ਸੀ ਕਿ ਲਾਲੂ ਪ੍ਰਸਾਦ ਨੇ ਹਰ ਨੌਕਰੀ ਦੇ ਹਿਸਾਬ ਨਾਲ ਛੋਟਾ ਜਾਂ ਵੱਡਾ ਕੋਈ ਪਲਾਟ ਜਾਂ ਕੋਈ ਘਰ ਆਦਿ ਕਿਸੇ ਸ਼ਹਿਰ ਵਿੱਚ ਆਪਣੇ ਜਾਂ ਪਰਵਾਰ ਦੇ ਕਿਸੇ ਜੀਅ ਦੇ ਨਾਂਅ ਕਰਵਾ ਲਿਆ ਸੀ। ਬਾਅਦ ਵਿੱਚ ਏਸੇ ਕੇਸ ਵਿੱਚ ਲਾਲੂ ਪ੍ਰਸਾਦ ਦੇ ਪਰਵਾਰ ਦੇ ਕਈ ਲੋਕਾਂ, ਜਿਨ੍ਹਾਂ ਵਿੱਚ ਤੇਜਸਵੀ ਯਾਦਵ ਦੀਆਂ ਭੈਣਾਂ ਦੇ ਪਰਵਾਰ ਵੀ ਸ਼ਾਮਲ ਸਨ, ਦੀਆਂ ਕਈ ਤਰ੍ਹਾਂ ਦੀਆਂ ਜਾਇਦਾਦਾਂ ਇਸੇ ਬਦਲੇ ਜ਼ਬਤ ਕੀਤੀਆਂ ਗਈਆਂ ਸਨ। ਇਹ ਇੱਕ ਕੌੜਾ ਸੱਚ ਹੈ।

ਹੈਰਾਨੀ ਦੀ ਗੱਲ ਇਹ ਵੀ ਹੈ ਕਿ ਨਿਤੀਸ਼ ਕੁਮਾਰ ਦੀ ਭਾਜਪਾ ਨਾਲ ਜਿਸ ਪਹਿਲੀ ਸਾਂਝੀ ਸਰਕਾਰ ਨੂੰ ਤੋੜਨ ਦੇ ਬਾਅਦ ਉਹ ਲਾਲੂ ਪ੍ਰਸਾਦ ਨਾਲ ਮਿਲਿਆ ਅਤੇ ਚੋਣ ਜਿੱਤਣ ਪਿੱਛੋਂ ਤੇਜਸਵੀ ਯਾਦਵ ਨੂੰ ਡਿਪਟੀ ਮੁੱਖ ਮੰਤਰੀ ਬਣਾਉਣਾ ਮੰਨਿਆ ਸੀ, ਓਦੋਂ ਵੀ ਭਾਜਪਾ ਦੇ ਸਾਬਕਾ ਮੰਤਰੀਆਂ ਦੇ ਕੇਸਾਂ ਦੀ ਜਾਂਚ ਉਸ ਨੇ ਨਹੀਂ ਸੀ ਕਰਾਈ। ਕਿਹਾ ਜਾਂਦਾ ਸੀ ਕਿ ਉਹ ਆਪਣੇ ਨਾਲ ਮੰਤਰੀ ਰਹੇ ਭਾਜਪਾ ਆਗੂਆਂ ਦੇ ਖਿਲਾਫ ਜਾਂਚ ਇਸ ਲਈ ਨਹੀਂ ਕਰਵਾ ਰਿਹਾ ਕਿ ਭਲਕ ਨੂੰ ਫਿਰ ਉਨ੍ਹਾਂ ਨਾਲ ਸਾਂਝ ਪਾਉਣੀ ਪੈ ਸਕਦੀ ਹੈ ਤੇ ਬਾਅਦ ਵਿੱਚ ਹੋਇਆ ਵੀ ਇਹੋ ਸੀ। ਫਿਰ ਜਦੋਂ ਭਾਜਪਾ ਨਾਲ ਦੂਸਰੀ ਵਾਰੀ ਸਾਂਝ ਪਾ ਕੇ ਸਰਕਾਰ ਚਲਾਈ ਤਾਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਇਹ ਵਾਧਾ ਹੋ ਗਿਆ ਸੀ। ਖਾਸ ਕਰ ਕੇ ਸੜਕਾਂ ਤੇ ਪੁਲਾਂ ਦੀ ਉਸਾਰੀ ਦੇ ਭ੍ਰਿਸ਼ਟਾਚਾਰ ਨੇ ਸਰਕਾਰ ਨੂੰ ਸਿਰੇ ਦੀ ਬਦਨਾਮੀ ਦਿਵਾਈ ਸੀ। ਇੱਕ ਪੁਲ ਬਣਾਇਆ ਤਾਂ ਉਦਘਾਟਨ ਤੋਂ ਉਨੱਤੀ ਦਿਨ ਬਾਅਦ ਢਹਿ ਗਿਆ, ਦੂਸਰਾ ਉਦਘਾਟਨ ਕਰਨ ਪਿੱਛੋਂ ਚੌਵੀ ਘੰਟੇ ਨਹੀਂ ਕੱਢ ਸਕਿਆ ਤੇ ਤੀਸਰੇ ਪੁਲ ਦਾ ਉਦਘਾਟਨ ਕਰਨ ਲਈ ਜਾਣ ਵਾਸਤੇ ਜਦੋਂ ਹੈਲੀਕਾਪਟਰ ਤਿਆਰ ਖੜਾ ਸੀ, ਨਿਤੀਸ਼ ਕੁਮਾਰ ਨੂੰ ਇਹ ਸੁਨੇਹਾ ਮਿਲ ਗਿਆ ਕਿ ਜਾਣ ਦੀ ਲੋੜ ਨਹੀਂ, ਕਿਉਂਕਿ ਉਹ ਪੁਲ ਉਦਘਾਟਨ ਦੀ ਉਡੀਕ ਕੀਤੇ ਬਿਨਾਂ ਢਹਿ ਗਿਆ ਹੈ। ਇਹ ਗੱਲਾਂ ਆਮ ਸਨ। ਇਸ ਦੇ ਬਾਵਜੂਦ ਵਿਰੋਧੀ ਧਿਰ ਭ੍ਰਿਸ਼ਟਾਚਾਰ ਦੇ ਇਨ੍ਹਾਂ ਮੁੱਦਿਆਂ ਵਾਲੇ ਇਸ ਕਿਸਮ ਦੀ ਜਨਤਕ ਮੁਹਿੰਮ ਨਹੀਂ ਚਲਾ ਸਕੀ ਅਤੇ ਜਨ-ਸਵਰਾਜ ਵਾਲੇ ਪ੍ਰਸ਼ਾਂਤ ਕਿਸ਼ੋਰ ਅਤੇ ਯੋਗੇਂਦਰ ਯਾਦਵ ਹੁਰੀਂ ਇਸ ਮੁੱਦੇ ਉੱਤੇ ਚੱਲਦੇ ਆ ਰਹੇ ਹਨ।

ਸੱਚੀ ਗੱਲ ਹੈ ਕਿ ਜਨ ਸਵਰਾਜ ਵਾਲੇ ਪ੍ਰਸ਼ਾਂਤ ਕਿਸ਼ੋਰ ਅਤੇ ਯੋਗੇਂਦਰ ਯਾਦਵ ਏਸੇ ਮੁੱਦੇ ਨੂੰ ਚੁੱਕ ਕੇ ਨਵੀਂ ਤਰ੍ਹਾਂ ਦੀ ਜਾਗਰਤੀ ਲਹਿਰ ਉਠਾਉਣਾ ਚਾਹੁੰਦੇ ਹਨ, ਪਰ ਉਹ ਇਸ ਗੱਲ ਦਾ ਜਵਾਬ ਨਹੀਂ ਦੇਂਦੇ ਕਿ ਗੁਜਰਾਤ ਦੇ ਮੁੱਖ ਮੰਤਰੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁਚਾਉਣ ਦੀ ਮੁਹਿੰਮ ਦੀ ਵਾਗ ਪ੍ਰਸ਼ਾਂਤ ਨੇ ਕਿਉਂ ਸਾਂਭੀ ਸੀ। ਨਰਿੰਦਰ ਮੋਦੀ ਦੀ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਵਾਸਤੇ ਪਹਿਲੀ ਮੁਹਿੰਮ ਦਾ ਮੁੱਖ ਸੂਤਰ ਪ੍ਰਸ਼ਾਂਤ ਕਿਸ਼ੋਰ ਹੁੰਦਾ ਸੀ, ਫਿਰ ਮੋਦੀ ਦੇ ਨਾਲ ਵਿਰੋਧ ਕਾਰਨ ਨਿਤੀਸ਼ ਕੁਮਾਰ ਨੂੰ ਜਿਤਾਉਣ ਵਾਸਤੇ ਰਥਵਾਨ ਵੀ ਇਹੋ ਬਣਿਆ ਸੀ। ਇਹੋ ਨਹੀਂ, ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਦੂਸਰੀ ਵਾਰੀ ਜਿਤਾਉਣ ਦੀ ਮੁਹਿੰਮ ਦਾ ਮੁੱਖ ਨੀਤੀਵਾਨ ਵੀ ਉਹੋ ਬਣਿਆ ਤੇ ਇੱਕ ਵਕਤ ਕੈਪਟਨ ਅਮਰਿੰਦਰ ਸਿੰਘ ਦੀ ਬਹੁਤ ਭ੍ਰਿਸ਼ਟ ਸਰਕਾਰ ਦਾ ਰਾਜ ਮੰਤਰੀ ਵੀ ਆ ਬਣਿਆ ਸੀ। ਜਦੋਂ ਇਹ ਵੇਖਿਆ ਕਿ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਬੇੜੀ ਪੰਜਾਬ ਵਿੱਚ ਡੁੱਬਣ ਵਾਲੀ ਹੈ ਤਾਂ ਉਤਰਾਈ ਲਾ ਗਿਆ ਅਤੇ ਪੱਛਮੀ ਬੰਗਾਲ ਵਿੱਚੋਂ ਘੁੰਮਦਾ ਬਿਹਾਰ ਜਾ ਨਿਕਲਿਆ ਸੀ। ਇਸ ਵਕਤ ਉਹ ਬਿਹਾਰ ਵਿੱਚ ਤੀਸਰੀ ਧਿਰ ਉਸਾਰਨ ਲਈ ਭਗਵਾਨ ਹੈ, ਪਰ ਇਸ ਤੀਸਰੀ ਧਿਰ ਦੇ ਸੁਣਨੇ ਹੀ ਦਿਖਾਈ ਦੇਂਦੇ ਹਨ, ਹਕੀਕੀ ਨਕਸ਼ਾ ਅਜੇ ਤੱਕ ਉਹ ਪੇਸ਼ ਹੀ ਨਹੀਂ ਕਰ ਸਕਿਆ, ਸਿਰਫ ਸੁਫਨਿਆਂ ਦੀ ਦੁਨੀਆ ਵਿੱਚ ਵਿਚਰਦਾ ਨਜ਼ਰ ਪੈਂਦਾ ਹੈ, ਜਦ ਕਿ ਹਕੀਕੀ ਲੜਾਈ ਵਿੱਚ ਦੇਸ਼ ਦੇ ਚੋਣ ਕਮਿਸ਼ਨ ਨੂੰ ਮੂਹਰੇ ਲਾ ਕੇ ਰਾਜ ਕਰਦੀ ਧਿਰ ਬੜੀ ਤੇਜ਼ੀ ਨਾਲ ਆਪਣਾ ਪੈਂਡਾ ਤੈਅ ਕਰਨ ਵਾਸਤੇ ਲੱਗੀ ਹੋਈ ਹੈ।

ਪਹਿਲਾਂ ਮਹਾਰਾਸ਼ਟਰ ਅਤੇ ਕਰਨਾਟਕ ਵਿੱਚ ਰਾਜਸੀ ਨਾਟਕ ਬੜੀ ਚੁਸਤੀ ਨਾਲ ਸਿਰੇ ਚਾੜ੍ਹ ਚੁੱਕਾ ਚੋਣ ਕਮਿਸ਼ਨ ਇਸ ਵਕਤ ਬਿਹਾਰ ਵਿੱਚ ਸਰਗਰਮ ਹੈ, ਪਰ ਅਗਲਾ ਨਿਸ਼ਾਨਾ ਪੱਛਮੀ ਬੰਗਾਲ ਅਤੇ ਆਸਾਮ ਵਿੱਚ ਵੋਟਰਾਂ ਦਾ ਬਿਹਾਰ ਵਰਗਾ ਸਰਵੇਖਣ ਕਰਾਉਣ ਦਾ ਉਹ ਅਗੇਤਾ ਐਲਾਨ ਕਰੀ ਜਾਂਦਾ ਹੈ। ਉਹ ਇਹ ਵੀ ਕਹੀ ਜਾਂਦਾ ਹੈ ਕਿ ਪੱਛਮੀ ਬੰਗਾਲ ਤੇ ਆਸਾਮ ਦੇ ਬਾਅਦ ਸਾਰੇ ਦੇਸ਼ ਵਿੱਚ ਏਦਾਂ ਦਾ ਸਰਵੇਖਣ ਕਰਵਾ ਦੇਣਾ ਹੈ। ਜਦੋਂ ਉਹ ਇਹੋ ਜਿਹਾ ਸਰਵੇਖਣ ਹੋਣ ਦੀ ਗੱਲ ਕਹਿੰਦਾ ਹੈ ਤਾਂ ਚੋਣ ਕਮਿਸ਼ਨ ਦੇਸ਼ ਦੇ ਲੋਕਾਂ ਨੂੰ ਉਸ ਸਥਿਤੀ ਲਈ ਮਾਨਸਿਕ ਤੌਰ ਉੱਤੇ ਅਗੇਤਾ ਤਿਆਰ ਕਰੀ ਜਾ ਰਿਹਾ ਹੈ, ਜਿਹੜੀ ਉਸ ਸਰਵੇਖਣ ਦੌਰਾਨ ਅਤੇ ਉਸ ਤੋਂ ਬਾਅਦ ਪੈਦਾ ਹੋ ਸਕਦੀ ਹੈ। ਵਿਰੋਧ ਦੀਆਂ ਧਿਰਾਂ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਲਾ ਰਹੇ ਭਾਜਪਾ ਵਾਲੇ ਗੱਠਜੋੜ ਦਾ ਓਨਾ ਵਿਰੋਧ ਕਰਦੀਆਂ ਨਹੀਂ ਦਿੱਸਦੀਆਂ, ਜਿੰਨਾ ਵਿਰੋਧ ਉਨ੍ਹਾਂ ਦਾ ਆਪਸ ਵਿੱਚ ਇੱਕ-ਦੂਸਰੀ ਨਾਲ ਹੁੰਦਾ ਹੈ। ਜਦੋਂ ਇਨ੍ਹਾਂ ਦਾ ਇਹ ਹਾਲ ਹੈ ਤਾਂ ਇਹ ਅਤੇ ਸੰਗਠਤ ਵਿਰੋਧ ਕਰਨ ਬਾਰੇ ਸੋਚਣ ਲਈ ਵੀ ਸਹਿਮਤ ਨਹੀਂ ਹੋ ਰਹੀਆਂ ਤਾਂ ਲਾਭ ਕਿਸ ਨੂੰ ਹੋਵੇਗਾ, ਕਹਿਣ ਦੀ ਲੋੜ ਨਹੀਂ ਰਹਿੰਦੀ। ਕਹਿਣ ਦੀ ਗੱਲ ਹੈ ਤਾਂ ਇਹ ਕਿ ਜਿਹੜੀ ਵਿਰੋਧੀ ਧਿਰ ਇਸ ਵੇਲੇ ਜਿੱਤ ਜਿੱਤਣ ਦੇ ਅਗਾਊਂ ਨਸ਼ੇ ਵਿੱਚ ਚੂਰ ਹੋਈ ਦਿਖਾਈ ਦੇਂਦੀ ਹੈ, ਜੇ ਬਿਹਾਰ ਵਿੱਚ ਉਸ ਦੀ ਹਾਰ ਹੋ ਗਈ ਤਾਂ ਲੋਕਾਂ ਦਾ ਸਾਹਮਣਾ ਕਰਨ ਵਿੱਚ ਔਖ ਮਹਿਸੂਸ ਕਰੂਗੀ।

# ਫਤਿਹਪੁਰ ਕੋਠੀ, ਜਿੱਥੋਂ ਬੱਬਰਾਂ ਦੀ ਉਡਾਰੂ ਪ੍ਰੈੱਸ ਫੜੀ ਗਈ ਸੀ

**ਪਿੰਡ ਫਸਿਆ-48**

**ਵਿਜੇ ਬੰਬੇਲੀ**

ਪੰਜਾਬ ਵਿੱਚ ਫਤਿਹਪੁਰ ਨਾਂਅ ਦੇ ਕਈ ਪਿੰਡ ਹਨ ਤੇ ਕੋਠੀ ਨਾਂਅ ਦੇ ਦੋ, ਦੋਵੇਂ ਹੁਸ਼ਿਆਰਪੁਰ ਵਾਕਿਆ ਲੋਅਰ ਸ਼ਿਵਾਲਕੀ ਤਲਹਟੀ ਦੇ ਪੈਰਾਂ ਵਿੱਚ। ਇੱਕ ਤਲਵਾੜੇ ਦੀ ਜੂਹ ਵਿੱਚ ਅਤੇ ਦੂਜਾ ਮਾਹਿਲਪੁਰ ਲਾਗੇ ਮੈਲੀ-ਜੈਜੋਂ ਦੇ ਵਿਚਕਾਰ ਜਿਹੇ। ਇਸ ਕੋਠੀ ਦੇ ਐਨ ਨਾਲ ਖਹਿੰਦਾ ਫਤਿਹਪੁਰ। ਪਛਾਣ ਅਤੇ ਕਿੱਥੇ ਕੁ ਪੈਂਦੇ, ਇਹ ਦੱਸਣ ਲਈ ਜੁੜਵਾਂ ਜਾਂ ਅਤਿ ਨੇੜੇ ਪੈਂਦੇ ਉੱਘੇ ਪਿੰਡ-ਸਥਾਨ ਦਾ ਨਾਂਅ ਜੋੜ ਲਿਆ ਜਾਂਦਾ ਹੈ। ਕੋਠੀ ਢੇਰ ਪ੍ਰਾਚੀਨ ਹੈ, ਜਿੱਥੇ ਕਦੇ ਬੁੱਧ ਮੱਤ ਤੇ ਨਾਥਾਂ ਦੇ ਪ੍ਰਚਾਰ ਅਤੇ ਸੰਵਾਦ ਸਥਾਨ ਸਨ। ਫਤਿਹਪੁਰ, ਗੁਰਾਇਆਂ ਲਾਗਲੇ ਵੜੇ ਪਿੰਡ ਦੇ ਸਹੋਤੇ ਜੱਟਾਂ ਦਾ, ਆਪਣੇ ਆਗੂ ਫੱਤਾ ਸਹੋਤਾ ਦੀ ਅਗਵਾਈ ਹੇਠ ਅੱਜ ਤੋਂ ਤਿੰਨ ਕੁ ਸਦੀਆਂ ਪਹਿਲਾਂ ਵਸਾਇਆ ਹੋਇਆ। ਜਦ ਉਹਨਾਂ ਚਰਾਂਦਾਂ ਅਤੇ ਜਲ ਸੋਮਿਆਂ ਹਿੱਤ ਇਧਰ ਆ ਪੱਕਾ ਨਿਵਾਸ ਕਰ ਲਿਆ ਸੀ।

ਪਰ, ਅੰਗਰੇਜ਼ਾਂ ਵਕਤ ਇਹ ਸੰਯੁਕਤ ਬੋਲਦੇ ਨਾਂਅ ਵਾਲੇ ਖੇੜੇ, 1923-24 'ਚ ਮੁੜ ਉਦੋਂ ਮਸ਼ਹੂਰ ਹੋਏ, ਜਦ ਇੱਥੇ (ਫਤਿਹਪੁਰ) ਬੱਬਰ ਅਕਾਲੀਆਂ ਦੀ ਸਫਰੀ ਪ੍ਰੈੱਸ ਫੜੀ ਗਈ। ਬੱਬਰਾਂ ਦੀਆਂ ਦੋ ਉਡਾਰੂ ਪ੍ਰੈੱਸਾਂ ਸਨ, ਇੱਕ ਨਹੀਂ ਜਿਵੇਂ ਕਿ ਬਹੁਤੇ ਕਹਿੰਦੇ ਹਨ। ਇਥੋਂ ਫੜੀ ਗਈ ਦੂਜੀ ਸੀ ਜਿਹੜੀ ਫੰਡ 'ਕੱਠਾ ਕਰਕੇ ਜਾਂ ਇਮਦਾਦ ਨਾਲ ਖ੍ਰੀਦੀ ਗਈ ਸੀ। ਅਤੇ ਪਹਿਲੀ ਜਿਹੜੀ ਮਜਬੂਰੀਵੱਸ ਹਿਆਤਪੁਰ ਰੁੜਕੀ ਦੇ ਹਿਆਤ ਸਰ ਟੋਭੇ 'ਚ ਜਲ-ਪ੍ਰਵਾਹ ਕਰਨੀ ਪਈ ਸੀ, ਉਹ ਸੀ ਜਿਹੜੀ ਬਛੌੜੀ ਪਿੰਡ ਦੇ ਰਾਮ ਦਿੱਤਾ ਨੰਬਰਦਾਰ ਤੋਂ ਕਾਬੂ ਧਨ ਨਾਲ ਖ੍ਰੀਦੀ ਗਈ ਸੀ। ਮਗਰੋਂ ਇਹੀ ਪ੍ਰੈੱਸ ਫਤਿਹਪੁਰ ਦੇ ਦੇਸ਼ ਭਗਤ ਪ੍ਰਸ਼ੋਤਮ ਸਿੰਘ ਦੇ ਘਰੋਂ ਫੜੀ ਗਈ ਸੀ।

ਕੋਠੀ ਪ੍ਰਾਚੀਨ ਸਮਿਆਂ ਵਿੱਚ ਇੱਕ ਛੋਟੀ ਜਿਹੀ ਪਹਾੜੀ ਰਿਆਸਤ ਸੀ। ਕੋਠੀ (ਕੋਠੜੀ) ਨਾਂਅ ਪੈਣ ਦਾ ਕਾਰਨ ਇਹ ਸੀ ਕਿ ਚਾਰੇ ਪਾਸਿਓਂ ਪਹਾੜੀਆਂ ਨਾਲ ਘਿਰੀ ਹੋਈ ਸੀ। ਇਸ ਪਿੰਡ 'ਚ ਦਾਖਲ ਹੋਣ ਦਾ ਇੱਕੋ-ਇੱਕ ਰਾਹ ਉਹ ਸਦਾ-ਬਹਾਰ ਜਲ ਨਾਲਾ ਸੀ, ਜਿਹੜਾ ਲਹਿੰਦੀ ਬਾਹੀ ਨੀਵੇਂ ਪਾਸੇ ਦੀਆਂ ਪਹਾੜੀਆਂ ਨੂੰ ਚੀਰ, ਉਦੋਂ ਇੱਕ ਤੰਗ ਤੇ ਡੂੰਘੀ ਖੱਡ ਦੇ ਰੂਪ ਵਿੱਚ ਵਗਦਾ ਸੀ। ਇਸ ਦੀ ਆਖਰੀ ਵਹਿਣ-ਮੋਰੀ 'ਤੇ ਲਾਇਆ ਧੜਵੈਲ ਬਾਜ਼-ਅੱਖ ਖਿੜਕ ਕਿਸੇ ਵੀ ਪਰਾਏ, ਖਾਸ ਕਰ ਧਾੜਵੀ ਨੂੰ ਇਸ ਖੇੜੇ 'ਚ ਦਾਖਲ ਨਹੀਂ ਸੀ ਹੋਣ ਦਿੰਦਾ। ਸਮਾਂ ਪਾ ਇੱਥੋਂ ਦੇ ਕੁੱਝ ਜੈਨੀ ਸੂਰਮੇ ਖਿੱਤੇ ਦੀ ਅਣਖ-ਆਬਰੂ ਹਿੱਤ, ਰਾਜਨੀ (ਲਹਿਲੀ) ਦੇ ਮੁਸਲਿਮ ਧੜਵੈਲ਼ਾਂ ਨਾਲ ਜੂਝਦਿਆਂ ਸ਼ਹੀਦ ਹੋ ਗਏ ਸਨ। ਇਹਨਾਂ ਨਾਲ ਹੀ ਫਤਿਹਪੁਰ ਦਾ ਬਾਲਾ ਸਹੋਤਾ ਵੀ ਅਣਖ-ਕੌਮ ਹਿੱਤ ਸ਼ਹੀਦ ਹੋਇਆ, ਜਿਸ ਦੀ ਮੜ੍ਹੀ ਖਿੰਡਰੇ-ਪੁੰਡਰੇ ਕੋਠੀ ਪਿੰਡ ਦੇ ਗੱਭੇ ਇੱਕ ਉਚੇਰੇ ਢਾਹੇ ਉੱਪਰ ਤਾਮੀਰ ਕੀਤੀ ਗਈ ਸੀ। ਸ਼ਹੀਦ ਪੁਰਖਾ ਜਾਣ ਲੰਬਾ ਸਮਾਂ ਫਤਿਹਪੁਰੀਏ, ਉਥੇ ਦੀਵਾ-ਬੱਤੀ ਕਰਦੇ ਰਹੇ, ਜਦਕਿ ਜੈਨੀ ਸ਼ਹੀਦਾਂ, ਬਾਬਾ ਪਰਮਾ ਆਦਿ ਦੇ ਸਮਾਰਕ ਕੋਠੀ ਵੜਦਿਆਂ ਅਤੇ ਬਿੰਜਲ ਜੈਨ ਦੀ ਕਾਂਗੜ ਵੱਲ ਦੀ ਜੂਹ ਕੰਨੀ ਹੈ।

ਕੋਠੀ ਦੀ ਜ਼ਿਆਦਾ ਉਪਮਾ ਹੁਣ ਗੁਰਦਵਾਰਾ 'ਪੀਰ ਬਾਲਾ' ਕਰਕੇ ਹੈ। ਕਿਹਾ ਜਾਂਦਾ ਹੈ ਕਿ ਮਹਾਂ ਚਿੰਤਕ ਬਾਬਾ ਨਾਨਕ ਜੀ ਇੱਥੇ ਆਪਣੇ ਸਾਥੀ ਬਾਲਾ ਨਾਲ ਨਾਥਾਂ-ਯੋਗੀਆਂ ਨਾਲ ਸੰਵਾਦ ਹਿੱਤ ਆਏ ਸਨ, ਜਿੱਥੇ ਉਹਨਾਂ ਦਾ ਜੋਗੀ ਭਰਥਰੀ ਨਾਲ ਮੇਲ/ਸੰਵਾਦ ਹੋਇਆ, ਪਰ ਇਸ ਆਸਥਾ ਬਾਰੇ ਸਿੱਖ ਇਤਿਹਾਸ ਫਰੋਲਣਾ ਬਣਦਾ ਹੈ, ਕਿਉਂਕਿ ਤਵਾਰੀਖ ਅਤੇ ਸਿੱਖ ਵਿਦਵਾਨਾਂ ਅਨੁਸਾਰ ਤਾਂ ਬਾਬਾ ਨਾਨਕ ਜੀ ਆਪਣੀ ਕਿਸੇ ਵੀ ਉਦਾਸੀ ਸਮੇਂ ਪੁਰਾਣੇ ਹੁਸ਼ਿਆਰਪੁਰ ਜ਼ਿਲ੍ਹੇ ਜਿਹੜਾ ਭਰਵਾਈਂ ਤੋਂ ਲੈ ਕੇ ਰੋਪੜ-ਅੰਬਾਲੇ ਤੱਕ ਫੈਲਿਆ-ਪਸਰਿਆ ਹੋਇਆ ਸੀ, ਵਿੱਚ ਵੀ ਨਹੀਂ ਸੀ ਆਏ। ਫਿਰ ਭਰਥਰੀ ਜੀ ਤਾਂ ਦਾਨਿਸ਼ਵਰ ਅਤੇ ਪੰਜਾਬੀ ਦੇ ਆਦਿ ਕਵੀ ਜੋਗੀ ਗੋਰਖ ਨਾਥ ਦਾ ਸਮਕਾਲੀ ਸੀ, ਜਿਹੜਾ ਨੌਵੀਂ ਸਦੀ ਵਿੱਚ ਹੋਇਆ/ਵਿਚਰਿਆ, ਜਦਕਿ ਬਾਬਾ ਨਾਨਕ ਜੀ ਦਾ ਤਾਂ ਆਗਮਨ ਵਰ੍ਹਾ ਹੀ 1469 ਈ: ਹੈ। ਸੱਚ ਕੀ ਹੈ, ਆਸਥਾ ਜਾਂ ਤਵਾਰੀਖ? ਨਿਤਾਰਾ ਸਿਰਫ ਪ੍ਰੌਢ ਪਾਠਕ ਜਾਂ ਇਤਿਹਾਸਕਾਰ ਹੀ ਕਰ ਸਕਦੇ ਹਨ।

ਧਾਰਮਿਕ ਆਸਥਾ ਮੁਤਾਬਿਕ ਕੋਠੀ ਪੰਜ ਦਾਨਿਸ਼ਵਰੀ ਜਾਂ ਯੋਧਾਵਰੀ ਹੋਇਆ ਕਰਦੀ ਸੀ/ਹੈ: 1. ਸਕਾਈਨਾਥ (ਗੋਰਖ ਡੇਰਾ), 2. ਟਾਹਲੀ (ਕਿਹਾ ਜਾਂਦਾ ਹੈ ਕਿ ਇਹ ਵਿਦਵਾਨ ਪੁਰਖ ਸਕਾਈਨਾਥ ਨੂੰ ਮਿਲਣ ਆਇਆ ਹੋਇਆ ਕੋਠੀ ਦੇ ਜੰਗਲਾਂ 'ਚ ਹੀ ਟਿਕ ਗਿਆ), 3. ਕੈਲੂ ਜੀ 4. ਬਾਲਾ ਜੀ ਤੇ 5. ਅਗੰਮ ਜੀ। ਲੋਕ ਮੱਤ 'ਚ ਇਹਨਾਂ ਨੂੰ ਮਗਰੋਂ ਪੀਰਾਂ-ਫਕੀਰਾਂ ਦਾ ਦੇਵ ਦਰਜਾ ਮਿਲ ਗਿਆ। ਢੇਰ ਵਰ੍ਹੇ ਪਹਿਲਾਂ ਕੋਠੀ ਵਿਖੇ ਸਾਧੂ ਸ਼ੰਕਰ ਪ੍ਰਬਤ ਵੇਲੇ ਇੱਥੇ ਪ੍ਰਸਿੱਧ ਸੰਸਕ੍ਰਿਤ ਵਿਦਿਆਲਾ ਹੋਇਆ ਕਰਦਾ ਸੀ, ਜਿਸ ਨੂੰ ਸਮੇਂ ਦੀ ਗਰਦਿਸ਼ ਕਾਰਨ ਜੈਜੋਂ ਦੇ ਬਸ਼ਿੰਦੇ ਕਾਲੂ ਪ੍ਰਬੱਤ ਨੇ ਹਦੀਆਬਾਦ (ਫਗਵਾੜਾ) ਸਥਾਪਤ ਕਰ ਦਿੱਤਾ। ਬੋਧੀਆਂ ਦੀਆਂ ਖੰਡਰਾਤ ਮੂਰਤੀਆਂ ਅੱਜ ਵੀ ਇੱਥੋਂ ਦੇ ਜੰਗਲਾਂ ਵਿੱਚ ਮਿਲ ਜਾਂਦੀਆਂ ਹਨ। ਹਾਂ; ਫਤਿਹਪੁਰ ਕੋਠੀ ਦੇ ਬਾਬਾ ਹਰਭਜਨ ਸਿੰਘ ਜੀ ਨਿਹੰਗ ਸਿੰਘ ਸੰਪਰਦਾ ਤੇ ਕਾਰ-ਸੇਵੀਏ ਹਾਕਮ ਸਿੰਘ ਜੀ ਜਿੱਥੇ ਵੱਡੇ ਤੇ ਮਾਨਯੋਗ ਪੁਰਸ਼ ਹੋਏ ਹਨ, ਉਥੇ ਜੰਗਿ-ਏ-ਆਜ਼ਾਦੀ ਵਿੱਚ ਵੀ ਕੋਠੀ-ਫਤਿਹਪੁਰ ਨੇ, ਖਾਸਕਰ ਫਤਿਹਪੁਰੀਆਂ ਨੇ, ਬੇਜੋੜ ਹਿੱਸਾ ਪਾਇਆ ਸੀ।

ਗ਼ਦਰ ਲਹਿਰ ਵਿੱਚ ਜਿੱਥੇ ਸੰਤ ਰਾਮ, ਦਲੀਪ ਸਿੰਘ ਅਤੇ ਹਰਨਾਮ ਸਿੰਘ ਅਮਰੀਕਾ ਦੀ ਖੁਸ਼ਹਾਲ ਜ਼ਿੰਦਗੀ ਨੂੰ ਲੱਤ ਮਾਰ ਆਲ੍ਹਾ ਵਤਨ ਹਿੱਤ ਵਾਪਸ ਮੁੜੇ, ਉਥੇ ਆਜ਼ਾਦ ਹਿੰਦ ਫੌਜ ਵਿੱਚ ਬਲਦੇਵ ਸਿੰਘ, ਬੰਤਾ ਸਿੰਘ, ਗੁਰਬਚਨ ਸਿੰਘ, ਗੁਰਮੀਤ ਸਿੰਘ ਅਤੇ ਪਿਆਰਾ ਸਿੰਘ ਨੇ ਸ਼ਮੂਲੀਅਤ ਕੀਤੀ, ਸਜ਼ਾਯਾਫਤਾ ਹੋਏ। ਬੱਬਰ ਅਕਾਲੀ ਲਹਿਰ 'ਚ ਨਾ ਸਿਰਫ ਇੱਥੋਂ ਦੇ ਸਿਰਲੱਥ ਸੂਰਮੇ ਜਵਾਲਾ ਸਿੰਘ ਫਤਿਹਪੁਰ ਨੇ ਚਰਚਿਤ ਮੰਡੇਰ ਸਾਕਾ (ਖੁਰਦਪੁਰ, ਆਦਮਪੁਰ) ਵਿੱਚ ਸ਼ਹੀਦੀ ਪਾਈ ਸੀ, ਸਗੋਂ ਕੋਠੀ-ਫਤਿਹਪੁਰ, ਜਿਸ ਦੀਆਂ ਪਹਾੜੀ ਲੁਕਣਗਾਹਾਂ ਵਿੱਚ ਬੱਬਰ ਸੂਰਮੇ ਪਨਾਹ ਲੈਂਦੇ ਰਹੇ, ਨੇ ਗੋਰਿਆਂ ਦਾ ਸਿਖਰਲਾ ਕਹਿਰ ਵੀ ਹੱਡੀਂ ਹੰਢਾਇਆ ਸੀ। ਪੰਜਾਬ ਦਾ ਇਹ ਇੱਕੋ-ਇੱਕ ਮਾਣਮੱਤਾ ਖੇੜਾ ਹੈ, ਜਿਸ ਦੇ ਬੱਬਰ ਮੋਰਚਿਆਂ ਦੀ ਨਿਸ਼ਾਨਦੇਹੀ ਹਿੱਤ ਨਾ ਸਿਰਫ ਹਵਾਈ ਸਰਵੇਖਣ ਦਾ ਸਹਾਰਾ ਲਿਆ, ਸਗੋਂ ਦਹਿਸ਼ਤਜ਼ਦਾ ਕਰਨ ਲਈ ਗੰਨਾਂ ਵੀ ਬੀੜ ਦਿੱਤੀਆਂ ਗਈਆਂ ਸਨ। ਇਹੀ ਨਹੀਂ, ਇੱਥੇ ਤਾਇਨਾਤ ਰਹੀ ਫੌਜੀ ਪਿਕਟ ਦਾ ਖਰਚਾ ਵੀ ਪਿੰਡ ਸਿਰ ਮੜ੍ਹਿਆ ਗਿਆ। ਬੱਬਰ ਲਹਿਰ ਵਿੱਚ ਹੁਸ਼ਿਆਰ ਸਿੰਘ ਦੀ ਸਖਤ ਘੇਰਾਬੰਦੀ ਅਤੇ ਭਗਵਾਨ ਸਿੰਘ ਤੇ ਪ੍ਰਸ਼ੋਤਮ ਸਿੰਘ ਨੂੰ ਕੈਦ ਸੱਤ ਵਰ੍ਹਾਂ ਹੋਈ ਸੀ। ਇਹ ਉਹੀ ਪ੍ਰਸ਼ੋਤਮ ਸਿੰਘ ਹੈ, ਜਿਸ ਦੇ ਘਰੋਂ ਬੱਬਰਾਂ ਦੀ ਉਡਾਰੂ ਪ੍ਰੈੱਸ ਫੜੀ ਗਈ ਸੀ। ਇੱਥੋਂ ਦੇ ਪੰਡਿਤ ਭਰਥ (ਕਾਨਪੁਰ) ਦਾ ਸ਼ਹੀਦ ਭਗਤ ਸਿੰਘ ਵਰਗਿਆਂ ਦੇ ਯੁੱਧ ਸਾਥੀ ਸਿਰਲੱਥ ਸ਼ਹੀਦ ਚੰਦਰ ਸ਼ੇਖਰ ਨਾਲ ਵਾਹ-ਵਾਸਤਾ ਰਿਹਾ, ਜਿਸ ਦੀ ਲਿਆਕਤ ਅਤੇ ਸੂਰਮਤਾਈ ਨੂੰ ਯਾਦ ਕਰਦਿਆਂ ਉਹ ਤੌੜ ਹਿਆਤੀ ਤੱਕ ਅੱਥਰੂ ਵਹਾਉਂਦਾ ਰਿਹਾ।

ਸਦਾ-ਬਹਾਰ ਚਸ਼ਮਿਆਂ ਵਾਲਾ ਇਹ ਕੁਦਰਤ ਅਤੇ ਪੁਰਾਤਨ ਬ੍ਰਿਛ ਤੇ ਜਲ ਲਬਰੇਜ਼ ਪਿੰਡ ਹੈ। ਇਹੀ ਵਜ੍ਹਾ ਹੈ ਕਿ ਅੰਗਰੇਜ਼ ਅਹਿਲਕਾਰਾਂ ਨੇ ਇੱਥੇ 1920 ਈ: ਵਿੱਚ 'ਸਾਇਲ ਕੰਜ਼ਰਵੇਸ਼ਨ ਅਤੇ ਚੋਅ ਐਂਡ ਫਾਰੈਸਟ ਰਿਕਲੇਮੇਸ਼ਨ ਸੁਸਾਇਟੀ' ਦਾ ਗਠਨ ਕੀਤਾ ਸੀ। ਕਿਤੇ ਮਗਰੋਂ, 'ਭੂਮੀ ਤੇ ਜਲ ਸੰਭਾਲ ਵਿਭਾਗ' ਨੇ ਇੱਥੇ ਬਹੁ-ਪਰਤੀ ਲਾਭਾਂ ਵਾਲੇ ਢੇਰ ਪ੍ਰੋਜੈਕਟ ਉਸਾਰੇ। ਹਾਂ; ਸਦਾ ਸਿੰਮਦੀਆਂ ਅਤੇ ਬਰਸਾਤਾਂ 'ਚ ਭਰ ਵਗਦੇ ਇੱਥੇ ਵਰਗੇ ਜਲ-ਵਹਿਣਾਂ (ਖੱਡਾਂ-ਚੋਆਂ) ਨੂੰ ਹੀ ਬਾਬਰ ਬਾਦਸ਼ਾਹ ਨੇ ਤੁਜ਼ਕੇ-ਬਾਬਰੀ ਵਿੱਚ ਪੰਜਾਬ ਦੇ ਮੌਸਮੀ ਦਰਿਆਵਾਂ ਦਾ ਨਾਂਅ ਦਿੱਤਾ। ਉਹ ਲਿਖਦਾ ਹੈ, "ਪਹਾੜੀ ਦਾਮਨ ਵਿੱਚ ਇਹਨਾਂ ਦਰਿਆਵਾਂ ਦੇ ਪਾਟ ਬੜੇ ਡੂੰਘੇ ਪਰ ਸੌੜੇ ਹਨ, ਜਿਹਨਾਂ 'ਤੇ ਗੇਲੀਆਂ-ਸ਼ਤੀਰ ਰੱਖ ਰੱਥ ਪਾਰ ਲੰਘ ਜਾਦਾਂ ਹੈ।" ਦਰ-ਹਕੀਕਤ; ਬੰਦੇ ਦੀਆਂ ਬਾਹਵਾਂ ਖੋਲ੍ਹਵੀਂ ਚੌੜਾਈ ਜਿੰਨਾ ਇੱਕ ਪ੍ਰਾਚੀਨ ਕੱਚਾ-ਪੱਕਾ ਲਾਂਘਾ ਪਹਾੜਾਂ ਵਿੱਚੀਂ-ਵਿੱਚੀਂ ਪਠਾਨਕੋਟ ਕੰਨੀਓਂ ਤਲਵਾੜਾ-ਮਲੋਟ (ਹਰਿਆਣਾ-ਭੂੰਗਾ)-ਬਜਵਾੜਾ-ਬਿਛੋਹੀ-ਕਾਂਗੜ-ਕੋਠੀ-ਜੈਜੋਂ ਥਾਣੀਂ ਰੋਪੜ ਨੂੰ ਜਾਂਦਾ ਸੀ। ਕਦੇ ਇਸੇ ਮਾਰਗ ਰਾਹੀਂ ਬਾਬਰ ਰੋਪੜ ਰਾਹੀਂ ਦਿੱਲੀ ਬਰਾਸਤਾ ਪਾਣੀਪਤ-ਕਰਨਾਲ (ਪਾਣੀਪਤ ਦੀ ਲੜਾਈ) ਨੂੰ ਲੰਘਿਆ ਸੀ। ਇਸ ਇਤਿਹਾਸਕ ਲਾਂਘੇ ਦੇ ਅਸਵੇਸ਼ ਫਤਿਹਪੁਰ-ਕੋਠੀ ਦੀਆਂ ਪਹਾੜੀ ਜੂਹਾਂ ਵਿੱਚ ਅੱਜ ਵੀ ਮੌਜੂਦ ਹਨ।

**ਮੋਬਾ.** 94634-39075

# ਬੋਲ ਮਿੱਟੀ ਦਿਆ ਬਾਵਿਆ, ਵੇ ਕਿਉਂ ਨਈਂ ਬੋਲਦਾ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-36**

**ਸੁਰਜੀਤ ਸੁਮਨ**

ਪੋਸਟਮਾਰਟਮ ਬਾਅਦ ਜਿਹੜੇ ਵੇਲ਼ੇ ਰਾਜਵੀਰ ਜਵੰਦਾ ਦੀ ਦੇਹ ਨੂੰ ਮੋਹਾਲ਼ੀ ਦੇ ਸਰਕਾਰੀ ਹਸਪਤਾਲੋਂ ਲੈ ਕੇ ਐਬੂਲੰਸ ਅਗਲੇ ਸਫਰ ਲਈ ਰਵਾਨਾ ਹੋ ਰਹੀ ਸੀ, ਐਨ ਓਸੇ ਵੇਲ਼ੇ ਕਰਮਜੀਤ ਬੱਗਾ ਨੂੰ ਇਸੇ ਹਸਪਤਾਲ ਲਿਜਾਇਆ ਜਾ ਰਿਹਾ ਸੀ। ਉਦੋਂ ਤੱਕ ਇਹ ਕੋਈ ਨਹੀਂ ਸੀ ਜਾਣਦਾ ਕਿ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਅਲਗੋਜ਼ਾ ਵਾਦਕ ਕਰਮਜੀਤ ਬੱਗਾ ਦੇ ਦਿਲ ਦੇ ਧੜਕਣ ਅਚਾਨਕ ਬੰਦ ਹੋਣ ਨਾਲ਼ ਰਾਹ ਵਿੱਚ ਹੀ ਕਿਧਰੇ ਓਹਦੇ ਪ੍ਰਾਣ ਪੰਖੇਰੂ ਹੋ ਚੁੱਕੇ ਹਨ। ਹਾਲੇ ਦੁਪਹਿਰ ਵੇਲ਼ੇ ਹੀ ਬੱਗਾ ਜੀ ਨੇ ਅੰਤਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਲੋਕ ਗਾਇਕ ਰਾਜਵੀਰ ਜਵੰਦਾ ਨੂੰ ਆਪਣੀ ਫੇਸਬੁੱਕ 'ਤੇ ਸ਼ਰਧਾਂਜਲੀ ਦਿੱਤੀ ਸੀ। ਹੁਣ ਦੋਹਾਂ ਦੀਆਂ ਦੇਹਾਂ ਸਾਹਹੀਣ ਸਨ। ਦੋਵੇਂ ਕਿਸੇ ਅਦਿੱਖ ਸਫ਼ਰ 'ਤੇ ਸਨ। ਮੇਰੇ ਅੰਦਰੋਂ ਕਿੱਧਰਿਉਂ ਅਲਗੋਜ਼ੇ ਦੀਆਂ ਧੁਨਾਂ ਨੇ ਦਸਤਕ ਦਿੱਤੀ। 'ਬੋਲ ਮਿੱਟੀ ਦਿਆ ਬਾਵਿਆ' ਆਲਮ ਲੁਹਾਰ ਦੇ ਇਨ੍ਹਾਂ ਬੋਲਾਂ ਦੇ ਉੱਚਾ ਹੋਣ ਤੋਂ ਪਹਿਲਾਂ ਹੀ ਸ਼ਿਵ ਦੇਵ ਦੇ ਕੰਨਾਂ ਵਿੱਚ ਵੀ ਚਾਚੇ ਕਰਮਜੀਤ ਦੇ ਅਲਗੋਜ਼ੇ ਦੀਆਂ ਸੁਰੀਲੀਆਂ ਧੁਨਾਂ ਗੂੰਜੀਆਂ ਹੋਣਗੀਆਂ। ਵੱਡੇ ਭਰਾ ਸੁਖਦੇਵ ਦੀਆਂ ਮਨ ਤਰੰਗਾਂ ਵਿੱਚ ਕਰਮਜੀਤ ਬੱਗੇ ਦੀਆਂ ਖੇਡਾਂ ਤੇ ਕਲਾਵਾਂ ਪ੍ਰਗਟ ਹੋਈਆਂ ਹੋਣਗੀਆਂ। ਐਨ ਓਸੇ ਤਰ੍ਹਾਂ ਜਿਸ ਤਰ੍ਹਾਂ ਰਾਜਵੀਰ ਜਵੰਦਾ ਦੀ ਬੇਟੀ ਦੇ ਮਨ ਨੇ ਆਪਣੇ ਪਿਓ ਦੇ ਗੀਤ ਦੇ ਬੋਲ ਛੋਹੇ ਹੋਣਗੇ, 'ਬਾਬਲ ਤੇਰੀ ਪੱਗ ਵੇ ਸੁੱਚੀ, ਅੰਬਰ ਦੇ ਚੰਨ ਤੋਂ ਉੱਚੀ।' ਮਾਂ ਤੇ ਪਤਨੀ ਹਾਲੋਂ-ਬੇਹਾਲ ਹੋਣਗੀਆਂ। ਸਮਸ਼ਾਨ 'ਚ ਅਨੇਕਾਂ ਹੋਰ ਰੂਹਾਂ ਵਾਂਗ ਕੰਵਰ ਗਰੇਵਾਲ਼ ਦੇ ਬੁੱਲ੍ਹ ਫਰਕੇ ਹੋਣਗੇ, 'ਮਿੱਟੀ ਨਾ ਫਰੋਲ ਜੋਗੀਆ, ਨਈਂਉਂ ਲੱਭਣੇ ਗੁਆਚੇ ਹੋਏ ਲਾਲ।' ਰਾਜਵੀਰ ਦੇ ਪਿੰਡ ਦੁਆਲ਼ੇ ਸਿੱਲ੍ਹੀਆਂ-ਸਿੱਲ੍ਹੀਆਂ ਹਵਾਵਾਂ ਦਾ ਗੁਬਾਰ ਹੋਏਗਾ। ਇਹ ਮੰਜ਼ਰ ਤੱਕਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਿਹੜੇ ਫਿਰ ਸੱਥਰ ਵਿਛਿਆ ਵੇਖ ਕਲੇਜਾ ਮੂੰਹ ਨੂੰ ਆਇਆ ਹੈ। ਮੇਰੀਆਂ ਸੋਚਾਂ ਦੀ ਫਿਰਕੀ ਘੁੰਮੀ ਤਾਂ ਮਨ ਦੇ ਵਿਹੜੇ ਪਹਾੜੀ ਰਾਗ ਦੀ ਸੁਰ ਉੱਚੀ ਹੋਣ ਲੱਗੀ। ਜ਼ੁਬਿਨ ਗਰਗ ਗਾ ਰਿਹੈ, 'ਮੇਰੇ ਮਹਿਬੂਬ ਕਿਆਮਤ ਹੋਗੀ/ ਆਜ ਰੁਸਵਾ ਤੇਰੀ ਗਲੀਓਂ ਸੇ ਮੁਹੱਬਤ ਹੋਗੀ।' ਆਪਣੀ ਕਲਾ ਰਾਹੀਂ ਲੋਕ ਮਨਾਂ ਦੀਆਂ ਹਨ੍ਹੇਰੀਆਂ ਗਲ਼ੀਆਂ ਵਿੱਚ ਚਾਨਣ ਛਿੜਕਦੇ ਅਜਿਹੇ ਫਨਕਾਰ ਸਾਜ਼ਿਸ਼ੀ ਪੌਣਾਂ ਦਾ ਸ਼ਿਕਾਰ ਕਿਉਂ ਹੋ ਜਾਂਦੇ ਨੇ ਭਲਾਂ? ਮੇਰੇ ਕੋਲ਼ ਇਨ੍ਹਾਂ ਮੂੰਹਜ਼ੋਰ ਸਵਾਲਾਂ ਦਾ ਕੋਈ ਜਵਾਬ ਨਹੀਂ। ਸੜਕੀ ਦੁਰਘਟਨਾਵਾਂ ਨਾਲ਼ ਨਿੱਤ ਦਿਨ ਜਾ ਰਹੀਆਂ ਅਨੇਕਾਂ ਜਾਨਾਂ। ਅਣਗਿਣਤ ਘਰਾਂ ਦੀ ਗੁਲ ਹੋ ਰਹੀ ਰੌਸ਼ਨੀ। ਇਨ੍ਹਾਂ ਲਈ ਜ਼ਿੰਮੇਵਾਰ ਲੋਕ ਲੰਮੀਆਂ ਤਾਣ ਸੁੱਤੇ ਪਏ ਹਨ। ਸੜਕਾਂ 'ਤੇ ਠਾਠਾਂ ਮਾਰਦੇ ਵਾਹਨਾਂ ਦੀ ਭੀੜ। ਅਵਾਰਾ ਪਸ਼ੂਆਂ ਦੇ ਘੁੰਮ ਰਹੇ ਵੱਗ। ਇਨ੍ਹਾਂ ਤਿੰਨਾਂ ਫਨਕਾਰਾਂ ਦੀ ਜ਼ਿੰਦਗੀ ਨਾਲ਼ ਵਾਪਰੀਆਂ ਸਾਜ਼ਿਸ਼ੀ ਘਟਨਾਵਾਂ ਮੇਰਾ ਧਿਆਨ ਖਿੱਚਦੀਆਂ ਹਨ। ਜ਼ੂਬਿਨ ਗਰਗ ਦੀ ਰਹੱਸਮਈ ਮੌਤ ਤੋਂ ਪਰਦਾ ਚੁੱਕਿਆ ਜਾਵੇਗਾ ਵੀ ਜਾਂ ਨਹੀਂ, ਇਹ ਸਵਾਲ ਹਾਲੇ ਸਮੇਂ ਦੇ ਗਰਭ ਵਿੱਚ ਹਨ। ਰਾਜਬੀਰ ਜਵੰਦਾ ਦੀ ਗਾਇਕੀ, ਓਹਦੇ ਗੀਤਾਂ ਦੇ ਬੋਲ ਮਨੁੱਖੀ ਰਿਸ਼ਤਿਆਂ ਦੀ ਗਹਿਰੀ ਬਾਤ ਪਾਉਂਦੇ ਹਨ। ਉਹਦੇ ਗਾਏ ਗੀਤ ਸ਼ਾਹਕਾਰ ਹਨ, ਪਰ ਹਾਲੇ ਉਸ ਹੋਰ ਸ਼ਾਹਕਾਰ ਗੀਤ ਗਾਉਣੇ ਸਨ। ਮਨੁੱਖੀ ਰਿਸ਼ਤਿਆਂ ਨੂੰ ਲੈ ਕੇ ਓਹਦੇ ਮਨ ਵਿੱਚ ਕਿਧਰੇ ਬਹੁਤ ਵੱਡਾ ਖੱਪਾ ਸੀ। ਓਹਦਾ ਗੀਤ 'ਧੀਆਂ' ਹਰ ਪਰਿਵਾਰ ਦੀ ਧੀ ਦੇ ਵਿਆਹ ਵੇਲ਼ੇ ਗਾਇਆ ਜਾਂਦਾ ਰਹੇਗਾ। ਮੇਰੀ ਧੀਅ ਦੇ ਵਿਆਹ ਦੀ ਵੀਡੀਓ 'ਚ ਜਿਉਂ ਜਿਉਂ ਇਸ ਗੀਤ ਦੇ ਬੋਲਾਂ ਦੀ ਸੁਰ ਉੱਚੀ ਹੋ ਰਹੀ ਸੀ, ਮਨ ਉਛਾਲ਼ੇ ਮਾਰ ਰਿਹਾ ਸੀ। ਕਿੰਨੀਆਂ ਅਟੱਲ ਸਚਾਈਆਂ ਦੀ ਵਿਆਖਿਆ ਕਰ ਰਿਹੈ, ਇਹ ਗੀਤ। ਮਾਂ ਤੋਂ ਵੱਧਕੇ, ਇੱਕ ਧੀ ਦੀ ਪਹਿਲੀ ਸਹੇਲੀ ਕਿਹੜੀ ਹੋ ਸਕਦੀ ਹੈ? ਮਾਂ ਵੱਲੋਂ ਦਿੱਤੀਆਂ ਮੱਤਾਂ ਦਾ ਗਹਿਣਾ ਹਮੇਸ਼ਾ ਧੀਆਂ ਦੇ ਅੰਗ-ਸੰਗ ਰਹਿੰਦਾ ਹੈ। ਵਿਦਾ ਹੋ ਰਹੀ ਰੋਂਦੀ ਧੀਅ ਮਾਂ ਨੂੰ ਬਾਹਲ਼ਾ ਨਾ ਰੋਣ ਦੀਆਂ ਨਸੀਹਤਾਂ ਦਿੰਦੀ ਹੈ, ਭੁੱਬਾਂ ਮਾਰ ਰੋ ਪੈਂਦੀ ਹੈ। ਗੀਤ ਦੇ ਇੱਕ ਅੰਤਰੇ ਵਿੱਚ ਭੈਣ ਆਪਣੇ ਭਰਾ ਨੂੰ ਦੱਸਦੀ ਹੈ ਕਿ ਉਹ ਹਰ ਵਾਰੀ ਜਿੱਤਣ ਮਾਰੀ ਹੀ ਓਹਦੇ ਨਾਲ਼ ਲੜ ਪੈਂਦੀ ਸੀ। ਖੇਡ-ਖੇਡ ਵਿੱਚ ਭਰਾ ਨਾਲ਼ ਰੌਂਡ ਮਾਰਦੀ, ਵਿਦਾਇਗੀ ਵੇਲ਼ੇ ਮੁਕੱਦਰਾਂ ਹੱਥੋਂ ਹਾਰ ਜਾਂਦੀ ਹੈ, ਕਿਉਂਕਿ ਇਹ ਹਸਦਾ-ਵਸਦਾ ਤੇ ਗਾਉਂਦਾ ਘਰ ਛੱਡ ਉਸ ਆਪਣੇ ਨਵੇਂ ਬਣ ਰਹੇ ਘਰ ਵੱਲ ਰਵਾਨਾ ਹੋਣਾ ਹੈ। ਰਾਜਵੀਰ-ਹਰਸ਼ਜੋਤ-ਸਿੰਘਜੀਤ-ਜੀ. ਗੁਰੀ ਦੇ ਇਸ ਗੀਤ ਦੀ ਬੁਣਤੀ ਨੇ ਇਸ ਰਿਸ਼ਤੇ ਦੀ ਚਿਰਸਥਾਈ ਅਹਿਮੀਅਤ ਤੇ ਵਿਲੱਖਣਤਾ ਨੂੰ ਬਾਖੂਬੀ ਪ੍ਰਗਟਾਇਆ ਹੈ। ਰਾਜਵੀਰ ਜਵੰਦਾ ਦਾ ਇਹ ਗੀਤ ਖਰੇ ਰਿਸ਼ਤਿਆਂ ਦੀ ਚਾਸ਼ਨੀ ਵਿੱਚ ਢਲ਼ ਕੇ ਕੌੜੀਆਂ ਸਚਾਈਆਂ ਪ੍ਰਗਟ ਕਰਦਾ ਤੁਰਿਆ ਜਾਂਦਾ ਹੈ। ਸੋਚਦਾ ਹਾਂ ਉਹ ਕਿਹੜੇ ਪਲ ਸਨ, ਜਿਹੜੇ ਉਹਦੀ ਸੁਹਾਗਣ ਪਤਨੀ ਨੂੰ ਆਪਣੀ ਸੱਸ ਦੀ ਜੂਨ ਵਰਗੀ ਜੂਨ ਹੰਢਾਉਣ ਲਈ ਬੰਨ੍ਹ ਗਏ ਹਨ? ਰਾਜਵੀਰ ਜਵੰਦਾ ਦੇ ਵਿਛੋੜੇ ਨੇ ਸਾਡੀ ਮਹਿੰਗੀ, ਲਾਲਚੀ ਡਾਕਟਰੀ ਇਲਾਜ ਪ੍ਰਣਾਲ਼ੀ 'ਤੇ ਵੀ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ। ਉਂਞ ਮਨੁੱਖੀ ਜ਼ਿੰਦਗੀ ਨਾਲ਼ ਜੁੜੇ ਇਸ ਕਿੱਤੇ ਵਿੱਚ ਨਿੱਤ ਦਿਨ ਚੱਲ ਰਹੀਆਂ ਸਾਜ਼ਿਸ਼ਾਂ ਉਜਾਗਰ ਹੁੰਦੀਆਂ ਰਹਿੰਦੀਆਂ ਹਨ, ਪਰ ਗਰੀਬ ਆਦਮੀ ਨਾਲ਼ ਹੋਈਆਂ-ਬੀਤੀਆਂ ਨੂੰ ਕੌਣ ਗੌਲ਼ਦਾ ਹੈ? ਆਏ ਦਿਨ ਸੰਤਾਪ ਹੰਢਾ ਰਹੇ ਲੋਕ, ਚਾਰਾ ਨਾ ਚੱਲਦਾ ਦੇਖ ਮਜ਼ਬੂਰੀਵਸ ਭੁੱਲ-ਭੁਲਾ ਜਾਂਦੇ ਹਨ। ਉਂਞ ਅੰਦਰੋਂ-ਅੰਦਰੀਂ ਧੁਖਦੇ ਰਹਿੰਦੇ ਹਨ। ਉਨ੍ਹਾਂ ਦੇ ਇਸ ਦੁੱਖ ਨੂੰ ਵੰਡਾਉਣ ਵਾਲ਼ਾ ਕੋਈ ਨਹੀਂ। ਆਪਣੀ ਸਾਰੀ ਜ਼ਿੰਦਗੀ ਦੀ ਖੱਟੀ-ਕਮਾਈ ਨਾਲ਼ ਆਧੁਨਿਕ ਡਾਕਟਰੀ ਇਲਾਜ ਪ੍ਰਣਾਲ਼ੀ ਦੇ ਖੀਸੇ ਭਰ ਛੱਡਦੇ ਹਨ। ਇਨ੍ਹਾਂ ਸੋਚਾਂ ਦੇ ਆਲਮ ਵਿੱਚ ਹੀ ਸਾਂ ਕਿ ਬਾਈ ਦਲੇਰ ਸਿੰਘ ਦੇ ਫੋਨ ਦੀ ਘੰਟੀ ਖੜਕੀ। 'ਛੋਟੇ ਭਾਈ ਸ਼ਿਵ ਕੁਮਾਰ ਬਟਾਲਵੀ ਵਾਂਗ ਜੋਬਨ ਰੁੱਤੇ ਜ਼ਿੰਦਗੀ ਦੇ ਸਾਹਾਂ ਨਾਲ਼ੋਂ ਤੰਦ ਤੋੜ ਗਏ ਸਿੱਧੂ ਮੂਸੇਵਾਲ਼ਾ, ਦਿਲਸ਼ਾਦ ਅਖ਼ਤਰ, ਅਮਰ ਸਿੰਘ ਚਮਕੀਲਾ, ਸੁਰਜੀਤ ਬਿੰਦਰਖੀਆ, ਕੁਲਵਿੰਦਰ ਢਿੱਲੋਂ ਤੇ ਦਿਲਜਾਨ ਵਰਗੇ ਗੱਭਰੂ ਫਨਕਾਰਾਂ ਨੂੰ ਕਿਹੜੀਆਂ ਕਿਹੜੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪਿਆ, ਸਭ ਦੇ ਸਾਹਮਣੇ ਹੈ। ਰਾਜਵੀਰ ਜਵੰਦਾ ਵੀ ਆਪਣੀ ਜ਼ਿੰਦਗੀ ਦੀ ਜੰਗ ਹਾਰ ਗਿਐ। ਬੱਗਾ ਜੀ ਬਿਮਾਰ ਸੀ ਭਲਾਂ? ਹਾਲੇ ਕੁਝ ਦਿਨ ਪਹਿਲਾਂ ਤਾਂ ਉਹ ਕਨੇਡਿਉਂ ਆਇਆ ਕਹਿੰਦੇ। ਅਲਗੋਜ਼ਿਆਂ ਨਾਲ਼ ਇੱਕ ਵਾਰ ਤਾਂ ਮਹਿਫਲ ਵਿੱਚ ਰੰਗ ਭਰ ਦਿੰਦਾ ਸੀ। 'ਤੇਰੇ ਗੀਤ ਯਾਦਾਂ ਦਿਲ ਦੇ ਝਨਾਂ 'ਚ ਜਦੋਂ ਵਹਿਣਗੀਆਂ' ਦੀ ਵੀਡੀਓ ਵਿੱਚ ਮੈਂ ਹੁਣੇ ਫਿਰ ਦੇਖ ਕੇ ਹਟਿਆਂ ਉਹਨੂੰ। ਮਲਵਈ ਬੋਲੀਆਂ ਪਾਉਣ ਵਿੱਚ ਵੀ ਓਹਦਾ ਕੋਈ ਸਾਨੀ ਨਹੀਂ ਸੀ। ਤੂੰ ਦੱਸਿਆ ਸੀ ਓਹਦੀ ਪਤਨੀ ਤਾਂ ਕਹਿੰਦੇ ਬਹੁਤ ਸਮਾਂ ਪਹਿਲਾਂ ਵਿਛੋੜਾ ਦੇ ਗਈ ਸੀ। ਉਫ ! ਬੜਾ ਔਖਾ ਯਾਰ। ਕਿੰਞ ਉਸ ਨੇ ਛੋਟੇ ਛੋਟੇ ਬੱਚੇ ਪਾਲ਼ੇ, ਪੜ੍ਹਾਏ ਤੇ ਹੁਣ ਕਹਿੰਦੇ ਕੈਨੇਡਾ ਸੈਟਲ ਨੇ। ਪਿਛਲੇ ਹਫਤੇ ਈ ਪੋਤੀ ਨੂੰ ਕਾਰ 'ਤੇ ਬਿਠਾ ਕੇ ਉਸ ਫੇਸਬੁੱਕ 'ਤੇ ਫੋਟੋ ਪਾਈ ਸੀ। ਚੱਲ ਦੋ ਚਾਰ ਮਹੀਨੇ ਬੱਚਿਆਂ ਕੋਲ਼ ਰਹਿ ਆਉਂਦਾ ਸੀ, ਪਰ 'ਕੱਲਾ ਰਹਿਣਾ ਬੜਾ ਔਖਾ। ਇੱਕ ਵਾਰ ਜਦੋਂ ਆਪਾਂ ਓਹਦੇ ਘਰ ਮਿਲ਼ਣ ਗਏ ਸੀ। ਉਸ ਵੱਲੋਂ ਅਲਗੋਜ਼ੇ 'ਤੇ ਵਜਾਈ ਜੁਗਨੀ ਦੀ ਧੁਨ ਮੈਨੂੰ ਕਿਸੇ ਹੋਰ ਦੁਨੀਆਂ ਦੇ ਸਫਰ 'ਤੇ ਤੋਰ ਲੈਂਦੀ ਹੈ ਭਰਾ। ਸਨਮਾਨ ਚਿੰਨ੍ਹਾਂ ਨਾਲ਼ ਓਹਦਾ ਘਰ ਭਰਿਆ ਪਿਆ ਸੀ। ਜਦੋਂ ਆਪਾਂ ਓਹਦੇ ਘਰ 'ਚ ਦਾਖਲ ਹੋਏ ਰੇਡੀਓ 'ਤੇ 'ਵੀਰ ਮੇਰਿਆ ਓਏ ਜੁਗਨੀ' ਵੱਜ ਰਿਹਾ ਸੀ। ਹੁਣ ਤਾਂ ਓਹਦੀ ਦੇਹ ਮੌਰਚਰੀ 'ਚ ਰੱਖੀ ਹੋਣੀ ਆ। ਆਹੋ ! ਬੱਚਿਆਂ ਦੀ ਉਡੀਕ ਤਾਂ ਕਰਨੀ ਪਵੇਗੀ। ਜਾਨਲੇਵਾ ਡਾਕਟਰੀ ਇਲਾਜ ਤੇ ਦਵਾਈਆਂ ਦਾ ਰੱਬ ਈ ਰਾਖਾ। ਆਹ ਹੁਣ ਦੇਖ ਲੈ ਕਫ ਸਿਰਪ ਕਾਰਨ ਘੱਟੋ ਘੱਟ ਵੀਹ ਬੱਚਿਆਂ ਦੀਆਂ ਜਾਨਾਂ ਚਲੇ ਗਈਆਂ। ਦੁਨੀਆਂ ਦੀ ਫਾਰਮੇਸੀ ਵਜੋਂ ਜਾਣੇ ਜਾਂਦੇ ਆਪਣੇ ਦੇਸ਼ ਦੀ ਬਣੀ ਭੱਲ ਧੁੰਦਲੀ ਹੋ ਰਹੀ ਏ ਭਰਾਵਾ। ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਮੀਡੀਆ ਸਭ ਆਪਣੀਆਂ ਆਪਣੀਆਂ ਖੇਡਾਂ ਵਿੱਚ ਮਸ਼ਰੂਫ ਹਨ। ਸਾਰੀ ਜ਼ਿੰਮੇਵਾਰੀ ਨਿਆਂਪਾਲਿਕਾ 'ਤੇ ਸੁੱਟੀ ਜਾ ਰਹੇ ਨੇ। ਫਾਰਮਾ ਉਤਪਾਦਾਂ ਦੀ ਭਰੋਸੇਯੋਗਤਾ ਕਿੱਧਰ ਨੂੰ ਜਾ ਰਹੀ ਹੈ? ਵਪਾਰ ਦੇ ਨੱਥਹੀਣ ਢੱਠੇ ਨੇ ਮਨੁੱਖੀ ਕਦਰਾਂ-ਕੀਮਤਾਂ ਨੂੰ ਸਿੰਗਾਂ 'ਤੇ ਚੁੱਕ ਲਿਆ ਹੋਇਐ।' ਫੋਨ ਕਦੋਂ ਕੱਟਿਆ ਗਿਆ ਪਤਾ ਨਹੀਂ। ਗੀਤ ਦੇ ਬੋਲ ਮੇਰੇ ਕੰਨਾਂ ਵਿੱਚ ਗੂੰਜ ਰਹੇ ਹਨ, ਅਲਗੋਜ਼ੇ ਵੱਜ ਰਹੇ ਹਨ ਜਿਵੇਂ ਕਰਮਜੀਤ ਬੱਗਾ ਵਜਾ ਰਿਹਾ ਹੋਵੇ। ਰਾਜਵੀਰ ਜਵੰਦਾ ਨਹੀਂ ਨਹੀਂ ਆਲਮ ਲੁਹਾਰ ਗਾ ਰਿਹੈ, 'ਬੂਹੇ ਅੱਗੇ ਲਾਵਾਂ ਫੇਰੀਆਂ/ ਗੱਲਾਂ ਘਰ ਘਰ ਹੋਵਣ ਤੇਰੀਆਂ - ਮੇਰੀਆਂ/ ਮੈਨੂੰ ਸ਼ਕਲ ਦਿਖਾ ਜਾ/ ਆ ਜਾ ਹੋ ਬੋਲ ਮਿੱਟੀ ਦਿਆ ਬਾਵਿਆ ਤੂੰ ਕਿਉਂ ਨਈਂ ਬੋਲਦਾ/ ਦਿਲਾਂ ਦੀ ਘੁੰਡੀ ਨੂੰ ਤੂੰ ਵੈਰੀਆ ਨਈਂ ਖੋਲ੍ਹਦਾ?'

**ਸੰਪਰਕ**- 98144-30874

# ਮਾਈ ਲਾਰਡ, ਨਕਲ ਕਿਉਂ ਕੀਤੀ?

**ਡਾ. ਜਸਬੀਰ ਸਿੰਘ ਔਲਖ**

ਇਸ ਅੱਠ ਅਪ੍ਰੈਲ ਨੂੰ ਜਦੋਂ ਹਿੰਦੁਸਤਾਨ ਸ਼ਹੀਦ ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਵੱਲੋਂ ਨਵੀਂ ਦਿੱਲੀ ਵਿਖੇ 08.04.1929 ਨੂੰ ਨੈਸ਼ਨਲ ਅਸੈਂਬਲੀ ਵਿੱਚ ਬੋਲਿਆਂ ਨੂੰ ਸੁਣਾਉਣ ਲਈ ਕੀਤੇ ਧਮਾਕੇ ਦੀ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਿਹਾ ਸੀ ਤਾਂ ਸਿੰਗਾਪੁਰ ਦੀ ਕੋਰਟ ਆਫ਼ ਅਪੀਲ, ਜੋ ਕਿ ਸਾਡੇ ਦੇਸ਼ ਦੀ ਸਰਬ-ਉੱਚ ਅਦਾਲਤ ਸੁਪਰੀਮ ਕੋਰਟ ਦੇ ਬਰਾਬਰ ਹੈ, ਦੇ ਜੱਜਾਂ ਚੀਫ਼ ਜਸਟਿਸ ਸੁੰਦਰੇਸ਼ ਮੈਨਨ ਅਤੇ ਸਟੀਵਨ ਚੌਂਗ ਦੇ ਆਧਾਰਤ ਬੈਂਚ ਨੇ ਸਾਡੇ ਮੁਲਕ ਦੀ ਸੁਪਰੀਮ ਕੋਰਟ ਦੇ ਇੱਕ ਸਾਬਕਾ ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਪ੍ਰਧਾਨਗੀ ਹੇਠ ਇੱਕ ਤਿੰਨ ਮੈਂਬਰੀ ਸਾਲਸੀ ਟ੍ਰਿਬਿਊਨਲ (Arbitration Tribunal) ਵੱਲੋਂ ਦਸੰਬਰ 2023 ਵਿੱਚ ਕੀਤੇ ਗਏ ਇੱਕ ਸਾਲਸੀ ਫੈਸਲੇ (Arbitration Award) ਨੂੰ ਇਹ ਕਹਿ ਕੇ ਰੱਦ ਕਰਦਿਆਂ ਧਮਾਕਾ ਕਰ ਦਿੱਤਾ ਕਿ ਇਹ ਸਾਲਸੀ ਫੈਸਲਾ, ਜਸਟਿਸ ਦੀਪਕ ਮਿਸ਼ਰਾ ਵੱਲੋਂ ਪਹਿਲਾਂ ਕੀਤੇ ਦੋ ਸਾਲਸੀ ਫੈਸਲਿਆਂ ਦੇ 451 ਪੈਰਿਆਂ ਵਿੱਚੋਂ 212 ਪੈਰੇ (ਜੋ ਕਿ 47 ਫੀਸਦੀ ਬਣਦਾ ਹੈ) ਫਿੱਟ (Copy paste) ਕਰਕੇ ਮਤਲਬ ਕਿ ਨਕਲ ਕਰਕੇ ਲਿਖਿਆ ਗਿਆ ਹੈ ਅਤੇ ਇਸ ਦੀ ਦਿਆਨਤਦਾਰੀ (Integrity) ਬਾਰੇ ਵੀ ਸ਼ੱਕ ਹੈ। ਇਸ ਸਾਲਸੀ ਟ੍ਰਿਬਿਊਨਲ ਦੇ ਬਾਕੀ ਦੋ ਮੈਂਬਰ ਮੱਧ ਪ੍ਰਦੇਸ਼ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਕੇ ਕੇ ਲਹੋਟੀ ਅਤੇ ਜੰਮੂ-ਕਸ਼ਮੀਰ ਹਾਈਕੋਰਟ ਦੇ ਸਾਬਕਾ ਚੀਫ਼ ਜਸਟਿਸ ਗੀਤਾ ਮਿੱਤਲ ਸਨ। ਇਹ ਸਾਲਸੀ ਫੈਸਲਾ ਭਾਰਤੀ ਰੇਲਵੇ ਦੀ ਸਪੈਸ਼ਲ ਰੇਲਵੇ ਲਾਈਨ (Dedicated Freight Corridor) ਦੇ ਸਪੈਸ਼ਲ ਪਰਪਿਜ਼ ਵਹੀਕਲਜ਼ ਅਤੇ ਤਿੰਨ ਕੰਪਨੀਆਂ ਦੇ ਸਮੂਹ ਉਤਪੰਨ ਹੋਏ ਝਗੜੇ ਸੰਬੰਧੀ ਸੀ।

**ਸਾਲਸੀ ਕਾਨੂੰਨ (The Arbitration Law):**

ਹਿੰਦੁਸਤਾਨ ਵਿੱਚ ਸਭ ਤੋਂ ਪਹਿਲਾਂ ਸਾਲਸੀ ਕਾਨੂੰਨ ਬਸਤੀਵਾਦੀ ਦੌਰ ਵਿੱਚ ਆਰਬੀਟ੍ਰੇਸ਼ਨ (ਪ੍ਰੋਟੋਕੋਲ ਐਂਡ ਕਨਵੈਨਸ਼ਨ) ਐਕਟ (The Arbitration Protocol and Convention Act) 1937 ਵਿੱਚ ਹੋਂਦ ਵਿੱਚ ਆਇਆ ਸੀ, ਜੋ ਕਿ 1940 ਵਿੱਚ ਤਰਮੀਮ ਕੀਤਾ ਗਿਆ। ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਇਸ ਨੂੰ ਦ ਫਾਰਨ ਐਵਾਰਡਜ਼ ਰੀਆਰਗੇਨਾਈਜ਼ੇਸ਼ਨ ਐਂਡ ਐਨਫੋਰਸਮੈਂਟ ਐਕਟ (The Foreign Awards Reorganization and Enforcement Act) 1961 ਰਾਹੀਂ ਸੋਧਿਆ ਗਿਆ। ਆਖੀਰ ਵਿੱਚ ਆਰਬੀਟ੍ਰੇਸ਼ਨ ਐਂਡ ਕੋਨਸੀਲੇਸ਼ਨ ਐਕਟ (The Arbitration And Conciliation Act) 1996 ਹੋਂਦ ਵਿੱਚ ਆਇਆ, ਜਿਸ ਰਾਹੀਂ ਸਾਲਸੀ ਸੰਬੰਧੀ ਝਗੜੇ ਨਿਬੇੜੇ ਜਾਂਦੇ ਹਨ।

ਸਾਲਸੀ ਪ੍ਰਬੰਧ ਉਦੋਂ ਲਾਗੂ ਹੁੰਦਾ ਹੈ, ਜਦੋਂ ਦੋ ਜਾਂ ਵੱਧ ਧਿਰਾਂ ਕਿਸੇ ਵੀ ਆਪਸੀ ਝਗੜੇ ਨੂੰ ਨਿਬੇੜਨ ਲਈ ਦੋ ਜਾਂ ਵੱਧ ਵਿਅਕਤੀਆਂ ਨੂੰ ਸਾਲਸ ਮੰਨ ਲੈਂਦੀਆਂ ਹਨ। ਸਾਲਸੀ ਟ੍ਰਿਬਿਊਨਲ ਦੇ ਮੈਂਬਰਾਂ ਦੀ ਗਿਣਤੀ ਜਿਸਤ ਸੰਖਿਆ (Even Number) ਨਹੀਂ ਹੋਣੀ ਚਾਹੀਦੀ। ਸਾਲਸੀ ਟ੍ਰਿਬਿਊਨਲ ਦੇ ਮੈਂਬਰ ਕਿਸੇ ਇੱਕ ਵਿਅਕਤੀ ਨੂੰ ਟ੍ਰਿਬਿਊਨਲ ਦਾ ਪ੍ਰਧਾਨ (President) ਚੁਣ ਲੈਂਦੇ ਹਨ। ਕਈ ਵਾਰ ਅਦਾਲਤਾਂ ਵੀ ਕੋਈ ਮਾਮਲਾ ਸੰਬੰਧਤ ਧਿਰਾਂ ਦੀ ਸਹਿਮਤੀ ਨਾਲ ਸਾਲਸੀ ਟ੍ਰਿਬਿਊਨਲ ਦੇ ਕੋਲ ਭੇਜ ਦਿੰਦੀਆਂ ਹਨ। ਕੇਂਦਰ ਸਰਕਾਰ ਯੋਗ ਸਾਲਸੀ ਵਿਅਕਤੀਆਂ ਦੇ ਨਾਂਅ ਸੁਝਾਅ ਕਰਦੀ ਹੈ ਅਤੇ ਉਹ ਤਜਰਬੇਕਾਰ ਵਿਅਕਤੀਆਂ ਦਾ ਇੱਕ ਰੋਸਟਰ ਜਾਰੀ ਕਰਦੀ ਹੈ। ਸਾਲਸੀ ਟ੍ਰਿਬਿਊਨਲ ਕੋਲ ਸੰਬੰਧਤ ਪਾਰਟੀਆਂ ਨੂੰ ਸਭ ਤੋਂ ਪਹਿਲਾਂ ਲਿਖਤੀ ਬੇਨਤੀ ਦੇਣੀ ਪੈਂਦੀ ਹੈ, ਇਸ ਵਿੱਚ ਸੰਬੰਧਤ ਧਿਰਾਂ ਕਿਸੇ ਸੰਭਾਵਿਤ ਭਵਿੱਖੀ ਅਪੀਲ ਕਰਨ ਲਈ ਹਿੰਦੁਸਤਾਨ ਜਾਂ ਵਿਦੇਸ਼ ਵਿੱਚ ਕਿਸੇ ਅਦਾਲਤ 'ਤੇ ਸਹਿਮਤੀ ਦਿੰਦੀਆਂ ਹਨ। ਕੌਮਾਂਤਰੀ ਪੱਧਰ 'ਤੇ ਸਿੰਗਾਪੁਰ ਅਤੇ ਬਰਤਾਨੀਆ ਦੇ ਸਾਲਸੀ ਪ੍ਰਬੰਧ ਨੂੰ ਸਭ ਤੋਂ ਵੱਧ ਭਰੋਸੇਯੋਗ ਮੰਨਿਆ ਜਾਂਦਾ ਹੈ। ਕੌਮਾਂਤਰੀ ਪੱਧਰ 'ਤੇ ਹੋਏ ਸਾਲਸੀ ਫੈਸਲਿਆਂ (Arbitration Awards) ਨੂੰ ਦੇਸ਼ ਦੀਆਂ ਅਦਾਲਤਾਂ ਦੁਆਰਾ ਲਾਗੂ ਕੀਤਾ ਜਾਂਦਾ ਹੈ, ਜਿਹਾ ਕਿ 1958 ਦੀ ਨਿਊਯਾਰਕ ਕਨਵੈਨਸ਼ਨ (Convention On the Recognition and Enforcement of Foreign Arbitration Awards 1958) ਰਾਹੀਂ ਨਿਰਧਾਰਤ ਕੀਤਾ ਗਿਆ ਸੀ। ਇਸ ਉੱਪਰ ਭਾਰਤ ਸਮੇਤ ਕੁਲ ਆਲਮ ਦੇ 163 ਮੈਂਬਰ ਦੇਸ਼ਾਂ ਦੇ ਦਸਖ਼ਤ ਹਨ।

ਰਿਟਾਇਰਮੈਂਟ ਤੋਂ ਬਾਅਦ ਹਾਈਕੋਰਟ ਦੇ ਜੱਜਾਂ ਨੂੰ ਆਪਣੀਆਂ ਹਾਈਕੋਰਟਾਂ ਵਿੱਚ ਅਤੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਮੁਲਕ ਭਰ ਦੀਆਂ ਸਾਰੀਆਂ ਅਦਾਲਤਾਂ ਵਿੱਚ ਕਾਨੂੰਨ ਦੀ ਪ੍ਰੈਕਟਿਸ ਕਰਨ ਦੀ ਇਜਾਜ਼ਤ ਨਹੀਂ ਤਾਂ ਜੋ ਨਿਰਪੱਖਤਾ ਬਣੀ ਰਹੇ। ਕੁੱਝ ਕੁ ਕੇਸਾਂ ਨੂੰ ਛੱਡ ਕੇ ਜਦੋਂ ਰਿਟਾਇਰਮੈਂਟ ਤੋਂ ਬਾਅਦ ਜੱਜ ਸਾਹਿਬਾਨ ਨੇ ਰਾਜਪਾਲ, ਰਾਜ ਸਭਾ ਦੀ ਮੈਂਬਰੀ, ਜਾਂ ਕਿਸੇ ਕਮਿਸ਼ਨ ਦੇ ਚੇਅਰਮੈਨ ਆਦਿ ਦੀ ਸਰਕਾਰੀ ਮਿਹਰਬਾਨੀ ਕਬੂਲ ਕੀਤੀ ਹੋਵੇ, ਬਹੁਗਿਣਤੀ ਜੱਜ ਸਾਹਿਬਾਨ ਰਿਟਾਇਰਮੈਂਟ ਤੋਂ ਬਾਅਦ ਸਾਲਸੀ ਟ੍ਰਿਬਿਊਨਲਾਂ ਆਦਿ ਰਾਹੀਂ ਆਪਣੇ ਆਪ ਨੂੰ ਪ੍ਰੋਫੈਸ਼ਨਲ ਰੁਝੇਵਿਆਂ ਵਿੱਚ ਬਣਾਈ ਰੱਖਦੇ ਹਨ।

**ਸਾਲਸੀ ਟ੍ਰਿਬਿਊਨਲ** : ਜਿਸ ਸਾਲਸੀ ਟ੍ਰਿਬਿਊਨਲ ਦਾ ਫੈਸਲਾ (Award) ਸਿੰਗਾਪੁਰ ਦੀ ਕੋਰਟ ਆਫ਼ ਅਪੀਲ ਨੇ ਰੱਦ ਕੀਤਾ ਹੈ, ਉਸ ਟ੍ਰਿਬਿਊਨਲ ਦੇ ਮੈਂਬਰਾਂ 'ਤੇ ਇੱਕ ਪੰਛੀ ਝਾਤ ਮਾਰ ਲੈਣੀ ਮੁਨਾਸਿਬ ਰਹੇਗੀ। ਜਸਟਿਸ ਦੀਪਕ ਮਿਸ਼ਰਾ ਮਿਤੀ 28.08.2017 ਤੋਂ 02.10.2018 ਤੱਕ ਸੁਪਰੀਮ ਕੋਰਟ ਦੇ 45ਵੇਂ ਚੀਫ਼ ਜਸਟਿਸ ਰਹੇ। ਜਸਟਿਸ ਦੀਪਕ ਮਿਸ਼ਰਾ, ਮਿਤੀ 25.09.1990 ਤੋਂ 24.11.1991 ਤੱਕ ਭਾਰਤ ਦੇ 21ਵੇਂ ਚੀਫ਼ ਜਸਟਿਸ ਰਹੇ ਸ੍ਰੀ ਰੰਗਾ ਨਾਥ ਮਿਸ਼ਰਾ ਦੇ ਭਤੀਜੇ ਹਨ। ਜਸਟਿਸ ਦੀਪਕ ਮਿਸ਼ਰਾ ਦੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸਮੇਂ ਦੌਰਾਨ ਹੀ ਇੱਕ ਅਨੋਖੀ ਘਟਨਾ ਵਾਪਰੀ ਸੀ, ਜਦੋਂ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਸਰਵਸ੍ਰੀ ਰੰਜਨ ਗੋਗੋਈ, ਜੇ ਚੇਲਾਮੇਸਵਰ, ਮਦਨ ਲੋਕੁਰ ਅਤੇ ਕੁਰੀਅਨ ਜੋਸਫ ਨੇ ਪ੍ਰੈੱਸ ਕਾਨਫਰੰਸ ਕਰਕੇ ਜਨਤਕ ਤੌਰ 'ਤੇ ਜਸਟਿਸ ਦੀਪਕ ਮਿਸ਼ਰਾ ਵੱਲੋਂ ਅੰਦਰੂਨੀ ਕੰਮ-ਵੰਡ ਅਤੇ ਉਹਨਾਂ ਦੇ ਕੰਮ ਕਰਨ ਦੇ ਤਰੀਕਿਆਂ 'ਤੇ ਕਿੰਤੂ ਕੀਤਾ ਸੀ। ਇਹ ਸੁਪਰੀਮ ਕੋਰਟ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਸੀ। ਜਸਟਿਸ ਕ੍ਰਿਸ਼ਨ ਕੁਮਾਰ ਲਹੋਟੀ (K.K. Lahoti) ਇਸ ਸਾਲਸੀ ਟ੍ਰਿਬਿਊਨਲ ਦੇ ਦੂਸਰੇ ਮੈਂਬਰ ਸਨ ਜੋ ਮੱਧ ਪ੍ਰਦੇਸ਼ ਹਾਈਕੋਰਟ ਦੇ ਸਾਬਕਾ ਜੱਜ ਹਨ। ਜਸਟਿਸ ਕੇ ਕੇ ਲਹੋਟੀ, ਸੁਪਰੀਮ ਕੋਰਟ ਦੇ ਮਿਤੀ 01.06.2004 ਤੋਂ 31.10.2005 ਤੱਕ 35ਵੇਂ ਚੀਫ਼ ਜਸਟਿਸ ਰਹੇ ਸ੍ਰੀ ਰਮੇਸ਼ ਚੰਦਰ ਲਹੋਟੀ ਦੇ ਭਰਾ ਹਨ। ਜਸਟਿਸ ਗੀਤਾ ਮਿੱਤਲ ਮਿਤੀ 16.07.2009 ਤੋਂ 10.08.2018 ਤੱਕ ਦਿੱਲੀ ਹਾਈਕੋਰਟ ਦੇ ਜੱਜ ਹਨ, ਜਿਹਨਾਂ ਦੀ ਨਾਮਜ਼ਦਗੀ (Nomination) ਜਸਟਿਸ ਰਮੇਸ਼ ਚੰਦਰ ਲਹੋਟੀ ਨੇ ਕੀਤੀ ਸੀ ਅਤੇ ਉਸ ਤੋਂ ਬਾਅਦ ਉਹ ਮਿਤੀ 11.08.2018 ਤੋਂ 08.12.2020 ਤੱਕ ਜੰਮੂ ਕਸ਼ਮੀਰ ਹਾਈਕੋਰਟ ਦੇ ਬਤੌਰ ਚੀਫ਼ ਜਸਟਿਸ । ਜੰਮੂ ਕਸ਼ਮੀਰ ਦੇ ਚੀਫ਼ ਜਸਟਿਸ ਵਜੋਂ ਉਹਨਾਂ ਦੀ ਨਾਮਜ਼ਦਗੀ (Nomination) ਜਸਟਿਸ ਦੀਪਕ ਮਿਸ਼ਰਾ ਵੱਲੋਂ ਕੀਤੀ ਗਈ ਸੀ।

**ਸਾਲਸੀ ਝਗੜਾ** : ਅਗਸਤ 2015 ਵਿੱਚ ਪੱਛਮੀ ਸਪੈਸ਼ਲ ਰੇਲਵੇ ਲਾਈਨ (Western Dedicated Freight Corridor) ਦੀ ਸਪੈਸ਼ਲ ਪਰਪਿਜ਼ ਵਹੀਕਲਜ਼ (Special Purpose Vehicles) ਵੱਲੋਂ ਤਿੰਨ ਕੰਪਨੀਆਂ ਨੂੰ ਟੈਂਡਰ ਅਲਾਟ ਕੀਤਾ ਗਿਆ ਸੀ। ਸੰਨ 2017 ਵਿੱਚ ਭਾਰਤ ਸਰਕਾਰ ਵੱਲੋਂ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕੀਤਾ ਗਿਆ। ਇਹ ਵਾਧੂ ਖਰਚਾ ਟੈਂਡਰ ਹਾਸਲ ਕਰਨ ਵਾਲੀਆਂ ਤਿੰਨ ਕੰਪਨੀਆਂ ਨੂੰ ਝੱਲਣਾ ਪੈਣਾ ਸੀ ਅਤੇ ਵਾਧੂ ਪੇਮੈਂਟ ਕਰਨੀ ਪੈਣੀ ਸੀ। ਇਸ ਦੇ ਖਿਲਾਫ਼ ਤਿੰਨੋਂ ਕੰਪਨੀਆਂ ਅਤੇ ਸਪੈਸ਼ਲ ਪਰਪਿਜ਼ ਵਹੀਕਲਜ਼ ਵਿਚਕਾਰ ਝਗੜਾ ਜਸਟਿਸ ਦੀਪਕ ਮਿਸ਼ਰਾ ਦੀ ਪ੍ਰਧਾਨਗੀ ਹੇਠ ਸਾਲਸੀ ਟ੍ਰਿਬਿਊਨਲ ਕੋਲ ਪਹੁੰਚਿਆ। ਇਸ ਸਾਲਸੀ ਟ੍ਰਿਬਿਊਨਲ ਨੇ ਕੰਪਨੀਆਂ ਦੇ ਹੱਕ ਵਿੱਚ ਸਾਲਸੀ ਫੈਸਲਾ (Arbitration Award) ਦਿੱਤਾ।

**ਕੋਰਟ ਆਫ਼ ਅਪੀਲ** : ਇਸ ਫੈਸਲੇ ਖ਼ਿਲਾਫ਼ ਸਿੰਗਾਪੁਰ ਦੀ ਕੋਰਟ ਆਫ਼ ਅਪੀਲ ਵਿੱਚ ਸੁਣਵਾਈ ਹੋਈ। ਇਸ ਦੇ ਦੋ ਜੱਜਾਂ ਸੁੰਦਰੇਸ਼ ਮੈਨਨ ਅਤੇ ਸਟੀਵਨ ਚੌਂਗ ਆਧਾਰਤ ਬੈਂਚ ਨੇ ਉਪਰੋਕਤ ਸਾਲਸੀ ਟ੍ਰਿਬਿਊਨਲ ਦੇ ਫੈਸਲੇ ਦੀ ਬਾਰੀਕੀ ਨਾਲ ਘੋਖ ਕੀਤੀ। ਅਪੀਲੀ ਕੋਰਟ ਨੇ ਸਿੱਟਾ ਕੱਢਿਆ ਕਿ ਜਸਟਿਸ ਦੀਪਕ ਮਿਸ਼ਰਾ ਨੇ ਆਪਣੇ ਵੱਲੋਂ ਪਹਿਲਾਂ ਕੀਤੇ ਦੋ ਸਾਲਸੀ ਫੈਸਲਿਆਂ (Arbitration Awards) ਦੇ 451 ਪੈਰਿਆਂ ਵਿੱਚੋਂ 212 ਪੈਰੇ ਜੋ ਕਿ ਉਹਨਾਂ ਫੈਸਲਿਆਂ ਦਾ ਕੁੱਲ 47% ਬਣਦਾ ਹੈ, ਬਿਲਕੁੱਲ ਹੂਬਹੂ ਫਿੱਟ (Copy paste) ਕਰ ਦਿੱਤੇ ਹਨ। ਕੋਰਟ ਆਫ਼ ਅਪੀਲ ਨੇ ਆਪਣੇ ਚਾਲੀ ਸਫਿਆਂ ਦੇ ਫੈਸਲੇ ਵਿੱਚ ਲਿਖਿਆ ਹੈ ਕਿ ਇਸ ਝਗੜੇ ਅਤੇ ਪੁਰਾਣੇ ਦੋਵਾਂ ਝਗੜਿਆਂ ਵਿੱਚ ਦਲੀਲਾਂ (Arguments) ਵੀ ਵੱਖਰੀਆਂ ਸਨ ਅਤੇ ਤੱਥ (Facts) ਵੀ, ਫ਼ਿਰ ਵੀ ਪਹਿਲੇ ਦੋਵਾਂ ਫੈਸਲਿਆਂ ਦੇ ਪੈਰੇ ਨਮੂਨਿਆਂ (Templates) ਦੀ ਤਰ੍ਹਾਂ ਵਰਤ ਲਿਆ ਗਿਆ, ਜਿਸ ਨਾਲ ਕਾਫ਼ੀ ਵੱਡੇ ਨਾਕਾਰਾਤਮਕ ਪ੍ਰਭਾਵ ਹੋ ਸਕਦੇ ਹਨ। ਜਸਟਿਸ ਦੀਪਕ ਮਿਸ਼ਰਾ ਦੇ ਸਾਲਸੀ ਟ੍ਰਿਬਿਊਨਲ ਨੇ ਆਜ਼ਾਦਾਨਾ ਤੌਰ 'ਤੇ ਸੰਬੰਧਤ ਧਿਰਾਂ ਦੇ ਪੱਖ ਨੂੰ ਵਾਚਿਆ ਹੀ ਨਹੀਂ। ਅਪੀਲੀ ਕੋਰਟ ਨੇ ਇਹ ਤਾਂ ਲਿਖਿਆ ਹੈ ਕਿ ਇੱਕ ਤਰ੍ਹਾਂ ਦੇ ਪਹਿਲਾਂ ਹੋਏ ਫੈਸਲਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਪਰ ਇੱਕ ਤਾਂ ਇਸ ਕੇਸ ਦੇ ਤੱਥ ਹੋਰ ਸਨ ਅਤੇ ਇਸ ਕੇਸ ਦਾ ਫੈਸਲਾ ਲਿਖਦਿਆਂ ਨਾ ਤਾਂ ਸੰਬੰਧਤ ਧਿਰਾਂ ਅਤੇ ਨਾ ਹੀ ਸਾਲਸੀ ਟ੍ਰਿਬਿਊਨਲ ਦੇ ਬਾਕੀ ਦੋਵਾਂ ਮੈਂਬਰਾਂ ਜਸਟਿਸ ਕੇ ਕੇ ਲਹੋਟੀ ਅਤੇ ਜਸਟਿਸ ਗੀਤਾ ਮਿੱਤਲ ਨੂੰ ਇਸ ਦੀ ਕੋਈ ਜਾਣਕਾਰੀ ਜਾਂ ਪਹੁੰਚ ਸੀ। ਇਸ ਨਾਲ ਉਹਨਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਇਸ ਤਰ੍ਹਾਂ ਦਾ ਅਸਾਧਾਰਨ ਵਿਵਹਾਰ ਧਾਰਨ ਕਰਕੇ ਕੁਦਰਤੀ ਇਨਸਾਫ਼ ਦੇ ਤਕਾਜ਼ੇ ਦੀ ਸਿੱਧੀ ਉਲੰਘਣਾ ਹੈ। ਕੋਈ ਵੀ ਇਨਸਾਫ਼ ਪਸੰਦ ਅਤੇ ਕਾਨੂੰਨ ਦਾ ਜਾਣਕਾਰ ਵਿਅਕਤੀ ਸਮਝ ਸਕਦਾ ਹੈ ਕਿ ਜਸਟਿਸ ਦੀਪਕ ਮਿਸ਼ਰਾ ਦੇ ਸਾਲਸੀ ਟ੍ਰਿਬਿਊਨਲ ਨੇ ਇਸ ਕੇਸ ਨੂੰ ਧਿਆਨ ਨਾਲ ਵਾਚਿਆ ਹੀ ਨਹੀਂ (Non-application of Mind) ਜਿਸ ਨਾਲ ਫੈਸਲੇ ਲੈਣ ਦੀ ਪ੍ਰਕਿਰਿਆ ਦੀ ਦਿਆਨਤਦਾਰੀ ਹੀ ਸ਼ੱਕ ਦੇ ਘੇਰੇ ਵਿੱਚ ਆ ਗਈ ਹੈ।

ਕੋਰਟ ਆਫ਼ ਅਪੀਲ ਦੇ ਦੋਵਾਂ ਮਾਣਯੋਗ ਜੱਜਾਂ ਨੇ ਇਹ ਕਹਿੰਦਿਆਂ ਸਾਲਸੀ ਟ੍ਰਿਬਿਊਨਲ ਦੇ ਮੈਂਬਰਾਂ ਦਾ ਬਚਾਅ ਕੀਤਾ ਹੈ ਕਿ ਉਹਨਾਂ ਦਾ ਬੈਂਚ ਸਾਲਸੀ ਟ੍ਰਿਬਿਊਨਲ ਦੇ ਮੈਂਬਰਾਂ 'ਤੇ ਕੋਈ ਦੋਸ਼ ਨਹੀਂ ਲਗਾ ਰਿਹਾ ਹੈ ਪਰ ਉਹਨਾਂ ਦਾ ਮਕਸਦ ਤਾਂ ਸਾਲਸੀ ਪ੍ਰਬੰਧ (Arbitration Protocol) ਦੀ ਦਿਆਨਤਦਾਰੀ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਣਾ ਹੈ, ਪਰ ਕਿਸੇ ਵੀ ਅਦਾਲਤ ਵੱਲੋਂ ਇਸ ਤਰ੍ਹਾਂ ਦੀਆਂ ਅਪੀਲਾਂ ਵਿੱਚ ਸਾਲਸੀ ਟ੍ਰਿਬਿਊਨਲ ਦੇ ਮੈਂਬਰਾਂ ਦੇ ਨਾਂਅ ਦਾ ਜ਼ਿਕਰ ਬਹੁਤ ਹੀ ਘੱਟ ਕੇਸਾਂ ਵਿੱਚ ਕੀਤਾ ਜਾਂਦਾ ਹੈ, ਜਿਵੇਂ ਕਿ ਇਸ ਕੇਸ ਵਿੱਚ ਸਾਲਸੀ ਟ੍ਰਿਬਿਊਨਲ ਦੇ ਮੈਂਬਰਾਂ ਦੇ ਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ।

ਇਸ ਸਾਲਸੀ ਟ੍ਰਿਬਿਊਨਲ ਦੇ ਦੋਵੇਂ ਮੈਂਬਰ ਜਸਟਿਸ ਕੇ ਕੇ ਲਹੋਟੀ ਅਤੇ ਜਸਟਿਸ ਗੀਤਾ ਮਿੱਤਲ, ਜਸਟਿਸ ਦੀਪਕ ਮਿਸ਼ਰਾ ਵੱਲੋਂ ਪਹਿਲਾਂ ਕੀਤੇ ਦੋ ਸਾਲਸੀ ਫੈਸਲਿਆਂ (Arbitration Awards) ਵਿੱਚ ਸ਼ਾਮਲ ਨਹੀਂ ਸਨ ਅਤੇ ਇਸ ਤਰ੍ਹਾਂ ਜਾਪਦਾ ਹੈ ਕਿ ਜਸਟਿਸ ਦੀਪਕ ਮਿਸ਼ਰਾ ਨੇ ਬਤੌਰ ਪ੍ਰਧਾਨ ਸਾਲਸੀ ਟ੍ਰਿਬਿਊਨਲ (President Arbitration Tribunal) ਆਪਣੇ ਪੱਧਰ 'ਤੇ ਹੀ ਆਪਣੇ ਪਹਿਲੇ ਦੋ ਫੈਸਲਿਆਂ ਦੇ 451 ਪੈਰਿਆਂ ਵਿੱਚੋਂ 212 ਪੈਰੇ ਇਸ ਫੈਸਲੇ ਵਿੱਚ ਫਿੱਟ (Copy paste) ਕਰ ਦਿੱਤੇ।

ਹਿੰਦੁਸਤਾਨ ਵਿੱਚ ਕਿਸੇ ਵੀ ਅਦਾਲਤੀ ਫੈਸਲੇ ਦੀ ਨੁਕਤਾਚੀਨੀ ਕਰਨ ਦੀ ਇਜਾਜ਼ਤ ਨਹੀਂ ਹੈ, ਕਿਉਂਕਿ ਇਹ ਅਦਾਲਤੀ ਹੱਤਕ ਦਾ ਮਾਮਲਾ ਬਣ ਸਕਦਾ ਹੈ, ਪਰ ਜਦੋਂ ਕਿਸੇ ਦੂਸਰੇ ਮੁਲਕ ਦੀ ਸਰਬ-ਉੱਚ ਅਦਾਲਤ, ਸਾਡੀ ਸਰਬ-ਉੱਚ ਅਦਾਲਤ ਦੇ ਕਿਸੇ ਸਾਬਕਾ ਚੀਫ਼ ਜਸਟਿਸ ਦੇ ਫੈਸਲੇ ਵਿੱਚ ਦਿਆਨਤਦਾਰੀ ਦੀ ਘਾਟ ਪਾਉਂਦੀ ਹੈ ਤਾਂ ਬਹੁਤ ਸਾਰੇ ਸਵਾਲ ਸਾਡੇ ਸਾਰਿਆਂ ਦੇ ਸਾਹਮਣੇ ਰੂਬਰੂ ਆ ਹੁੰਦੇ ਹਨ।


**ਸੰਪਰਕ**-98728-44163

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਲੇਖਣ ਦਾ ਜਨੂੰਨ ਤੇ ਜ਼ਿੰਦਗੀ ਦੇ ਸੰਘਰਸ਼ ਦਾ ਬਿਰਤਾਂਤ

## ਜੀਵਨ ਮਦਿਰਾ

**ਚਾਰਲਸ ਗੁਰਹਾਮ**
**ਅਨੁ : ਜੰਗ ਬਹਾਦੁਰ ਗੋਇਲ**
**ਸਫੇ : 416, ਮੁੱਲ : 595**
**ਸਿੰਘ ਬ੍ਰਦਰਜ਼, ਅੰਮ੍ਰਿਤਸਰ**





**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਪਰਮਜੀਤ ਢੀਂਗਰਾ**

ਸੰਸਾਰ ਦੇ ਕਲਾਸੀਕਲ ਸਾਹਿਤ ਵਿਚ ਓਨੋਰੇ ਦ ਬਾਲਜ਼ਾਕ ਦਾ ਨਾਂਅ ਬਹੁਤ ਵੱਡਾ ਹੈ। ਉੱਨੀਵੀਂ ਸਦੀ ਵਿਚ ਜਦੋਂ ਫਰਾਂਸ ਕ੍ਰਾਂਤੀ ਦੇ ਮੁਹਾਨੇ ’ਤੇ ਖੜਾ ਸੀ, ਉਸ ਸਮੇਂ ਬਾਲਜ਼ਾਕ ਨੇ ਫਰਾਂਸੀਸੀ ਸੱਭਿਆਚਾਰ ਤੇ ਕੁਲੀਨ ਕੀਮਤਾਂ ਦੇ ਹੱਕ ਵਿਚ ਆਪਣੀ ਆਵਾਜ਼ ਉਠਾਈ, ਪਰ ਜਲਦੀ ਹੀ ਉਹਨੂੰ ਅਹਿਸਾਸ ਹੋ ਗਿਆ ਕਿ ਫਰਾਂਸ ਵਿਚ ਰਾਜ ਸੱਤਾ ਖਿਲਾਫ਼ ਜਿਹੜੀਆਂ ਆਵਾਜ਼ਾਂ ਬੁਲੰਦ ਹੋ ਰਹੀਆਂ ਹਨ, ਉਹ ਵਧੇਰੇ ਤਾਕਤਵਰ ਹਨ ਤੇ ਹੁਣ ਰਾਜਾਸ਼ਾਹੀ ਇਸ ਤੋਂ ਬਚ ਨਹੀਂ ਸਕਦੀ। ਉਹਦੀ ਜ਼ਿੰਦਗੀ ਅਜੀਬ ਤਰ੍ਹਾਂ ਦੇ ਵਿਰੋਧਾਭਾਸਾਂ ਵਿਚ ਘਿਰੀ ਨਜ਼ਰ ਆਉਂਦੀ ਹੈ। ਉਹ ਸਾਰੀ ਉਮਰ ਪੈਸੇ, ਪਿਆਰ, ਸ਼ਾਨੋ-ਸ਼ੌਕਤ, ਸੈਕਸ ਤੇ ਸ਼ੋਸ਼ਣ ਦੇ ਭੰਵਰਾਂ ਵਿਚ ਫਸਿਆ ਘੁੰਮਦਾ ਰਿਹਾ।

ਚਾਰਲਸ ਗੁਰਹਾਮ ਨੇ ਆਪਣੇ ਨਾਵਲ ‘ਦ ਵਾਈਨ ਔਫ ਲਾਈਫ’, ਜਿਸ ਦਾ ਪੰਜਾਬੀ ਵਿਚ ਅਨੁਵਾਦ ‘ਜੀਵਨ ਮਦਿਰਾ’ ਨਾਂਅ ਹੇਠ ਉੱਘੇ ਲੇਖਕ ਜੰਗ ਬਹਾਦਰ ਗੋਇਲ ਨੇ ਕੀਤਾ ਹੈ। ਬਾਲਜ਼ਾਕ ਦੇ ਉਪਰ ਦੱਸੇ ਭੰਵਰਾਂ ਵਿਚ ਘਿਰਿਆ ਹੋਇਆ ਹੈ। ਇਸ ਦੀ ਵੱਡੀ ਖਾਸੀਅਤ ਇਹ ਹੈ ਕਿ ਚਾਰਲਸ ਗੁਰਹਾਮ ਨੇ ਬੜੀ ਖੋਜ ਤੇ ਮਿਹਨਤ ਨਾਲ ਬਾਲਜ਼ਾਕ ਦੀ ਜ਼ਿੰਦਗੀ ਨਾਲ ਜੁੜੇ ਵੇਰਵੇ ਤੇ ਘਟਨਾਵਾਂ ਇਕੱਠੀਆਂ ਕੀਤੀਆਂ, ਉਹ ਉਨ੍ਹਾਂ ਥਾਵਾਂ ’ਤੇ ਗਿਆ, ਜਿਹੜੀਆਂ ਬਾਲਜ਼ਾਕ ਦੀਆਂ ਮਨ ਭਾਉਂਦੀਆਂ ਸਨ ਤੇ ਫਿਰ ਉਨ੍ਹਾਂ ਨੂੰ ਆਪਣੀ ਕਲਾਤਮਿਕਤਾ ਨਾਲ ਨਾਵਲੀ ਰੂਪ ਦਿੱਤਾ। ਉਹਨੇ ਉਹੀ ਵੇਰਵੇ ਤੇ ਘਟਨਾਵਾਂ ਦੀ ਚੋਣ ਕੀਤੀ, ਜੋ ਉਹਦੇ ਫ੍ਰੇਮ ਵਰਕ ਲਈ ਲੋੜੀਂਦੀਆਂ ਸਨ। ਇਸ ਲਿਹਾਜ਼ ਨਾਲ ਇਹ ਨਾਵਲ ਵੀ ਬਾਲਜ਼ਾਕ ਦੇ ਨਾਵਲਾਂ ਵਾਂਗ ਕਲਾਸੀਕਲ ਰੂਪ ਅਖਤਿਆਰ ਕਰ ਗਿਆ।

ਇਸ ਨਾਵਲ ਦੀ ਸ਼ੁਰੂਆਤ ‘ਇਨਕਲਾਬ ਦੀ ਹਨੇਰੀ’ ਨਾਲ ਹੁੰਦੀ ਹੈ, ਜਿਸ ਨੇ ਪੈਰਿਸ ਦੀ ਕਿਸਮਤ ਬਦਲ ਦਿੱਤੀ। ਇਸ ਬਾਰੇ ਅਲਬੇਅਰ ਕਾਮੂ ਦੇ ਆਖੇ ਸ਼ਬਦ ਬੜੇ ਮਾਨੀਖੇਜ਼ ਹਨ-

‘ਦਿਲ ਦੇ ਮਾਮਲੇ ਵਿਚ ਬੇਸ਼ੱਕ ਪੈਰਿਸ ਇਕ ਮਾਰੂਥਲ ਵਾਂਗ ਹੈ, ਪਰ ਕਦੇ-ਕਦੇ ਪੈਰ-ਲਾਸ਼ੈਜ਼ ਦੀ ਪਹਾੜੀ ਤੋਂ ਇਨਕਲਾਬ ਦੀ ਅਜਿਹੀ ਹਨੇਰੀ ਚੱਲਦੀ ਹੈ, ਜਿਸ ਨਾਲ ਇਸ ਸ਼ਹਿਰ ਵਿਚ ਇਨਕਲਾਬ ਦੇ ਪਰਚਮ ਲਹਿਰਾਉਣ ਲੱਗਦੇ ਹਨ ਤੇ ਤਾਜੋ-ਤਖ਼ਤ ਮਿੱਟੀ ਵਿਚ ਰੁਲ ਜਾਂਦੇ ਹਨ।’

ਉਹਦੇ ਜਨਮ ਬਾਰੇ ਸੂਚਨਾ ਸਰਕਾਰੀ ਰਜਿਸਟਰ ਵਿਚ ਇਸ ਤਰ੍ਹਾਂ ਦਰਜ ਕੀਤੀ ਗਈ, ‘21 ਮਈ 1799 ਨੂੰ ਇਕ ਸਥਾਨਕ ਨਿਵਾਸੀ ਬਰਨਾਰਡ ਫ਼ਰੈਂਕਵਿਸ ਬਾਲਜ਼ਾਕ ਨੇ ਸੂਚਨਾ ਦਿੱਤੀ ਹੈ ਕਿ ਉਸ ਦੇ ਘਰ ਇਕ ਬੇਟੇ ਦਾ ਜਨਮ ਹੋਇਆ ਹੈ। ਇਸ ਬੱਚੇ ਦਾ ਨਾਂਅ ਓਨੋਰੇ ਦ ਬਾਲਜ਼ਾਕ ਦਰਜ ਕੀਤਾ ਜਾ ਰਿਹਾ ਹੈ ਤਾਂ ਜੋ ਰਿਕਾਰਡ ਰਹੇ।’ ਇਸ ਤੋਂ ਬਾਅਦ ਕਲਰਕ ਆਪਣੀ ਕਲਮ ਰੱਖ ਦੇਂਦਾ ਹੈ। ਇਸ ਨਪੀ-ਤੁਲੀ ਤੇ ਸੰਖੇਪ ਭਾਸ਼ਾ ਵਿਚ ਦਰਜ ਕੀਤੀ ਸੂਚਨਾ ’ਤੇ ਪ੍ਰਤੀਕਿਰਿਆ ਦੇਂਦਾ ਉਹਦਾ ਪਿਤਾ ਬਰਨਾਰਡ ਕਹਿੰਦਾ ਹੈ-‘ਫਰਾਂਸੀਸੀ ਗਣਰਾਜ ਵੀ ਇਕ ਅਜੂਬਾ ਹੈ। ਜਨਮ-ਮਰਨ, ਸ਼ਾਦੀ-ਤਲਾਕ, ਚੋਰੀ-ਕਤਲ ਆਦਿ ਦੀ ਸੂਚਨਾ ਬਸ ਇਕੋ ਜਿਹੀ ਨਪੀ-ਤੁਲੀ ਭਾਸ਼ਾ ’ਚ ਦਰਜ ਕੀਤੀ ਜਾਂਦੀ ਹੈ, ਪਰ ਮੇਰੇ ਦੋਸਤ ! ਮੈਂ ਤੈਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪੈਰਿਸ ’ਚ ਬੋਨਾਪਾਰਟ ਦੀ ਹਕੂਮਤ ਆਉਂਦਿਆਂ ਸਭ ਕੁਝ ਬਦਲ ਜਾਵੇਗਾ।’

ਬਾਲਜ਼ਾਕ ਦਾ ਪਿਓ ਬਰਨਾਰਡ ਛੈਲ-ਛਬੀਲਾ ਹੈ ਤੇ ਉਹ ਹਮੇਸ਼ਾ ਕਹਿੰਦਾ ਹੈ-ਮੈਂ ਅੱਜ ਤੱਕ ਕਿਸੇ ਡਾਕਟਰ ਕੋਲ ਨਹੀਂ ਗਿਆ। ਆਪਣੀ ਜ਼ਿੰਦਗੀ ’ਚ ਮੈਂ ਸ਼ਰਾਬ, ਸ਼ਬਾਬ ਤੇ ਲਜ਼ੀਜ਼ ਭੋਜਨ ਦਾ ਰੱਜ ਕੇ ਅਨੰਦ ਮਾਣਿਆ ਹੈ। ਮੈਂ ਆਪਣੇ-ਆਪ ਨੂੰ ਵੱਡਭਾਗਾ ਸਮਝਦਾ ਹਾਂ ਤੇ ਹਰ ਪਲ ਕਾਇਨਾਤ ਦਾ ਸ਼ੁਕਰਗੁਜ਼ਾਰ ਹਾਂ, ਪਰ ਉਹਦੇ ਉਲਟ ਉਹਦੀ ਪਤਨੀ ਤੇ ਬਾਲਜ਼ਾਕ ਦੀ ਮਾਂ ਸ਼ਾਰਲੌਤ ਵੱਖਰੇ ਸੁਭਾਅ ਦੀ ਮਾਲਕ ਹੈ। ਬਾਲਜ਼ਾਕ ਦੇ ਜਨਮ ਤੋਂ ਬਾਅਦ ਉਹਦਾ ਵਿਹਾਰ ਨਫਰਤ ਭਰਿਆ ਨਜ਼ਰ ਆਉਂਦਾ ਹੈ। ਉਹ ਵਾਰ-ਵਾਰ ਕਹਿੰਦੀ ਹੈ ਕਿ ਇਸ ਨੂੰ ਮੇਰੀਆਂ ਅੱਖਾਂ ਤੋਂ ਦੂਰ ਲੈ ਜਾਓ, ਮੈਨੂੰ ਇਹਦੇ ਨਾਲ ਨਫ਼ਰਤ ਹੈ। ਇਹ ਕਾਲਾ ਤੇ ਬਦਸੂਰਤ ਹੈ। ਇਸ ਨੂੰ ਦੇਖ ਕੇ ਮੈਨੂੰ ਘਿਣ ਆਉਂਦੀ ਹੈ। ਮੈਨੂੰ ਇਕੱਲਿਆਂ ਛੱਡ ਦਿਓ ਤੇ ਸਾਰੇ ਏਥੋਂ ਦਫਾ ਹੋ ਜਾਓ।

ਸ਼ਾਰਲੌਤ ਐਨੀ ਤਾਂ ਨਵ-ਜਨਮੇ ਬੱਚੇ ਨੂੰ ਦੁੱਧ ਪਿਆਉਣ ਤੋਂ ਵੀ ਇਨਕਾਰ ਕਰ ਦੇਂਦੀ ਹੈ। ਉਹ ਆਪਣੀ ਛਾਤੀ ਦੇ ਦੁੱਧ ਨੂੰ ਨਿਚੋੜ ਕੇ ਬੋਤਲ ਵਿਚ ਭਰ ਲੈਂਦੀ ਤੇ ਫਿਰ ਟੱਬ ਵਿਚ ਰੋੜ੍ਹ ਦੇਂਦੀ। ਅਖੀਰ ਬਰਨਾਰਡ ਡਾਕਟਰ ਨੈਕੁਆਰ ਨਾਲ ਸਲਾਹ ਕਰਕੇ ਉਹਦੀ ਰਾਇ ਅਨੁਸਾਰ ਬੱਚੇ ਦੀ ਪਾਲਣਾ-ਪੋਸ਼ਣਾ ਲਈ ਉਹਨੂੰ ਕਿਸੇ ਅਨਾਥ ਆਸ਼ਰਮ ਭੇਜਣ ਦਾ ਵਿਚਾਰ ਬਣਾਉਂਦਾ ਹੈ।

ਅਸਲ ਵਿਚ ਬਰਨਾਰਡ ਆਪਣੀ ਪਤਨੀ ਦੀ ਫ਼ਿਤਰਤ ਤੋਂ ਚੰਗੀ ਤਰ੍ਹਾਂ ਵਾਕਫ਼ ਹੈ। ਉਹ ਨਫ਼ਰਤ ਤੇ ਜ਼ਹਿਰ ਨਾਲ ਭਰੀ ਔਰਤ ਹੈ, ਜੋ ਜ਼ਿੰਦਗੀ ਹੱਥੋਂ ਠੱਗੀ ਗਈ ਹੈ। ਬਰਨਾਰਡ ਨਾਲ ਉਹਦੀ ਸ਼ਾਦੀ ਬੇਮੇਲ ਹੈ ਤੇ ਉਹ ਇਸ ਨਾਲ ਸਮਝੌਤਾ ਨਹੀਂ ਕਰ ਸਕੀ। ਉਹ ਪਾਗਲ ਨਹੀਂ, ਬਦਨੀਅਤ ਹੈ। ਅਜਿਹੇ ਸੁਭਾਅ ਤੇ ਵਿਹਾਰ ਦਾ ਬਾਲਜ਼ਾਕ ’ਤੇ ਬੜਾ ਅਸਰ ਹੋਇਆ।

ਬਚਪਨ ਵਿਚ ਬਾਲਕ ਬਾਲਜ਼ਾਕ ਬੜਾ ਤਕੜਾ ਤੇ ਬਹਾਦਰ ਬੱਚਾ ਸੀ। ਉਹਦੇ ਵਾਲ ਬੜੇ ਸੰਘਣੇ, ਭੂਰੇ ਤੇ ਘੁੰਗਰਾਲੇ ਸਨ। ਉਹਨੂੰ ਦੇਖ ਕੋਈ ਨਹੀਂ ਸੀ ਕਹਿ ਸਕਦਾ ਉਹ ਜ਼ਾਲਮ ਮਾਂ ਦੇ ਸਾਏ ਹੇਠ ਪਲਿਆ ਬੱਚਾ ਹੈ। ਬਚਪਨ ਵਿਚ ਉਹ ਬੇਰੁਖੀ ਦਾ ਸ਼ਿਕਾਰ ਰਿਹਾ, ਜਿਸ ਕਰਕੇ ਉਹਦੇ ਅੰਦਰਲਾ ਮਨੁੱਖ ਦੱਬਿਆ ਘੁੱਟਿਆ ਤੇ ਸਵੈ ਨਾਲ ਸੰਘਰਸ਼ ਕਰਦਾ ਰਿਹਾ। ਐਨੀ ਸ਼ਾਰਲੌਤ ਦੀ ਅਜਿਹੀ ਸਥਿਤੀ ਬਾਰੇ ਲੇਖਕ ਲਿਖਦਾ ਹੈ ਕਿ-ਬੈਂਕਰ ਦੁਮੇਤ ਨੇ ਜਿਸ ਦਿਨ ‘ਸਰਵੈਂਟ ਕੁਆਟਰ’ ਵਿਚ ਉਸ ਦਾ ਸੀਲ ਭੰਗ ਕਰ ਦਿੱਤਾ, ਉਸ ਦਿਨ ਤੋਂ ਉਸ ਦੇ ਸਾਰੇ ਵਜੂਦ ਵਿਚ ਇਕ ਡੂੰਘਾ ਨਸੂਰ ਬਣ ਗਿਆ। ਉਪਰੋਂ ਬੇਮੇਲ ਸ਼ਾਦੀ ਨੇ ਉਹਨੂੰ ਚਿੜਚਿੜੀ ਤੇ ਤਲਖ ਸੁਭਾਅ ਦੀ ਮਾਲਕ ਬਣਾ ਦਿੱਤਾ।

ਸਿਰਫ਼ ਬਾਲਜ਼ਾਕ ਦੀ ਭੈਣ ਲਾਰਾ ਹੀ ਉਹਦੀ ਸਾਥੀ ਤੇ ਹਮਦਰਦ ਸੀ, ਜੋ ਪੂਰੀ ਜ਼ਿੰਦਗੀ ਉਹਦੇ ਨਾਲ ਨਿਭੀ। ਸਕੂਲੀ ਸਿੱਖਿਆ ਤੋਂ ਬਾਅਦ ਉਹਦੀ ਮਰਜ਼ੀ ਦੇ ਉਲਟ ਉਹਨੂੰ ਕਾਨੂੰਨ ਦੀ ਪੜ੍ਹਾਈ ਕਰਨ ਲਈ ਭੇਜ ਦਿੱਤਾ, ਪਰ ਇਹਦੇ ਵਿਚ ਉਹਦਾ ਮਨ ਨਹੀਂ ਸੀ ਰਮਦਾ। ਉਹਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਫਾਦਰ ਓਗੂਲ ਨੇ ਜਿਵੇਂ ਉਹਦੇ ਨਾਲ ਵਿਹਾਰ ਕੀਤਾ ਤੇ ਉਹਦੇ ਲਿਖੇ ਲੇਖ ਨੂੰ ਪਾੜ ਕੇ ਅੱਗ ਵਿਚ ਸੁੱਟ ਦਿੱਤਾ। ਇਸ ਨਾਲ ਉਹਨੂੰ ਪਾਦਰੀ ਨਾਲ ਵੀ ਨਫ਼ਰਤ ਹੋ ਗਈ। ਫਾਦਰ ਵੀ ਉਹਦੇ ਅਜ਼ਾਦ ਖਿਆਲਾਂ ਕਰਕੇ ਉਹਨੂੰ ਨਫ਼ਰਤ ਕਰਦਾ ਸੀ ਤੇ ਆਪਣੇ ਲਈ ਇਕ ਵੰਗਾਰ ਵੀ। ਬਾਲਜ਼ਾਕ ਕਲਪਨਾ ਵਿਚ ਕਈ ਕੁਝ ਚਿਤਵਦਾ ਰਹਿੰਦਾ।

ਅਖੀਰ ਜਦੋਂ ਬਾਲਜ਼ਾਕ ਨੇ ਐਲਾਨ ਕਰ ਦਿੱਤਾ ਕਿ ਉਹ ਸਿਰਫ਼ ਲੇਖਕ ਬਣ ਕੇ ਜ਼ਿੰਦਗੀ ਬਸਰ ਕਰੇਗਾ ਤਾਂ ਘਰ ਵਿਚ ਭੂਚਾਲ ਆ ਗਿਆ। ਸਾਰੇ ਉਹਨੂੰ ਸਮਝਾ ਰਹੇ ਸਨ, ਪਰ ਉਹਦਾ ਦ੍ਰਿੜ੍ਹ ਇਰਾਦਾ ਸੀ ਕਿ ਉਹ ਇਕ ਲੇਖਕ ਦੇ ਤੌਰ ’ਤੇ ਕਦੇ ਅਸਫ਼ਲ ਨਹੀਂ ਹੋਵੇਗਾ। ਫਿਰ ਵੀ ਬਰਨਾਰਡ ਨੇ ਉਹਨੂੰ ਆਖਰੀ ਵਾਰ ਇਕ ਨਿਪੁੰਨ ਸਿਆਸਤਦਾਨ ਵਾਂਗ ਸਮਝਾਉਂਦਿਆਂ ਕਿਹਾ-‘ਓਨੋਰੇ ਲੇਖਣ ਕਾਰਜ ਸੰਬੰਧੀ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਮਨ-ਪ੍ਰਚਾਵੇ ਲਈ ਇਹ ਇਕ ਸ਼ੁਗਲ ਤਾਂ ਹੋ ਸਕਦਾ ਹੈ, ਪਰ ਇਸ ਨੂੰ ਕਿੱਤੇ ਵਜੋਂ ਨਹੀਂ ਅਪਣਾਇਆ ਜਾ ਸਕਦਾ। ਸਾਹਿਤ ਵਿਚ ਵਿਚਕਾਰਲਾ ਰਾਹ ਕੋਈ ਨਹੀਂ ਹੁੰਦਾ। ਸਾਹਿਤ ਜਗਤ ਵਿਚ ਜਾਂ ਤਾਂ ਲੇਖਕ ਬਾਦਸ਼ਾਹ ਹੁੰਦਾ ਹੈ ਤੇ ਜਾਂ ਕੁਝ ਵੀ ਨਹੀਂ।’ ਬਾਲਜ਼ਾਕ ਦਾ ਸਪੱਸ਼ਟ ਉੱਤਰ ਸੀ ਕਿ ਜੇ ਇਹ ਗੱਲ ਹੈ ਤਾਂ ਉਹ ਸਾਹਿਤ ਦਾ ਬਾਦਸ਼ਾਹ ਬਣੇਗਾ। ਅਖੀਰ ਜਦੋਂ ਸਾਰੇ ਹਾਰ ਗਏ ਤਾਂ ਐਨੀ ਸ਼ਾਰਲੌਤ ਨੇ ਉਹਨੂੰ ਨੀਵਾਂ ਦਿਖਾਉਣ ਲਈ ਫ਼ੈਸਲਾ ਕਰ ਲਿਆ ਕਿ ਉਹਨੂੰ ਦੋ ਵਰ੍ਹਿਆਂ ਲਈ ਹਰ ਮਹੀਨੇ ਸਿਰਫ਼ 120 ਫਰੈਂਕ ਮਿਲਣਗੇ। ਇਨ੍ਹਾਂ ਦੋ ਵਰ੍ਹਿਆਂ ਵਿਚ ਉਹਨੂੰ ਆਪਣੀ ਪ੍ਰਤਿਭਾ ਦਾ ਪ੍ਰਮਾਣ ਦੇਣਾ ਪਵੇਗਾ, ਨਹੀਂ ਤਾਂ ਹਮੇਸ਼ਾ-ਹਮੇਸ਼ਾ ਲਈ ਲੇਖਕ ਬਣਨ ਦਾ ਵਿਚਾਰ ਤਿਆਗਣਾ ਪਵੇਗਾ। ਉਹ ਤਾਂ ਉਲਟਾ ਇਸ ਤੋਂ ਅੱਧਿਆਂ ਵਿਚ ਵੀ ਗੁਜ਼ਾਰਾ ਕਰਨ ਲਈ ਤਿਆਰ ਸੀ।

ਆਪਣੇ-ਆਪ ਨੂੰ ਲੇਖਕ ਸਾਬਤ ਕਰਨ ਲਈ ਹੁਣ ਬਾਲਜ਼ਾਕ ਨੂੰ ਸ਼ਾਂਤ ਜਗ੍ਹਾ ਦੀ ਲੋੜ ਸੀ। ਉਹਨੇ ਰਿਯੂ ਲੇਦਿਗਐਰ ਇਲਾਕੇ ਵਿਚ, ਜਿੱਥੇ ਕੋਈ ਵੀ ਰਹਿਣ ਲਈ ਤਿਆਰ ਨਹੀਂ ਸੀ, ਉੱਥੇ ਉਹਨੇ ਹਾਊਸ ਨੰਬਰ 9 ਦੀ ਪੰਜਵੀਂ ਮੰਜ਼ਲ ’ਤੇ ਇਕ ਪਰਛੱਤੀ ਰਹਿਣ ਲਈ ਲੈ ਲਈ। ਇਹ ਘਰ ਬੜਾ ਪੁਰਾਣਾ ਤੇ ਖੰਡਰਨੁਮਾ ਸੀ। ਛੱਤ ਤੱਕ ਪਹੁੰਚਣ ਲਈ ਵਿੰਗੀਆਂ ਤੇ ਹਨੇਰੀਆਂ ਪੌੜੀਆਂ ਨੂੰ ਪਾਰ ਕਰਨ ਦਾ ਕਸ਼ਟ ਸਹਿਣਾ ਪੈਂਦਾ ਸੀ। ਪਿਛਲੇ ਤੀਹ ਵਰ੍ਹਿਆਂ ਤੋਂ ਇਸ ਦੀ ਛੱਤ ਦੀ ਮੁਰੰਮਤ ਨਹੀਂ ਸੀ ਹੋਈ, ਪਰ ਬਾਲਜ਼ਾਕ ਨੇ ਇਸ ਨੂੰ ਆਪਣੀ ਲੇਖਣ ਭੂਮੀ ਵਜੋਂ ਚੁਣਿਆ ਸੀ। ਕੁਝ ਦਿਨਾਂ ਬਾਅਦ ਉਹਨੇ ਆਪ ਹੀ ਛੱਤ ਦੀ ਮੁਰੰਮਤ ਕਰ ਲਈ ਤੇ ਸਾਹਿਤ ਸਾਧਨਾ ਵਿਚ ਜੁਟ ਗਿਆ।

ਇਸ ਗੰਦੀ ਗਲੀ ਤੇ ਟੁੱਟੇ-ਭੱਜੇ ਘਰ ਵਿਚ ਰਹਿੰਦਿਆਂ ਹੀ ਉਹਨੂੰ ਅਹਿਸਾਸ ਹੋਇਆ ਕਿ ਗੁਰਬਤ ਵਿਚ ਵੀ ਆਦਮੀ ਆਪਣੇ ਟੀਚੇ ਹਾਸਲ ਕਰ ਸਕਦਾ ਹੈ। ਘਰ ਦੇ ਨੇੜੇ ਆਰਸਿਨਲ ਲਾਇਬਰੇਰੀ ਤੋਂ ਉਹਦੀ ਕਿਤਾਬਾਂ ਦੀ ਲੋੜ ਪੂਰੀ ਹੋ ਜਾਂਦੀ ਸੀ। ਏਥੋਂ ਦੀਆਂ ਸੜਕਾਂ ਹੀ ਹੁਣ ਉਹਦੀਆਂ ਅਧਿਆਪਕ ਸਨ। ਇਨ੍ਹਾਂ ’ਤੇ ਫਿਰਦਾ ਉਹ ਲੋਕਾਂ ਦੇ ਚਿਹਰੇ ਪੜ੍ਹਦਾ। ਉਹਦਾ ਆਪਣਾ ਪਹਿਰਾਵਾ ਵੀ ਮਜ਼ਦੂਰਾਂ, ਕਿਸਾਨਾਂ ਵਾਲਾ ਸੀ। ਇਸ ਗੰਦੀ ਬਸਤੀ ਦੇ ਲੋਕ ਉਹਨੂੰ ਇਨਕਲਾਬ ਦੇ ਦੂਤ ਜਾਪਦੇ। ਰਾਤ ਦੇ ਵਕਤ ਪੈਰਿਸ ਪਰਛਾਵਿਆਂ ਦਾ ਸ਼ਹਿਰ ਬਣ ਜਾਂਦਾ, ਹਨੇਰੇ ਵਿਚ ਡੁੱਬਿਆ ਖਤਰਨਾਕ ਸ਼ਹਿਰ। ਦਿਨ ਵੇਲੇ ਦੇ ਪੈਰਿਸ ਦਾ ਦ੍ਰਿਸ਼ ਵਰਣਨ ਕਰਦਿਆਂ ਲੇਖਕ ਲਿਖਦਾ ਹੈ-

‘ਦਿਨ ਵੇਲੇ ਪੈਰਿਸ ਦਾ ਕੇਂਦਰੀ ਹਿੱਸਾ ਪੂਰਬ ਦੇ ਕਿਸੇ ਬਜ਼ਾਰ ਵਰਗਾ ਲੱਗਦਾ।ਸੇਨ ਦਰਿਆ ਦੇ ਕੰਢੇ ਫੇਰੀ ਵਾਲੇ ਫਟੇ-ਪੁਰਾਣੇ ਲੀੜੇ ਪਾਈ ਛੋਟੀਆਂ-ਮੋਟੀਆਂ ਚੀਜ਼ਾਂ ਵੇਚਦੇ। ਵੱਡੀਆਂ-ਵੱਡੀਆਂ ਅੱਖਾਂ ਵਾਲੀਆਂ ਖ਼ੂਬਸੂਰਤ ਕੁੜੀਆਂ ਕੇਕ ਵੇਚਦੀਆਂ, ਬੁੱਢੀਆਂ ਔਰਤਾਂ ਮਾਚਸਾਂ ਤੇ ਮੋਮਬੱਤੀਆਂ ਵੇਚਦੀਆਂ। ਉੱਥੇ ਥੀਏਟਰ ਦੀਆਂ ਟਿਕਟਾਂ ਬਲੈਕ ਵਿਚ ਵਿਕਦੀਆਂ। ਮੰਗਤੇ ਗਾ-ਗਾ ਕੇ ਲੋਕਾਂ ਕੋਲੋਂ ਭੀਖ ਮੰਗਦੇ। ਦਰਿਆ ਦੇ ਦੋਵਾਂ ਕੰਢਿਆਂ ’ਤੇ ਵੇਸਵਾ ਘਰਾਂ ਦੇ ਦਲਾਲ ਗਾਹਕਾਂ ਦੀ ਭਾਲ ਕਰਦੇ ਫਿਰਦੇ। ਨੀਮ-ਹਕੀਮ ਮਰਦਾਨਾ ਤਾਕਤ ਵਿਚ ਇਜ਼ਾਫਾ ਕਰਨ ਲਈ ਤੇ ਲਾਇਲਾਜ ਬਿਮਾਰੀਆਂ ਦੇ ਸ਼ਰਤੀਆ ਇਲਾਜ ਲਈ ਜੜ੍ਹੀ-ਬੂਟੀਆਂ ਵੇਚਦੇ। ਇਹ ਬਹੁਤ ਖਤਰਨਾਕ ਤੇ ਗੰਦਾ ਸ਼ਹਿਰ ਸੀ, ਪਰ ਇਹ ਪੈਰਿਸ ਸੀ-ਸੰਸਾਰ ਦਾ ਕੇਂਦਰ ਤੇ ਬਾਲਜ਼ਾਕ ਤਾਂ ਇਸ ਸ਼ਹਿਰ ਦੀ ਹਰ ਇੱਟ-ਪੱਥਰ ਦੀ ਪੂਜਾ ਕਰਦਾ ਸੀ।’

ਏਥੇ ਰਹਿੰਦਿਆਂ ਮਾਦਾਮ ਬਰਨੀ ਉਹਦੀ ਜ਼ਿੰਦਗੀ ਵਿਚ ਆਉਂਦੀ ਹੈ। ਉਹਨੇ ਬਾਲਜ਼ਾਕ ਦੀਆਂ ਨਸਾਂ ਵਿਚ ਨਵੇਂ ਖ਼ੂਨ ਦਾ ਸੰਚਾਰ ਕੀਤਾ। ਭਾਵੇਂ ਉਹਦੀ ਉਮਰ ਚਾਲੀ ਵਰ੍ਹਿਆਂ ਦੀ ਸੀ, ਪਰ ਬਾਲਜ਼ਾਕ ਦੇ ਕਹਿਣ ਅਨੁਸਾਰ-ਮਾਦਾਮ ਬਰਨੀ ਬਸ ਕਮਾਲ ਦੀ ਔਰਤ ਹੈ। ਉਮਰ ਦਾ ਇਸ ਨਾਲ ਕੋਈ ਵਾਸਤਾ ਨਹੀਂ। ਉਹ ਉਨ੍ਹਾਂ ਦਰਜਨਾਂ ਜਵਾਬ ਕੁੜੀਆਂ ਤੋਂ ਵੱਧ ਸੋਹਣੀ ਹੈ, ਜਿਨ੍ਹਾਂ ਦੇ ਦਿਮਾਗ਼ ਖੋਖਲੇ ਹੁੰਦੇ ਹਨ। ਉਸ ਨੇ ਭਰਪੂਰ ਜ਼ਿੰਦਗੀ ਬਸਰ ਕੀਤੀ ਹੈ। ਉਹਦੀ ਜ਼ਿੰਦਗੀ ਦੀ ਕਹਾਣੀ ਕਿਸੇ ਨਾਵਲ ਤੋਂ ਵੀ ਵੱਧ ਰੁਮਾਂਚਿਕ ਹੈ।’

ਬਰਨੀ ਉਹਨੂੰ ਜ਼ਿੰਦਗੀ ਦੇ ਚੱਜ ਸਿਖਾਉਂਦੀ ਹੈ। ਉਹਦੇ ਸੰਗਮਰਮਰੀ ਬਦਨ ਨੂੰ ਦੇਖ ਕੇ ਉਹ ਆਪਣੇ ਹੋਸ਼ ਗਵਾ ਬੈਠਦਾ ਹੈ। ਉਹ ਉਹਦੀ ਸੇਜ ਮਾਣਦਾ ਪਾਗਲ ਹੋ ਰਿਹਾ ਹੈ। ਉਹਦਾ ਅਨੁਭਵ ਹੈ ਕਿ ‘ਔਰਤ ਦਾ ਆਖਰੀ ਪਿਆਰ ਹੀ ਕਿਸੇ ਆਦਮੀ ਦੇ ਪਹਿਲੇ ਪਿਆਰ ਨੂੰ ਤ੍ਰਿਪਤ ਕਰ ਸਕਦਾ ਹੈ।’

ਇਸ ਤੋਂ ਬਾਅਦ ਰੈਸਤਰਾਂ ਵਿਚ ਕੰਮ ਕਰਨ ਵਾਲੀ ਕੁੜੀ ਇਵੈਤੀ ਨਾਲ ਉਹਦਾ ਸੰਬੰਧ ਬਣਦਾ ਹੈ। ਜਦੋਂ ਉਹ ਉਹਦੀ ਸੇਜ ਮਾਣਦਾ ਹੈ ਤਾਂ ਉਹਨੂੰ ਮਾਦਾਮ ਬਰਨੀ ਦਾ ਖਿਆਲ ਆਉਂਦਾ ਹੈ ਤਾਂ ਉਹਦੇ ਅੰਦਰ ਅਪਰਾਧ-ਬੋਧ ਪੈਦਾ ਹੋ ਜਾਂਦਾ ਹੈ। ਫਿਰ ਉਹ ਆਪਣੇ ਮਨ ਨੂੰ ਸਮਝਾਉਂਦਾ ਹੈ ਕਿ ਰਾਤ ਇਵੈਤੀ ਨਾਲ ਉਹਨੇ ਜੋ ਕੁਝ ਕੀਤਾ, ਇਹਦਾ ਬਰਨੀ ਨਾਲ ਕੋਈ ਲੈਣਾ-ਦੇਣਾ ਨਹੀਂ। ਏਥੇ ਉਹ ਪੈਰਿਸ ਦੀ ਉਸ ਰਵਾਇਤ ਨੂੰ ਯਾਦ ਕਰਕੇ ਅਪਰਾਧ-ਬੋਧ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦਾ ਹੈ ਕਿ-‘ਪੈਰਿਸ ਵਿਚ ਕਿਸੇ ਕੁੜੀ ਨਾਲ ਰਾਤ ਗੁਜ਼ਾਰਨਾ, ਉੱਥੋਂ ਦੀ ਜ਼ਿੰਦਗੀ ਦਾ ਇਕ ਹਿੱਸਾ ਮੰਨਿਆ ਜਾਂਦਾ ਹੈ। ਇਸ ਸਚਾਈ ਨਾਲ ਪੈਰਿਸ ਦੀਆਂ ਪਤਨੀਆਂ ਤੇ ਪ੍ਰੇਮਿਕਾਵਾਂ ਸਹਿਜੇ ਹੀ ਸਮਝੌਤਾ ਕਰ ਲੈਂਦੀਆਂ ਹਨ। ਇਸ ਗੱਲ ਲਈ ਹੀ ਤਾਂ ਫਰਾਂਸ ਦੁਨੀਆ ਭਰ ਵਿਚ ਮਸ਼ਹੂਰ ਹੈ।’

ਜਦੋਂ ਅਗਲੇ ਦਿਨ ਉਹ ਰੈਸਤਰਾਂ ਵਿਚ ਜਾਂਦਾ ਹੈ ਤਾਂ ਦੇਖਦਾ ਹੈ ਕਿ ਇਵੈਤੀ ਬਾਰੇ ਜਿਵੇਂ ਉਹ ਗੰਭੀਰਤਾ ਨਾਲ ਸੋਚ ਰਿਹਾ ਹੈ ਇਹੋ ਜਿਹੀ ਕੋਈ ਗੱਲ ਨਹੀਂ। ਉਹਦੇ ਕੋਲ ਤਾਂ ਗਾਹਕਾਂ ਕੋਲੋਂ ਆਰਡਰ ਲੈਣ ਦੀ ਵਿਹਲ ਨਹੀਂ। ਉਹ ਸੋਚ ਰਿਹੈ ਜਿਹੜੀ ਕੁੜੀ ਹੁਣ ਪਸੀਨੇ ਨਾਲ ਤਰ-ਬ-ਤਰ ਹੈ, ਕੁਝ ਘੰਟੇ ਪਹਿਲਾਂ ਉਸ ਨਾਲ ਹਮਬਿਸਤਰ ਸੀ ਤੇ ਸਵੇਰ ਵੇਲੇ ਜਦੋਂ ਉਹ ਗਰਮਾ-ਗਰਮ ਕੌਫ਼ੀ ਬਣਾ ਕੇ ਲਿਆਈ ਸੀ ਤਾਂ ਉਹਦੇ ਨਾਲ ਕਿੰਨੀ ਅਪਣੱਤ ਦਿਖਾ ਰਹੀ ਸੀ, ਪਰ ਹੁਣ ਉਹ ਬਿਲਕੁਲ ਅਜਨਬੀ ਲੱਗ ਰਹੀ ਹੈ। ਏਥੇ ਹੀ ਉਹ ਉਨ੍ਹਾਂ ਸੰਬੰਧਾਂ ਦੀ ਪੜਚੋਲ ਕਰਦਾ ਹੈ-‘ਕਿ

ਬਾਕੀ ਆਖਰੀ ਤੋਂ ਪਹਿਲੇ ਸਫ਼ੇ ’ਤੇ

# ਸਥਾਨਕ ਇਤਿਹਾਸ ਦਾ ਦਸਤਾਵੇਜ਼

## ਮਹਾਨ ਦੇਸ਼ ਭਗਤਾਂ ਦੇ ਪਿੰਡ

**ਜਰਨੈਲ ਸਿੰਘ ਅੱਚਰਵਾਲ (ਕੈਨੇਡਾ)**
**ਸਫ਼ੇ : 207, ਕੀਮਤ : 300 ਰੁਪਏ**
**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**


**ਸਾਹਿਤ ਚਿੰਤਨ**

**ਵਿਜੈ ਬੰਬੇਲੀ**

ਸਥਾਨਕ ਇਤਿਹਾਸ, ਇਤਿਹਾਸਕਾਰੀ ਦੀ ਹੇਠਲੀ ਪਰ ਮਹੱਤਵਪੂਰਨ ਪਰਤ ਹੈ। ਵਿਅਕਤੀ ਵਿਸ਼ੇਸ਼, ਪਿੰਡ ਤੇ ਨਗਰ ਦਾ ਇਤਿਹਾਸ ਇਸ ਦਾ ਖੇਤਰ ਹਨ, ਪ੍ਰੰਤੂ ਮੁਲਕ ਦੀ ਸਭ ਤੋਂ ਛੋਟੀ ਇਕਾਈ ਪਿੰਡ ਜਾਂ ਨਗਰ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਅਕਸਰ ਲਿਖਤੀ ਨਹੀਂ ਮਿਲਦਾ, ਬਜ਼ੁਰਗਾਂ ਅਤੇ ਪੀੜ੍ਹੀ ਦਰ ਪੀੜ੍ਹੀ ਦੰਦ-ਕਥਾਵਾਂ ਉੱਤੇ ਨਿਰਭਰ ਕਰਨਾ ਪੈਂਦਾ ਹੈ। ਹਾਲੇ ਵੀ ਵੇਲਾ ਹੈ, ਜਿੰਨਾ ਕੁ ਵੀ ਅਤੇ ਜਿਸ ਵੀ ਰੂਪ ਵਿੱਚ ਮਿਲ ਸਕਦਾ ਹੈ, ਸਾਂਭ ਲਈਏ। ਨਹੀਂ ਤਾਂ ਪਿੰਡਾਂ-ਨਗਰਾਂ ਦਾ ਸਾਡੇ ਚੇਤਿਆਂ ’ਚ ਪਿਆ ਇਤਿਹਾਸ ਲੁਪਤ ਹੋ ਜਾਵੇਗਾ। ਹਾਂ; ਕਿਸੇ-ਕਿਸੇ ਨਗਰ ਜਾਂ ਖੇੜੇ ਦਾ ਸੀਮਿਤ ਜਾਂ ਇਸ਼ਾਰਾ ਮਾਤਰ ਇਤਿਹਾਸ ਦਸਤਾਵੇਜ਼ਾਂ ਜਾਂ ਗਜ਼ਟੀਅਰਜ਼ ਵਿਚ ਮਿਲਦਾ ਹੈ।

ਨਿਰੋਲ ਪਿੰਡਾਂ ਬਾਰੇ ਜਰਨੈਲ ਅੱਚਰਵਾਲ ਦੀ ਇਹ ਦੂਜੀ ਪੁਸਤਕ ਹੈ, ਪਹਿਲੀ ਸੀ, “ਸੰਗਰਾਮੀ ਪਿੰਡ” ਜਿਸ ਵਿੱਚ ਪਿੰਡਾਂ ਦੇ ਉਗਮਣ, ਵਸਣ, ਵਿਗਸਣ ਅਤੇ ਉਥੋਂ ਦੇ ਕਰਮਯੋਗੀਆਂ ਅਤੇ ਦੇਸ਼ ਭਗਤਾਂ ਬਾਰੇ ਉਹ ਅਮੁੱਲੀ ਜਾਣਕਾਰੀ ਸੀ, ਜਿਸ ਬਾਰੇ ਨਵੀਂ ਪੌਦ ਨੂੰ ਤਾਂ ਕੀ, ਵੱਡ-ਉਮਰਿਆਂ ਨੂੰ ਵੀ ਸ਼ਾਇਦ ਹੀ ਪਤਾ ਹੋਵੇ। ਉਸ ਪੁਸਤਕ ਦੇ 13 ਪਾਠਾਂ ਵਿੱਚੋਂ ਨਾਮਵਰ ਪਿੰਡਾਂ ਸੰਦਰਭ ਅੱਠ ਦਸਤਾਵੇਜ਼ੀ ਲੇਖ ਸਨ, ਜਿਹਨਾਂ ਵਿੱਚੋਂ ਛੇ ਨੂੰ “ਦੇਸ਼ ਭਗਤ ਯਾਦਗਰ ਕਮੇਟੀ, ਜਲੰਧਰ” ਨੇ ਆਪਣੀ ਦਸਤਾਵੇਜ਼ੀ ਪੁਸਤਕ “ਗ਼ਦਰ ਦੀਆਂ ਪੈੜਾਂ” ਵਿੱਚ ਵੀ ਛਾਪਿਆ ਸੀ। ਹੱਥਲੀ ਕਿਤਾਬ, ਜਿਹੜੀ ਸੱਤ ਉੱਘੇ ਪਿੰਡਾਂ ਦੀ ਤਵਾਰੀਖ ਦੀ ਇਤਿਹਾਸਕੀ ਬਾਤ ਪਾਉਂਦੀ ਹੈ, ਦਾ ਮੁੱਖ ਤੇ ਕੇਂਦਰੀ ਨੁਕਤਾ ਪਹਿਲਾਂ ਵਾਲੀ ਵਾਂਗ, ਸਮਾਜਿਕ ਸਰੋਕਾਰ ਅਤੇ ਸੁਤੰਤਰਤਾ ਅੰਦੋਲਨ ਹਨ। ਦੋ ਸੰਵਾਦੀ-ਮੁਲਾਕਾਤਾਂ ਅਤੇ ਸੱਤ ਦਸਤਾਵੇਜ਼ਾਂ ਨਾਲ ਲਬਰੇਜ਼ ਇਹ ਪੁਸਤਕ ਕੁੱਲ ਨੌਂ ਪਾਠਾਂ ਨਾਲ ਲਬਾਲਬ ਹੈ।

ਖੋਜਆਰਥੀ ਮੁਤਾਬਿਕ, “ਇਹ ਕਿਤਾਬ ਲਿਖਣ ਲਈ ਉਹ ਤਾਂ ਵੀ ਅਗਸਰ ਹੋਇਆ ਸੀ, ਕਿਉਂਕਿ ਪਹਿਲੀ ਨੂੰ ਪਾਠਕਾਂ ਅਤੇ ਸੰਬੰਧਤ ਪਿੰਡਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਸੀ। ਇਹੀ ਨਹੀਂ, ਕਈ ਪਿੰਡਾਂ ਨਾਲ ਸੰਬੰਧਤ ਇਬਾਰਤ ਨੂੰ ਸ਼ੀਸ਼ਿਆਂ ਵਿੱਚ ਵੀ ਫਰੇਮ ਕੀਤਾ ਗਿਆ। ਪੁਸਤਕ ਪੜ੍ਹ ਇੱਕ ਪਿੰਡ ਵਾਲੇ ਉੱਥੋਂ ਦੇ ਕੌਮੀ ਸ਼ਹੀਦ ਦੀ ਯਾਦ ਵਿੱਚ ਖੇਡ ਮੇਲਾ ਰਚਾਉਣ ਲੱਗ ਪਏ। ਕਲੱਬਾਂ ਦੇ ਨਾਂਅ, ਪੁਰਖਿਆਂ ਦੇ ਨਾਂਅ ’ਤੇ ਰੱਖਣਾ ਸ਼ੁਰੂ ਹੋ ਗਿਆ।” ਇਸ ਤੋਂ ਪਤਾ ਲੱਗਦਾ ਹੈ ਕਿ ਲੋਕਾਂ ਦੀ ਆਪਣੇ ਪਿੰਡ ਦਾ ਇਤਿਹਾਸ ਜਾਨਣ ਵਿੱਚ ਗਹਿਰੀ ਰੁਚੀ ਹੈ। ਪਿੰਡ ਦੇ ਲੋਕ, ਹੋਰ ਕੋਈ ਪੁਸਤਕ ਪੜ੍ਹਨ ਜਾਂ ਨਾ ਪੜ੍ਹਨ, ਪਰ ਉਹ ਆਪਣੇ ਪਿੰਡ ਬਾਰੇ ਲਿਖਿਆ ਪੜ੍ਹਨਾ-ਸਾਂਭਣਾ ਤੇ ਆਪਣੇ ਨਾਮਵਰ ਪੁਰਖਿਆਂ ਵਰਗਾ ਬਣਨਾ ਜ਼ਰੂਰ ਲੋਚਦੇ ਹਨ।



ਅਸਲ ਵਿੱਚ ਜਿੰਨੀ ਰੂਹ ਆਪਣੀ ਮਿੱਟੀ ਨਾਲ ਜੁੜੀ ਹੋਈ ਹੁੰਦੀ ਹੈ, ਉਸ ਨੂੰ “ਸਵਰਗ” ਵੀ ਨਹੀਂ ਲੁਭਾ ਸਕਦੇ। ਦਰ-ਹਕੀਕਤ; ਜਦ ਲੋਕਾਂ ਨੂੰ ਆਪਣੇ ਪੁਰਖਿਆਂ ਦੇ ਸਿਫਤੀ ਕਾਰਨਾਮਿਆਂ ਦਾ ਪਤਾ ਲੱਗਦਾ ਹੈ ਤਾਂ ਉਹ ਫ਼ਖਰ ਮਹਿਸੂਸ ਕਰਦੇ ਹਨ। ਦੂਰ ਬੈਠੇ, ਆਪਣੀ ਜੰਮਣ ਭੋਇ ਦੀ ਮਹਿਕ ਮਹਿਸੂਸ ਕਰਦੇ ਹਨ। ਜਰਨੈਲ ਮੁਤਾਬਿਕ, “ਇਹ ਬਹਾਦੁਰ ਲੋਕ/ਕਰਮਯੋਗੀ ਕੌਣ ਸਨ? ਇਹ ਸਨ ਕੱਚਿਆਂ ਘਰਾਂ, ਛੰਨਾਂ, ਢਾਰਿਆਂ ਵਿੱਚ ਰਹਿਣ ਵਾਲੇ ਸਾਡੇ ਪਿੰਡਾਂ ਦੇ ਪੁਰਖੇ ਜੋ ਇਸ ਬ੍ਰਹਿਮੰਡ ਦੀ ਫ਼ਿਜ਼ਾ ਵਿੱਚ ਆਪਣਾ ਅਣਲਿਖਿਆ ਸੂਹਾ-ਇਤਿਹਾਸ ਤੇ ਅਮੀਰ-ਵਿਰਾਸਤ ਛੱਡ ਗਏ।” ਹੁਣ, ਇਸ ਅਣਲਿਖੇ ਅਤੇ ਕੰਨੋ-ਕੰਨੀ ਤੁਰੀ ਆ ਰਹੀ ਤਵਾਰੀਖ ਨੂੰ ਫਰੋਲਿਆ ਜਾਣ ਲੱਗ ਪਿਆ ਹੈ। ਖਾਸ ਗੱਲ ਇਹ ਕਿ ਅਜਿਹਾ ਕਰਨ ਬਾਰੇ ‘ਯੂਨੀਵਰਸਿਟੀਆਂ, ਸੰਬੰਧਤ ਸਰਕਾਰੀ ਅਦਾਰਿਆਂ ਅਤੇ ਵੱਧ ਪੜ੍ਹੇ-ਲਿਖਿਆਂ ਦੀ ਬਜਾਏ, ਹਾਲ ਦੀ ਘੜੀ ਲੁਕੇ-ਛਿਪੇ ਜਗਿਆਸੂ ਹੀ ਯਥਾਯੋਗ/ਸੰਭਵ ਹੱਦ ਤੀਕ ਸਰਗਰਮ ਹਨ।

ਕੈਨੇਡਾ ਵੱਸਦੇ ਚਿੰਤਕ ਡਾ. ਸੁਰਿੰਦਰ ਧੰਜਲ ਮੁਤਾਬਿਕ ਪੰਜਾਬੀ ਇਤਿਹਾਸਕਾਰਾਂ ਨੂੰ ਮੋਟੇ ਤੌਰ ’ਤੇ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ, “ਪਹਿਲੀ ਸੂਚੀ ਵਿੱਚ ਉਹ ਨਾਂਅ ਸ਼ਾਮਲ ਕੀਤੇ ਜਾ ਸਕਦੇ ਹਨ, ਜਿਹੜੇ ਇਤਿਹਾਸ ਦੀ ਐੱਮ.ਏ. ਜਾਂ ਪੀ.ਐੱਚ.ਡੀ. ਦੀ ਡਿਗਰੀ ਹਾਸਲ ਕਰਨ ਉਪਰੰਤ ਕਿਸੇ ਵਿੱਦਿਅਕ ਅਦਾਰੇ ਵਿੱਚ ਪੜ੍ਹਨ-ਪੜ੍ਹਾਉਣ ਦਾ ਕਾਰਜ ਨਿਭਾਉਂਦੇ ਸਨ/ਹਨ।

ਦੂਜੀ ਵਿੱਚ ਉਹਨਾਂ ਇਤਿਹਾਸਕਾਰਾਂ ਦੇ ਨਾਂਅ ਸ਼ਾਮਲ ਕੀਤੇ ਜਾ ਸਕਦੇ ਹਨ, ਜਿਨ੍ਹਾਂ ਨੇ ਇਤਿਹਾਸਕਾਰੀ ਦੀ ਬਕਾਇਦਾ ਉੱਚ ਵਿੱਦਿਆ ਭਾਵੇਂ ਨਹੀਂ ਹਾਸਲ ਕੀਤੀ, ਪਰ ਉਹਨਾਂ ਨੂੰ ਕਿਸੇ ਵੱਡੀ ਸੰਸਥਾ, ਵੱਡੇ ਬੰਦਿਆਂ, ਰਾਜੇ-ਮਹਾਰਾਜਿਆਂ ਜਾਂ ਰਾਜਨੀਤਕ ਟੋਲੇ ਦੀ ਸਰਪ੍ਰਸਤੀ ਹਾਸਲ ਸੀ/ਹੈ।

ਜਰਨੈਲ ਸਿੰਘ ਅੱਚਰਵਾਲ ਵਰਗਿਆਂ ਦਾ ਨਾਂਅ ਤੀਜੀ ਤਰ੍ਹਾਂ ਦੇ ਉਹਨਾਂ ਇਤਿਹਾਸਕਾਰਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਜਿਨ੍ਹਾਂ ਕੋਲ ਉਚੇਰੀ ਜਾਂ ਲੋੜੀਂਦੀ ਵਿੱਦਿਆ ਅਤੇ ਹੀਲਿਆਂ-ਵਸੀਲਿਆਂ ਦੀ ਘਾਟ ਹੈ। ਜਿਹੜੇ ਆਪਣੀ ਹਾਸਲ ਸਮਰੱਥਾ ਤਹਿਤ ਬੱਸਾਂ-ਸਾਈਕਲਾਂ ’ਤੇ ਕੱਚੇ ਪੈਹੇ ਹੰਗਾਲਦਿਆਂ (ਲਾਇਬ੍ਰੇਰੀਆਂ ਅਤੇ ਦਸਤਾਵੇਜ਼ਾਂ ਨੂੰ ਜੱਫਾ ਮਾਰੀ ਬੈਠਿਆਂ ਦੇ ਤਰਲੇ ਲੈਂਦਿਆਂ, ਨਿਰੋਲ ਆਪਣੇ ਹੱਠ ਅਤੇ ਨਿੱਜੀ ਘਾਲਣਾ ਨਾਲ) ਰਚਨਾ ਦਾ ਸਫਰ ਤੈਅ ਕਰਦੇ ਹਨ।”

ਲੇਖਕ ਨੇ ਇਹਨਾਂ ਪਾਠਾਂ ’ਚ ਪਿੰਡ ਦੀ ਮੋੜ੍ਹੀ ਗੱਡਣ ਤੋਂ ਲੈ ਕੇ “ਸੰਤਾਲੀ ਦੀ ਤ੍ਰਾਸਦੀ ਤੱਕ” ਦੀ ਗੱਲ ਵੱਧ ਕੀਤੀ ਹੈ, ਮਗਰਲਾ ਸਿਰਫ ਉਹੀ ਲਿਆ, ਜੋ ਬੇਹੱਦ ਮਹੱਤਵਪੂਰਨ ਸੀ ਜਾਂ ਜਿਹਨਾਂ ਵੇਰਵਿਆਂ ਦਾ, ਕਿਸੇ ਖਾਸ ਵਜ੍ਹਾ, ਲਿਖਣਾ ਜ਼ਿਆਦਾ ਜ਼ਰੂਰੀ ਸੀ। ਅੱਚਰਵਾਲ ਨੇ ਇਹ ਕਿਤਾਬ ਲਿਖਣ ਲਈ ਪਿੰਡਾਂ ਦੇ ਅਤੀਤ ਨੂੰ ਹੁੰਘਾਲਿਆ ਹੈ। ਅਨੇਕਾਂ ਪੁਸਤਕਾਂ ਨੂੰ ਪੜ੍ਹਿਆ ਹੈ। ਮਾਲ ਮਹਿਕਮੇ ਦੇ ਰਿਕਾਰਡ/ਦਸਤਾਵੇਜ਼ਾਂ ਦਾ ਆਸਰਾ ਲਿਆ ਹੈ। ਗਲੀਆਂ, ਸੱਥਾਂ, ਥੇਹਾਂ ’ਤੇ ਘੁੰਮਿਆ, ਅਨੇਕਾਂ ਦਾਨਿਸ਼ਵਰਾਂ, ਇਤਿਹਾਸਵੇਤਿਆਂ, ਬੁੱਢ-ਵਰੇਸੀਆਂ ਨਾਲ ਗੁਫਤਗੂ ਕੀਤੀ ਅਤੇ ਖਲਾਅ ’ਚ ਉੱਡਦੀਆਂ ਕਨਸੋਆਂ ਦੀ ਹਾਥ ਪਾਉਣ ਦੀ ਪੀਢੀ ਕੋਸ਼ਿਸ਼ ਕਰਦਿਆਂ ਇਸ ਪੁਸਤਕ ਨੂੰ ਨਿਰਧਾਰਤ ਇਤਿਹਾਸ ਚੌਖਟੇ ਵਿੱਚ ਲਿਖਣ ਦਾ ਸਫਲ ਯਤਨ ਕੀਤਾ ਹੈ। ਉਸ ਦੀ ਘਾਲਣਾ ਨੂੰ ਸਲਾਮ। ਜਿੱਥੇ ਸੰਬੰਧਤ ਪਿੰਡਾਂ ਵਾਲਿਆਂ ਨੂੰ ਅਜਿਹੀਆਂ ਪੁਸਤਕਾਂ ਅਤੇ ਲੇਖਾਂ ਨੂੰ, ਅਗਲੀਆਂ-ਅਗਲੇਰੀਆਂ ਪੀੜ੍ਹੀਆਂ ਲਈ ਵੀ, ਦਸਤਾਵੇਜ਼ਾਂ ਵਜੋਂ ਸੰਭਾਲ ਲੈਣਾ ਚਾਹੀਦਾ ਹੈ, ਉਥੇ ਪਿੰਡਾਂ ਦੇ ਇਤਿਹਾਸ ਬਾਰੇ ਖੋਜੀ ਬਿਰਤੀ ਰੱਖਣ ਵਾਲਿਆਂ ਅਤੇ ਸਥਾਨਕ ਇਤਿਹਾਸਕਾਰੀ ਜਾਂ ਪਿੰਡਾਂ ਦੀ ਤਵਾਰੀਖ ਨਾਲ ਵਾਹ-ਵਾਸਤਾ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

*ਸੰਪਰਕ : 94634-39075*

# ਪੁਸਤਕ ਰੀਵਿਊ

## ਸੁਰਖ਼ ਰਾਹਾਂ ਦੀਆਂ ਸਿਮਰਤੀਆਂ

**ਪ੍ਰੋ. ਹਰਭਜਨ ਸਿੰਘ**
**ਗ੍ਰੇਸ਼ੀਅਸ ਬੁੱਕਸ, ਪਟਿਆਲਾ**

ਕਾਲਿਕਤਾ ਦੇ ਲਿਹਾਜ਼ ਨਾਲ ‘ਸੁਰਖ ਰਾਹਾਂ ਦੀਆਂ ਸਿਮਰਤੀਆਂ’ ਦੇ ਇਹ ਪੰਨੇ ਲੱਗਭੱਗ ਸਾਢੇ ਤੇਰਾਂ ਵਰ੍ਹਿਆਂ ਦੇ ਕਾਲ ਅੰਤਰਾਲ ਵਿੱਚ ਫੈਲੇ ਹੋਏ ਹਨ। ਆਪਣੇ ਜੀਵਨ ਦੇ ਇਕ ਵਿਸ਼ੇਸ਼ ਕਾਲ ਖੰਡ ਵਿੱਚ ਲਿਖੀ ਡਾਇਰੀ ਦੇ ਪੰਨੇ ਛਾਂਟਣ ਦਾ ਕੰਮ ਲੇਖਕ ਨੇ ਖ਼ੁਦ ਕੀਤਾ ਹੈ ਅਤੇ ਇੱਕ ਵਿਸ਼ੇਸ਼ ਮਨੋਰਥ ਅਧੀਨ ਕੀਤਾ ਹੈ। ‘ਸੁਰਖ਼ ਰਾਹਾਂ ਦੀਆਂ ਸਿਮਰਤੀਆਂ’ ਨੂੰ ਪਾਠਕਾਂ ਲਈ ਸੰਪਾਦਿਤ ਕਰਦਿਆਂ ਉਸ ਦੇ ਮਨ ਵਿਚ ਇਸ ਲਿਖਤ ਦਾ ਘੇਰਾ ਅਤੇ ਮੰਤਵ ਦੋਵੇਂ ਸਪੱਸ਼ਟ ਹਨ। ਡਾਇਰੀ ਦੇ ਇਹ ਪੰਨੇ ਭਾਵੇਂ ਤਿੱਥਾਂ, ਤਾਰੀਖਾਂ ਦੇ ਹਵਾਲੇ ਨਾਲ ਉਸ ਦੇ ਆਤਮ ਨੂੰ ਸਮੇਂ ਵਿੱਚ ਬੰਨ੍ਹਦੇ ਹਨ, ਪਰ ਉਸ ਨੂੰ ਨਿਸ਼ਚਿਤ ਤੌਰ ’ਤੇ ਲੱਗਿਆ ਹੈ ਕਿ ਇਨ੍ਹਾਂ ਪੰਨਿਆਂ ਦੀ ਸਮਿਆਂ ਤੋਂ ਪਾਰ ਵੀ ਕੋਈ ਵੁੱਕਤ ਹੈ। ਇਨ੍ਹਾਂ ਪੰਨਿਆਂ ਨੂੰ ਕਿਸ ਤਵੱਕੋਂ ਨਾਲ ਪੜ੍ਹਿਆ/ਵਿਸ਼ਲੇਸ਼ਿਤ ਕੀਤਾ ਜਾਵੇ ਅਤੇ ਡਾਇਰੀ ਦੇ ਇਨ੍ਹਾਂ ਪੰਨਿਆਂ ਵਿੱਚ ਕੀ ਕੁਝ ਹੈ।



ਡਾਇਰੀ ਦਾ ਸਾਨੂੰ ਸ਼ਾਇਦ ਹੀ ਕੋਈ ਅਜਿਹਾ ਪੰਨਾ ਲੱਭੇ, ਜਿਹੜਾ ਸੁਰਖ਼ ਰਾਹਾਂ ਦੇ ਸਫ਼ਰ ਦੇ ਮਾਣ ਮਹੱਤਵ ਦੀ ਗੂੰਜਾਰ ਤੋਂ ਸੱਖਣਾ ਹੋਵੇ। ਪਾਠਕ ਨੂੰ ਡਾਇਰੀ ਵਿਚ ਇਕ ਤੋਂ ਵਧੇਰੇ ਥਾਵਾਂ ਉਤੇ ਇਹ ਅਹਿਸਾਸ ਦਰਜ ਹੋਇਆ ਮਿਲੇਗਾ ਕਿ ਮਨੁੱਖਤਾ ਦੇ ਸੁਨਹਿਰੇ ਭਵਿੱਖ ਲਈ ਨਕਸਲਬਾੜੀ ਲਹਿਰ ਵਿੱਚ ਕਰਮਸ਼ੀਲ ਰਹਿ ਕੇ ਕੀਤਾ ਅਣਥੱਕ ਸਫ਼ਰ ਉਸ ਨੂੰ ਸਾਰੀਆਂ ਮੁਸ਼ਕਲਾਂ, ਅਸਫ਼ਲਤਾਵਾਂ, ਜ਼ਾਤੀ ਘਾਟਿਆਂ ਦੇ ਬਾਵਜੂਦ ‘ਸ਼ਾਨਾਮੱਤਾ, ਮਾਣਮੱਤਾ, ਗੌਰਵ ਭਰਪੂਰ’ ਲੱਗਦਾ ਹੈ।

ਕੁਝ ਗਹਿਰੇ ਲੱਥੇ ਸਦਮਿਆਂ, ਜ਼ਖ਼ਮਾਂ, ਸੰਤਾਪਾਂ ਦੀ ਨਿੱਜੀ ਪੀੜਾ ਅਤੇ ਕੁਝ ਲਹਿਰ ਦੇ ਸਫਲ ਨਾ ਹੋ ਸਕਣ ਦੀਆਂ ਚਸਕਾਂ ਇਸ ਡਾਇਰੀ ਦੇ ਅੰਦਰੋਂ ਗੂੰਜਦੀਆਂ ਪਈਆਂ ਹਨ।

‘ਕਾਸ਼! ਆਪਾਂ ਜਿੱਤ ਸਕਦੇ ਹੁੰਦੇ!’ ਬਾਰੇ ਸੋਚ-ਸੋਚ ਉਦਾਸ ਹੁੰਦੇ ਆਪਣੇ ਤੁਰ ਗਏ ਮਿੱਤਰਾਂ ਨੂੰ ਯਾਦ ਕਰਦਿਆਂ ਜਾਂ ਮਈ ਦਿਵਸ ਦੇ ਬਹਾਨੇ ਆਪਣੇ ਹਮਸਫ਼ਰ ਯੋਧਿਆਂ ਦੀ ਸਲਾਮਤੀ ਅਤੇ ਬੁਲੰਦੀ ਦੇ ਗੀਤ ਗਾਉਂਦਿਆਂ ਉਹ ਗੌਰਵਮਈ ਅਤੀਤ ਨੂੰ ਯਾਦਾਂ ਵਿਚੋਂ ਕੱਢ ਕੇ ਹਾਜ਼ਰ ਨਾਜ਼ਰ ਕਰ ਲੈਂਦਾ ਹੈ।

ਡਾਇਰੀ ਵਿਚ ਆਤਮ ਦੀ ਪੋਜ਼ੀਸ਼ਨਿੰਗ ਲਿਖਤ ਰਾਹੀਂ ਅਦਾ ਹੁੰਦੀ ਹੈ। ਪ੍ਰੋ. ਹਰਭਜਨ ਸਿੰਘ ਦੀ ਮਾਰਕਸਵਾਦੀ ਵਿਚਾਰਧਾਰਾ ਨਾਲ ਸੀਖੀ ਰਾਜਨੀਤਕ ਚੇਤਨਾ, ਆਮ ਪਰਵਾਸੀ ਲੇਖਕ ਵਾਂਗ ਪਰਵਾਸੀਆਂ ਦੇ ਜ਼ਾਤੀ ਹੇਰਵਿਆਂ, ਵਿਗੋਚਿਆਂ ਦੀਆਂ ਬਾਤਾਂ ਪਾਉਣ ਦੀ ਥਾਂ, ਬੜੀ ਛੇਤੀ ਆਪਣੀ ਵਸਣਭੂਮੀ ਦੇ ਰਾਜਨੀਤਕ, ਸਮਾਜਿਕ ਈਥੌਸ ਨੂੰ ਚਿੰਤਨ ਦੀ ਕੁਠਾਲੀ ਵਿੱਚ ਪਾ ਆਪਣੀ ਤਰ੍ਹਾਂ ਨਿਹਾਰਨ ਲੱਗਦੀ ਹੈ।

ਆਪਣੀ ਵਸਣਭੂਮੀ ਵਿਚ ਉਹ ਆਪਣੇ ਆਪ/ਪਰਵਾਸੀ ਨੂੰ ਉਜਰਤੀ ਗੁਲਾਮ ਵਜੋਂ ਪਰਿਭਾਸ਼ਿਤ ਕਰਦਾ ਹੈ। ਆਪਣੀ ਵਰਤਮਾਨਤਾ ਪ੍ਰਤੀ ਉਸ ਦੀ ਜਾਣਕਾਰੀ ਦਾ ਸ੍ਰੋਤ ਲੋਕ ਪੱਖੀ ਸਾਹਿਤ, ਚਿੰਤਨ ਅਤੇ ਮੀਡੀਆ ਹੀ ਨਹੀਂ, ਅਮਰੀਕੀ ਈਥੌਸ ਦਾ ਵਿਹਾਰਕ ਅਨੁਭਵ ਵੀ ਹੈ।

ਆਰਥਿਕ ਮੁਹਾਜ਼ ਤੇ ਵਿਸ਼ਵ ਚੌਧਰ ਲਈ ਸਾਮਰਾਜੀ ਮਨਸੂਬਿਆਂ ਦੀ ਕਾਰਪੋਰੇਟ ਤੰਤਰ ਨਾਲ ਕਰਿੰਗੜੀ ਹੀ ਨਹੀਂ, ਮੀਡੀਏ ਦੀ ਵਰਤੋਂ ਰਾਹੀਂ ਪ੍ਰਸਾਰੀ ਜਾ ਰਹੀ ਗੋਰੀ ਨਸਲ ਦੀ ਸੱਭਿਆਚਾਰਕ ਸ੍ਰੇਸ਼ਠਤਾ ਅਤੇ ਖਪਤ ਸੱਭਿਆਚਾਰ ਵੀ ਇਨ੍ਹਾਂ ਪੰਨਿਆਂ ਵਿਚ ਇਕ ਫ਼ਿਕਰ ਵਜੋਂ ਦਰਜ ਹੁੰਦਾ ਹੈ।

ਨਕਸਲਬਾੜੀ ਕ੍ਰਾਂਤੀਕਾਰੀ ਅੰਦੋਲਨ ਵਿੱਚ ਆਪਣੀ ਦੋ ਦਹਾਕਿਆਂ ਦੀ ਸਰਗਰਮ ਰੂਪੋਸ਼ ਜ਼ਿੰਦਗੀ ਦੇ ਜਜ਼ਬੇ ਅਤੇ ਜੋਖ਼ਮ ਨੂੰ ਆਪਣੇ ਤ੍ਰੈਲੜੀ ਨਾਵਲ ‘ਜੋ ਹਾਰੇ ਨਹੀਂ’ ਵਿਚ ਮਾਨਸਿਕ ਆਤਮਿਕ ਬੁਲੰਦੀ ਨਾਲ ਬਿਰਤਾਂਤਣ ਵਾਲਾ ਪ੍ਰੋ. ਹਰਭਜਨ ਸਿੰਘ ਆਪਣੀ ਡਾਇਰੀ ਦੇ ਇਨ੍ਹਾਂ ਪੰਨਿਆਂ ਵਿੱਚ ਆਪਣੇ ਮਨ-ਮਸਤਕ ਵਿੱਚ ਨਿਰੰਤਰ ਖੌਲ਼ਦੇ ਸਵਾਲ ‘ਅਸੀਂ ਜਿੱਤੇ ਕਿਉਂ ਨਹੀਂ?’ ਦੇ ਰੂਬਰੂ ਵਿਖਾਈ ਦਿੰਦਾ ਹੈ।

ਅੰਤ ਵਿੱਚ ਕੁਝ ਗੱਲਾਂ ਇਸ ਡਾਇਰੀ ਦੇ ਪ੍ਰਭਾਵਾਂ ਬਾਰੇ, ਇਸ ਡਾਇਰੀ ਵਿੱਚ ਫੋਕਸ ਹੋਏ ਆਤਮ ਬਾਰੇ :

ਡਾਇਰੀ ਮਨੁੱਖੀ ਆਤਮ ਦੀ ਨਕਸ਼ਾਨਵੀਸੀ ਕਰਨ ਵਾਲੀ ਵਿਧਾ ਹੈ। ਪਿਆਰ ਅਤੇ ਪਰਵਾਰ ਮਨੁੱਖੀ ਹੋਂਦ ਦੇ ਅਤਿ ਨਿੱਜੀ ਪਾਸਾਰ ਮੰਨੇ ਜਾਂਦੇ ਹਨ, ਪਰ ਇਸ ਡਾਇਰੀ ਵਿੱਚ ਪਰਵਾਰ, ਪਿਆਰ, ਮਿੱਤਰਤਾ, ਪੇਸ਼ਾ, ਸ਼ੌਕ ਵਰਗੇ ਸਾਰੇ ਨਿੱਜੀ ਪਾਸਾਰ ਵੀ ਸੰਗਰਾਮੀ ਜੀਵਨ ਦੇ ਬਨਿਸਬਤ ਹੀ ਡਾਇਰੀ ਵਿੱਚ ਥਾਂ ਲੈ ਰਹੇ ਹਨ।

ਇੱਕ ਸ਼ਖ਼ਸ ਵਜੋਂ ਜਾਂ ਇੱਕ ਆਤਮ ਵਜੋਂ ਡਾਇਰੀ ਵਿਚ ਪ੍ਰੋ. ਹਰਭਜਨ ਸਿੰਘ ਦੀ ਨਿੱਜਤਾ ਕਿੱਥੇ ਪਈ ਹੈ ਜਾਂ ਕਿਥੋਂ ਸ਼ੁਰੂ ਹੁੰਦੀ ਹੈ ਅਤੇ ਕਿੱਥੇ ਖ਼ਤਮ, ਇਹ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ। ਡਾਇਰੀ ਨਿੱਜ ਨੂੰ ਸਾਂਭਣ ਵਾਲੀ ਵਿਧਾ ਹੈ, ਪਰ ਇਸ ਡਾਇਰੀ ਵਿਚ ਪਾਠਕ ਨੂੰ ਇਕ ਪੰਨਾ ਵੀ ਨਿੱਜੀ ਨਹੀਂ ਲੱਭੇਗਾ, ਬਲਕਿ ਇਹ ਨਿੱਜ ਬਾਹਰੀ ਸੰਸਾਰ ਵਿੱਚ ਆਪਣੀ ਭੂਮਿਕਾ ਮਿੱਥਦਾ, ਘੱਟੋ-ਘੱਟ ਸੱਭਿਆਚਾਰਕ ਸਿਆਸਤ ਵਿੱਚ ਆਪਣੇ ਲਈ ਨਿਰਣਾਇਕ ਰੋਲ ਨਿਭਾਉਂਦੇ ਵਿਖਣਾ ਚਾਹੇਗਾ।

ਇੱਕ ਜ਼ਬਰਦਸਤ ਜਜ਼ਬਾਤੀ ਉਫਾਨ ਇਸ ਡਾਇਰੀ ਵਿੱਚ ਪ੍ਰਕਾਸ਼ ਪਾ ਰਹੇ ਆਤਮ ਦੀਆਂ ਡੂੰਘੀਆਂ ਤਹਿਆਂ ਵਿਚ ਖੌਲਦਾ ਹੈ। ਇਹ ਆਤਮ ਨਿੱਜੀ ਘਾਟਿਆਂ ਜਾਂ ਰਾਜਸੀ ਅਸਫ਼ਲਤਾਵਾਂ ਨੂੰ ਭੁੱਲਣਾ ਵੀ ਨਹੀਂ ਚਾਹੁੰਦਾ, ਪਰ ਸਾਰੀ ਲਿਖਤ ਵਿਚ ਪਾਠਕ ਨੂੰ ਕਿਤੇ ਵੀ ਉਸ ਦੇ ਥੱਕੇ, ਹਾਰੇ, ਟੁੱਟੇ, ਬਿਖਰੇ, ਨਿਰਾਸ਼ ਰੂਪ ਦੇ ਦਰਸ਼ਨ ਨਹੀਂ ਹੁੰਦੇ। ਵਰਤਮਾਨਤਾ ਵਿਚ ਉਸ ਦੇ ਹੋਣ, ਥੀਣ ਦੀ ਜੁਸਤਜੂ ਇਸ ਡਾਇਰੀ ਦੇ ਕਰਤਾ ਨੂੰ ਆਪਣੀ ਵਸਣਭੂਮੀ ਨਾਲ ਵਿਚਾਰਧਾਰਕ ਦਸਤਪੰਜਾ ਲੈਣ ਲਈ ਉਕਸਾਉਂਦੀ ਹੈ।

ਇਨਕਲਾਬੀ ਘੋਲਾਂ ਵਿਚ ਸਾਹਿਤ ਦੀ ਭੂਮਿਕਾ ਉਹ ਰੋਹਲੇ ਬਾਣਾਂ ਦੇ ਰੂਪ ਵਿੱਚ ਕਿਆਸਦਾ ਹੈ। ਉਸ ਦੀ ਸਾਹਿਤਕ ਸੰਵੇਦਨਾ ਉਸ ਦੀ ਮਾਰਕਸਵਾਦੀ ਚੇਤਨਾ ਦੇ ਤਾਬੇ ਹੀ ਹੈ। ਆਪਣੀ ਧਿਰ, ਆਪਣੇ ਨਿਸ਼ਾਨੇ, ਆਪਣੇ ਸੁਨੇਹੇ, ਆਪਣੇ ਰੋਲ ਨੂੰ ਸਾਫ਼-ਸਾਫ਼ ਪਛਾਣੇ ਅਤੇ ਸਿਧਾਂਤਕ ਤੌਰ ’ਤੇ ਸਪੱਸ਼ਟ ਕੀਤੇ ਬਿਨਾਂ ਉਹ ਕਲਮ ਨਹੀਂ ਚੁੱਕਦਾ। ਸੁਪਨੇ, ਯਾਦਾਂ, ਸੰਗਰਾਮ, ਸਿਰੜ ਦੀ ਤਰਲਤਾ ਇਸ ਰਚਨਾ ਦਾ ਅੰਤਰ ਵੇਗ ਹੈ, ਪਰ ਸਿਧਾਂਤਕਾਰੀ ਦੀ ਇਸੇ ਪ੍ਰਬਲਤਾ ਨੇ ਇਸ ਨੂੰ ਬੌਧਿਕ ਅਭਿਆਸ ਬਣਾ ਦਿੱਤਾ ਹੈ। ਸਿਧਾਂਤਾਂ ਦੀ ਲੋਅ ਵਿੱਚ ਹੋਏ ਵਿਚਾਰਾਂ ਦੇ ਮੰਥਨ ਕਰਕੇ ਇਸ ਦੀ ਸੁਰ ਅਹਿਦਾਂ ਅਤੇ ਐਲਾਨਨਾਮਿਆਂ ਵਰਗੀ ਹੈ।

ਉਸ ਦੀ ਸ਼ਖ਼ਸੀ ਘਾੜਤ ਵਿਚ ਉਸ ਦਾ ਸੁਪਨਾ, ਉਸ ਦੀ ਵਿਚਾਰਧਾਰਕ ਸਮਝ ਜ਼ਬਰਦਸਤ ਰੂਪ ਵਿਚ ਗੁੰਨ੍ਹੀ ਪਈ ਹੈ। ਨਕਸਲਬਾੜੀ ਲਹਿਰ ਬਿਖ਼ਰ ਚੁੱਕੀ ਹੈ, ਪਰ ਉਸ ਦਾ ਸੁਪਨਾ ਬਰਕਰਾਰ ਹੈ। ਅਨੁਭਵਾਂ, ਅਹਿਸਾਸਾਂ, ਸਮਿਆਂ ਦੀਆਂ ਵੰਗਾਰਾਂ ਜਾਂ ਭਾਰਾਂ ਦੇ ਲਿਹਾਜ਼ ਨਾਲ ਇਸ ਪਾਠ ਦੀਆਂ ਕਈ ਪਰਤਾਂ ਹਨ, ਪਰ ਵਿਚਾਰਧਾਰਕ ਸੋਝੀਆਂ ਪ੍ਰਤੀਬੱਧਤਾਵਾਂ ਦੇ ਹਵਾਲੇ ਨਾਲ ਇਸ ਦਾ ਸੁਨੇਹਾ ਇਕੋ ਹੈ, ਉਹ ਹੈ ਲੋਕਾਈ ਨੂੰ ਉਮੀਦ ਦਾ ਪੱਲਾ ਫੜਾਉਣਾ। ਆਪਣਾ ਸਾਰਾ ਗਿਆਨ-ਧਿਆਨ ਗਰੀਬ ਮਿਹਨਤਕਸ਼ ਲੋਕਾਈ ਦੀ ਮੁਕਤੀ ਨੂੰ ਸਮਰਪਿਤ ਕਰਨ ਵਾਲੇ ਪ੍ਰੋ. ਹਰਭਜਨ ਸਿੰਘ ਦੀਆਂ ਅੰਤਰ-ਪ੍ਰੇਰਨਾਵਾਂ ਅਤੇ ਅੰਤਰ-ਸੋਝੀਆਂ ਦੀ ਨੇੜਲੀ ਝਲਕ ਦਿੰਦੀ ਇਸ ਰਚਨਾ ਦਾ ਹਰ ਉਸਾਰੂ ਸੋਚ ਰੱਖਣ ਵਾਲਾ ਸ਼ਖ਼ਸ ਸਵਾਗਤ ਕਰੇਗਾ।

**— ਪ੍ਰੋ. ਧਨਵੰਤ ਕੌਰ**

## ਜਿਹੋ ਜਿਹੀ ਸੋਚ ਓਹੋ ਜਿਹੀ ਜ਼ਿੰਦਗੀ


**ਜੇਮਜ਼ ਐਲਨ**
**ਅਨੁਵਾਦ : ਅਨੁਰਾਧਾ ਰਾਣੀ**
**ਮੁੱਲ : 119 ਰੁਪਏ, ਪੰਨੇ : 48**
**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**

ਜੇਮਜ਼ ਐਲਨ ਦੀ ਵਿਸ਼ਵ ਪ੍ਰਸਿੱਧ ਪੁਸਤਕ As a man thinkth ਦਾ ਇਹ ਪੰਜਾਬੀ ਅਨੁਵਾਦ ਹੈ। ਕਿਤਾਬ ਭਾਵੇਂ ਬਹੁਤ ਛੋਟੀ ਹੈ ਪਰ ਉਸ ਵਿੱਚ ਇਨਸਾਨ ਦੀ ਤਕਦੀਰ ਸੰਬੰਧੀ ਗੰਭੀਰ ਸੰਵਾਦ ਰਚਾਇਆ ਗਿਆ ਹੈ। ਇਹ ਕਿਤਾਬ ਪਹਿਲੀ ਵਾਰ 1902 ਵਿੱਚ ਛਪੀ ਤੇ ਪ੍ਰਸਿੱਧ ਹੋ ਗਈ। ਪੁਸਤਕ ਵਿੱਚ ਕਰੋੜਾ ਲੋਕਾਂ ਨੂੰ ਇਹ ਜਾਨਣ ਦਾ ਮੌਕਾ ਦਿੱਤਾ ਕਿ ਕੇਵਲ ਵਿਚਾਰਾਂ ਦੀ ਸ਼ਕਤੀ ਨਾਲ ਕੋਈ ਬੰਦਾ ਆਪਣੇ ਦ੍ਰਿਸ਼ਟੀਕੋਣ ਨੂੰ ਵੀ ਬਦਲ ਸਕਦਾ ਹੈ। ਕਿਤਾਬ ਗੱਲ ਕਰਦੀ ਹੈ ਕਿ ਮਨੁੱਖੀ ਵਿਚਾਰ ਤੇ ਚਰਿੱਤਰ ਕੀ ਹੁੰਦਾ ਹੈ। ਵਿਅਕਤੀ ਜੋ ਕੰਮ ਕਰਦਾ ਹੈ ਉਹਦੇ ਪਿੱਛੇ ਉਹਦੇ ਵਿਚਾਰ ਹੁੰਦੇ ਹਨ। ਸੋ ਵਿਚਾਰਾ ਦਾ ਖਿੜਿਆ ਹੋਣਾ ਜ਼ਰੂਰੀ ਹੈ। ਸ਼ਕਤੀ ਤੇ ਬੁੱਧੀ ਉਸ ਦੇ ਤੱਤ ਹਨ। ਪ੍ਰਸਥਿਤੀਆਂ ਮਨੁੱਖ ਦੇ ਵਿਚਾਰਾਂ ਤੇ ਪ੍ਰਭਾਵ ਪਾਉਂਦੀਆਂ ਹਨ। ਵਿਆਕਤੀ ਦਾ ਵਿਕਾਸ ਕਿਵੇਂ ਹੁੰਦਾ ਹੈ ਉਹਦੇ ਪਿੱਛੇ ਕਿਹੜੇ ਬੀਜ ਕਾਰਜਸੀਲ ਹੁੰਦੇ ਹਨ। ਵਿਅਕਤੀ ਦੀ ਮਾਨਸਿਕ ਬਣਤਰ ਕਿਵੇਂ ਉਸਰਦੀ ਹੈ, ਕਿਤਾਬ ਵਿੱਚ ਉਹਦੇ ’ਤੇ ਵੀ ਵਿਚਾਰ ਦਿੰਦੀ ਹੈ। ਚੰਗੇ ਵਿਚਾਰਾਂ ਦੇ ਵਿਅਕਤੀ ਦੀ ਸਿਹਤ ਤੇ ਸਰੀਰ ’ਤੇ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ, ਇਹਦਾ ਵੀ ਵਰਨਣ ਹੈ। ਗੈਰ ਸਿਹਤਮੰਦ ਵਿਚਾਰ ਕਮਜ਼ੋਰ ਸਰੀਰ ਦੁਆਰਾ ਪ੍ਰਗਟ ਹੁੰਦੇ ਹਨ। ਮਨੁੱਖੀ ਡਰ ਬਾਰੇ ਮਨੋਵਿਗਿਆਨਕ ਗੱਲਾਂ ਕੀਤੀਆਂ ਗਈਆਂ ਹਨ। ਮਜ਼ਬੂਤ, ਪਵਿੱਤਰ ਤੇ ਆਨੰਦ ਭਰਪੂਰ ਵਿਚਾਰ ਸਰੀਰ ਨੂੰ ਕਿਵੇ ਮਜ਼ਬੂਤ ਕਰਦੇ ਹਨ। ਵਿਅਕਤੀ ਵਿਚਾਰਾਂ ਨੂੰ ਉਦੇਸ਼ ਨਾਲ ਜੋੜ ਕੇ ਕਿਵੇਂ ਉਦੇਸ਼ ਦੀ ਪ੍ਰਾਪਤੀ ਕਰਦਾ ਹੈ। ਬਾਰੇ ਵੀ ਬਿਰਤਾਂਤ ਹੈ। ਮਨੁੱਖ ਦੀਆਂ ਕਲਪਨਾਵਾਂ ਤੇ ਆਦਰਸ਼ ਕੀ ਹੁੰਦੇ ਹਨ। ਬੁੱਧੀ ਦਾ ਸੁੰਦਰ ਰਤਨ ਮਨ ਦੀ ਸ਼ਾਂਤੀ ਮੰਨਿਆ ਹੈ। ਇਸ ਤਰ੍ਹਾਂ ਕਿਤਾਬ ਮਨੁੱਖ ਨੂੰ ਸਮਝਣ ਅਤੇ ਜੀਵਨ ਨੂੰ ਚੰਗਾ ਬਣਾਉਣ ਲਈ ਅਨੇਕਾਂ ਨੁਕਤੇ ਉਭਾਰਦੀ ਹੈ। ਸਵੈ ਪੜਚੋਲ ਕਰਨਾ ਵੀ ਦੱਸਦੀ ਹੈ।


## ਸੱਜਰਾ ਸਾਹਿਤ




**ਦ੍ਰਿਸ਼ਟੀ, ਪਸਾਰ ਤੇ ਸੰਵਾਦ**
ਸੰਪਾਦਕ: ਅਰਵਿੰਦਰ ਕੌਰ ਕਾਕੜਾ
ਮੁੱਲ : 180, ਸਫ਼ੇ : 136
ਅਨੁਮੰਚ, ਲੁਧਿਆਣਾ




**ਇਜ਼ਹਾਰ**
ਕੁਲਦੀਪ ਕੌਰ ਧੰਜੂ
ਮੁੱਲ : 200, ਸਫ਼ੇ : 123
ਜ਼ੋਹਰਾ ਪਬਲੀਕੇਸ਼ਨ, ਪਟਿਆਲਾ




**ਪਰਵਾਸੀ ਪੰਜਾਬੀ ਗਲਪ**
ਡਾ. ਰਮਨਪ੍ਰੀਤ ਕੌਰ
ਮੁੱਲ : 220, ਸਫ਼ੇ : 120
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




**ਨਿਵਣੁ ਸੁ...**
ਸੰਜੀਵ ਸਿੰਘ ਸੈਣੀ
ਮੁੱਲ : 150, ਸਫ਼ੇ : 100
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




**ਖਾਮੋਸ਼ ਹਰਫ਼**
ਦਿਲਗੀਰ
ਮੁੱਲ : 150, ਸਫ਼ੇ : 104
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




**ਪਿਆਰ ਦਾ ਪਾਣੀ**
ਜਸਮੀਤ ਸੰਧੂ ਕਪੂਰੇ
ਮੁੱਲ : 200, ਸਫ਼ੇ : 71
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




**ਬੰਦਾ ਬਣ**
ਸਰਵਣਬੀਰ ਸਿੰਘ
ਮੁੱਲ : 225, ਸਫ਼ੇ : 80
ਚੇਤਨਾ ਪ੍ਰਕਾਸ਼ਨ, ਲੁਧਿਆਣਾ



**ਪਰਖ-ਪੜਚੋਲ**
ਸੰਪਾ. ਤੇਜਾ ਸਿੰਘ ਤਿਲਕ
ਮੁੱਲ : 220, ਸਫ਼ੇ : 143
ਤਾਲਿਫ਼ ਪ੍ਰਕਾਸ਼ਨ, ਬਰਨਾਲਾ



**ਪੰਛੀ ਤੇ ਕੁਦਰਤ**
ਗੁਰਪ੍ਰੀਤ ਸਿੰਘ ਜਖਵਾਲੀ
ਮੁੱਲ : 150, ਸਫ਼ੇ : 72
ਜੇ ਪੀ ਪਬਲੀਕੇਸ਼ਨ, ਪਟਿਆਲਾ



**ਵਿਅੰਗ ਯਾਤਰਾ**
ਅਨੁ. ਨਿਰੰਜਣ ਸਿੰਘ ਸੈਲਾਨੀ
ਮੁੱਲ : 200, ਸਫ਼ੇ : 92
ਸਾਹਿਤਯ ਕਲਸ਼ ਪਬਲੀਕੇਸ਼ਨ, ਪਟਿਆਲਾ

# ਸ੍ਰੀ ਗੁਰੂ ਤੇਗ ਬਹਾਦਰ ਜੀ : ਸ਼ਬਦ ਅਤੇ ਸ਼ਹਾਦਤ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ

**ਲੁਧਿਆਣਾ** : ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ, ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਵਿਖੇ 4-5 ਅਕਤੂਬਰ 2025 ਨੂੰ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ ਅਤੇ ਕਵੀ ਦਰਬਾਰ ਕਰਵਾਇਆ ਗਿਆ। ਇਸ ਸੈਮੀਨਾਰ ਨੇ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਅਤੇ ਸ਼ਹਾਦਤ ਨੂੰ ਨਾ ਸਿਰਫ਼ ਇਤਿਹਾਸਕ ਨਜ਼ਰੀਏ ਤੋਂ ਪਰਖਿਆ, ਸਗੋਂ ਅਜੋਕੇ ਵਿਸ਼ਵੀਕਰਨ ਅਤੇ ਸਮਾਜਿਕ ਚੁਣੌਤੀਆਂ ਵਾਲੇ ਦੌਰ ਵਿੱਚ ਉਹਨਾਂ ਦੀ ਪ੍ਰਸੰਗਿਕਤਾ ਨੂੰ ਵੀ ਡੂੰਘਾਈ ਨਾਲ ਉਜਾਗਰ ਕੀਤਾ।ਇਹ ਸਮਾਗਮ, ਜੋ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੰਜਾਬੀ ਲੇਖਕ ਸਭਾ, ਸਿਰਸਾ ਅਤੇ ਪੰਜਾਬੀ ਵਿਭਾਗ, ਸਰਕਾਰੀ ਨੈਸ਼ਨਲ ਕਾਲਜ ਸਿਰਸਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਸੈਮੀਨਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਮਨੁੱਖੀ ਅਜ਼ਾਦੀ, ਸਮਾਨਤਾ, ਅਤੇ ਸਮਾਜਿਕ ਨਿਆਂ ਦੀ ਲੜਾਈ ਵਿੱਚ ਇੱਕ ਵਿਸ਼ਵਵਿਆਪੀ ਪ੍ਰਤੀਕ ਵਜੋਂ ਪੇਸ਼ ਕਰਨ ਵਿਚ ਸਫਲ ਰਿਹਾ।ਸਭ ਤੋਂ ਵੱਡਾ ਰੋਲ ਪੰਜਾਬੀ ਵਿਭਾਗ, ਸਰਕਾਰੀ ਨੈਸ਼ਨਲ ਕਾਲਜ ਸਿਰਸਾ ਅਤੇ ਪ੍ਰਿੰਸੀਪਲ ਪ੍ਰੋ. ਹਰਜਿੰਦਰ ਸਿੰਘ ਜੀ ਦਾ ਰਿਹਾ।

ਉਦਘਾਟਨ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਦੇ ਪ੍ਰਿੰਸੀਪਲ ਪ੍ਰੋ. ਹਰਜਿੰਦਰ ਸਿੰਘ, ਪੰਜਾਬੀ ਅਕਾਦਮੀ, ਦਿੱਲੀ ਦੇ ਸਾਬਕਾ ਸਕੱਤਰ ਸ਼੍ਰੀ ਗੁਰਭੇਜ ਸਿੰਘ ਗੁਰਾਇਆ ਅਤੇ ਸਿਰਸੇ ਦੇ ਪ੍ਰਸਿੱਧ ਸਮਾਜਸੇਵੀ ਸ. ਸੁਰਿੰਦਰ ਸਿੰਘ ਵੈਦਵਾਲਾ ਸ਼ਾਮਿਲ ਸਨ। ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਜੋ ਇੱਕ ਪ੍ਰ?ਬੁੱਧ ਚਿੰਤਕ ਅਤੇ ਮੁੱਖ ਬੁਲਾਰੇ ਸਨ, ਨੇ ਗੁਰੂ ਜੀ ਨੂੰ ਵੱਖ-ਵੱਖ ਧਾਰਮਿਕ ਸਮਾਜਾਂ ਦੇ ਅਧਿਕਾਰਾਂ ਦੀ ਰਾਖੀ ਲਈ ਜ਼ਾਲਿਮ ਸੱਤਾ ਨੂੰ ਚੁਣੌਤੀ ਦੇਣ ਵਾਲੇ ਅਦੁੱਤੀ ਸ਼ਹੀਦ ਵੱਜੋਂ ਪੇਸ਼ ਕੀਤਾ।ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਗੁਰੂ ਜੀ ਦੇ ਵਿਚਾਰਾਂ ਨੂੰ ਅਜੋਕੇ ਦੌਰ ਵਿੱਚ ਹੋਰ ਵੀ ਪ੍ਰਸੰਗਿਕ ਆਖਦੇ ਹੋਏ ਕਿਹਾ ਕਿ



ਅਸੀਂ ਗੁਰੂ ਸਾਹਿਬ ਦੇ ਵਿਚਾਰਾਂ 'ਤੇ ਪਹਿਰਾ ਦਿੰਦੇ ਹੋਏ ਵੱਖਰਤਾਵਾਂ ਨੂੰ ਆਪਣੀ ਤਾਕਤ ਬਣਾਈਏ ਅਤੇ ਨਿਆਂ ਲਈ ਅਵਾਜ਼ ਉਠਾਈਏ। ਅਕਾਡਮੀ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸੈਮੀਨਾਰ ਦੀ ਰੂਪਰੇਖਾ ਪੇਸ਼ ਕੀਤੀ। ਸੈਸ਼ਨ ਦਾ ਸੰਚਾਲਨ ਡਾ. ਹਰਵਿੰਦਰ ਸਿੰਘ ਸਿਰਸਾ ਨੇ ਕੀਤਾ।

ਦੂਜੇ ਸੈਸ਼ਨ ਦੀ ਪ੍ਰਧਾਨਗੀ ਡਾ. ਸਤਨਾਮ ਸਿੰਘ ਜੱਸਲ ਨੇ ਕੀਤੀ ਅਤੇ ਉੱਚ ਸਿੱਖਿਆ ਵਿਭਾਗ ਹਰਿਆਣਾ ਦੇ ਜੁਆਇੰਟ ਡਾਇਰੈਕਟਰ ਡਾ. ਸੁਖਵਿੰਦਰ ਸਿੰਘ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸੈਸ਼ਨ ਵਿਚ ਡਾ. ਦਲਜੀਤ ਸਿੰਘ ਅਤੇ ਸੇਵਾਮੁਕਤ ਪ੍ਰਿੰਸੀਪਲ ਅਰਵੇਲ ਸਿੰਘ ਵਿਰਕ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਡਾ. ਜੋਗਿੰਦਰ ਸਿੰਘ, ਡਾ. ਪ੍ਰੀਤ ਕੌਰ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਰਹੇ। ਇਸ ਸੈਸ਼ਨ ਵਿਚ ਡਾ. ਸੰਦੀਪ ਸਿੰਘ ਮੁੰਡੇ ਤੇ ਡਾ. ਗੁਰਪ੍ਰੀਤ ਕੌਰ ਨੇ ਆਪਣੇ ਪਰਚਿਆਂ ਰਾਹੀਂ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕੀਤਾ।

ਤੀਜਾ ਸੈਸ਼ਨ ਕਾਮਰੇਡ ਸੁਵਰਨ ਸਿੰਘ ਵਿਰਕ ਦੀ ਪ੍ਰਧਾਨਗੀ ਵਿਚ ਹੋਇਆ । ਇਸ ਸੈਸ਼ਨ ਵਿਚ ਪਰਚਾ ਪੜ੍ਹਦੇ ਹੋਏ ਡਾ. ਚਰਨਦੀਪ ਸਿੰਘ ਭਦੌੜ ਨੇ ਕਿਹਾ ਕਿ ਅਸੀਂ ਭਾਵਨਾਵਾਂ ਵਿਚ ਬਹਿ ਕੇ ਫਲਸਫ਼ੇ ਤੋਂ ਦੂਰ ਚਲੇ ਜਾਂਦੇ ਹਾਂ, ਇਸ ਲਈ ਸਿਧਾਂਤ ਤੇ ਵਿਹਾਰ ਵਿਚ ਵੱਡਾ ਪਾੜਾ ਹੈ। ਡਾ. ਕੁਲਦੀਪ ਦੀਪ ਨੇ ਕਿਹਾ ਕਿ ਸਾਨੂੰ ਇਤਿਹਾਸ ਦਾ ਅਧਿਐਨ ਵਰਤਮਾਨ ਸਮੇਂ ਵਿਚ ਉਸਦੀ ਪ੍ਰਸੰਗਿਕਤਾ ਵਿਚ ਕਰਨਾ ਚਾਹੀਦਾ ਹੈ।

ਚੌਥੇ ਸੈਸ਼ਨ ਵਿਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਸੁਰਜੀਤ ਜੱਜ, ਡਾ. ਬਲਵਿੰਦਰ ਸਿੰਘ ਮੋਹਾਲੀ, ਨਵਤੇਜ ਗੜ੍ਹਦੀਵਾਲਾ ਅਤੇ ਡਾ. ਹਰੀ ਸਿੰਘ ਜਾਚਕ ਉਪਰ ਆਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ ਅਤੇ ਡਾ. ਨਿਰਮਲ ਸਿੰਘ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸੈਸ਼ਨ ਵਿਚ ਸਿਰਸਾ ਦੇ ਸਮਾਜਸੇਵੀ ਰਾਜਪਾਲ ਸਿੰਘ ਅਤੇ ਡਾ. ਗੁਰਪ੍ਰੀਤ ਸਿੰਘ ਸਿੰਧਰਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਇਹਨਾਂ ਤੋਂ ਇਲਾਵਾ ਡਾ. ਨਛੱਤਰ ਸਿੰਘ, ਡਾ. ਖ਼ੁਸ਼ਨਸੀਬ ਗੁਰਬਖ਼ਸ਼ੀਸ਼ ਕੌਰ, ਡਾ. ਰਿਪੁਦਮਨ ਸ਼ਰਮਾ ਤੇ ਸ਼੍ਰੀਮਤੀ ਛਿੰਦਰ ਕੌਰ ਸਿਰਸਾ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਰਹੇ। ਇਸ ਸੈਸ਼ਨ ਦਾ ਸੰਚਾਲਨ ਸੁਰਜੀਤ ਸਿਰੜੀ ਨੇ ਕੀਤਾ। ਕਵੀ ਦਰਵਾਰ ਵਿਚ ਪ੍ਰੋ. ਸੁਰਜੀਤ ਜੱਜ, ਨਵਤੇਜ ਗੜ੍ਹਦੀਵਾਲਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰੀ ਸਿੰਘ ਜਾਚਕ, ਡਾ. ਨਿਰਮਲ ਸਿੰਘ, ਡਾ. ਗੁਰਪ੍ਰੀਤ ਸਿੰਘ ਸਿੰਧਰਾ, ਲਖਵਿੰਦਰ ਸਿੰਘ ਬਾਜਵਾ, ਭੁਪਿੰਦਰ ਪੰਨੀਵਾਲੀਆ, ਸੁਰਜੀਤ ਸਿਰੜੀ, ਹਰਦੇਵ ਪੁਰੇਵਾਲ, ਕਰਨੈਲ ਸਿੰਘ ਅਸਪਾਲ, ਸੁਭਾਸ਼ ਸੋਲੰਕੀ, ਪੂਰਨ ਸਿੰਘ ਨਿਰਾਲਾ, ਪਰਵੀਨ ਸ਼ਰਮਾ ਐਡਵੋਕੇਟ, ਜਸਵੀਰ ਸਿੰਘ ਮੌਜੀ, ਡਾ. ਖ਼ੁਸ਼ਨਸੀਬ ਗੁਰਬਖ਼ਸ਼ੀਸ਼ ਕੌਰ, ਡਾ. ਰਿਪੁਦਮਨ ਸ਼ਰਮਾ, ਛਿੰਦਰ ਕੌਰ ਸਿਰਸਾ, ਮਾ. ਮੁਖਤਿਆਰ ਸਿੰਘ ਚੱਠਾ, ਹਰਜੀਤ ਸਿੰਘ ਦੇਸੂਮਲਕਾਣਾ, ਸ਼ਾਮ ਲਾਲ ਸ਼ਾਸਤਰੀ, ਪੁਰਸ਼ੋਤਮ ਸ਼ਾਸਤਰੀ, ਕੁਲਵਿੰਦਰ ਸਿੰਘ ਸੰਧੂ ਆਦਿ ਨੇ ਆਪਣੀਆਂ ਰਚਨਾਵਾਂ ਦਾ ਪਾਠ ਕੀਤਾ। ਕਵੀ ਦਰਵਾਰ ਨੇ ਸੈਮੀਨਾਰ ਨੂੰ ਸਾਹਿਤਕ ਰੰਗ ਦਿੱਤਾ। ਕਵੀਆਂ ਨੇ ਆਪਣੀ ਕਵਿਤਾ ਰਾਹੀਂ ਗੁਰੂ ਜੀ ਦੇ ਸੁਨੇਹੇ ਨੂੰ ਭਾਵੁਕ ਅਤੇ ਕਲਾਤਮਕ ਰੂਪ ਵਿੱਚ ਪੇਸ਼ ਕੀਤਾ। ਧੰਨਵਾਦੀ ਮਤਾ ਭੁਪਿੰਦਰ ਪੰਨੀਵਾਲੀਆ ਨੇ ਪੇਸ਼ ਕੀਤਾ।

ਪੰਜਵੇਂ ਸੈਸ਼ਨ ਦੀ ਪ੍ਰਧਾਨਗੀ ਪੰਜਾਬੀ ਦੇ ਸਮਰੱਥ ਕਵੀ ਅਤੇ ਪ੍ਰਬੁੱਧ ਚਿੰਤਕ ਡਾ. ਰਤਨ ਸਿੰਘ ਢਿੱਲੋਂ ਨੇ ਕੀਤੀ ਪਦਮਸ਼੍ਰੀ ਭਾਈ ਗੁਰਵਿੰਦਰ ਸਿੰਘ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ । ਇਹਨਾਂ ਤੋਂ ਇਲਾਵਾ ਇਸ ਸੈਸ਼ਨ ਵਿਚ ਪ੍ਰੋ. ਗੁਰਦੇਵ ਸਿੰਘ ਦੇਵ ਅਤੇ ਡਾ. ਗੁਰਚਰਨ ਕੌਰ ਕੋਚਰ, ਡਾ. ਕਰਨੈਲ ਚੰਦ ਅਤੇ ਪ੍ਰੋਫੈਸਰ ਗੁਰਸਾਹਿਬ ਸਿੰਘ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਰਹੇ। ਇਸ ਸੈਸ਼ਨ ਡਾ. ਬੀਰਬਲ ਸਿੰਘ ਅਤੇ ਅਮਨਦੀਪ ਕੌਰ ਨੇ ਗੁਰੂ ਜੀ ਦੀ ਬਾਣੀ ਨੂੰ ਅਧਿਆਤਮਿਕ ਅਤੇ ਸਮਾਜਿਕ ਨਜ਼ਰੀਏ ਤੋਂ ਪੇਸ਼ ਕੀਤਾ।ਭਾਈ ਗੁਰਵਿੰਦਰ ਸਿੰਘ ਪਦਮਸ਼੍ਰੀ, ਜੋ ਭਾਈ ਘਨ੍ਹਈਆ ਮਾਨਵ ਸੇਵਾ ਟਰੱਸਟ ਦੇ ਮੁੱਖ ਸੇਵਾਦਾਰ ਹਨ, ਨੇ ਗੁਰੂ ਜੀ ਨੂੰ ਮਨੁੱਖੀ ਅਧਿਕਾਰਾਂ ਦਾ ਰਾਖੀ ਵਾਲਾ ਦੱਸਦਿਆਂ ਕਿਹਾ ਕਿ ਉਹਨਾਂ ਦੀ ਸ਼ਹਾਦਤ ਨੂੰ ਕਿਸੇ ਇੱਕ ਧਰਮ ਨਾਲ ਜੋੜਨਾ ਗਲਤ ਹੈ।

ਛੇਵੇਂ ਅਤੇ ਆਖਰੀ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਸੁਦਰਸ਼ਨ ਗਾਸੋ ਨੇ ਕੀਤੀ ਪ੍ਰੋ. ਸੁਰਜੀਤ ਜੱਜ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਸੈਸ਼ਨ ਵਿਚ ਡਾ. ਬੀ ਆਰ. ਅੰਬੇਡਕਰ ਸਰਕਾਰੀ ਕਾਲਜ, ਡੱਬਵਾਲੀ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਦਿਲਰਾਜ ਸਿੰਘ ਤੇ ਪ੍ਰਸਿੱਧ ਹਿੰਦੀ ਗਲਪਕਾਰ ਅਤੇ ਕਵੀ ਪ੍ਰੋ. ਹਰਭਗਵਾਨ ਚਾਵਲਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਇਹਨਾਂ ਤੋਂ ਇਲਾਵਾ ਡਾ. ਹਰੀ ਸਿੰਘ ਜਾਚਕ ਅਤੇ ਡਾ. ਹਰਵਿੰਦਰ ਸਿੰਘ ਸਿਰਸਾ ਅਤੇ ਮਾਸਟਰ ਬੂਟਾ ਸਿੰਘ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਰਹੇ। ਚੁਨਿੰਦਾ ਖੋਜ-ਪੱਤਰਾਂ ਦੀ ਪੇਸ਼ਕਾਰੀ ਵਾਲੇ ਇਸ ਸੈਸ਼ਨ ਲਈ ਚਾਲੀ ਖੋਜਾਰਥੀਆਂ ਨੇ ਆਪਣੀ ਰਜਿਸਰੇਸ਼ਨ ਕਰਵਾਈ।

# ਕਹਾਣੀਕਾਰ ਅਜਮੇਰ ਸਿੱਧੂ ਨਾਲ਼ ਰੂਬਰੂ ਸਮਾਗਮ

**ਹੁਸ਼ਿਆਰਪੁਰ** : ਪ੍ਰਗਤੀਸ਼ੀਲ ਲੇਖਕ ਸੰਘ ਹੁਸ਼ਿਆਰਪੁਰ ਵੱਲੋਂ ਸਾਹਿਤ ਸਭਾ ਗੁਰੂ ਤੇਗ ਬਹਾਦਰ ਕਾਲਜ ਫਾਰ ਵਿਮੈਨ ਦਸੂਹਾ ਅਤੇ ਸਾਹਿਤ ਸਭਾ ਦਸੂਹਾ-ਗੜ੍ਹਦੀਵਾਲ਼ਾ (ਰਜਿ:) ਦੇ ਸਹਿਯੋਗ ਨਾਲ਼ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਅਜਮੇਰ ਸਿੱਧੂ ਦਾ ਗੁਰੂ ਤੇਗ ਬਹਾਦਰ ਕਾਲਜ ਦੇ ਵਿਦਿਆਰਥੀਆਂ ਨਾਲ਼ ਰੂਬਰੂ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ



ਖਾਸ ਵਿਸ਼ੇਸ਼ਤਾ ਇਹ ਰਹੀ ਕਿ ਕਹਾਣੀ ਲਿਖਣ ਵਿੱਚ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਨੇ ਕਹਾਣੀਆਂ ਦੇ ਪਾਤਰਾਂ, ਘਟਨਾਵਾਂ ਬਾਰੇ ਗੱਲਬਾਤ ਕਰਦਿਆਂ ਕਹਾਣੀ ਸਿਰਜਣ ਦੇ ਨੁਕਤਿਆਂ ਬਾਰੇ ਵੀ ਅਹਿਮ ਸੁਆਲ ਪੁੱਛੇ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਿੰਸੀਪਲ ਵਰਿੰਦਰ ਕੌਰ, ਡੀਨ ਡਾ. ਰੁਪਿੰਦਰ ਕੌਰ ਰੰਧਾਵਾ, ਵਾਈਸ ਪ੍ਰਿੰਸੀਪਲ ਜੋਤੀ ਸੈਣੀ, ਕਹਾਣੀਕਾਰ ਲਾਲ ਸਿੰਘ, ਸ਼ਾਇਰ ਮਦਨ ਵੀਰਾ, ਡਾ. ਸ਼ਮਸ਼ੇਰ ਮੋਹੀ ਅਤੇ ਪ੍ਰੋ. ਬਲਦੇਵ ਬੱਲੀ ਪ੍ਰਧਾਨ ਜ਼ਿਲ੍ਹਾ ਪ੍ਰਗਤੀਸ਼ੀਲ ਲੇਖਕ ਸੰਘ ਹੁਸ਼ਿਆਰਪੁਰ ਸ਼ਾਮਲ ਹੋਏ। ਅਜਮੇਰ ਸਿੱਧੂ ਨੇ ਆਪਣੇ ਜੀਵਨ ਤੇ ਰਚਨਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਮਾਨਵੀ ਜਵਿਨ ਵਿੱਚ ਸਾਹਿਤ ਦੇ ਉਦੇਸ਼ ਸੰਬੰਧੀ ਚਰਚਾ ਵੀ ਕੀਤੀ। ਪ੍ਰਿੰ: ਵਰਿੰਦਰ ਕੌਰ ਨੇ ਸੁਆਗਤੀ ਸ਼ਬਦ ਕਹਿੰਦਿਆਂ ਸਮਾਜਿਕ ਜੀਵਨ ਵਿੱਚ ਸਾਹਿਤ ਦੀ ਭੂਮਿਕਾ 'ਤੇ ਚਾਨਣਾ ਪਾਇਆ । ਲਾਲ ਸਿੰਘ ਨੇ ਕਹਾਣੀਆਂ ਦੇ ਵਿਸ਼ਿਆਂ ਦੀ ਸਹੀ ਚੋਣ ਅਤੇ ਆਰਥਿਕ, ਸਮਾਜਿਕ ਤੇ ਰਾਜਨੀਤਕ ਵਰਤਾਰਿਆਂ ਦੇ ਪ੍ਰਭਾਵਾਂ ਦੇ ਵਰਤਾਰਿਆਂ ਦੇ ਸਾਫ਼ ਪ੍ਰਗਟਾਅ ਦਾ ਜ਼ਿਕਰ ਕੀਤਾ। ਪ੍ਰੋ. ਬਲਦੇਵ ਸਿੰਘ ਬੱਲੀ ਨੇ ਅਜਮੇਰ ਦੇ ਸਮੁੱਚੇ ਕਥਾ-ਜਗਤ ਦੇ ਬਹੁ-ਪਸਾਰੀ ਪੱਖਾਂ ਬਾਰੇ ਗੱਲ ਕਰਦਿਆਂ ਉਸ ਦੀ ਦ੍ਰਿਸ਼ਟੀ ਨਾਲ ਜਾਣ-ਪਛਾਣ ਕਰਾਈ । ਮਦਨ ਵੀਰਾ ਨੇ ਕਹਾਣੀ ਦੇ ਔਰਤ ਪਾਤਰਾਂ ਦੀ ਅਣਖੀ ਤੇ ਉਸਾਰੂ ਭੂਮਿਕਾ ਦੀ ਪ੍ਰਸੰਸਾ ਕਰਦਿਆਂ ਵਿਦਿਆਰਥਣਾਂ ਨੂੰ ਸਾਹਿਤ ਸਿਰਜਣਾ ਦੇ ਮਹੱਤਵ ਤੋਂ ਜਾਣੂ ਕਰਵਾਇਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਨਵਤੇਜ ਗੜ੍ਹਦੀਵਾਲ਼ਾ ਨੇ ਕਹਾਣੀਆਂ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ। ਡਾ. ਸ਼ਮਸ਼ੇਰ ਮੋਹੀ, ਪ੍ਰੋ. ਕੇਵਲ ਕਲੋਟੀ, ਡਾ. ਅਰਮਨਪ੍ਰੀਤ ਸਿੰਘ, ਸਮਰਜੀਤ ਸ਼ਮੀ ਤੇ ਰਾਜਿੰਦਰ ਸਿੰਘ ਢੱਡਾ ਨੇ ਸਮਾਗਮ ਵਿੱਚ ਲੇਖਕ-ਵਿਦਿਆਰਥਣਾਂ ਦੀ ਭੂਮਿਕਾ ਦੀ ਅਹਿਮੀਅਤ ਦਾ ਜ਼ਿਕਰ ਕੀਤਾ। ਅੰਤ 'ਚ ਅਜਮੇਰ ਸਿੱਧੂ ਤੇ ਸਾਰਾ ਸਿੱਧੂ ਦਾ ਸਨਮਾਨ ਕੀਤਾ ਗਿਆ।

# ਜਸਪਾਲ ਮਾਨਖੇੜਾ ਦੇ ਨਾਵਲ 'ਹਵੇਲੀਆਲਾ' 'ਤੇ ਵਿਚਾਰ-ਚਰਚਾ




**ਚੰਡੀਗੜ੍ਹ** : ਸਾਹਿਤ ਚਿੰਤਨ ਚੰਡੀਗੜ੍ਹ ਵੱਲੋਂ ਜਸਪਾਲ ਮਾਨਖੇੜਾ ਦੇ ਨਾਵਲ 'ਹਵੇਲੀਆਲਾ' 'ਤੇ ਵਿਚਾਰ-ਚਰਚਾ ਕਰਵਾਈ ਗਈ, ਜਿਸ ਦੀ ਪ੍ਰਧਾਨਗੀ ਕਹਾਣੀਕਾਰ ਦੀਪਤੀ ਬਬੂਟਾ ਨੇ ਕੀਤੀ। ਜਸਪਾਲ ਮਾਨਖੇੜਾ ਦੇ ਚਰਚਿੱਤ ਨਾਵਲ 'ਹਵੇਲੀਆਲਾ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਇਹ ਨਾਵਲ ਜਬਰ-ਜ਼ੁਲਮ ਦੇ ਖਿਲਾਫ਼ ਇੱਕ ਲੋਕ ਅੰਦੋਲਨ ਉੱਤੇ ਅਧਾਰਿਤ ਹੈ।ਸਿਆਸੀ ਸ਼ਹਿ ਪ੍ਰਾਪਤ ਦਰਿੰਦਿਆਂ ਦੀ ਵਹਿਸ਼ਤ ਅਤੇ ਦਹਿਸ਼ਤ ਦਾ ਮੁਕਾਬਲਾ ਲੋਕ ਏਕਤਾ ਨੇ ਬਹਾਦਰੀ ਤੇ ਨਿਡਰਤਾ ਨਾਲ ਕੀਤਾ। ਅਜਿਹੇ ਲੋਕ ਸੰਘਰਸ਼ਾਂ ਦੀ ਗਾਥਾ ਭਵਿੱਖ ਲਈ ਰਾਹ-ਦਸੇਰਾ ਬਣ ਸਕਦੀ ਹੈ। ਇਹ ਜਨ ਅੰਦੋਲਨ ਤੇ ਜਾਗਰੂਕਤਾ ਕਿਸਾਨ ਅੰਦੋਲਨ ਵਿੱਚ ਵੀ ਕੰਮ ਆਈ। ਅੰਦੋਲਨ ਵਿੱਚ ਹਰੇ ਇਨਕਲਾਬ ਤੇ ਨਵੀਆਂ ਆਰਥਿਕ ਨੀਤੀਆਂ ਦੇ ਨਾਂਹ-ਮੁਖੀ ਪ੍ਰਭਾਵ ਹਨ। ਮਾਨਖੇੜਾ ਲੋਕ ਅੰਦੋਲਨਾਂ ਦਾ ਬਿਰਤਾਂਤ ਸਿਰਜਦਾ ਹੈ।ਇਹ ਪ੍ਰੇਰਨਾ ਤੇ ਅਗਵਾਈ ਵਾਲਾ ਕੰਮ ਹੈ।ਅਭੈ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਮਹਾਤਮਾ ਗਾਂਧੀ ਦੇ ਅਹਿੰਸਕ ਅੰਦੋਲਨ ਦੀ ਦੁਨੀਆ ਭਰ ਵਿੱਚ ਚਰਚਾ ਹੁੰਦੀ ਹੈ। ਇਹ ਪੈਰਿਸ ਕਮਿਊਨ ਤੋਂ ਵੀ ਵੱਡਾ ਸੀ। ਅਜ਼ਾਦੀ ਪਿੱਛੋਂ ਪੰਜਾਬੀ ਸੂਬਾ ਮੋਰਚਾ ਲੱਗਿਆ। ਇਨਸਾਫ਼ ਦੀ ਕੋਈ ਕਸੌਟੀ ਨਹੀਂ ਹੈ। ਦਿੱਲੀ ਤੇ ਪੂੰਜੀਵਾਦ ਖਿਲਾਫ਼ ਰੇਪ ਕੇਸ ਦੇ ਸਹਾਰੇ ਨਹੀਂ ਲੜਿਆ ਜਾ ਸਕਦਾ।ਕਿਸਾਨ ਅੰਦੋਲਨ ਜਿੱਤ ਕੇ ਵੀ ਪੰਜਾਬ ਵਿਧਾਨ ਸਭਾ ਚੋਣਾਂ ਹਾਰ ਗਿਆ।ਨਾਵਲਕਾਰ ਗੁਰਦੀਪ ਸਿੰਘ ਨਕਸ਼ਦੀਪ ਪੰਜਕੋਹਾ ਨੇ ਕਿਹਾ ਕਿ ਲੇਖਕ ਲਿਖਦਾ ਹੈ ਤੇ ਅਲੋਚਕ ਗਿਆਨ ਸਿਰਜਦਾ ਹੈ। ਬਰਸੀਆਂ ਮਨਾਉਣ ਨਾਲ ਵੀ ਲੋਕ ਜਾਗਰੂਕ ਹੁੰਦੇ ਹਨ।ਨਿਆਂ ਲੈਣ ਦਾ ਇੱਕੋ-ਇੱਕ ਰਾਹ ਏਕਤਾ ਤੇ ਸੰਘਰਸ਼ ਹੈ।ਡਾ. ਮੇਘਾ ਸਿੰਘ ਨੇ ਕਿਹਾ ਕਿ ਇਹ ਇਤਿਹਾਸਕ ਪ੍ਰਸੰਗ ਦਾ ਨਾਵਲ ਹੈ। ਖਾੜਕੂ ਲਹਿਰ ਦੇ ਵੀ ਨਾਵਲ ਹਨ। ਨਾਵਲ ਦਾ ਨਾਂਅ 'ਹਵੇਲੀਆਲਾ ' ਦੀ ਥਾਂ 'ਜੂਝਦੇ ਜੁਝਾਰ ਲੋਕ' ਹੁੰਦਾ ਤਾਂ ਬਿਹਤਰ ਸੀ। ਜਸਵੰਤ ਸਿੰਘ ਨੇ ਕਿਹਾ ਕਿ ਲੇਖਕ ਨੇ ਸੰਘਰਸ਼ ਦੇ ਬਿਰਤਾਂਤ ਨੂੰ ਸਾਂਭਿਆ ਹੈ। ਲਹਿਰਾਂ ਲੀਡਰ ਵੀ ਪੈਦਾ ਕਰਦੀਆਂ ਹਨ।ਆਮ ਲੋਕਾਂ ਨੂੰ ਜਗਾ ਕੇ ਜੂਝਣਾ ਵੱਡੀ ਪ੍ਰਾਪਤੀ ਹੈ।ਹਜ਼ਾਰਾ ਸਿੰਘ ਚੀਮਾ ਨੇ ਕਿਹਾ ਕਿ ਕਈ ਬੇਜ਼ਮੀਰੇ ਮਾਪੇ ਆਪਣੀਆਂ ਧੀਆਂ ਰਜਵਾੜਿਆਂ ਨੂੰ ਸੌਂਪ ਕੇ ਜਗੀਰਾਂ ਲੈਂਦੇ ਰਹੇ ਹਨ। ਲੋਕਾਂ ਨੂੰ ਜਾਗਰੂਕ ਤੇ ਜਥੇਬੰਦ ਕਰਕੇ ਲੜਾਈ ਲੜੀ ਜਾਣੀ ਹੈ। ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਨਾਵਲੀ ਜੁਗਤਾਂ ਤੇ ਬਿਰਤਾਂਤਕਾਰੀ ਪੱਖੋਂ ਇਹ ਵਧੀਆ ਨਾਵਲ ਹੈ। ਨਾਵਲ ਗੀਤਾਂ ਤੇ ਅਖੌਤਾਂ ਨਾਲ ਗੁੰਨ੍ਹਿਆ ਪਿਆ ਹੈ। ਦਾਣੇ ਨੂੰ ਆਪਣੀ ਹਸਤੀ ਦਾ ਪਤਾ ਨਹੀਂ ਹੁੰਦਾ, ਪਰ ਮਿਲ ਕੇ ਉਹ ਆਟਾ ਬਣਦਾ ਹੈ। ਕਈ ਗੱਲਾਂ ਸੰਖੇਪ ਤੇ ਸੰਕੇਤਕ ਹਨ।ਡਾ. ਦਵਿੰਦਰ ਸਿੰਘ ਬੋਹਾ ਨੇ ਕਿਹਾ ਕਿ ਨਾਵਲ ਜ਼ਖ਼ਮ ਹਰੇ ਕਰਕੇ ਸੁਚੇਤ ਵੀ ਕਰਦਾ ਹੈ। ਲੋਕ ਕਾਫ਼ਲੇ ਕਦੇ ਹਾਰਦੇ ਨਹੀਂ ਹੁੰਦੇ। ਸਾਂਝੇ ਸੰਘਰਸ਼ਾਂ ਨਾਲ ਹਮਖਿਆਲ ਹੋਣ ਕਰਕੇ ਰਿਸ਼ਤੇ/ਵਿਆਹ ਵੀ ਹੋ ਜਾਂਦੇ ਹਨ। ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਚੰਗੀ ਵਿਚਾਰਧਾਰਾ ਦੇ ਨਾਲ ਚੰਗੀ ਜਥੇਬੰਦੀ ਵੀ ਹੋਣੀ ਜ਼ਰੂਰੀ ਹੈ। ਲੇਖਕ ਆਦਰਸ਼ਵਾਦ ਦਾ ਸ਼ਿਕਾਰ ਨਹੀਂ ਹੁੰਦਾ। ਉਲਾਰਪੁਣਾ ਵੀ ਲਿਖਤ ਨੂੰ ਕਮਜ਼ੋਰ ਕਰਦਾ ਹੈ। ਸੱਜੇ ਤੇ ਖੱਬੇ ਕੁਰਾਹੇ ਦਾ ਜ਼ਿਕਰ ਜ਼ਰੂਰ ਹੋਣਾ ਚਾਹੀਦਾ ਸੀ। ਲੇਖਕ ਵਿਦਿਆਰਥੀ ਜੀਵਨ ਤੋਂ ਸਿਆਸੀ ਕਾਰਕੁੰਨ ਹੈ।ਅਮਰਜੀਤ ਅਰਪਨ, ਡਾ. ਕਾਂਤਾ ਇਕਬਾਲ ਤੇ ਨਰਾਇਣ ਦੱਤ ਨੇ ਵੀ ਨਾਵਲ ਬਾਰੇ ਆਪਣੇ ਵਿਚਾਰ ਰੱਖੇ। ਜਸਪਾਲ ਮਾਨਖੇੜਾ ਨੇ ਸਰੋਤਿਆਂ ਦੇ ਸਨਮੁਖ ਹੁੰਦਿਆਂ ਕਿਹਾ ਕਿ ਉਹ ਕਵਿਤਾ ਤੋਂ ਕਹਾਣੀ ਵੱਲ ਆਇਆ ਹੈ। ਉਸ ਨੇ ਇਹ ਅੰਦੋਲਨ ਨੇੜਿਓਂ ਤੱਕਿਆ ਹੈ। ਕਈ ਉਤਰਾਅ-ਚੜ੍ਹਾਅ ਦੇਖੇ। ਮੈਂ ਮਹਿਲ ਕਲਾਂ ਨੂੰ ਹਵੇਲੀਆਲਾ ਵਿੱਚ ਬਦਲ ਲਿਆ ਹੈ।ਦੀਪਤੀ ਬਬੂਟਾ ਨੇ ਕਿਹਾ ਕਿ ਘੋਲ ਸ਼ੁਰੂ ਕਰਨ ਲਈ ਸਿਰਫ਼ ਇੱਕ ਬੰਦਾ ਹੀ ਕਾਫੀ ਹੁੰਦਾ ਹੈ।ਹਿੱਤਾਂ ਦੀ ਰਾਖੀ ਲਈ ਕਾਨੂੰਨੀ ਜਾਣਕਾਰੀ ਵੀ ਜ਼ਰੂਰੀ ਹੈ। ਲੇਖਕ ਦੀ ਕਲਾ ਨੂੰ ਲਾਲ ਸਲਾਮ ਕਹਿਣਾ ਬਣਦਾ ਹੈ।ਉਪਰੋਕਤ ਤੋਂ ਇਲਾਵਾ ਪਰਮਜੀਤ ਸਿੰਘ ਮਾਨ, ਜਸਵਿੰਦਰ ਜੱਸ, ਸੁਰਜੀਤ ਸੁਮਨ, ਸਤਨਾਮ ਸਿੰਘ ਸ਼ੋਕਰ, ਪ੍ਰੋ. ਮਨਪ੍ਰੀਤ ਜੱਸ, ਸ਼ਾਮ ਸਿੰਘ ਅੰਗਸੰਗ, ਡਾ. ਬਲਵਿੰਦਰ ਸਿੰਘ ਚਹਿਲ, ਹਰਬੰਸ ਸੋਢੀ ਸਮੇਤ 45 ਤੋਂ ਉਪਰ ਸਾਹਿਤ ਚਿੰਤਕਾਂ ਨੇ ਭਾਗ ਲਿਆ। ਮੀਟਿੰਗ ਦੀ ਕਾਰਵਾਈ ਸਰਦਾਰਾ ਸਿੰਘ ਚੀਮਾ ਨੇ ਚਲਾਈ।

# ਅਤਰਜੀਤ ਦੇ ਕਹਾਣੀ ਸੰਗ੍ਰਹਿ 'ਸਬੂਤੇ ਕਦਮ' 'ਤੇ ਗੋਸ਼ਟੀ

**ਬਠਿੰਡਾ**-ਪੰਜਾਬੀ ਸਾਹਿਤ ਸਭਾ (ਰਜਿ.) ਬਠਿੰਡਾ ਦੇ ਸਹਿਯੋਗ ਨਾਲ ਸਾਹਿਤ ਸੱਭਿਆਚਾਰ ਮੰਚ (ਰਜਿ.) ਦੁਆਰਾ ਅਤਰਜੀਤ ਕਹਾਣੀਕਾਰ ਦੇ ਕਹਾਣੀ ਸੰਗ੍ਰਹਿ-'ਸਬੂਤੇ ਕਦਮ' ਉੱਪਰ ਟੀਚਰਜ਼ ਹੋਮ ਬਠਿੰਡਾ ਵਿਖੇ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਦਿੱਲੀ ਤੋਂ ਪਹੁੰਚੀ ਸੁਪ੍ਰਸਿੱਧ ਆਲੋਚਕਾ ਬੀਬਾ ਡਾ. ਜਸਵਿੰਦਰ ਕੌਰ 'ਬਿੰਦਰਾ' ਨੇ ਕੀਤੀ, ਜਦ ਕਿ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਡਾ. ਜੋਗਿੰਦਰ ਸਿੰਘ ਨਿਰਾਲਾ ਤੋਂ ਇਲਾਵਾ ਜਸਵਿੰਦਰ ਜਸ ਅਤੇ ਜਸਪਾਲ ਮਾਨਖੇੜਾ ਸ਼ਾਮਲ ਹੋਏ। ਬਲਵਿੰਦਰ ਭੁੱਲਰ ਦੇ ਨੌਜਵਾਨ ਬੇਟੇ ਅਕਾਸ਼ਦੀਪ ਦੇ ਭਿਆਨਕ ਹਾਦਸੇ ਵਿੱਚ ਸਦੀਵੀ ਵਿਛੋੜੇ ਉੱਪਰ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਜਸਪਾਲ ਮਾਨਖੇੜਾ ਨੇ ਸਾਹਿਤ ਅਤੇ ਜੀਵਨ ਦੇ ਰਿਸ਼ਤੇ, ਗੋਸ਼ਟੀਆਂ ਆਦਿ ਦੀ ਮਹੱਤਤਾ ਉੱਪਰ ਗੱਲਬਾਤ ਕਰਦਿਆਂ ਬਾਹਰੋਂ



ਆਏ ਵਿਦਵਾਨਾਂ, ਆਲੋਚਕਾਂ, ਲੇਖਕਾਂ ਤੇ ਸਾਹਿਤ ਪ੍ਰੇਮੀਆਂ ਨੂੰ ਹਾਰਦਿਕ ਜੀ ਆਇਆਂ ਨੂੰ ਕਿਹਾ।ਵਿਦਵਾਨ ਸਮੀਖਿਆਕਾਰ ਡਾ. ਬਲਰਾਜ ਸਿੰਘ ਡੱਬਵਾਲੀ ਅਤੇ ਡਾ. ਪਰਮਜੀਤ ਸਿੰਘ ਪਟਿਆਲਾ ਵੱਲੋਂ ਬਹੁਤ ਹੀ ਅਰਥ ਭਰਪੂਰ ਪਰਚੇ ਪੜ੍ਹੇ ਗਏ। ਡਾ. ਬਲਰਾਜ ਸਿੰਘ ਹੁਰਾਂ ਨੇ ਕਹਾਣੀਆਂ ਦੇ ਸਮਾਜਿਕ, ਰਾਜਨੀਤਕ, ਆਰਥਿਕ, ਸੱਭਿਆਚਾਰਕ ਪਰਿਪੇਖ ਵਿੱਚ ਮੁਲਾਂਕਣ ਕਰਦਿਆਂ ਕਹਾਣੀਆਂ ਦੇ ਪਾਤਰਾਂ ਦੀ ਅਣਖ ਅਤੇ ਹੋਂਦ ਨੂੰ ਬਰਕਰਾਰ ਰੱਖਣ ਦੇ ਸੰਘਰਸ਼ਮਈ ਕਿਰਦਾਰ ਨੂੰ ਉਭਾਰਿਆ।ਡਾ. ਪਰਮਜੀਤ ਸਿੰਘ ਪਟਿਆਲਾ ਨੇ 'ਸਬੂਤੇ ਕਦਮ' ਪੁਸਤਕ ਦੀਆਂ ਕਹਾਣੀਆਂ 'ਤੇ ਚਰਚਾ ਕਰਦਿਆਂ ਮਾਸਖੋਰੇ, ਬਠਲੂ ਚਮਿਆਰ, ਠੂਹਾਂ, ਅਦਨਾ ਇਨਸਾਨ ਤੇ ਹੱਦਾਂ ਬੰਨੇ ਕਹਾਣੀਆਂ ਉੱਪਰ ਮਹੱਤਵਪੂਰਨ ਨੁਕਤੇ ਉਠਾਏ। ਇਸ ਦੇ ਨਾਲ਼ ਹੀ ਉਨ੍ਹਾ ਕਿਹਾ ਕਿ ਪਾਤਰ ਆਪਣੀ ਹੋਂਦ ਕਾਇਮ ਰੱਖਣ ਲਈ ਜੂਝਦੇ ਹਨ। ਧਰਮ ਨੂੰ ਜੋ ਭੂਮਿਕਾ ਨਿਭਾਉਣੀ ਚਾਹੀਦੀ ਸੀ, ਉਹ ਨਹੀਂ ਨਿਭਾਈ, ਜਿਸ ਕਰਕੇ ਧਰਮ ਪਾਤਰਾਂ ਲਈ ਸੰਤਾਪ ਬਣ ਜਾਂਦਾ ਹੈ।ਪਰਚਿਆਂ ਉੱਪਰ ਬਹਿਸ ਦਾ ਆਰੰਭ ਕਰਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ 'ਸਬੂਤੇ ਕਦਮ' ਪੁਸਤਕ ਦੀਆਂ ਕਹਾਣੀਆਂ ਸੰਘਰਸ਼ਸ਼ੀਲ ਪਾਤਰਾਂ ਦੀ ਸਿਰਜਣਾ ਕਰਦੀਆਂ ਹਨ।ਡਾ. ਸੁਰਜੀਤ ਬਰਾੜ ਘੋਲੀਆ ਨੇ ਚਰਚਾ ਨੂੰ ਅੱਗੇ ਤੋਰਦਿਆਂ ਕਿਹਾ ਕਿ ਅਤਰਜੀਤ ਨਾਲ਼ ਕਈ ਦਹਾਕਿਆਂ ਤੋਂ ਸਾਹਿਤ ਸੱਭਿਆਚਾਰ ਅਤੇ ਸੰਘਰਸ਼ਮਈ ਸਫ਼ਰ ਵਿੱਚ ਇਕੱਠਿਆਂ ਵਿਚਰਨ ਕਰਕੇ ਅਸੀਂ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਵੀ ਇੱਕੋ ਰਾਹ ਦੇ ਪਾਂਧੀ ਹਾਂ।ਪ੍ਰੋ. ਮਨਜੀਤ ਸਿੰਘ ਢਿੱਲਵਾਂ ਨੇ ਅਤਰਜੀਤ ਦੇ ਸਮੁੱਚੇ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੇ ਪ੍ਰਸੰਗ ਵਿੱਚ ਬਹੁਤ ਹੀ ਮਹੱਤਵਪੂਰਨ ਨੁਕਤੇ ਉਠਾਏ। ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਅਤਰਜੀਤ ਦੇ ਜੀਵਨ ਸੰਘਰਸ਼ ਅਤੇ ਲਿਖਣ ਪ੍ਰਕਿਰਿਆ ਦਾ ਉਲੇਖ ਕਰਦਿਆਂ ਸਾਹਿਤ ਘਾਲਣਾ ਨੂੰ ਉਚਿਆਇਆ। ਪ੍ਰਧਾਨਗੀ ਭਾਸ਼ਣ ਵਿੱਚ ਡਾ. ਜਸਵਿੰਦਰ ਕੌਰ 'ਬਿੰਦਰਾ' ਨੇ ਕਹਾਣੀਆਂ ਉੱਪਰ ਟਿੱਪਣੀ ਕਰਦਿਆਂ ਕਿਹਾ ਕਿ ਇਨ੍ਹਾਂ ਕਹਾਣੀਆਂ ਵਿੱਚ ਜ਼ਾਤੀ-ਪਾਤੀ ਵਲਗਣ ਤੋਂ ਬਾਹਰ ਕੱਢ ਕੇ ਸਮਾਜਿਕ ਵਰਤਾਰਿਆਂ ਵਿੱਚ ਵਿਚਰਦਿਆਂ ਜਮਾਤੀ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਇਹ ਸਾਰੀਆਂ ਕਹਾਣੀਆਂ ਬੇਸ਼ੱਕ ਕਈ ਦਹਾਕੇ ਪਹਿਲਾਂ ਲਿਖੀਆਂ ਗਈਆਂ ਹਨ, ਪਰ ਇਹ ਅੱਜ ਵੀ ਓਨੀਆਂ ਹੀ ਪ੍ਰਸੰਗਕ ਹਨ।ਮੰਚ ਸੰਚਾਲਨ ਦਾ ਕਾਰਜ ਸਾਹਿਤ ਸੱਭਿਆਚਾਰ ਮੰਚ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਜੀਦਾ ਨੇ ਬਹੁਤ ਹੀ ਖੂਬਸੂਰਤ ਢੰਗ ਨਾਲ਼ ਨਿਭਾਇਆ।

# ਯਾਦਗਾਰੀ ਹੋ ਨਿੱਬੜਿਆ ਦੋ ਰੋਜ਼ਾ 'ਰਾਸ਼ਟਰੀ ਯੁਵਾ ਕਵਿਤਾ ਉਤਸਵ'



**ਪਟਿਆਲਾ** : ਇੱਥੇ ਵਿਖੇ 29-30 ਸਤੰਬਰ ਨੂੰ ਅਦਾਰਾ 'ਸੰਗਤ ਪੰਜਾਬ' ਤੇ ਐਜੂਕੇਸ਼ਨਲ ਮਲਟੀ ਮੀਡੀਆ ਰਿਸਰਚ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਮਿਲ ਕੇ ਪਾਸ਼ ਦੀ ਸਦੀਵੀ ਯਾਦ ਨੂੰ ਸਮਰਪਿਤ ' ਰਾਸ਼ਟਰੀ ਯੁਵਾ ਕਵਿਤਾ ਉਤਸਵ' ਦਾ ਆਯੋਜਨ ਕੀਤਾ ਗਿਆ। ਇਸ ਕਾਵਿ ਉਤਸਵ ਨੂੰ ਭਾਸ਼ਾ ਵਿਭਾਗ ਪੰਜਾਬ, ਦੇ ਸਹਿਯੋਗ ਨਾਲ ਉਲੀਕਿਆ ਗਿਆ। ਇਸ ਦੋ ਰੋਜ਼ਾ ਕਾਵਿ ਉਤਸਵ ਵਿੱਚ ਮੁਲਕ ਭਰ ਤੋਂ ਵੱਖੋ ਵੱਖ ਸੂਬਿਆਂ ਅਤੇ ਭਾਸ਼ਾਵਾਂ ਨਾਲ ਸੰਬੰਧਿਤ ਕਵੀਆਂ ਨੇ ਆਪਣੀਆਂ ਕਵਿਤਾਵਾਂ ਦਾ ਰੰਗ ਬਿਖੇਰਿਆ।ਇਸ ਕਾਵਿ ਉਤਸਵ ਵਿੱਚ ਪੰਜਾਬੀ, ਹਿੰਦੀ, ਉਰਦੂ, ਰਾਜਸਥਾਨੀ, ਮਲਿਆਲਮ, ਤਮਿਲ ਅਤੇ ਕੰਨੜ ਦੇ ਕਵੀ ਸ਼ਾਮਿਲ ਹੋਏ।ਕਾਵਿ ਉਤਸਵ ਦੇ ਪਹਿਲੇ ਦਿਨ ਦੀ ਦੁਪਹਿਰ ਨੂੰ 'ਰਹਿਬਰਾਂ ਦੇ ਰੂਬਰੂ' ਸਿਰਲੇਖ ਤਹਿਤ ਉਲੀਕੀ ਗਈ ਬੈਠਕ ਵਿੱਚ ਯੁਵਾ ਕਵੀਆਂ ਅਤੇ ਸਾਹਿਤ ਪ੍ਰੇਮੀਆਂ ਨੇ ਰਹਿਬਰ ਕਵੀਆਂ ਨਾਲ ਸੰਵਾਦ ਰਚਾਇਆ। ਐਜੂਕੇਸ਼ਨਲ ਮੀਡੀਆ ਰਿਸਰਚ ਸੈਂਟਰ ਦੇ ਸਟੂਡੀਓ ਵਿੱਚ ਆਯੋਜਿਤ ਇਸ ਸੰਵਾਦ ਵਿੱਚ ਪ੍ਰਸਿੱਧ ਹਿੰਦੀ ਕਵੀ ਹਰਜਿੰਦਰ ਲਾਲਟੂ, ਉਰਦੂ ਸ਼ਾਇਰ ਅਮਰਦੀਪ ਅਮਰ ਅਤੇ ਪੰਜਾਬੀ ਗ਼ਜ਼ਲਗੋ ਗੁਰਤੇਜ ਕੋਹਾਰਵਾਲਾ ਨੇ ਰਹਿਬਰ ਕਵੀਆਂ ਵਜੋਂ ਸ਼ਿਰਕਤ ਕੀਤੀ। ਉਹਨਾਂ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕੀਤਾ ਅਤੇ ਆਪਣੀ ਰਚਨਾ ਪ੍ਰਕਿਰਿਆ ਦੇ ਹਵਾਲੇ ਨਾਲ ਸੰਵਾਦ ਰਚਾਇਆ। ਪੰਜਾਬ ਤੋਂ ਬਾਹਰਲੇ ਕਵੀਆਂ ਨੇ ਗ਼ਜ਼ਲ ਦੀ ਸਿਨਫ਼, ਕਾਫ਼ੀਆ-ਰਦੀਫ਼ ਦੇ ਬੰਧੇਜ ਦੇ ਹਵਾਲੇ ਨਾਲ ਪੰਜਾਬੀ ਵਿੱਚ ਲਿਖੀ ਜਾ ਰਹੀ ਗ਼ਜ਼ਲ ਅਤੇ ਸਮਾਜਿਕ ਮੁੱਦਿਆਂ ਦੇ ਆਪਸੀ ਰਿਸ਼ਤਿਆਂ ਸੰਬੰਧੀ ਸੁਆਲ ਕੀਤੇ। ਇਸ ਦੇ ਉੱਤਰ ਵਿੱਚ ਰਹਿਬਰ ਕਵੀਆਂ ਨੇ ਵਿਧਾ ਦੇ ਪੈਮਾਨਿਆਂ ਅਤੇ ਸਿਰਜਣਾਤਮਕ ਪ੍ਰਤਿਭਾ ਦੇ ਜੀਵੰਤ ਰਿਸ਼ਤੇ ਉੱਤੇ ਵਿਚਾਰ ਰੱਖੇ। ਸੁਖਦੀਪ ਔਜਲਾ ਤੇ ਰੂਹੀ ਸਿੰਘ ਜਿਹੇ ਨੌਜਵਾਨ ਗ਼ਜ਼ਲਗੋਆਂ ਨੇ ਕਿਹਾ ਕਿ ਉਹਨਾਂ ਲਈ ਗ਼ਜ਼ਲ ਬੰਧੇਜ ਨਹੀਂ ਸਗੋਂ ਰਚਨਾਤਮਕ ਆਜ਼ਾਦੀ ਦੀ ਸਪੇਸ ਹੈ।ਸ਼ਾਮ ਨੂੰ 'ਕਾਵਿ ਸੱਥ' ਦੇ ਉਨਵਾਨ ਤਹਿਤ ਪੰਜਾਬੀ ਵਿਭਾਗ ਸਾਹਮਣੇ ਖੁੱਲ੍ਹੇ ਮੰਚ ਉੱਤੇ ਯੁਵਾ ਕਵੀਆਂ ਨੇ ਆਪਣੀ ਸ਼ਾਇਰੀ ਦੇ ਰੰਗ ਬਿਖੇਰੇ। ਯੂਨੀਵਰਸਿਟੀ ਦੇ ਸਾਹਿਤ ਪ੍ਰੇਮੀਆਂ ਦੀ ਭਰਵੀਂ ਸ਼ਮੂਲੀਅਤ ਨਾਲ ਸਜੇ ਇਸ ਕਾਵਿ ਪਿੜ ਵਿੱਚ ਕਮਲਦੀਪ ਜਲੂਰ, ਕਮਲ ਬਾਲਦ ਕਲਾਂ, ਜਗਦੀਪ ਜਵਾਹਰਕੇ, ਗੁਰਪ੍ਰੀਤ ਡੋਨੀ, ਹਰਿੰਦਰ ਫ਼ਿਰਾਕ, ਸਰਦਾਰ ਮੁਰੀਦ, ਰਾਣੀ ਸ਼ਰਮਾ, ਸੁਖਦੀਪ ਔਜਲਾ, ਆਰਦਰਾ ਨੀਲਾਕੰਦਨ ਗਿਰਿਜਾ, ਆਦਿਲ ਮਦਾਥਿੱਲ, ਸ਼ਿਵਾਂਗੀ ਗੋਇਲ, ਰਾਮ ਸੰਤੋਸ਼ ਵਡਾਰਕਾਡੂ, ਵਿਹਾਗ ਵੈਭਵ ਨੇ ਆਪੋ ਆਪਣੀ ਭਾਸ਼ਾ ਵਿੱਚ ਕਵਿਤਾ ਦੇ ਜੌਹਰ ਦਿਖਾਏ। ਇਸ ਕਾਵਿ ਸੱਥ ਵਿੱਚ ਕੀਤੀ ਗਈ ਸਜਾਵਟ ਵਿੱਚ ਫ਼ਲਸਤੀਨੀ ਲੋਕਾਂ ਦੀ ਆਜ਼ਾਦੀ ਦੀ ਕਾਮਨਾ ਨੂੰ ਉਭਾਰਦੇ ਰੰਗਾਂ ਦਾ ਇਸਤੇਮਾਲ ਕੀਤਾ ਹੋਇਆ ਨਜ਼ਰ ਆਇਆ। ਕਾਵਿ ਸੱਥ ਦਾ ਦੋਹਰੀ ਭਾਸ਼ਾ ਵਿੱਚ ਮੰਚ ਸੰਚਾਲਨ ਮਨਜੀਤ ਸਿੰਘ ਅਤੇ ਅਲੀਸ਼ਾ ਨੇ ਕੀਤਾ।ਦੂਸਰੇ ਦਿਨ 'ਰਾਸ਼ਟਰੀ ਯੁਵਾ ਕਵੀ ਦਰਬਾਰ' ਦੀ ਸ਼ੁਰੂਆਤ ਬਾਅਦ ਦੁਪਹਿਰ ਤਿੰਨ ਵਜੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਲਾ ਭਵਨ ਵਿਖੇ ਹੋਈ। ਕਵਿਤਾ ਉਤਸਵ ਦੀ ਸ਼ੁਰੂਆਤ ਕਰਦਿਆਂ ਮੰਚ ਸੰਚਾਲਕਾਂ ਸਹਿਜਮੀਤ ਤੇ ਦੀਪਕ ਅਜ਼ੀਜ਼ ਨੇ ਪ੍ਰੋਗਰਾਮ ਨਾਲ ਜਾਣ ਪਛਾਣ ਕਰਵਾਈ। ਕਵੀ ਦਰਬਾਰ ਦੀ ਰਸਮੀ ਸ਼ੁਰੂਆਤ ਮੌਕੇ ਸਰੋਤਿਆਂ ਨੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀਆਂ ਸੰਗੀਤ ਪਰੁੱਚੀਆਂ ਕਾਵਿ ਸਤਰਾਂ ਨਾਲ ਬਣੀ 'ਸੰਗਤ' ਦੀ ਧੁਨੀ ਦਾ ਆਨੰਦ ਮਾਣਿਆ।ਈ.ਐੱਮ.ਆਰ.ਸੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਾਇਰੈਕਟਰ ਦਲਜੀਤ ਅਮੀ ਨੇ 'ਯੂਨੀਵਰਸਿਟੀ ਦੇ ਵਿਚਾਰ' ਦੇ ਅਰਥਾਂ ਨੂੰ ਦਰਸਾਉਂਦੇ ਸਵਾਗਤੀ ਸ਼ਬਦ ਕਹੇ ਅਤੇ ਸੰਗਤ ਦੇ ਉੱਦਮ ਦੀ ਸ਼ਲਾਘਾ ਕੀਤੀ। ਸੰਗਤ ਦੇ ਪ੍ਰਧਾਨ ਪ੍ਰੋ. ਸੁਰਜੀਤ ਸਿੰਘ ਨੇ ਸੰਗਤ ਦੇ ਸੁਪਨਿਆਂ, ਕਾਰਜਾਂ ਅਤੇ ਭਵਿੱਖੀ ਯੋਜਨਾਵਾਂ ਨਾਲ ਜਾਣ ਪਛਾਣ ਕਰਵਾਉਂਦਿਆਂ ਕਿਹਾ ਸੰਗਤ ਉਹਨਾਂ ਆਵਾਜ਼ਾਂ ਲਈ ਹੋਂਦ ਵਿੱਚ ਆਇਆ ਮੰਚ ਹੈ, ਜਿਹਨਾਂ ਨੂੰ ਹੈਜੇਮੌਨਿਕ ਤਾਕਤਾਂ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਸੰਗਤ ਅਜਿਹੀਆਂ ਵੱਖਰੀਆਂ ਆਵਾਜ਼ਾਂ ਨੂੰ ਕਬੂਲਦੀ, ਉਚਾਰਦੀ ਤੇ ਸਤਿਕਾਰਦੀ ਹੈ।ਇਸ ਕਵਿਤਾ ਉਤਸਵ ਵਿੱਚ ਜਗਦੀਪ ਜਵਾਹਰਕੇ, ਆਰਦਰਾ ਨੀਲਾਕੰਦਨ ਗਿਰਿਜਾ, ਅਮਨ ਫਾਰਮਰ, ਨੰਦ ਕਿਸ਼ੋਰ ਅਨਹਦ, ਰੂਹੀ ਸਿੰਘ, ਵਿਜੇ ਰਾਹੀ, ਜਸ਼ਨਪ੍ਰੀਤ ਕੌਰ, ਆਦਿਲ ਮਦਾਥਿੱਲ, ਸ਼ਿਵਾਂਗੀ ਗੋਇਲ, ਰਾਮ ਸੰਤੋਸ਼ ਵਡਾਰਕਾਡੂ, ਵਿਹਾਗ ਵੈਭਵ, ਖ਼ੁਸ਼ਵੀਰ ਕੌਰ ਢਿੱਲੋਂ, ਤਲਵਿੰਦਰ ਸ਼ੇਰਗਿੱਲ, ਸੁਖਦੀਪ ਔਜਲਾ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਕਿਰਤ, ਮੁਹੱਬਤ, ਸਮਾਜਿਕ ਤੇ ਰਾਜਸੀ ਮੁੱਦਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਇਹ ਕਵਿਤਾਵਾਂ/ਗ਼ਜ਼ਲਾਂ ਭਾਰਤ ਭਰ ਦੀਆਂ ਵੰਨ-ਸੁਵੰਨੀਆਂ ਆਵਾਜ਼ਾਂ ਨੂੰ ਦ੍ਰਿੜਤਾ ਨਾਲ ਉਚਾਰਦੀਆਂ 'ਇਕਹਿਰਤਾ' ਦੇ ਪ੍ਰਵਚਨ ਨੂੰ ਰੱਦਦੀਆਂ ਪ੍ਰਤੀਤ ਹੋਈਆਂ। ਸਰੋਤਿਆਂ ਅਤੇ ਪੰਜਾਬ ਤੋਂ ਬਾਹਰਲੇ ਕਵੀਆਂ ਦੀ ਸਹੂਲਤ ਲਈ ਕਵਿਤਾਵਾਂ ਦੇ ਅਨੁਵਾਦ ਵੀ ਪੜ੍ਹੇ ਗਏ।

ਕਵੀ ਦਰਬਾਰ ਦੇ ਅਖ਼ੀਰ ਵਿੱਚ ਕਵਿਤਾ ਪੜ੍ਹਨ ਵਾਲੇ ਸਾਰੇ ਕਵੀਆਂ ਅਤੇ ਰਹਿਬਰ ਕਵੀਆਂ ਗੁਰਤੇਜ ਕੋਹਾਰਵਾਲਾ, ਹਰਜਿੰਦਰ ਲਾਲਟੂ, ਅਮਰਦੀਪ ਅਮਰ ਅਤੇ 'ਸੰਗਤ ਪੰਜਾਬ' ਦੇ ਸਰਪ੍ਰਸਤ ਸਵਾਮੀ ਅੰਤਰ ਨੀਰਵ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ। ਸਵਾਮੀ ਅੰਤਰ ਨੀਰਵ ਨੇ ਕਾਵਿ ਉਤਸਵ ਵਿੱਚ ਸ਼ਮੂਲੀਅਤ ਕਰਨ ਵਾਲੇ ਸਭਨਾਂ ਕਵੀਆਂ, ਰਹਿਬਰ ਕਵੀਆਂ, ਸਰੋਤਿਆਂ ਅਤੇ ਸੰਗਤ ਦੇ ਵਲੰਟੀਅਰਾਂ ਦਾ ਇਸ ਉਤਸਵ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ। ਓਹਨਾਂ ਨੇ ਸੰਗਤ ਵੱਲੋਂ ਦਸੰਬਰ ਵਿੱਚ ਉਲੀਕੇ ਜਾਣ ਵਾਲੇ ਕੌਮਾਂਤਰੀ ਕਾਵਿ ਉਤਸਵ ਲਈ ਵੀ ਸਭ ਨੂੰ ਸੱਦਾ ਦਿੱਤਾ।

# ਪਾਠਕਾਂ ਦੇ ਝਰੋਖੇ 'ਚੋਂ

## ਸੀ ਪੀ ਆਈ ਦਾ ਮਹਾਂ-ਸੰਮੇਲਨ

5 ਅਕਤੂਬਰ ਦੇ 'ਨਵਾ ਜ਼ਮਾਨਾ' ਵਿਚ ਸੀ ਪੀ ਆਈ ਦੇ ਮਹਾਂ ਸੰਮੇਲਨ ਦੀਆ ਰਿਪੋਰਟਾਂ ਤਸਵੀਰਾਂ ਸਹਿਤ ਵੇਖੀਆਂ।ਇਸ ਸੰਮੇਲਨ ਬਾਰੇ ਗਿਆਨ ਸੈਦਪੁਰੀ ਦੀ ਰਿਪੋਰਟ ਵਿੱਚ ਕਈ ਪੱਖ ਲਿਖੇ ਹਨ। ਡਾ. ਸਵਰਾਜਬੀਰ ਦੇ ਵਿਚਾਰ ਪੜ੍ਹੇ।ਮਹਾਂ ਸਮੇਲਨ ਬਹੁਤ ਸਲੀਕੇ ਨਾਲ ਤੇ ਅਨੁਸ਼ਾਂਸਨੀ ਰਿਹਾ।ਵੱਖ ਵੱਖ ਬੁਲਾਰਿਆਂ ਨੇ ਪਾਰਟੀ ਦੀਆਂ ਨੀਤੀਆਂ ਬਾਰੇ ਵਿਚਾਰ ਦਿੱਤੇ।ਜਿਹੜੀ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬ ਵਿਚ ਭਾਰਤੀ ਕਮਿਊਨਿਸਟ ਪਾਰਟੀ ਦਾ ਜੋ ਅਧਾਰ ਹੋਣਾ ਚਾਹੀਦਾ ਹੈ ਉਹ ਹੈ ਨਹੀਂ।ਸੁਰਜੀਤ ਸੁਮਨ ਨੇ ਪੰਜਾਬ ਦੇ ਦਰਦਾਂ ਦੀ ਬਾਤ ਪਾਈ ਹੈ।ਦ੍ਰਿਸ਼ਟੀਕੋਣ ਨੇ ਦੇਸ਼ ਦੀ ਅਜੋਕੀ ਸਿਆਸਤ ਦੇ ਕੁਝ ਪੱਖਾਂ ਦਾ ਵਿਸ਼ਲੇਸ਼ਣ ਕੀਤਾ ਹੈ।ਲੋਕ ਤਾਂ ਸਿਆਸਤਦਾਨਾ ਦੇ ਮੂੰਹ ਵੱਲ ਵੇਖਦੇ ਰਹਿੰਦੇ ਹਨ।ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਇਕ ਪਲੇਟਫਾਰਮ 'ਤੇ ਕਮਿਊਨਿਸਟਾਂ ਦੇ ਇੱਕਠੇ ਹੋਣ ਦੀ ਤਸੱਲੀ ਪ੍ਰਗਟ ਕੀਤੀ ਹੈ।ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਬਾਰੇ ਉਜਾਗਰ ਸਿੰਘ ਦੀ ਕਿਤਾਬ ਦੀ ਸਮੀਖਿਆ ਵਿੱਚ ਪੰਜਾਬ ਦੇ ਕਾਲੇ ਦਿਨਾ ਦਾ ਜ਼ਿਕਰ ਹੈ।ਪੰਜਾਬ ਜਾਣਦਾ ਹੈ ਕਿ ਉਸ ਸਮੇਂ ਪੰਜਾਬ ਕਾਂਗਰਸ ਵਿੱਚ ਗਹਿਰੀ ਫੁੱਟ ਸੀ।ਸਮਾ ਨਾਜ਼ਕ ਸੀ।ਗਰਮਖਿਆਲ਼ੀ ਜਥੇਬੰਦੀਆ ਪੂਰੀ ਤਰ੍ਹਾਂ ਬੇਕਾਬੂ ਸਨ। ਜਿਨ੍ਹਾਂ ਹਾਲਤਾਂ ਵਿੱਚ ਇਹ ਕਤਲ ਹੋਇਆ ਸੀ ਪੰਜਾਬ ਦੀ ਤ੍ਰਾਸਦੀ ਹੈ ਕਿ ਕੈਰੋਂ ਕਤਲ ਵੀ ਹੋਇਆ ਤੇ ਬੇਅੰਤ ਸਿੰਘ ਦਾ ਵੀ ਕਤਲ।ਸਰਗਰਮੀਆਂ ਵਿੱਚ ਜਗਦੀਸ਼ ਰਾਣਾ ਦੀਆਂ ਦੋ ਪੁਸਤਕਾਂ ਦਾ ਲੋਕ ਅਰਪਣ, ਬਾਲ ਕਿਤਾਬ ਏਕਮ ਦਾ ਲੋਕ ਅਰਪਣ ਤਾਮਿਲ ਤੇ ਪੰਜਾਬੀ ਬਾਲ ਸਾਹਿਤ ਸੰਵਾਦ ਪੜ੍ਹ ਕੇ ਸਾਹਿਤਕ ਜਾਣਕਾਰੀ ਮਿਲੀ।ਸਾਧੂ ਰਾਮ ਲੰਗੇਆਣਾ ਦੀਆਂ ਮਿੰਨੀ ਕਹਾਣੀਆਂ ਦਿਲਚਸਪ ਹਨ।ਪੰਜਾਬ ਸਿਆਸਤ ਲੰਮਾ ਸਮਾਂ ਗਰਮ ਨਰਮ ਦੌਰ ਵਿੱਚ ਰਿਹਾ ਹੈ।

-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

**ਪਾਠਕਾਂ ਲਈ**

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।
atwartazamana@gmail.com
- ਸੰਪਾਦਕ

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

ਪ੍ਰਵਾਸੀ ਮਜ਼ਦੂਰ ਬਹੁਪੱਖੀ ਵਿਸ਼ਲੇਸ਼ਣ
ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ : ਡਾ. ਜਸਵਿੰਦਰ ਸਿੰਘ ਭੁੱਲਰ
'ਲੱਛੂ ਕਬਾੜੀਆ' : ਸਾਹਿਬ ਸਿੰਘ (ਫੋਕਸ) ਡਾ. ਚੰਦਰ ਪ੍ਰਕਾਸ਼
ਚਰਨਜੀਤ ਸਮਾਲਸਰ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਸ਼ਬਦ: ਕਹਾਣੀ ਵਿਸ਼ੇਸ਼ ਅੰਕ

ਸ਼ਬਦ-112 (ਅਕਤੂਬਰ-ਦਸੰਬਰ,2025) ਦਾ 'ਕਹਾਣੀ ਵਿਸ਼ੇਸ਼ ਅੰਕ' ਛਪ ਕੇ ਪੁੱਜਾ ਹੈ। ਹੱਥਲੇ ਅੰਕ ਵਿੱਚ ਉਰਦੂ, ਅੰਗਰੇਜ਼ੀ, ਹਿੰਦੀ, ਬੰਗਲਾ, ਸਿੰਧੀ ਤੋਂ ਇਲਾਵਾ ਤਿੰਨ ਪੰਜਾਬੀ ਕਹਾਣੀਆਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ। 'ਮੇਰਾ ਪੰਨਾ' ਤਹਿਤ ਅਨੁਵਾਦ ਲਿਖਤ ਦੀ ਅਹਿਮੀਅਤ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਗਏ ਹਨ। ਅਦਾਰਾ ਸ਼ਬਦ ਲਿਖਦਾ ਹੈ ਕਿ 'ਅਨੁਵਾਦ ਰਾਹੀਂ ਹੀ ਅਸੀਂ ਦੂਜੇ ਦੇਸ਼ਾਂ, ਕੌਮਾਂ ਵਿੱਚ ਲਿਖੇ ਜਾ ਰਹੇ ਸਮਕਾਲੀ ਟੈਕਸਟ ਨੂੰ ਸਮਝ ਸਕਦੇ ਹਾਂ। ਦੁਨੀਆ ਦਾ ਇਤਿਹਾਸ ਸਮਝਣ ਲਈ ਵੀ ਅਨੁਵਾਦ ਹੀ ਸਹਾਈ ਹੁੰਦਾ ਹੈ।' ਕਹਾਣੀਆਂ ਤੋਂ ਪਹਿਲਾਂ 'ਹਿੰਦੀ ਕਹਾਣੀ ਦਾ ਵਰਤਮਾਨ' ਵਿਸ਼ੇ ਤੇ ਹਿੰਦੀ ਦੇ ਵਿਦਵਾਨਾਂ ਵੱਲੋਂ ਕੀਤੀ ਇਕ ਚਰਚਾ ਪ੍ਰਕਾਸ਼ਤ ਕੀਤੀ ਗਈ ਹੈ। ਜਿਸ ਦੇ ਪੇਸ਼ਕਾਰ ਨੀਤੂ ਸਿੰਘ ਭਦੌਰਿਆ ਹਨ। ਚਰਚਾ ਵਿੱਚ ਰੋਹਿਣੀ ਅਗਰਵਾਲ, ਯੋਗੇਂਦਰ ਆਹੂਜਾ, ਸੰਜੈ ਕੁੰਦਨ, ਰਾਕੇਸ਼ ਬਿਹਾਰੀ, ਰਾਹੁਲ ਸਿੰਘ, ਮ੍ਰਿਤੂੰਜੈ ਸਿੰਘ ਤੇ ਹਿੰਦੀ ਕਹਾਣੀ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਹੈ, ਜਿਸ ਵਿੱਚ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਹਿੰਦੀ ਕਹਾਣੀਕਾਰ ਜਿਥੇ ਨਵੇਂ ਕਹਾਣੀਕਾਰਾਂ ਬਾਰੇ ਫਿਕਰਮੰਦ ਹਨ ਕਿ ਵਿਸ਼ਿਆਂ ਦੀ ਭਰਮਾਰ ਹੈ ਪਰ ਉਹਨਾਂ ਨੂੰ ਗ੍ਰਹਿਣ ਕਰਨ ਦੀ ਘਾਟ ਹੈ ਤੇ ਸਤਿਹੀ ਯਥਾਰਥ ਪੇਸ਼ ਹੋ ਰਿਹਾ ਹੈ, ਉੱਥੇ ਉਹਨਾਂ ਦੀ ਪਿੱਠ ਵੀ ਥਾਪੜ ਰਹੇ ਨਜ਼ਰ ਆਉਂਦੇ ਹਨ ਕਿ ਇਹ ਕਹਾਣੀਕਾਰ ਅਲੱਗ ਭਾਸ਼ਾ ਵਿੱਚ ਔਖੇ-ਔਖੇ ਵਿਸ਼ਿਆਂ ਉਪਰ ਕਹਾਣੀ ਲਿਖ ਰਹੇ ਹਨ।' ਅੰਕ ਵਿੱਚ ਉਰਦੂ-ਪਛਤਾਵਾ (ਇੰਤਜ਼ਾਰ ਹੁਸੈਨ), ਅੱਧੇ ਚਿਹਰੇ (ਮੁਮਤਾਜ਼ ਮੁਫਤੀ),ਅੰਗਰੇਜ਼ੀ-ਹਿੰਦੁਸਤਾਨੀ ਮਾਂ (ਜੌਹਨ ਲੈਂਗੀ),ਹਿੰਦੀ-ਦੋ ਬੁੱਢੇ (ਪ੍ਰਿਯੰਵਦ), ਡਾਕਟਰ ਜ਼ਿਵਾਗੋ (ਯੋਗੇਂਦਰ ਆਹੂਜਾ), ਬੰਗਲਾ-ਮਹਾਪਰਬਤ (ਅਮਿਤਾਭ ਘੋਸ਼), ਸਿੰਧੀ-ਡੇੜ੍ਹ ਗੰਢ (ਵਾਸਦੇਵ ਮੋਹੀ, ਅਨੁ. ਡਾ. ਜਸਵਿੰਦਰ ਬਿੰਦਰਾ ) ਤੋਂ ਇਲਾਵਾ ਕੁਦਰਤ (ਜਿੰਦਰ), ਘਰ (ਅੰਬਰ ਹੁਸੈਨੀ), ਲਹੂ ਨਾਲ ਸਿੰਜੇ ਪਲ (ਅਨੇਮਨ ਸਿੰਘ) ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਜਿੰਦਰ ਨੇ ਕਹਾਣੀ 'ਚ ਗੁਰੂ-ਗੁਰੂ ਮਾਂ ਤੇ ਹਰਜੀਤ ਦੇ ਰਿਸ਼ਤਿਆਂ ਨੂੰ ਸੰਜਮ, ਬਰੀਕੀ 'ਚ ਜਾ ਕੇ ਬੜੀ ਕੁਸ਼ਲਤਾ ਨਾਲ ਪੇਸ਼ ਕੀਤਾ ਹੈ। ਅੰਬਰ ਹੁਸੈਨੀ ਆਪਣੀ ਕਹਾਣੀ ਵਿੱਚ ਘਰ ਦਾ ਰਵਾਇਤੀ ਮਾਡਲ ਸਿਰਜਣ ਤੋਂ ਪਿੱਛੇ ਰਹਿ ਗਈ ਹੈ। ਅਨੇਮਨ ਨੇ ਕਹਾਣੀ 'ਚ ਅਖ਼ਬਾਰੀ ਕਿਸਮ ਦੀਆਂ ਸਭ ਨੂੰ ਦਿਸ ਰਹੀਆਂ ਰਵਾਇਤੀ ਸੂਚਨਾਵਾਂ ਦੇ ਬੇਲੋੜੇ ਵਿਸਥਾਰ, ਫਿਲਮੀ ਪ੍ਰਸੰਗਾਂ ਨੂੰ ਲੋੜੋ ਵੱਧ ਲਮਕਾਅ ਦਿੱਤਾ ਹੈ।




ਇਸ ਅੰਕ ਦੇ ਸਫ਼ੇ: 160, ਮੁੱਲ:100ਰੁਪਏ, ਮੁੱਖ ਸੰਪਾਦਕ : ਹਰਜੀਤ ਅਟਵਾਲ, ਸੰਪਾਦਕ : ਜਿੰਦਰ (98148-03254)ਰਚਨਾਵਾਂ ਭੇਜਣ ਲਈ: jinder340@gmail.com

## ਕਲਾਕਾਰ ਸਾਹਿਤਕ: ਅਕਤੂਬਰ-ਦਸੰਬਰ, 2025

ਕਲਾਕਾਰ ਦੇ ਹੱਥਲੇ ਅੰਕ ਵਿੱਚ ਫ਼ੋਜਣ (ਸੁਖਮਿੰਦਰ ਸੇਖੋਂ), ਤੂੰ ਨਹੀਂ ਸਮਝੇਂਗਾ (ਤਰਸੇਮ ਭੰਗੂ), ਬੰਦੇ ਦਾ ਪੁੱਤ (ਗੁਰਦੀਪ ਸਿੰਘ ਪੁਰੀ), ਪੁਨਰ ਜਨਮ (ਪਰਲ ਐੱਸ ਬੱਕ, ਅਨੁ. ਇੰਦਰਜੀਤ ਪਾਲ ਕੌਰ) ਕਹਾਣੀਆਂ ਛਪੀਆਂ ਹਨ। ਹਰਮਿੰਦਰ ਕੋਹਾਰਵਾਲਾ, ਜਗਤਾਰ ਗਿੱਲ, ਲੋਕ ਨਾਥ, ਰਮਨ ਸੰਧੂ, ਡਾ. ਕੁਲਬੀਰ ਕੌਰ, ਸ਼ਸ਼ੀਕਾਂਤ ਉੱਪਲ, ਜਗਦੀਪ ਕੌਰ ਆਹੂਜਾ, ਜਸਵੰਤ ਰਾਉਕੇ, ਗੁਰਬਚਨ ਸਿੰਘ ਬਾਹੀਆ, ਬੇਅੰਤ ਕੌਰ ਗਿੱਲ ਦੀਆਂ ਗ਼ਜ਼ਲਾਂ , ਨਜ਼ਮਾਂ ਤੇ ਗੀਤ ਛਪੇ ਹਨ। ਅਮਨਦੀਪ ਸਿੰਘ ਦਾ ਰਾਮ ਸਰੂਪ ਸ਼ਰਮਾ ਦਾ ਕਾਵਿ ਚਿੱਤਰ,ਹਾਕਮ ਰੂੜ੍ਹੇਕੇ ਇਕ ਅੰਕ ਦਾ ਸ਼ਾਇਰ ਵਜੋਂ ਪੇਸ਼ ਹੋਇਆ ਹੈ। ਡਾ. ਨਿਸ਼ਾਨ ਸਿੰਘ ਰਠੌਰ ਨੇ ਘੋੜੀਆਂ ਤੇ ਸੁਹਾਗ ਤੇ ਲਿਖਿਆ ਹੈ।




ਜਸਬੀਰ ਭੁੱਲਰ ਦੀ ਸਵੈ ਜੀਵਨੀ 'ਖੰਭਾਂ ਵਾਲਾ ਘੋੜਾ' ਦਾ ਕਾਂਡ ਛਪਿਆ ਹੈ। ਦਲਬੀਰ ਸਿੰਘ ਦਾ 'ਪੈਂਤੀ ਅੱਖਰੀ' ਰੌਚਿਕ ਲੇਖ ਲੜੀ ਹੈ। 70% ਪ੍ਰੇਮ ਕਥਾ (ਡਾ. ਰਾਜਪ੍ਰੀਤ ਬੈਨੀਪਾਲ), ਸੇਖੋਂ ਦੀ ਕਥਾ ਦ੍ਰਿਸ਼ਟੀ (ਹਰਮਿੰਦਰ ਸਿੰਘ) ਕਿਤਾਬਾਂ ਤੇ ਚਰਚਾ ਤੋਂ ਇਲਾਵਾ ਸਲੋਚਨਾ, ਅਕਥੁ ਨ ਕਥਨਾ ਜਾਈ,ਅਮਰ ਗੋਸਵਾਮੀ ਦੀਆਂ ਕਹਾਣੀਆਂ, ਫੁੱਲਾਂ ਦੀ ਕਵਿਤਾ ਆਦਿ ਕਿਤਾਬਾਂ ਦੇ ਰੀਵਿਊ ਹਨ। ਅੰਤ ਵਿੱਚ ਕਰਨਲ ਨਰੈਣ ਸਿੰਘ ਭੱਠਲ ਯਾਦਗਾਰੀ ਪੁਰਸਕਾਰ ਜੇਤੂ ਲੇਖਕ ਡਾ. ਗੁਰਚਰਨ ਕੋਚਰ, ਡਾ. ਅਰਵਿੰਦਰ ਕਾਕੜਾ, ਜਸਬੀਰ ਭੁੱਲਰ, ਪ੍ਰੋ. ਕੇ. ਕੇ. ਰੱਤੂ ਦੇ ਜੀਵਨ ਵੇਰਵੇ ਤੇ ਟਾਇਟਲ ਤੇ ਫੋਟੋ ਪ੍ਰਕਾਸ਼ਤ ਕੀਤੇ ਗਏ ਹਨ।

ਇਸ ਅੰਕ ਦੇ ਸਫ਼ੇ: 100, ਮੁੱਲ : 100ਰੁਪਏ, ਸੰਪਾਦਕ : ਕੰਵਰਜੀਤ ਭੱਠਲ (93165-16951) ਰਚਨਾਵਾਂ ਭੇਜਣ ਲਈ: bhathalka-lakaar1965@gmail.com

## ਲਾਲ ਪਰਚਮ :ਸਤੰਬਰ,2025

ਲਾਲ ਪਰਚਮ ਸੱਤਾ ਖ਼ਿਲਾਫ਼ ਲਾਲ ਪਰਚਮ ਲਹਿਰਾਉਣ ਵਾਲਾ ਨਾਬਰੀ ਦਾ ਪ੍ਰਵਚਨ ਸਿਰਜਣ ਵਾਲੀਆਂ ਲਿਖਤਾਂ ਛਾਪਣ ਵਾਲਾ ਰਸਾਲਾ ਹੈ। ਹੱਥਲੇ ਅੰਕ ਦੀ ਸੰਪਾਦਕੀ ਵਿੱਚ ਹੜ੍ਹ ਨੂੰ ਕੁਦਰਤ ਦਾ ਕਹਿਨ ਨਹੀਂ ਕਿਹਾ ਗਿਆ। ਨਰਭਿੰਦਰ ਨੇ ਅਕਾਲੀ ਦਲ ਦੀ ਚੀਰ ਫਾੜ ਕੀਤੀ ਹੈ। ਮੁਖਤਿਆਰ ਪੂਹਲਾ ਨੇ ਭਾਰਤ ਪਾਕਿ ਵਿਚਕਾਰ ਟਕਰਾਅ ਦਾ ਵਿਸ਼ਲੇਸ਼ਣ ਕੀਤਾ ਹੈ। ਰਣਜੀਤ ਲਹਿਰਾ ਦੀ ਸਿਸੋਦੀਆ, ਸੰਵਿਧਾਨਕ ਸੋਧ ਬਿੱਲ, ਧਰਮਸਥਲ ਮੰਦਰ, ਤੇ ਟਿੱਪਣੀ ਹੈ। ਟਰੰਪ-ਪੂਤਿਨ ਸ਼ਾਂਤੀ ਵਾਰਤਾ ਤੇ ਮਨਦੀਪ ਦਾ ਲੇਖ ਹੈ। ਮੱਖਣ ਕਾਲਸਾਂ ਨੇ ਫ਼ਲਸਤੀਨੀ ਲੋਕਾਂ ਦੀ ਹੋਂਦ ਬਾਰੇ ਲਿਖਿਆ ਹੈ। ਹਰਚਰਨ ਚਹਿਲ ਨੇ ਏ. ਆਈ. ਦਾ ਵਿਸ਼ਲੇਸ਼ਣ ਕੀਤਾ ਹੈ। ਜਗਦੇਵ ਬੰਗੀ ਦਾ ਅਸੀਂ ਗਿਆਨ ਕਿਵੇਂ ਪ੍ਰਾਪਤ ਕਰਦੇ ਹਾਂ? ਜਾਣਕਾਰੀ ਭਰਪੂਰ ਹੈ। ਅੰਗਰੇਜ਼ ਭਦੌੜ ਨੇ ਲੈਂਡ ਪੂਲਿੰਗ ਪਾਲਸੀ ਪੁੱਠੇ ਪੈਰੀਂ ਦੇ ਸੱਚ ਨੂੰ ਪੇਸ਼ ਕਰਦਾ ਹੈ। ਵਿਦਿਆਰਥੀ ਤੇ ਪਾਲੇਟਿਕਸ, ਭਾਜੀ ਗੁਰਸ਼ਰਨ ਸਿੰਘ ਤੇ ਸਮੱਗਰੀ ਹੈ। ਅੰਕ 'ਚ ਮਹਿਲਕਰਾਂ ਤੇ ਵਿਸ਼ੇਸ਼ ਸਮੱਗਰੀ ਵੀ ਪ੍ਰਕਾਸ਼ਤ ਕੀਤੀ ਗਈ ਹੈ। ਅੰਤਲੇ ਪੰਨਿਆਂ ਉੱਤੇ 'ਲਾਲ ਪਰਚਮ' ਨੂੰ ਚਲਾਉਣ ਵਾਲੀ ਜਥੇਬੰਦੀਆਂ ਦੀਆਂ ਸਰਗਰਮੀਆਂ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਸ ਅੰਕ ਦੇ ਸਫ਼ੇ: 60, ਮੁੱਲ : 30ਰੁਪਏ, ਸੰਪਾਦਕ : ਮੁਖਤਿਆਰ ਪੂਹਲਾ (99883-83608)। ਰਚਨਾਵਾਂ ਭੇਜਣ ਲਈ: par-cham03l@gmail.com




## ਸਤਿਜੁਗ :ਅਕਤੂਬਰ, 2025

ਹੱਥਲੇ ਅੰਕ ਵਿੱਚ ਹਰਨਾਮ ਦਾਸ ਸਹਿਰਾਹੀ ਦੀ ਰਚਨਾ 'ਸੱਚਨ ਸੱਚ' ਬੜੀ ਖੂਬਸੂਰਤ ਰਚਨਾ ਹੈ। ਗੁਰੂ ਦਾ ਸੇਵਕ ਸੱਚਨ ਦੇ ਜੀਵਨ ਨੂੰ ਸਹਿਰਾਈ ਨੇ ਬੜੀ ਇਮਾਨਦਾਰੀ ਨਾਲ ਚਿਤਰਿਆ ਹੈ। ਆਤਮਜੀਤ ਨੇ 'ਕੁਦਰਤ, ਅਦਬ, ਮਸ਼ੀਨ ਤੇ ਮਾਨਵ' ਲੇਖ ਵਿੱਚ ਕੁਦਰਤ ਦੇ ਭੇਦ ਦੀ ਗੱਲ ਤਰਕ ਨਾਲ ਕੀਤੀ ਹੈ। ਉਸ ਨੇ ਪੰਜਾਬੀ ਅਦਬ ਅਤੇ ਮਸ਼ੀਨ ਦੇ ਮਾਨਵ ਨਾਲ ਰਿਸ਼ਤਿਆਂ ਦੀ ਗੱਲ ਕੀਤੀ ਹੈ। ਜਸਵੀਰ ਰਾਣਾ ਦੀ ਕਹਾਣੀ 'ਇਕ ਦਸਤਾਰ ਰੱਤ ਲਿੱਬੜੀ' ਦੀ ਅਗਲੀ ਕਿਸਤ ਛਪੀ ਹੈ। ਪ੍ਰੀਤਮ ਸਿੰਘ ਕਵੀ ਨੇ ਬੀਤੇ ਦੀਆਂ ਪੈੜਾਂ ਤਹਿਤ '10 ਮਈ, 1987 ਨਵੀਂ ਦਿੱਲੀ 'ਚ ਸ੍ਰੀ ਸਤਿਗੁਰੂ ਦਾ ਬਿਰਤਾਂਤ ਲਿਖਿਆ ਹੈ। 'ਅੱਖੀਂ ਡਿੱਠਾ ਕਿੱਸਾ ਕੀਤਾ' ਤਹਿਤ ਸੁਵਰਨ ਸਿੰਘ ਵਿਰਕ ਨੇ ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਲਿਖੀਆਂ ਹਨ। ਡਾ. ਗੁਰਦੇਵ ਸਿੰਘ ਸਿੱਧੂ ਨੇ ਕੂਕਾਂ ਲਹਿਰ ਬਾਰੇ ਅੰਗਰੇਜ਼ੀ ਵਿੱਚ ਲੇਖ ਲਿਖਿਆ ਹੈ। ਅੰਕ ਵਿੱਚ 'ਖ਼ਬਰਨਾਮਾ ਤਹਿਤ ਸ੍ਰੀ ਭੈਣੀ ਸਾਹਿਬ ਦੀਆਂ ਸਰਗਰਮੀਆਂ ਫੋਟੋ ਸਮੇਤ ਦਿੱਤੀਆਂ ਗਈਆਂ ਹਨ।




ਇਸ ਅੰਕ ਦੇ ਸਫ਼ੇ : 42, ਸੰਪਾਦਕ : ਗੁਰਲਾਲ ਸਿੰਘ, ਸਹਿ ਸੰਪਾਦਕ : ਡਾ. ਖਲੀਲ ਖਾਨ, ਗੁਰਭਗਤ ਸਿੰਘ, ਸੰਪਰਕ: 97800-97898,99147-02201, ਰਚਨਾਵਾਂ ਭੇਜਣ ਲਈ:satjug@sribhainisahib.com

# ਤਰਸੇਮ ਸਿੰਘ ਭੰਗੂ ਦੀਆਂ ਮਿੰਨੀ ਕਹਾਣੀਆਂ



## ਬਲਾਮਤ

'ਮੈਂ ਕਿਹਾ ਜੀ, ਆਪਾਂ ਵੀ ਕਿਧਰੇ ਤੀਰਥ ਯਾਤਰਾ ਕਰ ਆਈਏ, ਪਰ ਤੁਸੀਂ ਮੇਰੀ ਸੁਣੋ ਤਦ ਨਾ!' ਮੇਰੀ ਪਤਨੀ ਨੇ ਆਦਤਨ ਨਿਹੋਰੇ ਜਿਹੇ ਨਾਲ ਗੁਆਂਢੀਆਂ ਘਰੋਂ ਆਇਆ ਪ੍ਰਸ਼ਾਦ ਦੇਂਦਿਆਂ ਕਿਹਾ।

ਭਾਵੇਂ ਸਾਡੇ ਗੁਆਂਢੀਆਂ ਦੀ ਮਾਂ ਪਿਛਲੇ ਕਾਫ਼ੀ ਸਮੇਂ ਤੋਂ ਬਿਰਧ ਘਰ ਵਿੱਚ ਰਹਿ ਰਹੀ ਸੀ, ਫਿਰ ਵੀ ਉਹ ਹਰ ਸਾਲ ਧਾਰਮਿਕ ਸਥਾਨਾਂ ਦੀ ਯਾਤਰਾ 'ਤੇ ਜ਼ਰੂਰ ਜਾਂਦੇ ਸਨ।

ਮੈਂ ਬੇਧਿਆਨੀ ਜਿਹੀ ਨਾਲ ਕਿਹਾ, 'ਭਲੀਏ ਲੋਕੇ, ਜਿਨ੍ਹਾਂ ਦੇ ਘਰ ਬਜ਼ੁਰਗ ਮਾਂ-ਬਾਪ ਹੋਣ, ਉਨ੍ਹਾਂ ਨੂੰ ਤੀਰਥਾਂ 'ਤੇ ਜਾਣ ਦੀ ਲੋੜ ਨਹੀਂ।'

ਮੇਰਾ ਇਸ਼ਾਰਾ ਆਪਣੀ ਬਿਮਾਰ ਮਾਂ ਵੱਲ ਸੀ।

'ਇਹ ਬਲਾਮਤ ਪਤਾ ਨ੍ਹੀਂ ਕਦੋਂ ਗਲ਼ੋਂ ਲੱਥੂ?' ਆਖਦੀ ਪਤਨੀ ਦਾ ਗੁੱਸਾ ਬਰਦਾਸ਼ਤ ਕਰਨਾ ਮੇਰੀ ਮਜਬੂਰੀ ਸੀ।

ਥੋੜ੍ਹੀ ਹੀ ਦੇਰ ਬਾਅਦ ਬਾਹਰਲਾ ਗੇਟ ਖੜਕਿਆ। ਭਾਵੇਂ ਮੈਂ ਡਰਾਇੰਗ ਰੂਮ ਵਿਚ ਬੈਠੇ ਨੇ ਜਾਲੀਦਾਰ ਦਰਵਾਜ਼ੇ ਵਿਚਦੀ ਗਰਿੱਲ ਗੇਟ ਦੇ ਬਾਹਰ ਸੱਸ ਮਾਂ ਨੂੰ ਬੂਟੀਆਂ ਵਾਲਾ ਝੋਲ਼ਾ ਫੜੀ ਖਲੋਤੀ ਵੇਖ ਲਿਆ ਸੀ, ਫਿਰ ਵੀ ਜਾਣ-ਬੁੱਝ ਕੇ ਪਤਨੀ ਨੂੰ ਆਵਾਜ਼ ਦਿੱਤੀ,

'ਭਾਗਵਾਨ ਵੇਖੀਂ ਭਲਾ, ਬਾਹਰ ਕਿਹੜੀ ਬਲਾਮਤ ਆ ਗਈ ਆ ਤੜਕੇ ਈ?'

ਗੇਟ ਖੋਲ੍ਹ ਕੇ ਵਾਪਸ ਆਈ ਪਤਨੀ ਦਾ ਪਾਰਾ ਹੋਰ ਚੜ੍ਹ ਗਿਆ ਸੀ। 'ਵੇਖੋ ਜੀ, ਮੂੰਹ ਸੰਭਾਲ ਕੇ ਬੋਲਿਆ ਕਰੋ, ਜੇ ਬੀਜੀ ਸੁਣ ਲੈਂਦੇ ਤਾਂ?'

## ਫਰਕ

ਦਰਜਾ ਚਾਰ ਮੁਲਾਜ਼ਮ ਨਰੇਸ਼ ਦੀ ਬੇਟੀ ਪੂਜਾ ਨਰਸਿੰਗ ਦਾ ਕੋਰਸ ਕਰਕੇ ਇਕ ਪ੍ਰਾਈਵੇਟ ਨਰਸਿੰਗ ਹੋਮ ਵਿੱਚ ਨਿਗੂਣੀ ਜਿਹੀ ਤਨਖਾਹ 'ਤੇ ਸੇਵਾਵਾਂ ਨਿਭਾਅ ਰਹੀ ਸੀ। ਡਿਊਟੀ ਕਈ ਵਾਰ ਬਾਰਾਂ ਤੋਂ ਚੌਦਾਂ ਘੰਟੇ ਤੱਕ ਵੀ ਕਰਨੀ ਪੈਂਦੀ।

ਦਿਨ ਦੀ ਸ਼ਿਫਟ ਵੇਲੇ ਜਦੋਂ ਕਦੇ ਸ਼ਾਮ ਵੇਲੇ ਕੋਈ ਕੇਸ ਹੁੰਦਾ ਤਾਂ ਉਹ ਲੇਟ ਹੋਣ ਕਰਕੇ ਆਪਣੇ ਪਾਪਾ ਨੂੰ ਅਕਸਰ ਲੈ ਜਾਣ ਵਾਸਤੇ ਫੋਨ ਕਰਕੇ ਬੁਲਾ ਲੈਂਦੀ।

ਅੱਜ ਵੀ ਸ਼ਾਮ ਵੇਲੇ ਇਕ ਬੱਚੀ ਅਪਰੇਸ਼ਨ ਨਾਲ ਪੈਦਾ ਹੋਈ ਸੀ। ਨਰੇਸ਼ ਪੂਜਾ ਨੂੰ ਲੈਣ ਵਾਸਤੇ ਆਇਆ ਹੋਇਆ ਸੀ।

ਨਵਜੰਮੀ ਬੱਚੀ ਦੇ ਪਰਵਾਰਕ ਮੈਂਬਰ ਆਪਸੀ ਗੱਲਬਾਤ ਵਿੱਚ ਦਿਲਾਸੇ ਵਰਗੀਆਂ ਗੱਲਾਂ ਕਰਦੇ, ਆਪਣੇ ਅਗਾਂਹਵਧੂ ਹੋਣ ਦਾ ਪ੍ਰਭਾਵ ਦੇ ਰਹੇ ਸਨ, 'ਓ ਜੀ, ਅੱਜਕੱਲ੍ਹ ਤਾਂ ਕੁੜੀ ਮੁੰਡੇ ਵਿੱਚ ਕੋਈ ਫਰਕ ਨਹੀਂ ਰਹਿ ਗਿਆ! ਅੱਜ ਤਾਂ ਧੀਆਂ ਸਪੇਸ ਵਿੱਚ ਵੀ ਜਾ ਰਹੀਆਂ ਹਨ।'

ਇਕ ਨੇ ਕਲਪਨਾ ਚਾਵਲਾ ਦਾ ਹਵਾਲਾ ਦਿੰਦਿਆਂ ਪੜ੍ਹੇ-ਲਿਖੇ ਹੋਣ ਦਾ ਪ੍ਰਭਾਵ ਪਾਉਣਾ ਚਾਹਿਆ।

ਉਨ੍ਹਾਂ ਦੀ ਵਾਰਤਾਲਾਪ ਸੁਣ ਕੇ ਨਰੇਸ਼ ਤੋਂ ਰਿਹਾ ਨਾ ਗਿਆ। ਉਹ ਬੋਲ ਹੀ ਪਿਆ, 'ਭਾਈ ਸਾਹਿਬ ਜੀ, ਮੁੰਡੇ ਕੁੜੀ ਵਿੱਚ ਫਰਕ ਅੱਜ ਵੀ ਹੈ! ਜੇ ਮੇਰੀ ਧੀ ਦੀ ਥਾਂ ਪੁੱਤ ਹੁੰਦਾ ਤਾਂ ਉਸ ਨੂੰ ਡਿਊਟੀ ਤੋਂ ਲਿਜਾਣ ਦੀ ਫਿਕਰ ਮੈਨੂੰ ਨਹੀਂ ਸੀ ਹੋਣੀ, ਉਸ ਨੇ ਆਪ ਹੀ ਘਰ ਪਹੁੰਚ ਜਾਣਾ ਸੀ।'

ਉਸ ਨੇ ਘਰ ਜਾਣ ਲਈ ਤਿਆਰ ਹੋ ਕੇ ਆਈ ਆਪਣੀ ਧੀ ਵੱਲ ਇਸ਼ਾਰਾ ਕਰਦਿਆਂ ਕਿਹਾ।

## ਇਕਬਾਲ-ਏ-ਜੁਰਮ

ਇਕ ਮੁਜਰਿਮ ਸ਼ਰਾਬ ਦੀ ਤਸਕਰੀ ਦੇ ਜੁਰਮ ਵਿੱਚ ਪੁਲਸ ਵੱਲੋਂ ਜੱਜ ਸਾਹਿਬ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਜੱਜ ਨੇ ਕਿਹਾ, 'ਕੀ! ਤੂੰ ਆਪਣੇ ਜੁਰਮ ਦਾ ਇਕਬਾਲ ਕਰਦਾ ਏਂ ਕਿ ਪੁਲਸ ਨੇ ਤੈਨੂੰ ਵੀਹ ਬੋਤਲਾਂ ਸ਼ਰਾਬ ਦੀਆਂ ਲਈ ਜਾ ਰਹੇ ਨੂੰ ਰੰਗੇ ਹੱਥੀਂ ਫੜਿਆ ਹੈ?'

'ਜੀ ਜਨਾਬ, ਮੈਂ ਆਪਣਾ ਜੁਰਮ ਕਬੂਲ ਕਰਦਾ ਹਾਂ ਕਿ ਮੈਨੂੰ ਪੁਲਸ ਨੇ ਸ਼ਰਾਬ ਲਈ ਜਾਂਦੇ ਨੂੰ ਫੜਿਆ ਹੈ, ਪਰ ਵੀਹ ਨਹੀਂ, ਚਾਲੀ ਬੋਤਲਾਂ ਸਨ, ਜੋ ਮੈਂ ਸਥਾਨਕ ਵਿਧਾਇਕ ਦੇ ਘਰ ਰੱਖੀ ਹੋਈ ਪਾਰਟੀ ਵਾਸਤੇ ਲੈ ਕੇ ਜਾ ਰਿਹਾ ਸੀ। ਮੇਰੀ ਬੇਨਤੀ ਹੈ ਕਿ ਪਹਿਲਾਂ ਵੀਹ ਬੋਤਲਾਂ ਬਾਰੇ ਤਫਤੀਸ਼ ਕੀਤੀ ਜਾਵੇ ਕਿ ਉਹ ਕਿਧਰ ਗਈਆਂ, ਫਿਰ ਮੈਨੂੰ ਜਨਾਬ ਜੋ ਵੀ ਸਜ਼ਾ ਦੇਣਗੇ, ਮੈਨੂੰ ਮਨਜ਼ੂਰ ਹੈ।

## ਮੁਕਤੀ ਮਾਰਗ

ਵਧੀਆ ਕੀਮਤੀ ਸ਼ਮਿਆਨਿਆਂ ਥੱਲੇ ਪੰਡਾਲ ਸਜਿਆ ਹੋਇਆ ਸੀ। ਸੰਗਤਾਂ ਮੰਤਰ-ਮੁਗਧ ਹੋ ਕੇ ਮਹਾਂਪੁਰਸ਼ਾਂ ਦੇ ਮਾਖਿਓਂ ਮਿੱਠੇ ਪ੍ਰਵਚਨ ਸੁਣ ਰਹੀਆਂ ਸਨ। ਆਪਣੀ-ਆਪਣੀ ਸ਼ਰਧਾ ਅਨੁਸਾਰ ਸ਼ਰਧਾਲੂ ਸੰਤਾਂ ਅੱਗੇ ਮਾਇਆ ਭੇਟ ਕਰ ਜਗ੍ਹਾ ਲੱਭ ਕੇ ਸੰਗਤ ਵਿੱਚ ਜੁੜ ਰਹੇ ਸਨ। ਕਥਾ ਦਾ ਪ੍ਰਵਾਹ ਚੱਲ ਰਿਹਾ ਸੀ।

ਮੋਹ-ਮਾਇਆ ਦੇ ਤਿਆਗ ਦੀ ਵਿਆਖਿਆ ਕਰਦੇ ਸੰਤ ਕਹਿ ਰਹੇ ਸਨ, 'ਮਾਇਆ ਨਾਗਣੀ ਹੈ, ਪਰਿਵਾਰਕ ਮੋਹ ਜਾਲ ਸਾਗਰੀ ਤੰਦੂਏ ਵਾਂਗ ਹੈ, ਜਿਸ ਵਿੱਚ ਫਸਿਆ ਮਨੁੱਖ ਨਿਕਲ ਨਹੀਂ ਸਕਦਾ, ਇਸ ਸਭ ਤੋਂ ਛੁਟਕਾਰਾ ਪਾ ਕੇ ਹੀ ਮੁਕਤੀ ਮਿਲ ਸਕਦੀ ਹੈ।'

'ਧੰਨ ਮਹਾਰਾਜ-ਧੰਨ ਮਹਾਰਾਜ' ਦੀ ਧੁਨੀ ਪੰਡਾਲ ਵਿੱਚ ਫੈਲ ਰਹੀ ਸੀ।

'ਬਈ, ਏਹ ਤਾਂ ਕੋਈ ਨੂਰੀ ਸੰਤ ਨੇ! ਦੇਖ ਤਾਂ ਨੂਰੀ ਚਿਹਰਾ ਕਿਵੇਂ ਦਗ਼-ਦਗ਼ ਕਰਦੈ।' ਕੋਈ ਕਹਿ ਰਿਹਾ ਸੀ।

ਸੇਵਾਦਾਰ ਵਿਸ਼ੇਸ਼ ਵਰਦੀਆਂ ਵਿੱਚ ਤਨਦੇਹੀ ਨਾਲ ਡਿਊਟੀਆਂ ਨਿਭਾਅ ਰਹੇ ਸਨ।

ਪ੍ਰਵਚਨ ਖਤਮ ਕਰਨ ਤੋਂ ਬਾਅਦ ਮਹਾਂਪੁਰਸ਼ ਸੰਗਤ ਅੱਗੇ ਹੱਥ ਜੋੜ ਉੱਠ ਖਲੋਤੇ। ਇਕ ਪੈਰੋਕਾਰ ਮਾਇਆ ਇਕੱਠੀ ਕਰਕੇ ਬੈਗ ਵਿੱਚ ਪਾਉਣ ਲੱਗ ਪਿਆ। ਬਾਹਰਵਾਰ ਇੰਪੋਰਟਿਡ ਗੱਡੀ ਲੱਗ ਚੁੱਕੀ ਸੀ। ਸੰਤਾਂ ਦੇ ਬੱਚੇ ਅਤੇ ਖੂਬਸੂਰਤ ਬੀਵੀ ਪਹਿਲਾਂ ਹੀ ਗੱਡੀ ਵਿੱਚ ਬੈਠੇ ਹੋਏ ਸਨ। ਸੰਗਤ ਮਾਤਾ ਜੀ ਦੇ ਵੀ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕਰਨਾ ਚਾਹੁੰਦੀ ਸੀ, ਪਰ ਸੰਤਾਂ ਨੂੰ ਜਲਦੀ ਕਰਕੇ ਸੁਰੱਖਿਆ ਗਾਰਡਾਂ ਨੇ ਸੰਗਤ ਦੀ ਏਹ ਇੱਛਾ ਪੂਰੀ ਨਾ ਹੋਣ ਦਿੱਤੀ। ਲਾਲ ਬੱਤੀ ਵਾਲੀ ਗੱਡੀ ਵਿੱਚ ਬੈਠ ਸੰਤ ਹੱਥ ਹਿਲਾਉਂਦੇ ਤੁਰ ਗਏ, ਕਿਉਂਕਿ ਉਨ੍ਹਾਂ ਕਿਧਰੇ ਹੋਰ ਸੰਗਤਾਂ ਨੂੰ ਵੀ ਤਾਂ ਮੋਹ-ਮਾਇਆ ਦੇ ਭਰਮਜਾਲ 'ਚੋਂ ਕੱਢ ਕੇ ਮੁਕਤੀ ਦਾ ਮਾਰਗ ਜੁ ਦੱਸਣਾ ਸੀ!

## ਪੱਕਾ ਆਲ੍ਹਣਾ

ਇੱਕ ਕਾਨਿਆਂ ਦੀ ਕੱਚੀ ਛੱਤ ਵਿੱਚ ਆਲ੍ਹਣਾ ਬਣਾ ਕੇ ਆਪਣੇ ਬੋਟਾਂ ਨਾਲ ਰਹਿ ਰਹੇ ਚਿੜੀ-ਚਿੜੇ ਨੇ ਇੱਕ ਦਿਨ ਮਾਲਕਾਂ ਵੱਲੋਂ ਛੱਤ ਨੂੰ ਪੱਕਾ ਕਰਨ ਸੰਬੰਧੀ ਵਾਰਤਾਲਾਪ ਸੁਣ ਕੇ ਚਿੜੀ ਨੇ ਫਿਕਰਮੰਦ ਹੁੰਦਿਆਂ ਸਾਥੀ ਚਿੜੇ ਨੂੰ ਕਿਹਾ, 'ਆਪਾਂ ਹੁਣ ਕਿੱਥੇ ਰਿਹਾ ਕਰਾਂਗੇ?'

'ਲੈ, ਪਹਿਲਾਂ ਵੀ ਤਾਂ ਅਸੀਂ ਇਨ੍ਹਾਂ ਦੇ ਨਾਲ ਹੀ ਰਹਿੰਦੇ ਆਏ ਹਾਂ, ਹੁਣ ਵੀ ਇਨ੍ਹਾਂ ਨਾਲ ਈ ਰਹਾਂਗੇ, ਚਿੰਤਾ ਵਾਲੀ ਕਿਹੜੀ ਗੱਲ ਐ? ਇਹ ਘਰ ਵੀ ਤਾਂ ਸਾਡੇ ਵਾਂਗ ਈ ਇਹਨਾਂ ਦਾ ਆਲ੍ਹਣਾ ਹੈ।'

ਕੁਝ ਸਮੇਂ ਬਾਅਦ ਬੋਟਾਂ ਨੇ ਵੀ ਉਡਾਰ ਹੋ ਕੇ ਦੂਸਰੀ ਜਗ੍ਹਾ ਲੱਭ ਲਈ। ਘਰ ਦੇ ਮਾਲਕ ਨੇ ਕੱਚੀ ਛੱਤ ਲਾਹ ਕੇ ਲੈਂਟਰ ਪਾ ਦਿੱਤਾ। ਦਰਵਾਜ਼ੇ-ਖਿੜਕੀਆਂ ਨੂੰ ਨਵੀਆਂ ਜਾਲ਼ੀਆਂ ਲੱਗ ਗਈਆਂ। ਵਿਹੜੇ ਵਿਚਲੀ ਧਰੇਕ ਵੱਢ ਕੇ ਧੁੱਪ ਪੈਣ ਲਈ ਥਾਂ ਖਾਲੀ ਕਰ ਦਿੱਤੀ ਗਈ। ਚਿੜੀ-ਚਿੜਾ ਬਾਹਰਵਾਰ ਉਪਰਲੇ ਝਰੋਖੇ ਦੀ ਜਾਲ਼ੀ ਦੇ ਨਾਲ ਲੱਗੇ ਆਪਣੇ-ਆਪ ਨੂੰ ਘਰੋਂ ਕੱਢਿਆ ਮਹਿਸੂਸ ਕਰ ਰਹੇ ਸਨ।

ਅਗਲੀ ਵਾਰ ਚਿੜੇ-ਚਿੜੀ ਨੇ ਆਪਣੇ ਨਵੇਂ ਬੋਟਾਂ ਲਈ ਆਲ੍ਹਣਾ ਬਣਾਉਣ ਲਈ ਜਗ੍ਹਾ ਝਰੋਖੇ ਦੇ ਵਧਾਅ ਥੱਲੇ ਚੁਣੀ ਤੇ ਆਲ੍ਹਣੇ ਦੀ ਤਿਆਰੀ ਸ਼ੁਰੂ ਕਰ ਦਿੱਤੀ। ਕੁਝ ਦਿਨਾਂ ਬਾਅਦ ਹੀ ਘਾਹ ਦੇ ਤੀਲ੍ਹੇ ਖਿੱਲਰੇ ਵੇਖ ਮਾਲਕਣ ਨੇ ਮਾਂਜਾ ਮਾਰ ਕੇ ਆਲ੍ਹਣਾ ਹੂੰਝ ਸੁੱਟਿਆ। ਚਿੜੀ-ਚਿੜਾ ਬੇਵੱਸ ਜਿਹੇ ਮਾਲਕਣ ਦੀਆਂ ਚੁੱਭਵੀਆਂ ਗੱਲਾਂ ਕੰਧ 'ਤੇ ਬੈਠੇ ਸੁਣ ਰਹੇ ਸਨ, 'ਆ ਚਿੜੀਆਂ ਤਾਂ ਗੰਦ ਪਾਉਣੋਂ ਹਟਦੀਆਂ ਈ ਨਹੀਂ!'

ਰਾਤ ਵੇਲੇ ਝਰੋਖੇ ਦੀ ਜਾਲ਼ੀ ਦੇ ਨਾਲ ਲੱਗੇ ਦੋਵੇਂ ਜੀਅ ਆਲ੍ਹਣਾ ਬਣਾਉਣ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਸਨ ਕਿ ਅਚਾਨਕ ਚਿੜੀ ਨੇ ਅੰਦਰੋਂ ਆ ਰਹੀਆਂ ਆਵਾਜ਼ਾਂ ਵੱਲ ਚਿੜੇ ਦਾ ਧਿਆਨ ਦਿਵਾਇਆ।

'ਦੇਖੋ ਜੀ, ਮੈਂ ਇਸ ਵਾਰ ਨਹੀਂ ਜੇ ਮੰਨਣੀ ਤੁਹਾਡੀ, ਫਿਰ ਕੀ ਹੋਇਆ ਜੇ ਇਸ ਵਾਰ ਵੀ ਕੁੜੀ ਹੈ! ਕੁੜੀਆਂ ਕਿਤੇ ਰਾਤ ਨੂੰ ਉੱਠ-ਉੱਠ ਖਾਂਦੀਆਂ ਨੇ?'

'ਮੇਰੀ ਸੁਣ ਲੈ ਗੱਲ, ਤੂੰ ਸਵੇਰੇ ਇਸ ਦਾ ਫਾਹਾ ਵੱਢ ਕੇ ਆਵੀਂ ਨਹੀਂ ਤਾਂ ਮੇਰੇ ਤੋਂ ਬੁਰਾ ਕੋਈ ਨ੍ਹੀਂ!'

ਉਸ ਤੋਂ ਮਗਰੋਂ ਡੁਸਕਣ ਦੀ ਆਵਾਜ਼ ਸੁਣ ਕੇ ਚਿੜੀ ਕਹਿ ਰਹੀ ਸੀ, 'ਭਲਿਆ ਮਾਣਸਾ, ਇਸ ਪੱਕੇ ਆਲ੍ਹਣੇ ਵਿੱਚ ਤਾਂ ਰਹਿਣ ਵਾਲਿਆਂ ਦੀ ਨਸਲ ਬਚਣ ਦੀ ਉਮੀਦ ਨਹੀਂ, ਸਾਡੀ ਕਿਵੇਂ ਬਚਣੀ ਐ?'

## ਸੱਚ ਬੋਲਣ ਵਾਲੇ

ਪੰਜਾਬ ਵਿੱਚ ਕਾਲੇ ਦੌਰ ਦੇ ਦਿਨਾਂ ਵਿੱਚ ਸੱਚ 'ਤੇ ਪਹਿਰਾ ਦੇਣ ਵਾਲੇ ਇਕ ਲੇਖਕ ਨੂੰ ਵੇਲਿਓਂ ਕੁਵੇਲੇ ਘਰ ਪਰਤ ਰਹੇ ਨੂੰ ਇਕ ਅੱਤਵਾਦੀ ਗੁੱਟ ਦੇ ਕੁਝ ਬੰਦਿਆਂ ਨੇ ਝਾੜੀਆਂ ਵਿੱਚੋਂ ਨਿਕਲ ਕੇ ਰਸਤਾ ਰੋਕ ਕੇ ਕਿਹਾ,

'ਸਾਡੇ ਖਿਲਾਫ਼ ਅਖਬਾਰਾਂ ਵਿੱਚ ਲਿਖਦਿਆਂ ਤੈਨੂੰ ਮੌਤ ਤੋਂ ਡਰ ਨਹੀਂ ਲੱਗਦਾ!'

'ਜਿਹੜੇ ਆਪ ਮੌਤ ਤੋਂ ਡਰਦੇ ਲੁਕਦੇ ਫਿਰਦੇ ਹੋਣ, ਉਨ੍ਹਾਂ ਤੋਂ ਕਾਹਦਾ ਡਰ!' ਲੇਖਕ ਬੇਖ਼ੌਫ਼ ਸੀ।

'ਦੱਸੀਏ ਤੈਨੂੰ ਡਰ ਕੀ ਹੁੰਦਾ ਆ?'

ਦੂਸਰਾ ਲੋਈ ਦੀ ਬੁੱਕਲ਼ 'ਚੋਂ ਅਸਾਲਟ ਕੱਢ ਕੇ ਸਿੱਧੀ ਕਰਦਾ ਬੋਲਿਆ।

ਹੱਥ ਦੇ ਇਸ਼ਾਰੇ ਨਾਲ ਤੱਤੇ ਗੱਭਰੂ ਨੂੰ ਰੋਕਦਾ ਹੋਇਆ ਟੋਲੀ ਦਾ ਆਗੂ ਬੋਲਿਆ, 'ਰਹਿਣ ਦੇ ਯਾਰ, ਸੱਚ ਬੋਲਣ ਵਾਲੇ ਰਹਿ ਹੀ ਕਿੰਨੇ ਕੁ ਗਏ ਨੇ!'

## ਨੰਗ

ਪੁਲਸ ਪਾਰਟੀ ਸ਼ਾਮ ਦੀ ਗਸ਼ਤ 'ਤੇ ਨਿਕਲੀ ਸੀ। ਰਸਤੇ ਵਿੱਚ ਕਿਸੇ ਵਿਆਹ ਵਿੱਚ ਫੁੱਲ ਤਿਆਰੀ ਖਿੱਚੀ ਤੁਰਿਆ ਜਾਂਦਾ ਮੀਰਜ਼ਾਦਾ ਵੇਖ ਪੁਲਸ ਵਾਲਿਆਂ ਨੂੰ ਉਹਦੇ ਨਾਲ ਮਸਖਰੀ ਕਰਨ ਦੀ ਸੁੱਝੀ। ਜਿਪਸੀ ਰੋਕ ਕੇ,

'ਮੀਰਜ਼ਾਦਿਆ, ਅੱਜ ਕਿੱਧਰ ਚੜ੍ਹਾਈਆਂ ਕੀਤੀਆਂ ਨੇ!' ਥਾਣੇਦਾਰ ਨੇ ਹੱਥ 'ਤੇ ਰੂਲ ਮਾਰਦਿਆਂ ਕਿਹਾ।

'ਮੋਤੀਆਂ ਆਲ਼ੀ ਸਰਕਾਰ ਜਿੱਧਰ ਮਰਜ਼ੀ ਜਾ ਵੜੀਏ, ਸਾਨੂੰ ਕਿਹੜੀ ਰੋਕ-ਟੋਕ ਆ ਤੁਹਾਡੇ ਆਂਗ।' ਮਰਾਸੀ ਟਿੱਚਰ ਕਰ ਗਿਆ।

'ਜਨਾਬ, ਏਹਦਾ ਈ ਨਾ ਮੋਰ ਬਣਾਈਏ, ਥਾਣੇ 'ਚ ਹੋਰ ਤਾਂ ਕੋਈ ਹੈ ਨ੍ਹੀਂ ਅੱਜ।' ਇਕ ਸਿਪਾਹੀ ਬੋਲਿਆ।

'ਮਹਾਰਾਜ ਦੋ ਫੁਲਕੇ ਈ ਖਾਣੇ ਨੇ, ਵਿਆਹ ਵਾਲੇ ਘਰੋਂ ਨਾ ਸਹੀ ਤੁਹਾਡੇ ਕੋਲੋਂ ਈ ਖਾਲਾਂਗੇ ਤਰੀ ਨਾਲ।'

'ਆਹੋ, ਭੁੰਨਦੇ ਆਂ ਤੇਰੇ ਲਈ ਤਿੱਤਰ।' ਥਾਣੇਦਾਰ ਹੱਸਦਾ ਬੋਲਿਆ।

'ਜਨਾਬ ਦਫਾ ਕਰੋ ਪਰ੍ਹਾਂ ਨੰਗ ਨੂੰ, ਚੌਕ ਆਲ਼ਾ ਠੇਕਾ ਵੀ ਬੰਦ ਹੋ ਜਾਣਾ ਆ ਫਿਰ।' ਮੁਣਸ਼ੀ ਨੇ ਚਿੰਤਾ ਪ੍ਰਗਟ ਕੀਤੀ।

'ਮਾਲਕੋ ਮੈਨੂੰ ਵੀ ਲਈ ਚੱਲੋ, ਭਲਾ ਜੇ ਝੋਨੇ ਦੇ ਪੱਜ ਡੀਲ਼ਾ ਗਿੱਲਾ ਹੋਜੇ।'

ਮੀਰ ਜਿਪਸੀ ਵੱਲ ਨੂੰ ਹੋਇਆ।

ਔਹਲਦੇ ਮੀਰ ਨੂੰ ਧੱਕਾ ਮਾਰ ਜਿਪਸੀ ਔਹ ਗਈ ਹੋ ਗਈ।

ਥੱਲੇ ਡਿੱਗਾ ਮੀਰ ਉੱਠਦਾ ਹੱਥ ਝਾੜਦਾ ਜਾਂਦੀ ਜਿਪਸੀ ਨੂੰ ਘੂਰਦਾ ਕਹਿ ਰਿਹਾ ਸੀ, 'ਸਹੁਰੀ ਦੇ ਮੈਨੂੰ ਨੰਗ ਈ ਦੱਸਦੇ ਆ, ਆਪ ਜਿਵੇਂ ਨਿਉਂਦਾ ਪਾ ਕੇ ਪੀਣਗੇ।'

ਫੋਨ 94656-56214

## ਮੈਂ ਮਰਨ ਤੋਂ ਇਨਕਾਰ ਕਰ ਦਿੱਤਾ

ਜਦ ਮੈਂ ਮਰਨ ਤੋਂ ਇਨਕਾਰ ਕਰ ਦਿੱਤਾ,
ਤਾਂ ਮੇਰੀਆਂ ਜ਼ੰਜੀਰਾਂ ਖੋਲ੍ਹ ਦਿੱਤੀਆਂ ਗਈਆਂ,
ਮੈਂ ਵਿਸ਼ਾਲ ਘਾਹ ਦੇ ਮੈਦਾਨ 'ਚ ਆ ਗਿਆ
ਝੂਮ ਰਹੀਆਂ ਘਾਹ ਦੀਆਂ ਪੱਤੀਆਂ 'ਤੇ ਮੁਸਕਰਾਉਂਦਾ ਹੋਇਆ
ਉਨ੍ਹਾਂ ਤੋਂ ਮੇਰੀ ਮੁਸਕਰਾਹਟ ਸਹਿਣ ਨਾ ਹੋਈ
ਤੇ ਮੈਨੂੰ ਦੁਬਾਰਾ ਨੂੜ ਦਿੱਤਾ
ਜਦੋਂ ਮੈਂ ਮੁੜ ਮਰਨ ਤੋਂ ਇਨਕਾਰ ਕਰ ਦਿੱਤਾ
ਮੇਰੀ ਜ਼ਿੰਦਗੀ ਤੋਂ ਤੰਗ ਆਏ
ਜਰਵਾਣਿਆਂ ਨੇ ਮੈਨੂੰ ਆਜ਼ਾਦ ਕਰ ਦਿੱਤਾ
ਮੈਂ ਚੱਲ ਪਿਆ
ਬਾਹਰ ਉੱਗਦੇ ਸੂਰਜ ਦੀ ਲੋਅ 'ਚ ਨਹਾਈਆਂ ਹਰੀਆਂ-ਭਰੀਆਂ ਘਾਟੀਆਂ ਵੱਲ
ਮੁਸਕਰਾਉਂਦੇ ਹੋਏ ਘਾਹ ਦੀਆਂ ਹਿਲ ਰਹੀਆਂ ਤਿੜਾਂ ਨੂੰ ਦੇਖਣ ਲਈ
ਮੇਰਾ ਚਿਹਰਾ ਖਿੜਿਆ ਦੇਖ ਕੇ ਉਹ ਗੁੱਸੇ ਨਾਲ ਪਾਗਲ ਹੋ ਗਏ
ਉਨ੍ਹਾਂ ਮੈਨੂੰ ਮੁੜ ਕੈਦ ਕਰ ਦਿੱਤਾ
ਮੈਂ ਅਜੇ ਵੀ ਹੱਠ ਨਾਲ ਮਰਨੋਂ ਇਨਕਾਰੀ ਹਾਂ
ਅਫਸੋਸ ਕਿ ਉਹ ਨਹੀਂ ਜਾਣਦੇ ਕਿ ਮੈਨੂੰ ਕਿਵੇਂ ਮਰਵਾਉਣਾ ਹੈ
ਕਿਉਂਕਿ ਮੈਨੂੰ ਲੋਹੜੇ ਦੀ ਮੁਹੱਬਤ ਹੈ ਵਧ ਰਹੇ ਘਾਹ ਦੀਆਂ ਆਵਾਜ਼ਾਂ ਨਾਲ।

**- ਜੀ ਐੱਨ ਸਾਈਬਾਬਾ**

## ਅੱਖਰਾਂ ਦੇ ਕਲਾਸਿਕ ਸਵਾਸ ਵਾਂਗੂੰ

ਯਾਦਾਂ ਤੇਰੀਆਂ ਨੂੰ ਸਾਂਭ ਲਿਆ ਹੈ ਸੀਨੇ ਵਿਚ ਭਾਵਨਾਵਾਂ ਦੇ ਇਤਿਹਾਸ ਵਾਂਗੂੰ
ਕਦੇ ਕਦੇ ਪੜ੍ਹ ਲਿਆ ਕਰਾਂਗਾ ਇਨ੍ਹਾਂ ਨੂੰ ਹੁਕਮਨਾਮੇ ਦੇ ਅਹਿਸਾਸ ਵਾਂਗੂੰ
ਕੁਝ ਯਾਦਾਂ ਐਸੀਆਂ ਹੁੰਦੀਆਂ ਜੋ ਸਿਵੇ ਵਿਚ ਬਲ ਕੇ ਵੀ ਨਹੀਂ ਮੁੱਕਦੀਆਂ
ਇਹ ਸਿੰਮਦੀਆਂ ਰਹਿੰਦੀਆਂ ਨੇ ਵਾਰ ਵਾਰ ਨਜ਼ਮ ਕਿਸੇ ਉਦਾਸ ਵਾਂਗੂੰ
ਜੋ ਚਲੇ ਗਏ ਇਸ ਜਹਾਨ ਤੋਂ ਉਨ੍ਹਾਂ ਮੁੜ ਵਾਪਸ ਨਹੀਂ ਪਰਤਣਾ
ਤੂੰ ਜੀਊਣਾ ਸਿੱਖ ਹੌਲੀ ਹੌਲੀ ਮਾਂ ਧਰਤੀ ਦੇ ਧਰਮ ਅਤੇ ਧਰਵਾਸ ਵਾਂਗੂੰ
ਜ਼ਿੰਦਗੀ ਵਿਚ ਐਸਾ ਮੋੜ ਵੀ ਆਉਂਦਾ ਕਿ ਜਦੋਂ ਨਾ ਚਾਹੁੰਦੇ ਹੋਏ ਵੀ
ਹਿਜਰਤ ਕਰ ਜਾਂਦੇ ਨੇ ਜਿਗਰ ਦੇ ਟੋਟੇ ਜਜ਼ਬਿਆਂ ਦੇ ਜ਼ੋਰਦਾਰ ਪਰਵਾਸ ਵਾਂਗੂੰ
ਵਿਸ਼ਵ ਮੰਡੀ ਦੇ ਨਵੇਂ ਨਵੇਂ ਮਾਪਦੰਡਾਂ ਅਨੁਕੂਲ ਵਿਚਰਨ ਦੀ ਜਾਚ ਸਿੱਖ
ਅੱਜ ਕੱਲ੍ਹ ਕੌਣ ਜਿਉਂਦਾ ਬਾਰੀਂ ਕੋਹੀਂ ਜਗਦੇ ਦੀਵੇ ਦੀ ਆਸ ਵਾਂਗੂੰ
ਵਕਤ ਤੇ ਵਣਜ ਦੇ ਵਰਤਾਰੇ ਵੇਖ ਵੇਖ ਕੇ ਝੂਰਿਆ ਤੜਪਿਆ ਨਾ ਕਰ
ਵਕਤ ਨੂੰ ਵਰਤਦੇ ਨੇ ਲੋਕ ਹੁਣ ਮੌਸਮੀ ਤੇ ਮਤਲਬਪ੍ਰਸਤ ਲਿਬਾਸ ਵਾਂਗੂੰ
ਮੇਰੀ ਮਾਂ ਚੁੱਲ੍ਹੇ ਦੀ ਅੱਗ ਦੇ ਸੇਕ ਨਾਲ ਤਪਦੀ ਰਹੀ ਉਮਰ ਭਰ
ਤੇ ਬਾਪ ਮੇਰਾ ਜੂਝਦਾ ਰਿਹਾ ਉਮਰ ਭਰ ਮੁਸ਼ੱਕਤ ਦੇ ਕਰੜੇ ਵਿਸ਼ਵਾਸ ਵਾਂਗੂੰ
ਮੈਂ ਪੂਰੀ ਦੁਨੀਆ ਨੂੰ ਇਕ ਐਸਾ ਪੁਸਤਕ ਘਰ ਬਣਾਉਣਾ ਲੋਚਦਾਂ
ਕਿ ਜਿਸ ਵਿਚ ਸਾਹ ਲੈ ਸਕੇ ਹਰ ਬੰਦਾ ਅੱਖਰਾਂ ਦੇ ਕਲਾਸਿਕ ਸਵਾਸ ਵਾਂਗੂੰ
ਆਓ ਪੂਰਾ ਤਾਣ ਲਾ ਕੇ ਇਸ ਦੀ ਸੀਰਤ ਤੇ ਸ਼ਨਾਖਤ ਬਚਾ ਲਈਏ
ਵਰਨਾ ਉਜੜ ਜਾਏਗਾ ਇਹ ਬ੍ਰਹਿਮੰਡ ਗਿਆਨ ਦੇ ਮਸਨੂਈ ਮਹਾਂ ਵਿਨਾਸ਼ ਵਾਂਗੂੰ

**— ਪ੍ਰੋ: ਕੁਲਵੰਤ ਔਜਲਾ**

ਸਫ਼ਾ 3 ਦੀ ਬਾਕੀ

## ਲੇਖਣ ਦਾ ਜਨੂੰਨ ਤੇ ਜ਼ਿੰਦਗੀ ਦੇ ਸੰਘਰਸ਼ ਦਾ ਬਿਰਤਾਂਤ...

ਆਦਮੀ ਦੀ ਜ਼ਿੰਦਗੀ ਵੀ ਕਿਹੋ ਜਿਹੀ ਹੈ, ਉਹ ਪਸ਼ੂਆਂ ਵਾਂਗ ਸੌਂਦਾ, ਪੀਂਦਾ, ਖਾਂਦਾ ਹੈ, ਪਰ ਜੋ ਗੱਲ ਉਸ ਨੂੰ ਪਸ਼ੂਆਂ ਤੋਂ ਵੱਖਰਾ ਕਰਦੀ ਹੈ, ਉਹ ਹੈ ਮਰਦ ਤੇ ਔਰਤ ਦਰਮਿਆਨ ਯੋਨ-ਸੰਬੰਧ, ਜਿਸ ਤੋਂ ਵੱਡੀ ਖ਼ੁਸ਼ੀ ਇਸ ਧਰਤੀ 'ਤੇ ਹੋਰ ਕੋਈ ਨਹੀਂ। ਸਰੀਰ ਦਾ ਸਰੀਰ ਨਾਲ ਮਿਲਾਪ 'ਸੰਵਾਦ' ਦੀ ਸਭ ਤੋਂ ਤਾਕਤਵਰ ਪ੍ਰਕਿਰਿਆ ਹੈ। ਇਹ ਪਿਆਰ ਦਾ ਕਿਹੜਾ ਰੂਪ ਹੈ? ਉਹਨੂੰ ਇਹੀ ਲੱਗਦਾ ਹੈ ਕਿ ਔਰਤ ਸੱਚਮੁੱਚ ਬੁਝਾਰਤ ਹੈ, ਕਿਉਂਕਿ ਇਵੈਤੀ ਬਾਰੇ ਛੁਪਾਉਣ 'ਤੇ ਵੀ ਬਰਨੀ ਨੂੰ ਇਸ ਬਾਰੇ ਪਤਾ ਲੱਗ ਜਾਂਦਾ ਹੈ। ਉਹ ਹਰ ਚੀਜ਼ ਬਾਰੇ ਸੋਚਦਾ ਹੈ, ਜੋ ਇਵੈਤੀ ਨਾਲ ਹਮਬਿਸਤਰ ਹੁੰਦਿਆਂ ਉਹਨੇ ਵਰਤੀ ਸੀ, ਪਰ ਉਹਨੂੰ ਕੋਈ ਵੀ ਅਜਿਹਾ ਨਿਸ਼ਾਨ ਨਹੀਂ ਲੱਭਦਾ, ਜਿਸ ਤੋਂ ਬਰਨੀ ਨੂੰ ਇਹਦੇ ਬਾਰੇ ਪਤਾ ਲੱਗਿਆ ਹੋਵੇ। ਅਸਲ ਵਿਚ ਔਰਤਾਂ ਬਾਰੇ ਉਹਦੀ ਵਿਸ਼ੇਸ਼ ਖਿੱਚ ਇਸ ਨਾਵਲ ਵਿਚ ਨਜ਼ਰ ਆਉਂਦੀ ਹੈ। ਔਰਤਾਂ ਦਾ ਰਹੱਸਮਈ ਸੰਸਾਰ ਉਹਨੂੰ ਰੋਮਾਂਚਿਤ ਕਰਦਾ ਹੈ।ਉਨ੍ਹਾਂ ਦੇ ਨੈਤਿਕ ਮਾਪਦੰਡ ਮਰਦਾਂ ਨਾਲੋਂ ਵੱਖਰੇ ਹਨ। ਉਹ ਸੋਚਦਾ ਹੈ ਕਿ ਉਸ ਦੀ ਮਾਂ ਵੀ ਉਹਦੇ ਲਈ ਇਕ ਬੁਝਾਰਤ ਹੈ, ਓਹੋ ਜਿਹੀ ਹੀ ਮਾਦਾਮ ਬਰਨੀ ਤੇ ਇਵੈਤੀ ਹੈ, ਜਿਸ ਨਾਲ ਉਹ ਰਾਤ ਬਿਤਾ ਕੇ ਆਇਆ ਹੈ। ਅਜਿਹੀ ਹੀ ਉਸ ਦੀ ਭੈਣ ਲਾਰਾ... ਸੱਚਮੁੱਚ ਔਰਤ ਕੁਦਰਤ ਦਾ ਸਭ ਤੋਂ ਵੱਡਾ ਅਜੂਬਾ ਹੈ। ਮੈਂ ਇਸ ਬਾਰੇ ਕੁਝ ਨਹੀਂ ਜਾਣਦਾ, ਪਰ ਮੈਂ ਉਨ੍ਹਾਂ ਬਾਰੇ ਸਭ ਕੁਝ ਜਾਣਨਾ ਚਾਹੁੰਦਾ ਹਾਂ।'

ਜਿਵੇਂ ਅੱਜਕੱਲ੍ਹ ਹਰ ਲੇਖਕ ਨੂੰ ਸ਼ਿਕਾਇਤ ਰਹਿੰਦੀ ਹੈ ਕਿ ਪ੍ਰਕਾਸ਼ਕ ਉਹਦੀ ਮਿਹਨਤ ਦਾ ਮੁੱਲ ਨਹੀਂ ਪਾਉਂਦੇ ਤੇ ਲੇਖਕ ਦੀ ਘਾਲਣਾ ਬਦਲੇ ਉਹਦੇ ਪੱਲੇ ਕੁਝ ਨਹੀਂ ਪੈਂਦਾ। ਇਹ ਸਥਿਤੀ ਬਾਲਜ਼ਾਕ ਵੇਲੇ ਵੀ ਅਜਿਹੀ ਸੀ। ਉਹ ਸਾਰੀ ਉਮਰ ਪ੍ਰਕਾਸ਼ਕਾਂ ਨਾਲ ਉਲਝਦਾ ਤੇ ਖਪਦਾ ਰਿਹਾ। ਅਜਿਹੀ ਸਥਿਤੀ ਤੋਂ ਤੰਗ ਆ ਕੇ ਉਹਨੇ ਆਪਣੀ ਪ੍ਰੈੱਸ ਲਾ ਕੇ ਪ੍ਰਕਾਸ਼ਨ ਦਾ ਕੰਮ ਸ਼ੁਰੂ ਕੀਤਾ, ਪਰ ਇਸ ਵਿਚ ਵੀ ਅੰਤ ਉਸ ਨੂੰ ਵੱਡਾ ਘਾਟਾ ਪਿਆ। ਉਨ੍ਹਾਂ ਦਿਨਾਂ ਵਿਚ ਕਾਪੀ ਰਾਈਟ ਬਾਰੇ ਕੋਈ ਕਾਨੂੰਨ ਨਹੀਂ ਸੀ। ਜਿਹੜੀ ਕਿਤਾਬ ਬਾਰੇ ਪ੍ਰਕਾਸ਼ਕ ਸਮਝਦੇ ਸਨ ਕਿ ਵਿਕਣ ਵਾਲੀ ਹੈ, ਉਹ ਲੇਖਕ ਦੀ ਆਗਿਆ ਤੋਂ ਬਿਨਾਂ ਕੁਝ ਦਿੱਤਿਆਂ ਛਾਪ ਲੈਂਦੇ ਸਨ। ਲੇਖਕ ਉਨ੍ਹਾਂ ਸਾਹਮਣੇ ਲਾਚਾਰ ਨਜ਼ਰ ਆਉਂਦਾ ਸੀ। ਨਕਲੀ ਕਿਤਾਬਾਂ ਦੀ ਭਰਮਾਰ ਹੁੰਦੀ ਸੀ। ਬਾਲਜ਼ਾਕ ਨੇ ਸਾਰੀ ਜ਼ਿੰਦਗੀ ਕਾਪੀ ਰਾਈਟ ਕਾਨੂੰਨ ਬਣਾਉਣ ਲਈ ਅਰਪਣ ਕਰ ਦਿੱਤੀ। ਪ੍ਰਕਾਸ਼ਕਾਂ ਬਾਰੇ ਨਾਵਲ ਵਿਚ ਇਕ ਟਿੱਪਣੀ ਮਿਲਦੀ ਹੈ, ਜਿਸ ਤੋਂ ਸਾਰੀ ਸਥਿਤੀ ਸਪੱਸ਼ਟ ਹੋ ਜਾਂਦੀ ਹੈ-

'ਉਹ ਤਾੜ ਗਿਆ ਸੀ ਕਿ ਪ੍ਰਕਾਸ਼ਕ ਗਿਰਝਾਂ ਵਾਂਗ ਹੁੰਦੇ ਹਨ, ਜੋ ਲੇਖਕ ਦੀਆਂ ਕਿਤਾਬਾਂ 'ਤੇ ਝਪੱਟਾ ਮਾਰਦੇ ਹਨ ਤੇ ਲੇਖਕਾਂ ਦਾ ਸ਼ੋਸ਼ਣ ਕਰਦੇ ਹਨ। ਉਨ੍ਹਾਂ ਦੀ ਨੈਤਿਕਤਾ ਵੇਸਵਾਘਰ ਦੀ ਮਾਲਕਣ ਵਾਂਗ ਹੁੰਦੀ ਹੈ, ਜਿਸ ਦੀ ਨਜ਼ਰ ਉਸ ਲੇਖਕ ਨੂੰ ਕਾਬੂ ਕਰਨ ਵਿਚ ਲੱਗੀ ਰਹਿੰਦੀ ਹੈ, ਜਿਸ ਦੀਆਂ ਕਿਤਾਬਾਂ ਬਜ਼ਾਰ ਵਿਚ ਵਿਕਦੀਆਂ ਹਨ...ਚਾਰ ਸਾਲਾਂ ਦੀ ਸਖਤ ਮਿਹਨਤ ਤੋਂ ਬਾਅਦ ਉਸ ਨੇ ਇਹੋ ਸਬਕ ਸਿੱਖਿਆ ਸੀ ਕਿ ਪੁਸਤਕਾਂ ਦੇ ਧੰਦੇ ਵਿਚ ਪ੍ਰਿੰਟਰ ਤੇ ਪ੍ਰਕਾਸ਼ਕ ਤਾਂ ਅਮੀਰ ਬਣ ਸਕਦੇ ਹਨ, ਪਰ ਲੇਖਕ ਨਹੀਂ।'

ਹਰ ਲੇਖਕ ਵਾਂਗ ਬਾਲਜ਼ਾਕ ਨੇ ਵੀ ਲਿਖਣ ਲਈ ਇਕ ਖਾਸ ਸਮਾਂ ਤੇ ਮਾਹੌਲ ਨਿਸਚਿਤ ਕਰ ਲਿਆ ਸੀ। ਸੂਰਜ ਢਲਦਿਆਂ ਜਦੋਂ ਪੈਰਿਸ ਦੇ ਲੋਕ ਕਲੱਬਾਂ, ਰੈਸਤਰਾਂ, ਥੀਏਟਰ ਤੇ ਸੰਗੀਤ ਦੀਆਂ ਮਹਿਫਲਾਂ ਵਿਚ ਅਨੰਦ ਮਾਣ ਰਹੇ ਹੁੰਦੇ ਤਾਂ ਉਸ ਸਮੇਂ ਬਾਲਜ਼ਾਕ ਘੂਕ ਸੁੱਤਾ ਹੁੰਦਾ। ਰਾਤ ਦੇ 11-12 ਵਜੇ ਜਦੋਂ ਲੋਕ ਵਾਪਸ ਘਰਾਂ ਨੂੰ ਪਰਤ ਰਹੇ ਹੁੰਦੇ, ਓਦੋਂ ਵੀ ਉਹ ਗੂੜ੍ਹੀ ਨੀਂਦ 'ਚ ਗੁਆਚਾ ਸੁਪਨਿਆਂ ਦੇ ਦੇਸ਼ ਵਿਚ ਵਿਚਰ ਰਿਹਾ ਹੁੰਦਾ। ਅੱਧੀ ਰਾਤ ਵੇਲੇ ਜਦੋਂ ਪੈਰਿਸ ਗੂੜ੍ਹੀ ਨੀਂਦ ਵਿਚ ਸੁੱਤਾ ਹੁੰਦਾ ਤਾਂ ਬਾਲਜ਼ਾਕ ਦੇ ਜਾਗਣ ਦਾ ਵੇਲਾ ਹੋ ਜਾਂਦਾ। ਉਹ ਗਾੜ੍ਹੀ ਕੌਫ਼ੀ ਦੀ ਭਰੀ ਕੇਤਲੀ ਮੇਜ਼ 'ਤੇ ਰੱਖ ਕੇ ਲਿਖਣ ਬਹਿ ਜਾਂਦਾ। ਉਹ ਲਗਾਤਾਰ ਅੱਠ ਦਸ ਘੰਟੇ ਲਿਖਦਾ ਤੇ ਬਸ ਲਿਖਦਾ ਹੀ ਰਹਿੰਦਾ।

ਬਾਲਜ਼ਾਕ ਨੇ ਜ਼ਿਉਲਮਾ ਕਾਰੋ ਨੂੰ ਲਿਖੇ ਇਕ ਖ਼ਤ ਵਿਚ ਆਪਣੇ ਲਿਖਣ ਵੇਲੇ ਬਾਰੇ ਲਿਖਿਆ ਸੀ-'ਜਿਸ ਤਰ੍ਹਾਂ ਝਰਨੇ 'ਚੋਂ ਪਾਣੀ ਦੀਆਂ ਬੂੰਦਾਂ ਹੇਠਾਂ ਡਿੱਗਦੀਆਂ ਹਨ, ਓਸੇ ਤਰ੍ਹਾਂ ਮੇਰੇ ਜ਼ਿਹਨ ਵਿੱਚੋਂ ਸ਼ਬਦਾਂ ਦੀਆਂ ਬੂੰਦਾਂ ਟਪਕਦੀਆਂ ਹਨ। ਲਿਖਣ ਲਈ ਮੈਨੂੰ ਕੋਈ ਉਚੇਚ, ਕੋਈ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਸ਼ਬਦਾਂ ਦੀ ਆਪ-ਮੁਹਾਰੇ ਬਾਰਿਸ਼ ਹੁੰਦੀ ਹੈ। ਰਾਤ ਵੇਲੇ ਜਦੋਂ ਮੈਂ ਲਿਖਣ ਲੱਗਦਾ ਹਾਂ ਤਾਂ ਪਤਾ ਨਹੀਂ ਕਿਥੋਂ ਸ਼ਬਦ, ਵਾਕ, ਪੈਰਾਗ੍ਰਾਫ, ਕਿਰਦਾਰ, ਘਟਨਾਵਾਂ, ਵਿਚਾਰ ਅਤੇ ਸੰਵਾਦ ਇਕ ਸੰਪੂਰਨ ਆਕਾਰ ਗ੍ਰਹਿਣ ਕਰਕੇ ਕਾਗ਼ਜ਼ 'ਤੇ ਉਤਰਦੇ ਜਾਂਦੇ ਹਨ। ਵਿਸ਼ਵਾਸ ਕਰਨਾ, ਮੈਨੂੰ ਕਦੇ ਵੀ ਇਨ੍ਹਾਂ ਲਈ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਜਦੋਂ ਮੈਂ ਇਕ ਵੇਰਾਂ ਲਿਖਣ ਲਈ ਬਹਿ ਜਾਂਦਾ ਹਾਂ ਤਾਂ ਮੈਨੂੰ ਦੋ-ਚਾਰ ਘੰਟੇ ਲਿਖ ਕੇ ਸੰਤੁਸ਼ਟੀ ਨਹੀਂ ਹੁੰਦੀ। ਜੇ ਕਿਤੇ ਲਿਖਦੇ-ਲਿਖਦੇ ਵਿਚਕਾਰੋਂ ਛੱਡਣਾ ਪੈ ਜਾਵੇ ਤਾਂ ਮੈਂ ਤੜਫ ਉਠਦਾ ਹਾਂ। ਉਸ ਸਮੇਂ ਸ਼ਬਦਾਂ ਤੇ ਅਹਿਸਾਸਾਂ ਦੇ ਝੱਖੜ ਨੂੰ ਰੋਕ ਸਕਣਾ ਮੇਰੇ ਲਈ ਬਿਲਕੁਲ ਸੰਭਵ ਨਹੀਂ ਹੁੰਦਾ।'

ਰਾਤ ਨੂੰ ਲਿਖਣ ਸਮੇਂ ਉਹ ਖੁੱਲ੍ਹਾ ਚੋਲਾ ਪਾ ਲੈਂਦਾ। ਸਰਦੀਆਂ ਵਿਚ ਪਸ਼ਮੀਨੇ ਦੀ ਪੁਸ਼ਾਕ ਪਾਉਂਦਾ ਤੇ ਆਪਣੇ ਕੱਪੜਿਆਂ 'ਤੇ ਸਿਆਹੀ ਦੀ ਇਕ ਬੂੰਦ ਤੱਕ ਨਾ ਡੁੱਲ੍ਹਣ ਦੇਂਦਾ। ਲੇਖਣ-ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਉਹ ਰਸੋਈ ਵਿਚ ਜਾ ਕੇ ਆਪ ਕੌਫ਼ੀ ਬਣਾਉਂਦਾ। ਉਹਨੂੰ ਤੰਬਾਕੂ ਤੋਂ ਸਖ਼ਤ ਨਫ਼ਰਤ ਸੀ। ਨਾ ਉਹ ਖੁਦ ਸਿਗਰੇਟ ਪੀਂਦਾ ਸੀ ਤੇ ਨਾ ਕਿਸੇ ਨੂੰ ਪੀਂਦਿਆਂ ਦੇਖ ਸਕਦਾ ਸੀ। ਉਹਨੂੰ ਸਿਰਫ ਇਕੋ ਨਸ਼ੇ ਦੀ ਲਤ ਸੀ ਤੇ ਉਹ ਸੀ-ਕੌਫ਼ੀ। ਹਾਲਾਂਕਿ ਉਹਨੂੰ ਤਿੰਨ ਤਰ੍ਹਾਂ ਦੀ ਕੌਫ਼ੀ ਲੈਣ ਲਈ ਲੰਮਾ ਸਫ਼ਰ ਤਹਿ ਕਰਨਾ ਪੈਂਦਾ ਸੀ, ਪਰ ਕੌਫ਼ੀ ਲਈ ਉਹ ਹੱਦ ਦਰਜੇ ਦਾ ਜਨੂੰਨੀ ਸੀ। ਜ਼ਿਉਲਮਾ ਨੇ ਉਹਨੂੰ ਕਈ ਵਾਰ ਜ਼ਿਆਦਾ ਕੌਫ਼ੀ ਪੀਣ ਤੋਂ ਵਰਜਦਿਆਂ ਕਿਹਾ ਸੀ- 'ਜ਼ਿਆਦਾ ਕੌਫ਼ੀ ਪੇਟ ਲਈ ਨੁਕਸਾਨਦੇਹ ਹੁੰਦੀ ਹੈ, ਏਥੋਂ ਤੱਕ ਕਿ ਇਹ ਦਿਮਾਗ਼ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਹੈ।' ਪਰ ਉਹ ਗੱਲ ਹਾਸੇ-ਮਜ਼ਾਕ ਵਿਚ ਟਾਲ ਕੇ ਕਹਿ ਦੇਂਦਾ-'ਕੌਫ਼ੀ ਤਾਂ ਦੇਵਤਿਆਂ ਦੀ ਮਨੁੱਖ ਨੂੰ ਦਿੱਤੀ ਸੁਗਾਤ ਹੈ। ਏਨੀ ਸੁਆਦਲੀ ਵਸਤੂ ਭਲਾ ਨੁਕਸਾਨਦਾਇਕ ਕਿਵੇਂ ਹੋ ਸਕਦੀ ਹੈ? ਕੌਫ਼ੀ ਜਦੋਂ ਅੰਦਰ ਜਾਂਦੀ ਹੈ ਤਾਂ ਜੰਨਤ ਵਿਖਾਈ ਦੇਣ ਲੱਗਦੀ ਹੈ। ਵਿਚਾਰਾਂ ਦੇ ਘੋੜੇ ਦਿਮਾਗ਼ ਵਿਚ ਭੱਜਣ ਲੱਗਦੇ ਹਨ। ਯਾਦਾਸ਼ਤ ਏਨੀ ਤੇਜ਼ ਹੋ ਜਾਂਦੀ ਹੈ ਕਿ ਸਭ ਕੁਝ ਅੱਖਾਂ ਸਾਹਮਣੇ ਸਾਫ਼ ਤੇ ਸਪੱਸ਼ਟ ਦਿਖਾਈ ਦੇਣ ਲੱਗਦਾ ਹੈ। ਕੌਫ਼ੀ ਵਿਚ ਤਾਂ ਮੇਰੀ ਜਾਨ ਵਸਦੀ ਹੈ। ਮੈਂ ਇਸ ਤੋਂ ਬਿਨਾਂ ਜ਼ਿੰਦਾ ਨਹੀਂ ਰਹਿ ਸਕਦਾ।'

ਬਿਲਕੁਲ ਤਰੋਤਾਜ਼ਾ ਹੋ ਕੇ ਉਹ ਮੇਜ਼ ਕੋਲ ਪਈ ਅਰਾਮ ਕੁਰਸੀ 'ਤੇ ਬਹਿ ਜਾਂਦਾ। ਬਿਲੀਅਰਡ ਦੀ ਮੇਜ਼ ਦੀ ਤਰਜ਼ 'ਤੇ ਉਹਦੇ ਮੇਜ਼ 'ਤੇ ਹਰਾ ਬਲੇਜ਼ਰ ਵਿਛਿਆ ਹੁੰਦਾ। ਉਹਦੇ ਖੱਬੇ ਪਾਸੇ ਸ਼ਮ੍ਹਾਦਾਨ ਰੱਖਿਆ ਹੁੰਦਾ, ਜਿਸ ਵਿਚ ਛੇ ਮੋਮਬੱਤੀਆਂ ਜਗ ਰਹੀਆਂ ਹੁੰਦੀਆਂ। ਦਰਵਾਜ਼ੇ, ਖਿੜਕੀਆਂ 'ਤੇ ਮੋਟੇ ਪਰਦੇ ਟੰਗੇ ਹੁੰਦੇ ਤਾਂ ਜੋ ਬਾਹਰ ਦੀ ਕੋਈ ਰੌਸ਼ਨੀ ਅੰਦਰ ਨਾ ਆ ਸਕੇ। ਸੱਜੇ ਪਾਸੇ ਬੜੀਆਂ ਦੁਰਲੱਭ ਕਲਮਾਂ ਡੱਬੇ ਵਿਚ ਰੱਖੀਆਂ ਹੁੰਦੀਆਂ। ਕੋਲ ਸਿਆਹੀ ਦੀ ਵੱਡੀ ਬੋਤਲ ਪਈ ਹੁੰਦੀ। ਉਹ ਦੁਨੀਆ ਦੇ ਸਭ ਤੋਂ ਮਹਿੰਗੇ ਕਾਗ਼ਜ਼ 'ਤੇ ਲਿਖਦਾ। ਪੂਰੀ ਰਾਤ ਉਹ ਲੇਖਣ ਕਾਰਜ ਵਿਚ ਮਸਰੂਫ਼ ਰਹਿੰਦਾ।

ਸਵੇਰੇ ਹਲਕਾ ਨਾਸ਼ਤਾ ਕਰਕੇ ਵੱਡੇ-ਵੱਡੇ ਪੰਨਿਆਂ 'ਤੇ ਮੰਗਵਾਏ ਆਪਣੀਆਂ ਕਿਤਾਬਾਂ ਦੇ ਗੇਲੀ ਪਰੂਫ਼ ਪੜ੍ਹਦਾ। ਕਈ ਵੇਰਾਂ ਕਿਰਦਾਰਾਂ ਦੇ ਨਾਂਅ ਬਦਲ ਦੇਂਦਾ। ਉਹ ਸਿਰਫ਼ ਸ਼ਬਦਾਂ/ਵਾਕਾਂ ਦੀ ਕਾਂਟ-ਛਾਂਟ ਹੀ ਨਹੀਂ ਸੀ ਕਰਦਾ, ਸਗੋਂ ਕਥਾਨਕ ਦੇ ਬੁਨਿਆਦੀ ਢਾਂਚੇ ਨੂੰ ਵੀ ਬਦਲ ਦੇਂਦਾ। ਇਸ ਤਰ੍ਹਾਂ ਪ੍ਰਤਿਭਾਸ਼ਾਲੀ ਲੇਖਕ ਨੇ ਦੁਨੀਆ ਨੂੰ ਕਲਾਸੀਕਲ ਸਾਹਿਤ ਨਾਲ ਮਾਲਾਮਾਲ ਕਰ ਦਿੱਤਾ।

ਪੈਰਿਸ ਵਿਚ ਉਹਦੇ ਬਾਰੇ ਬਹੁਤ ਸਾਰੀਆਂ ਮਿੱਥਾਂ ਵੀ ਪ੍ਰਚਲਿਤ ਹੋ ਗਈਆਂ।ਉਹ ਜਿਉਂਦੇ ਜੀਅ ਪੈਰਿਸ ਵਿਚ ਲੀਜੈਂਡ ਦਾ ਰੂਪ ਧਾਰ ਚੁੱਕਾ ਸੀ।ਲੋਕ ਉਹਦੇ ਬਾਰੇ ਤਰ੍ਹਾਂ-ਤਰ੍ਹਾਂ ਦੇ ਜੁਮਲੇ ਘੜਦੇ। ਕੋਈ ਕਹਿੰਦਾ ਉਹਦੇ ਨਾਲ ਕੋਈ ਹਬਸ਼ਣ ਰਹਿੰਦੀ ਹੈ, ਜਿਸ ਦੇ ਨੱਕ ਵਿਚ ਨੱਥ ਪਾਈ ਹੋਈ ਹੈ। ਕੋਈ ਕਹਿੰਦਾ ਉਹ ਲੌਂਡੇਬਾਜ਼ ਹੈ ਤੇ ਮੁੰਡਿਆਂ ਨੂੰ ਆਪਣੇ ਝਾਂਸੇ ਵਿਚ ਫਸਾਉਂਦਾ ਹੈ। ਅਜਿਹੀਆਂ ਕਈ ਔਰਤਾਂ ਸਨ, ਜਿਨ੍ਹਾਂ ਨੇ ਉਹਨੂੰ ਕਦੇ ਨਹੀਂ ਸੀ ਦੇਖਿਆ, ਉਹ ਕਹਿੰਦੀਆਂ ਫਿਰਦੀਆਂ ਕਿ ਉਹ ਉਸ ਨਾਲ ਹਮਬਿਸਤਰ ਹੋ ਕੇ ਉਹਦੀ ਮਰਦਾਨਗੀ ਦਾ ਲੁਤਫ਼ ਭੋਗ ਚੁੱਕੀਆਂ ਹਨ। ਇਕ ਪ੍ਰਿੰਟਰ ਦੇ ਕਰਿੰਦੇ ਨੇ ਲੰਮਾ ਚੋਗਾ ਦੇਖ ਕੇ ਅਫ਼ਵਾਹ ਉਡਾ ਦਿੱਤੀ ਕਿ ਬਾਲਜ਼ਾਕ ਔਰਤਾਂ ਵਾਲੇ ਲਿਬਾਸ ਪਾਉਂਦਾ ਹੈ, ਪਰ ਉਹ ਅਜਿਹੀਆਂ ਬੇਤੁਕੀਆਂ ਗੱਲਾਂ ਦੀ ਬਿਲਕੁਲ ਪ੍ਰਵਾਹ ਨਾ ਕਰਦਾ ਤੇ ਆਪਣੇ ਲੇਖਣ ਕਾਰਜ ਵਿਚ ਮਗਨ ਰਹਿੰਦਾ।

ਦਿਯੁਸ਼ੈੱਸ ਦ ਕਾਸਤਰੀ, ਈਵਾ ਹੰਸਿਕਾ ਵਰਗੀਆਂ ਅਮੀਰ ਤੇ ਜਗੀਰਾਂ ਦੀਆਂ ਮਾਲਕ ਸ਼ਾਹੀ ਠਾਠ-ਬਾਠ ਵਾਲੀਆਂ ਔਰਤਾਂ ਦੇ ਪਿੱਛੇ-ਪਿੱਛੇ ਉਹ ਸਾਰੀ ਉਮਰ ਪਾਗਲ ਰਿਹਾ। ਜਗੀਰਾਂ ਦੀ ਸ਼ਾਨੋ-ਸ਼ੌਕਤ ਵਾਲੀ ਜ਼ਿੰਦਗੀ ਦਾ ਆਕਰਸ਼ਣ ਉਹਦੇ ਜਨੂੰਨ ਵਿਚ ਸ਼ਾਮਲ ਸੀ। ਉਹ ਹਮੇਸ਼ਾ ਇਹੀ ਚਾਹੁੰਦਾ ਸੀ ਕਿ ਉਹ ਵੀ ਇਸ ਤਰ੍ਹਾਂ ਦੀ ਜ਼ਿੰਦਗੀ ਬਿਤਾਏ, ਪਰ ਗਰੀਬੀ ਤੇ ਕਰਜ਼ੇ ਦੇ ਬੋਝ ਥੱਲੇ ਉਹ ਸਾਰੀ ਉਮਰ ਦੱਬਿਆ ਰਿਹਾ। ਉਧਾਰ ਲੈ-ਲੈ ਕੇ ਉਹ ਅਮੀਰਾਂ ਦੀਆਂ ਰੀਸਾਂ ਕਰਦਾ ਕੰਗਾਲ ਹੋ ਜਾਂਦਾ ਤੇ ਫਿਰ ਕੁਰਕੀ ਤੋਂ ਡਰਦਾ ਲੁਕਿਆ ਰਹਿੰਦਾ। ਉਹਦੀ ਸਾਰੀ ਜ਼ਿੰਦਗੀ ਏਸੇ ਕਸ਼ਮਕਸ਼ ਵਿਚ ਬੀਤੀ। ਉਹਦੀ ਸਿਹਤ ਵੀ ਵਿਗੜ ਗਈ। ਡਾਕਟਰ ਦੀ ਚੇਤਾਵਨੀ ਦੇ ਬਾਵਜੂਦ ਉਹ ਆਪਣੇ ਇਸ਼ਕੀ ਜਨੂੰਨ ਖਾਤਰ ਲੰਮੇ-ਲੰਮੇ ਤੇ ਬਰਫੀਲੇ ਸਫ਼ਰਾਂ 'ਤੇ ਤੁਰਿਆ ਰਹਿੰਦਾ, ਪਰ ਉਹ ਸਾਰੀਆਂ ਅਮੀਰਜ਼ਾਦੀਆਂ ਅਖੀਰ ਉਹਨੂੰ ਧੋਖਾ ਦੇ ਕੇ ਬਰਬਾਦ ਕਰਦੀਆਂ ਗਈਆਂ। ਉਨ੍ਹਾਂ ਲਈ ਉਹ ਪ੍ਰਸਿੱਧ ਲੇਖਕ ਵਜੋਂ ਆਈਕੋਨ ਸੀ, ਕਿਉਂਕਿ ਸਾਰਾ ਫਰਾਂਸ ਤੇ ਉਸ ਤੋਂ ਬਾਹਰ ਵੀ ਉਹਦੇ ਲੇਖਣ ਦੀ ਤੂਤੀ ਬੋਲਦੀ ਸੀ।

ਉਹਦੀ ਸ਼ਖ਼ਸੀਅਤ ਵਿਚ ਔਰਤ ਵਜੋਂ ਮਾਂ ਦੀ ਦੁਫੇੜ ਸਾਰੀ ਉਮਰ ਕਾਰਜਸ਼ੀਲ ਰਹੀ। ਉਹਦੇ ਵਜੂਦ ਦਾ ਇਕ ਹਿੱਸਾ ਮਾਂ ਨਾਲ ਨਫ਼ਰਤ ਕਰਦਾ ਸੀ ਤੇ ਦੂਜਾ ਬੇਇੰਤਹਾ ਪਿਆਰ। ਉਹ ਬਚਪਨ ਤੋਂ ਹੀ ਮਾਂ ਦੀ ਮਮਤਾ ਲਈ ਤੜਫਦਾ ਰਿਹਾ। ਮਾਂ ਨੂੰ ਖ਼ੁਸ਼ ਰੱਖਣ ਲਈ ਉਹ ਸਭ ਕੁਝ ਸਹਿੰਦਾ ਰਿਹਾ, ਪਰ ਉਹ ਕਦੇ ਵੀ ਉਸ ਨੂੰ ਖ਼ੁਸ਼ ਨਹੀਂ ਕਰ ਸਕਿਆ। ਉਹ ਆਪਣੀ ਮਾਂ ਦੀਆਂ ਨਜ਼ਰਾਂ ਵਿਚ ਉੱਚਾ ਉੱਠਣ ਤੇ ਉਸ ਦੀਆਂ ਅੱਖਾਂ 'ਚ ਆਪਣੇ ਲਈ ਪ੍ਰਸੰਸਾ ਦੇਖਣ ਲਈ ਆਪਣੇ ਆਪ ਨਾਲ ਲੜਦਾ ਰਿਹਾ। ਉਹ ਹਮੇਸ਼ਾ ਆਪਣੇ ਆਪ ਨੂੰ ਮਾਂ ਦੇ ਨਾੜੂ ਨਾਲ ਜੁੜਿਆ ਮਹਿਸੂਸ ਕਰਦਾ।

ਦੁਨੀਆ ਦਾ ਇਹ ਮਹਾਨ ਲੇਖਕ ਸਾਰੀ ਉਮਰ ਆਪਣੀ ਲੇਖਣੀ ਨਾਲ ਵਫ਼ਾ ਪਾਲਦਾ ਰਿਹਾ। ਭਾਵੇਂ ਮਹਿਲਾਂ ਦੀ ਉਹਨੂੰ ਹਮੇਸ਼ਾ ਖਿੱਚ ਰਹੀ ਤੇ ਉਸ ਤਰ੍ਹਾਂ ਦੀ ਜ਼ਿੰਦਗੀ ਦੀ ਚਾਹਣਾ ਕਰਦਾ ਜਹਾਨ ਤੋਂ ਤੁਰ ਗਿਆ। ਆਖਰੀ ਦਿਨਾਂ ਵਿਚ ਜਦੋਂ ਉਹਨੂੰ ਮੌਤ ਸਿਰ 'ਤੇ ਮੰਡਰਾਉਂਦੀ ਨਜ਼ਰ ਆਈ ਤਾਂ ਉਹਨੇ ਆਪਣੀ ਮਾਂ ਨੂੰ ਕਹਿ ਦਿੱਤਾ ਸੀ, ਉਹਨੂੰ ਬੜੇ ਸਾਦੇ ਢੰਗ ਨਾਲ ਦਫ਼ਨਾਇਆ ਜਾਵੇ। ਸਾਧਾਰਨ ਗਿਰਜੇ ਵਿਚ ਉਹਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ ਤੇ ਪੈਰ ਲਾਸ਼ੇਜ਼ ਦੇ ਕਬਰਿਸਤਾਨ ਵਿਚ ਉਹਨੂੰ ਦਫ਼ਨਾਇਆ ਗਿਆ, ਜੋ ਉਹਦੀ ਪਸੰਦੀਦਾ ਥਾਂ ਸੀ। ਉਹਨੇ ਨਾ ਕੇਵਲ ਫਰਾਂਸ ਦੇ ਲੋਕਾਂ ਦੇ ਵਿਚਾਰਾਂ ਵਿਚ ਤਬਦੀਲੀ ਲਿਆਂਦੀ, ਸਗੋਂ ਰਹਿੰਦੀ ਦੁਨੀਆ ਨੂੰ ਨਵੇਂ ਰਾਹਾਂ ਦੀ ਰੌਸ਼ਨੀ ਦਿਖਾਈ।

ਪੰਜਾਬੀ ਵਿਚ ਇਹਦਾ ਅਨੁਵਾਦ ਜੰਗ ਬਹਾਦਰ ਹੁਰਾਂ ਬੜੀ ਰੂਹ ਨਾਲ ਕੀਤਾ ਹੈ। ਇਹ ਉਨ੍ਹਾਂ ਪਾਠਕਾਂ ਲਈ ਨਾਯਾਬ ਤੋਹਫ਼ਾ ਹੈ, ਜਿਹੜੇ ਦੁਨੀਆ ਦੇ ਕਲਾਸੀਕਲ ਸਾਹਿਤ ਦੇ ਤਲਬਗਾਰ ਹਨ।

ਮੋਬਾ. 94173-58120

ਸਫ਼ਾ 1 ਦੀ ਬਾਕੀ

## ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ...

ਖੜ੍ਹਾ ਕਰ ਦਿੱਤਾ। ਗੋਰਖ ਦਾਸ ਨੇ ਹੀ ਬਾਲੇ ਵਾਲੀ ਜਨਮ ਸਾਖੀ ਵਿੱਚ ਆਪਣੇ ਸਰਪ੍ਰਸਤਾਂ ਦੀ ਮਰਜ਼ੀ ਨਾਲ ਅਯੋਗ ਪ੍ਰਸੰਗ ਵਾੜੇ ਅਤੇ ਚਲਾਕੀ ਨਾਲ ਬਾਲੇ ਦਾ ਫੀਲਾ ਜਨਮ ਸਾਖੀ ਵਿੱਚ ਲਿਆ ਵਾੜਿਆ। ਦਰਅਸਲ ਗੋਰਖ ਦਾਸ ਦੀ ਰੋਜ਼ੀ ਰੋਟੀ ਹੰਦਾਲੀਆਂ ਵੱਲੋਂ ਲਿਖਵਾਈਆਂ ਜਾਣ ਵਾਲੀਆਂ ਪੋਥੀਆਂ ਦੇ ਆਸਰੇ ਚਲਦੀ ਸੀ। ਗੋਰਖ ਦਾਸ, ਬਿਧੀ ਚੰਦ ਨੂੰ ਗੁਰੂ ਤੇ ਲਾਲਾ ਪੰਨੂ ਨੂੰ ਵਕੀਲ ਮੰਨਦਾ ਸੀ। ਹੰਦਾਲ ਦੀ ਮੌਤ (੧੭੦੫ ਬਿਕਰਮੀ/੧੬੪੮ ਈ.) ਤੋਂ ਬਾਅਦ ਉਸ ਦਾ ਪੁੱਤਰ ਬਿਧੀ ਚੰਦ ਗੱਦੀ 'ਤੇ ਬੈਠਾ। ਬਿਧੀ ਚੰਦ ਨੇ ੧੬੫੫ ਈਸਵੀ ਵਿੱਚ 'ਪ੍ਰਚੀ ਬਾਬਾ ਹੰਦਾਲ ਕੀ' ਲਾਲਾ ਪੰਨੂ ਦੇ ਜ਼ਰੀਏ ਗੋਰਖ ਦਾਸ ਕੋਲੋਂ ਲਿਖਵਾਈ। ਇਸ ਤੋਂ ਬਾਅਦ ਗੋਰਖ ਦਾਸ ਨੇ 'ਜਨਮ ਪਤ੍ਰੀ ਨਾਨਕ ਵੇਦੀ ਕੀ' ਜੋ ਬਾਲੇ ਵਾਲੀ ਸਾਖੀ ਦਾ ਕੱਚਾ ਮਸੌਦਾ ਹੈ, ਲਾਲਾ ਪੰਨੂ ਦੀ ਹੱਲਾਸ਼ੇਰੀ ਨਾਲ ਬਿਧੀ ਚੰਦ ਨੇ ਲਿਖਵਾਈ। ਪ੍ਰਚੀ ਹੰਦਾਲ ਤੇ ਬਾਅਦ ਵਿੱਚ ਰਚੀ ਗਈ 'ਜਨਮ ਪਤ੍ਰੀ ਨਾਨਕ ਵੇਦੀ ਕੀ' ਵਿੱਚ ਆਪਸੀ ਸਮਰੂਪਤਾ ਦਿਖਦੀ ਹੈ, ਕਿਉਂਕਿ ਦੋਵਾਂ ਦਾ ਰਚੈਤਾ ਤੇ ਲਿਖਾਰੀ ਗੋਰਖ ਦਾਸ ਹੀ ਹੈ। ਸਾਖੀ ਵਿਚਲੇ ਸ਼ਬਦਾਂ ਦੀ ਚੋਣ, ਵਾਕੰਸ਼ਾਂ ਨੂੰ ਤੋੜ-ਮਰੋੜ ਕੇ ਤਿੱਖਾ ਕਰਨ ਵਿੱਚ ਗੋਰਖ ਦਾਸ ਦੀ ਭੂਮਿਕਾ ਸੀ। ਪਤ੍ਰੀ ਨੂੰ ਉਸ ਵੇਲੇ ਰੰਘੜੀ ਪ੍ਰਸੰਗ ਤੋਂ ਮੁਕਤ ਰੱਖਿਆ। ਪਤ੍ਰੀ ਵਿੱਚ ਵਾਧੇ ਤੇ ਬਦਲਾਅ ਕਰਕੇ ਬਾਅਦ ਵਿੱਚ ਨਵੀਂ ਸਾਖੀ ਰਚੀ, ਜੋ ਬਾਲੇ ਦੇ ਨਾਂਅ ਨਾਲ ਮਸ਼ਹੂਰ ਹੋ ਗਈ। ਇਸ ਜਨਮ ਸਾਖੀ ਵਿੱਚ ਮੰਞੋਤ (ਰੰਘੜੀ) ਤੇ ਸਹਜ ਕੁਸਹਜ ਵਾਲੇ ਪ੍ਰਸੰਗ ਜੋੜ ਦਿੱਤੇ। ਇਨ੍ਹਾਂ ਕੁਸਾਖੀਆਂ ਪਿੱਛੇ ਬਿਧੀ ਚੰਦ, ਬਾਲ ਚੰਦ ਤੇ ਲਾਲਾ ਪੰਨੂ ਦੀ ਖੇਡ ਤਾਂ ਸੀ ਹੀ ਪਰ ਇਹ ਗੋਰਖ ਦਾਸ ਦੇ ਸ਼ੈਤਾਨੀ ਦਿਮਾਗ ਦੀ ਵੀ ਉਪਜ ਸੀ। ਗੋਰਖ ਦਾਸ ਨੇ ਇਸ ਸਾਖੀ ਵਿੱਚ ਅਯੋਗ ਪ੍ਰਸੰਗ ਵਾੜ ਕੇ ਨਾ ਸਿਰਫ ਬਿਧੀ ਚੰਦ ਦੇ ਕਪਟੀ ਕਿਰਦਾਰ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਬਲਕਿ ਉਸ ਦੇ ਭਰਾ ਬਾਲ ਚੰਦ ਨੂੰ 'ਬਾਲਾ ਸੰਧੂ' ਬਣਾ ਕੇ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਦਰਸਾ ਕੇ ਉਸ ਨੂੰ ਗੁਰੂ ਸਾਹਿਬ ਦੇ ਹਮਸਫਰ ਦੇ ਰੁਤਬੇ 'ਤੇ ਲੈ ਗਿਆ। ਗੁਰੂ ਅੰਗਦ ਦੇਵ ਜੀ ਦੇ ਸਾਹਮਣੇ ਲਿਖਵਾਈ ਮੰਨ ਲੈਣ ਕਰਕੇ ਆਮ ਸਿੱਖਾਂ ਨੇ ਬਾਲਾ ਸਾਖੀ ਨੂੰ ਸਿਰ ਅੱਖਾਂ 'ਤੇ ਬਿਠਾ ਲਿਆ। ਇਸ ਵਿਚਲੇ ਅਯੋਗ ਪ੍ਰਸੰਗਾਂ ਨੂੰ ਨਕਾਰਦਿਆਂ ਸ਼ਫਾਫ ਸਾਖੀਆਂ ਨੂੰ ਗਲ਼ੇ ਲਗਾ ਲਿਆ। ਇਸ ਸਾਖੀ ਦੇ ਕਈ ਉਤਾਰੇ ਕਰਵਾ ਕੇ ਅਹਿਮ ਸਥਾਨਾਂ 'ਤੇ ਭਿਜਵਾਏ, ਜੋ ਸਿੱਖ ਜਗਤ ਵਿੱਚ ਮਕਬੂਲ ਹੋ ਗਏ। ਇਸ ਗੱਲ ਤੋਂ ਤਾਂ ਕਤਈ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਬਾਲੇ ਵਾਲੀ ਜਨਮ ਸਾਖੀ ਵਿੱਚ ਪੂਰਵ ਵਰਤੀ (ਸੀਹਾਂ, ਸੈਦੋ, ਬੂਲਾ, ਮਿਹਰਬਾਨ) ਸਾਖੀਆਂ ਦਾ ਉਧਰਿੱਤਣ ਸ਼ਾਮਲ ਹੈ ਬਲਕਿ ਇਸ ਵਿੱਚ ਉਹ ਵੀ ਉਧਰਿੱਤਣ ਸ਼ਾਮਲ ਹੈ, ਜੋ ਪੂਰਵ ਵਰਤੀ ਸਾਖੀਆਂ ਵਿੱਚ ਨਹੀਂ ਸੀ। ਮਿਸਾਲ ਦੇ ਤੌਰ 'ਤੇ ਇਸ ਵਿੱਚ ਹੇਠ ਲਿਖੀਆਂ ਕਈ ਅਜਿਹੀਆਂ ਸਾਖੀਆਂ ਹਨ, ਜੋ ਕਿਸੇ ਹੋਰ ਵਿੱਚ ਨਹੀਂ ਜਿਵੇਂ ਸਰਪ ਛਾਇਆ, ਖਰਾ ਸੌਦਾ, ਨਾਨਕੀ ਦੀ ਕੁੜਮਾਈ, ਵਿਆਹ ਤੇ ਮੁਕਲਾਵਾ, ਅਤੀਤ ਨੂੰ ਗੜਵਾ ਤੇ ਛਾਪ ਦੇਣੀ, ਚੰਦੋ ਰਾਣੀ ਦਾ ਝਗੜਾ, ਮੋਦੀਖਾਨੇ ਦਾ ਹਿਸਾਬ ਦੇਣਾ, ਫਿਰੰਦੇ ਕੋਲ ਰਬਾਬ ਲੈਣਾ, ਭਾਈ ਲਾਲੋ ਕੋਲ ਜਾਣਾ, ਮਲਕ ਭਾਗੋ ਦਾ ਬ੍ਰਹਮ ਭੋਜ, ਸਾਲਸ ਰਾਏ, ਮੱਛ ਦੀ ਸਵਾਰੀ, ਦੇਵਲੂਤ, ਕਲਿ ਤੇ ਨਾਰਦ, ਰਾਜਾ ਸੁਦਰਸੈਣ, ਇੰਦਰਸੈਣ, ਮਧੁਰਬੈਣ, ਬਣਮਾਣੂ, ਕਉਲ ਨੈਣ, ਵੱਖ-ਵੱਖ ਪਰਬਤਾਂ 'ਤੇ ਸਿਧਾਂ, ਭਗਤਾਂ ਨਾਲ ਮੁਲਾਕਾਤਾਂ ਕਰਨ ਲਈ ਜਾਣਾ, ਵਲੀ ਕੰਧਾਰੀ, ਹੰਦਾਲ ਅਤੇ ਗੁਰੂ ਅੰਗਦ ਦੀ ਪਰੀਖਿਆ ਆਦਿ ਸਾਖੀਆਂ ਅਜਿਹੀਆਂ ਹਨ, ਜੋ ਕਿਸੇ ਹੋਰ ਸਾਖੀ ਸੰਗ੍ਰਹਿ ਵਿੱਚ ਨਹੀਂ ਮਿਲਦੀਆਂ। ਸਾਖੀਕਾਰ ਬਾਲੇ ਦੇ ਸਾਹਮਣੇ ਕੋਈ ਹੋਰ ਤਾਂ ਸਰੋਤ ਸਮੱਗਰੀ ਜ਼ਰੂਰ ਹੋਵੇਗੀ, ਜਿਥੋਂ ਉਸ ਨੇ ਇਸ ਸਾਖੀ ਵਿੱਚ ਉਕਤ ਸਾਖੀਆਂ ਨੂੰ ਸ਼ਾਮਲ ਕੀਤਾ। ਸਾਡੀ ਜਾਚੇ ਇਹ ਸਰੋਤ ਸਮੱਗਰੀ/ਉਧਰਿੱਤਣ ਪੂਰਬ ਪੋਥੀ ਵਿੱਚੋਂ ਹੀ ਲਿਆ ਗਿਆ ਹੈ, ਜੋ ਬਾਲੇ ਵਾਲੀ ਸਾਖੀ ਦੀ ਇਕ ਵਿਸ਼ੇਸ਼ਤਾ ਹੈ। ਇਸ ਉਧਰਿੱਤਣ ਦੀ ਪਿੱਠ-ਭੂਮੀ 'ਚ ਝਾਕੀਏ ਤਾਂ ਪੂਰਬ ਪੋਥੀ ਤੱਕ ਰਸਾਈ ਹੋ ਸਕਦੀ ਹੈ। ਮਿਸਾਲ ਦੇ ਤੌਰ 'ਤੇ ਉਪਰੋਕਤ ਸਾਰੀਆਂ ਜਨਮ ਸਾਖੀਆਂ ਜੋ ਸਿਰਫ ਬਾਲੇ ਵਾਲੀ ਜਨਮ ਸਾਖੀ ਵਿੱਚ ਹੀ ਹਨ। ਇਹਨਾਂ ਸਾਖੀਆਂ ਦੀਆਂ ਘਟਨਾਵਾਂ ਦੇ ਸਥਾਨ, ਪਾਤਰ ਵੀ ਇਹਨਾਂ ਵਿੱਚ ਹੀ ਹਨ, ਕਿਸੇ ਹੋਰ ਪੂਰਵ ਵਰਤੀ ਜਨਮ ਸਾਖੀ ਵਿੱਚ ਨਹੀਂ, ਜਿਵੇਂ ਸਰਵ ਪ੍ਰਥਮ ਪੈੜਾ ਮੋਖਾ, ਲਾਲਾ ਪੰਨੂ, ਪੰਡਿਤ ਹਰਿਦਇਆਲ, ਦਉਲਤਾਂ ਦਾਈ, ਤੁਲਸਾਂ ਲਉਡੀ, ਸੰਤ ਰੇਣ, ਨਿਧਾ ਬਾਹਮਣ, ਭਿਰਾਈ, ਕਿਸਨਾ, ਸੁਲੱਖਣੀ, ਚੰਦੋਰਾਣੀ, ਅਜਿਤਾ ਰੰਧਾਵਾ, ਬੂੜਾ ਰੰਧਾਵਾ, ਲਾਲੋ, ਫਿਰੰਦਾ, ਕੌਡਾ ਰਾਖਸ਼, ਸਾਲਸ ਰਾਏ, ਇੰਦਰਸੈਣ, ਸੁਧਰਸੈਣ, ਮਧੁਰਬੈਣ, ਦੇਵਲੂਤ, ਹਾਜੀ ਰਤਨ, ਚੰਦਰਭਾਨ ਸੰਧੂ, ਮੰਞੋਤ, ਗਉਹਰ ਖਾਂ, ਹਯਾਤ ਖਾਂ ਮੰਞ, ਸੇਖ ਮਾਲੋ, ਉਬਾਰੇ ਖਾਂ ਆਦਿ ਤੋਂ ਇਲਾਵਾ ਕਈ ਹੋਰ ਅਜਿਹੇ ਸਾਖੀ ਪਾਤਰ ਹਨ, ਜੋ ਕਿਸੇ ਦੂਜੀ ਸਾਖੀ ਵਿੱਚ ਬਿਲਕੁੱਲ ਨਹੀਂ ਮਿਲਦੇ। ਪਹਿਲਾਂ ਬਹੁਤੇ ਵਿਦਵਾਨਾਂ ਦੀ ਸੋਚ ਸੀ ਕਿ ਸਾਖੀ ਦਾ ਦੱਸਿਆ ਜਾਂਦਾ ਲਿਖਾਰੀ ਪੈੜਾ ਮੋਖਾ ਕੋਈ ਕਾਲਪਨਿਕ ਪਾਤਰ ਹੈ। ਪੈੜਾ ਨਾ ਤਾਂ ਕੋਈ ਕਾਲਪਨਿਕ ਪਾਤਰ ਹੈ ਤੇ ਨਾ ਹੀ ਗੁਰੂ ਅੰਗਦ ਦੇਵ ਜੀ ਦਾ ਸਮਕਾਲੀ। ਇਹ ਅਜਿਹਾ ਪਾਤਰ ਹੈ, ਜਿਸ ਦੀ ਪੈੜ ਦੇ ਨਕਸ਼ 'ਮਹਿਮਾ ਪ੍ਰਕਾਸ਼' ਵਿੱਚ ਮਿਲਦੇ ਹਨ। 'ਮਹਿਮਾ ਪ੍ਰਕਾਸ਼' ਦੇ ਕਰਤਾ ਨੇ ਦੋਹਰਿਆਂ, ਚੌਪਾਈਆਂ ਵਿੱਚ ਸਾਫ ਲਿਖਿਆ ਹੈ ਕਿ ਪੈੜਾ ਮੋਖਾ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ। ਇਸ ਕੋਲ ਗੁਰੂ ਨਾਨਕ ਦੇਵ ਜੀ ਰਚਿਤ 'ਪ੍ਰਾਨ-ਸੰਗਲੀ' ਦੀ ਪੋਥੀ ਸੀ, ਜਿਸ ਨੂੰ ਗੁਰੂ ਅਰਜਨ ਦੇਵ ਜੀ 'ਆਦਿ ਗ੍ਰੰਥ' ਦੀ ਸੰਪਾਦਨਾ ਨੂੰ ਮੁਕੰਮਲ ਕਰਨ ਤੋਂ ਪਹਿਲਾਂ ਦੇਖਣਾ-ਪੜ੍ਹਨਾ ਚਾਹੁੰਦੇ ਸਨ, ਪਰ ਪੈੜਾ ਦੇਣਾ ਨਹੀਂ ਸੀ ਚਾਹੁੰਦਾ। ਜਦੋਂ ਗੁਰੂ ਅਰਜਨ ਦੇਵ ਜੀ ਨੇ 'ਪ੍ਰਾਨ-ਸੰਗਲੀ' ਪੜ੍ਹਨ ਲਈ ਮੰਗੀ ਤਾਂ ਪੈੜਾ ਲੁਕ ਕੇ ਘਰ ਬੈਠ ਗਿਆ। ਇਸ ਵਿਥਿਆ ਨੂੰ 'ਮਹਿਮਾ ਪ੍ਰਕਾਸ਼' ਦੇ ਕਰਤਾ ਨੇ ਸਾਖੀ-੧੨ "ਸਾਖ ਪੈੜੇ ਮੋਖੇ ਕੀ ਪ੍ਰਾਨ ਸੰਗਲੀ ਲੇਕਰ ਆਨੇ ਕੀ" ਵਿੱਚ ਦਰਸਾਇਆ ਹੈ:- ਦੋਹਰਾ

੧. ਆਇ ਪੈੜਾ ਘਰ ਲੁਕ ਰਹਾ ਸਤਿਗੁਰ ਲੀਆ ਬੁਲਾਇ।
ਮਗ ਬ੍ਰਿਤੰਤ ਰਾਜਾ ਜੁਗਤਿ ਸਤਿਗੁਰ ਪੂਛਾ ਤਾਇ॥੬॥
੨. ਲੇ ਆਇਆ ਪ੍ਰਾਨ ਸੰਗਲੀ ਪੈੜਾ ਮੋਖਾ ਧਾਇ।
ਦੇਖਤ ਪੋਥੀ ਮਤ ਫਿਰੀ ਸਤਿਗੁਰ ਸੌ ਰਖੀ ਲੁਕਾਈ॥੧॥
ਚੌਪਾਈ
ਪ੍ਰਾਨ ਸੰਗਲੀ ਮਾਂਗੀ ਦਇਆਲ। ਮਾਨਾ-ਹੁਕਮ ਦੀਨੀ ਤਤ ਕਾਲ।
ਦੇਖ ਪ੍ਰਕਾਸ ਸਿਖੀ ਕਾ ਤਹਾ। ਪੈੜਾ ਅਤਿ ਬਿਸਮੇ ਹੋਇ ਰਹਾ॥੩॥

ਪੈੜੇ ਮੋਖੇ ਨੇ ਪੋਥੀ ਦੇਣ ਵਿੱਚ ਟਾਲ ਮਟੋਲ ਕਰਦਿਆਂ ਕਈ ਬਹਾਨੇ ਬਣਾਏ ਤਾਂ ਗੁਰੂ ਅਰਜਨ ਦੇਵ ਜੀ ਨੇ ਇਕ ਸਿੱਖ ਨੂੰ ਇਸ ਦੇ ਘਰ ਭੇਜਿਆ ਤੇ ਕਿਹਾ, "ਜਾਓ! ਇਸ ਦੀ ਸਿੱਖਣੀ ਨੂੰ ਕਹੋ ਕਿ ਪੋਥੀ ਦਿਓ, ਜੋ ਲੁਕਾ ਕੇ ਰੱਖੀ ਹੈ।"

ਪ੍ਰਭ ਕਰ ਬਿਚਾਰ ਇਕ ਸਿਖ ਬੁਲਾਇਆ। ਪੈੜੇ ਕੇ ਘਰਿ ਤਿਸੇ ਪਠਾਇਆ।
ਇਸ ਕੀ ਸਿਖਣੀ ਸੋ ਕਹੁ ਜਾਇ। ਦੇਹੁ ਪੋਥੀ ਜੋ ਰਖੀ ਲਾਕਾਇ॥੨੦॥

ਪੈੜੇ ਦੀ ਇਸਤਰੀ ਨੇ ਪੋਥੀ ਦੇ ਦਿੱਤੀ ਤੇ ਸਿੱਖ ਪੋਥੀ ਗੁਰੂ ਸਾਹਿਬ ਪਾਸ ਲੈ ਆਇਆ।

ਦੋਹਰਾ
ਤ੍ਰਿਆ ਨਿਕਾਲ ਪੋਥੀ ਦਈ ਸਿਖ ਲਿਆਇਆ ਗੁਰ ਪਾਸ।
ਪੈੜੇ ਕਾ ਮੁਖ ਕਾਲਾ ਭਇਆ ਬੁਧ ਮਤ ਭਈ ਨਾਸ॥੨੧॥

'ਮਹਿਮਾ ਪ੍ਰਕਾਸ਼' ਦਾ ਕਰਤਾ ਕਹਿੰਦਾ ਹੈ ਕਿ ਪੈੜੇ ਦੀ ਬੁੱਧੀ ਨਾਸ ਹੋਣ ਅਤੇ ਝੂਠ ਫੜੇ ਜਾਣ ਕਰਕੇ ਉਸ ਦਾ ਮੂੰਹ ਕਾਲ਼ਾ ਹੋਇਆ। ਪੋਥੀ ਮਿਲਣ 'ਤੇ ਗੁਰੂ ਸਾਹਿਬ ਨੇ ਪ੍ਰਾਣ ਸੰਗਲੀ ਦਾ ਪਾਠ ਕੀਤਾ। ਉਸ ਨੂੰ ਵੀਚਾਰਿਆ, ਗੁਰੂ ਆਸ਼ੇ ਉੱਤੇ ਖਰੀ ਨਾ ਉੱਤਰਦੀ ਹੋਣ ਕਰਕੇ ਨਦੀ ਵਿੱਚ ਪ੍ਰਵਾਹ ਕਰ ਦਿੱਤਾ।

ਦੋਹਰਾ
ਪ੍ਰਾਨ-ਸੰਗਲੀ ਦੇਖ ਪ੍ਰਭ ਕਰ ਪਾਠ ਕਰਾ ਉਤਸਾਹ।
ਪੁਨ ਬਿਚਾਰ ਕਰ ਸਤਿਗੁਰੂ ਦੀਨੀ ਨਦੀ ਪ੍ਰਵਾਸ॥੨੨॥

ਇਥੋਂ ਕਈ ਅਹਿਮ ਸੁਆਲ ਖੜ੍ਹੇ ਹੁੰਦੇ ਹਨ; ਕੀ 'ਪ੍ਰਾਨ-ਸੰਗਲੀ' ਗੁਰੂ ਨਾਨਕ ਪਾਤਸ਼ਾਹ ਦੀ ਹੀ ਲਿਖੀ ਹੋਈ ਸੀ? ਇਸ ਸੁਆਲ ਦਾ ਜਵਾਬ ਤਾਂ ਉਕਤ ਦੋਹਰੇ 'ਚੋਂ ਮਿਲ ਜਾਂਦਾ ਹੈ। ਅਗਰ ਅਸਲ ਹੁੰਦੀ ਤਾਂ ਗੁਰੂ ਅਰਜਨ ਦੇਵ ਜੀ ਜਲ ਪ੍ਰਵਾਹ ਨਾ ਕਰਦੇ। ਜੇ ਅਸਲ ਨਹੀਂ ਸੀ ਤਾਂ ਫਿਰ ਕਿਹੜੀ ਸੀ? ਸਾਡੀ ਜਾਚੇ ਹੋ ਸਕਦਾ ਹੈ ਕਿ ਇਹ ਪੂਰਵ ਵਰਤੀ ਸਾਖੀਆਂ ਜਾਂ ਫਿਰ ਪੂਰਬ ਪੋਥੀ ਤੋਂ ਉਧਰਿਤ ਹੋਵੇ ਅਤੇ ਹੰਦਾਲੀ ਭਰਾਵਾਂ ਦੀ ਇੱਛਾ ਅਨੁਸਾਰ ਉਸ ਵਿੱਚ ਰੰਗ ਭਰ ਦਿੱਤੇ ਗਏ ਹੋਣ, ਅਜਿਹੇ ਵਿੱਚ ਗੁਰੂ ਸਾਹਿਬ ਕਿਵੇਂ ਕਬੂਲ ਕਰ ਸਕਦੇ ਸਨ? ਇਥੇ ਇਹ ਯਾਦ ਕਰਾਉਣਾ ਹੋਵੇਗਾ ਕਿ ਇਸ ਵੇਲੇ ਗੋਰਖ-ਲਾਲਾ-ਬਿਧ-ਬਾਲਾ ਦੀ ਚਉਕੜੀ ਲਾਹੌਰ ਵਿੱਚ ਗੁਰੂ ਘਰ ਦੇ ਵਿਰੋਧ ਵਿੱਚ ਪੂਰੀ ਤਰ੍ਹਾਂ ਸਰਗਰਮ ਸੀ। ਪੈੜੇ ਮੋਖੇ ਨੂੰ ਹੀ ਇਸ ਚਉਕੜੀ ਨੇ ਆਪਣੀ ਮਰਜ਼ੀ ਨਾਲ ਲਿਖਣ ਵਾਲੇ ਦੀ ਪਦਵੀ 'ਤੇ ਬਿਠਾਇਆ ਸੀ। ਬਹੁਤ ਸੰਭਾਵਨਾ ਹੈ ਕਿ ਇਸ ਦੇ ਹੱਥ ਹੀ ਪੂਰਬ ਪੋਥੀ ਲੱਗੀ ਹੋਵੇ, ਜਿਹੜੀ ਗੋਰਖ-ਲਾਲਾ-ਬਿਧ-ਬਾਲਾ ਦੀ ਚਉਕੜੀ ਕੋਲ ਛਿੱਲੜਾਂ ਖ਼ਾਤਿਰ ਵਿਕੀ ਹੋਵੇ ਤੇ ਮਤਲਬ ਕੱਢ ਲਏ ਜਾਣ ਮਗਰੋਂ ਬਿਆਸਾ ਵਿੱਚ ਸੁੱਟ ਦਿੱਤੀ ਗਈ ਹੋਵੇ, ਜਿਸ ਦਾ ਜ਼ਿਕਰ ਗਾਹੇ-ਬ-ਗਾਹੇ ਹੁੰਦਾ ਹੈ। ਇਥੋਂ ਇਹ ਵੀ ਸਪੱਸ਼ਟ ਹੋਇਆ ਕਿ ਪੈੜਾ ਮੋਖਾ ਨਾ ਕਾਲਪਨਿਕ ਹੈ ਤੇ ਨਾ ਹੀ ਗੁਰੂ ਅੰਗਦ ਸਾਹਿਬ ਦੇ ਵੇਲੇ ਦਾ ਹੈ, ਜਿਸ ਨੂੰ ਬਾਲੇ ਨੇ ਜਨਮ ਸਾਖੀ ਲਿਖਵਾਈ। ਉਹ ਤਾਂ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਹੈ। ਇਕ ਦਿਲਚਸਪ ਗੱਲ ਹੋਰ ਹੈ ਕਿ ਬਾਲੇ ਦੀ ਆਪਣੀ ਲਿਖਾਈ ਸਾਖੀ ਵਿੱਚ ਹੀ ਕੁਝ ਅਜਿਹੀਆਂ ਸਾਖੀਆਂ ਹਨ, ਜਿਨ੍ਹਾਂ ਵਿੱਚ ਬਾਲੇ ਦੀ ਸ਼ਮੂਲੀਅਤ ਬਿਲਕੁਲ ਹੀ ਨਹੀਂ, ਜਿਵੇਂ ਸਰਪ ਛਾਇਆ, ਨਾਨਕੀ ਦਾ ਵਿਆਹ, ਅਤੀਤ ਨੂੰ ਗੜਵਾ ਤੇ ਛਾਪ, ਨਾਨਕੀ ਦੀ ਕੁੜਮਾਈ, ਚਉਕੜ ਖਰਚਣੀ ਤੇ ਮੋਦੀਖਾਨੇ ਦਾ ਹਿਸਾਬ ਦੇਣਾ, ਫਿਰੰਦੇ ਦਾ ਗੁਰੂ ਜੀ ਨੂੰ ਮਿਲਣਾ, ਲਾਲੋ ਪਾਸ ਏਮਨਾਬਾਦ ਜਾਣਾ, ਕੂਨਾ ਤੇ ਮੀਨਾ ਪਰਬਤ ਤੇ ਗਏ ਆਦਿ। ਬਾਲਾ, ਜੋ ਇਕ ਸਾਖੀ ਵਿੱਚ ਔਸਤਨ ਦਸ ਵਾਰ ਆਪਣਾ ਨਾਂਅ ਦਰਜ ਕਰਾਉਂਦਾ ਹੈ, ਹੈਰਾਨੀ ਹੈ ਕਿ ਉਕਤ ਸਾਖੀਆਂ ਵਿੱਚ ਉਸ ਨੇ ਇਕ ਵਾਰ ਵੀ ਨਾਂਅ ਨਹੀਂ ਲਿਖਵਾਇਆ। ਇਥੋਂ ਇਨ੍ਹਾਂ ਸਾਖੀਆਂ ਦੇ ਕਿਸੇ ਅਗਿਆਤ ਸਰੋਤ ਸਾਮੱਗਰੀ ਤੋਂ ਉਧਰਿੱਤਣ ਦਾ ਸ਼ੱਕ ਹੋਰ ਪੱਕਾ ਹੋ ਜਾਂਦਾ ਹੈ। ਇੱਥੇ ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਉਕਤ ਸਾਖੀਆਂ ਲਈ ਕਥਾਨਕ ਉਸ ਨੇ ਕਿਸੇ ਵਿਸ਼ੇਸ਼ ਸਾਖੀ ਸੰਗ੍ਰਹਿ ਤੋਂ ਲਏ ਬਲਕਿ ਕੁਝ ਕੁ ਸਾਖੀਆਂ ਉਸ ਦੀਆਂ ਆਪਣੀਆਂ ਕਾਲਪਨਿਕ ਹੋ ਸਕਦੀਆਂ ਹਨ, ਵਿਸ਼ੇਸ਼ਕਰ ਮੰਞੋਤ ਅਤੇ ਗੁਰੂ ਅੰਗਦ ਪਰੀਖਿਆ ਵਾਲੀ ਸਹਜ ਕੁਸਹਜ। ਇਹ ਬਾਬੇ ਦੀ ਕਿਰਦਾਰਕੁਸ਼ੀ ਕਰਨ ਵਾਲੀਆਂ ਅਪਮਾਨਜਨਕ ਸਾਖੀਆਂ ਹੀ ਨਹੀਂ ਬਲਕਿ ਪੂਰੀ ਸਾਖੀ ਵਿੱਚ ਬਾਲੇ ਨੇ ਆਪਣੇ ਤੇ ਪੂਰਵਜਾਂ ਦੇ ਵਡਿੱਤਣ ਲਈ ਬਾਬੇ ਅਤੇ ਮਰਦਾਨੇ ਨੂੰ ਨੀਵਾਂ ਦਿਖਾਉਣ ਵਾਸਤੇ ਹਉਮੈ ਤੇ ਨਫਰਤ ਦਾ ਛੱਟਾ ਜਗ੍ਹਾ-ਜਗ੍ਹਾ ਬਿਖੇਰਿਆ ਹੈ। ਗੁਰ ਇਤਿਹਾਸ ਨੂੰ ਜਿਥੇ ਦੂਸ਼ਿਤ/ਖੰਡਿਤ ਕਰਨ ਵਿੱਚ ਛੋਟੇ ਮੇਲ ਵਾਲੇ ਮੀਣਿਆਂ/ਹੰਦਾਲੀਆਂ ਨੇ ਕੋਈ ਕਸਰ ਨਹੀਂ ਛੱਡੀ, ਉਥੇ ਲਾਹੌਰ ਦੇ ਗੋਰਖ ਦਾਸ ਤੇ ਮੁਹੰਮਦੀਪੁਰ ਦੇ ਕੇਸ਼ੋਦਾਸ ਬ੍ਰਾਹਮਣ ਵਰਗੇ ਲਿਖਾਰੀਆਂ ਨੇ ਵੀ ਇਤਿਹਾਸ ਮਲੀਨ ਕਰਨ ਵਿੱਚ ਦੋਹਰੀ ਭੂਮਿਕਾ ਨਿਭਾਈ ਹੈ। ਇਨ੍ਹਾਂ ਲਿਖਾਰੀਆਂ ਨੂੰ ਪੈਸਾ ਚਾਹੀਦਾ ਸੀ ਅਤੇ ਬਿਧੀ ਚੰਦ ਵਰਗੇ ਨੂੰ ਆਪਣੇ ਵਿਭਚਾਰਾਂ ਨੂੰ ਢੱਕਣ ਦੀ ਫਿਕਰ ਸੀ। ਲਿਹਾਜ਼ਾ ਪੈਸੇ ਦੇ ਜ਼ੋਰ ਨਾਲ ਚਰਿੱਤਰ ਹਨਨ ਕਰਨ, ਸਿੱਖੀ ਵਿੱਚ ਭੰਬਲਭੂਸੇ ਪਾਉਣ ਅਤੇ ਆਪਣੀ ਚੌਧਰ ਚਮਕਾਉਣ ਲਈ ਬਾਲੇ ਵਾਲੀ ਜਨਮ ਸਾਖੀ ਦਾ ਸਹਾਰਾ ਲਿਆ ਗਿਆ। ਜਗ੍ਹਾ-ਜਗ੍ਹਾ ਅਨਿੱਖੜ ਹੋ ਚੁੱਕੇ ਬਾਲੇ ਦੇ ਚਿੱਤਰ, ਕੱਤਕ ਦੀ ਪੂਰਨਮਾਸ਼ੀ ਬਿਧੀ ਚੰਦੀਆਂ ਦੀ ਸਫਲਤਾ ਹੀ ਹੈ ਜੋ ਸਿੱਖੀ ਦਾ ਮੂੰਹ ਚਿੜਾਉਂਦੇ ਹਨ। ਸਪੱਸ਼ਟ ਹੋ ਗਿਆ ਕਿ ਬਾਲਾ ਖੜਯੰਤਰ ਵਿੱਚ ਬਿਧੀ ਚੰਦ, ਬਾਲ ਚੰਦ, ਲਾਲਾ ਪੰਨੂ, ਗੋਰਖ ਦਾਸ ਤੇ ਕੇਸੋ ਦਾਸ ਸ਼ਾਮਲ ਸਨ। ਇਸ ਖੜਯੰਤਰ ਨੇ ਪੁਰਾਤਨ ਜਨਮ ਸਾਖੀ ਪਰੰਪਰਾ ਨੂੰ ਵੀ ਢਾਹ ਲਾਈ। ਬਾਲੇ (ਬਾਲ ਚੰਦ) ਦੀ ਕਾਰਕਰਦਗੀ ਬਾਰੇ ਕੁਝ ਇਕ ਹੈਰਾਨੀ ਕਰਨ ਵਾਲੇ ਤੱਥ ਇਸ ਪ੍ਰਕਾਰ ਹਨ; ਇਕ ਪਾਸੇ ਬਾਲਾ ਗੁਰੂ ਅੰਗਦ ਦੇਵ ਜੀ ਦੀ ਹਾਜ਼ਰੀ ਵਿੱਚ ਸਾਖੀ ਲਿਖਵਾਉਂਦਾ ਹੈ, ਦੂਜਾ ਗੁਰੂ ਅੰਗਦ ਦੇਵ ਜੀ ਦਾ ਚਰਿੱਤਰ ਹਨਨ ਕਰਨ ਲਈ 'ਜਨਮ ਸਾਖੀ' ਵਿੱਚ ਸਹਜ ਕੁਸਹਜ ਪ੍ਰਸੰਗ ਜੋੜਦਾ ਹੈ, ਅੰਤ ਉਹਨਾਂ ਸਾਹਮਣੇ ਮਰਦਾ ਹੈ ਤੇ ਉਹਨਾਂ ਹੱਥੋਂ ਆਪਣੀ ਚਿਤਾ ਨੂੰ ਲਾਂਬੂ ਵੀ ਲਵਾਉਂਦਾ ਹੈ। ਫਿਰ ਉਥੇ ਸਮਾਧ ਬਣ ਜਾਣ ਤੇ ਗੁਰਦੁਆਰਾ ਵੀ ਬਣਦਾ ਹੈ ਤੇ ਸਦਾ ਲਈ ਅਮਰ ਹੋ ਜਾਂਦਾ ਹੈ।

ਹਰਿਮੰਦਰ ਸਾਹਿਬ ਦੀਆਂ ਕੰਧਾਂ ਅਤੇ ਦਰਵਾਜ਼ਿਆਂ 'ਤੇ ਸੋਨੇ ਦੇ ਪੱਤਰੇ ਵਿੱਚ ਉੱਕਰਿਆ ਵੀ ਨਜ਼ਰ ਆਉਂਦਾ ਹੈ। ਵੱਡਭਾਗੇ ਹੋ ਬਾਲਾ ਜੀ! ਥੱਲੇ ਆਓ! ਦੇਖੋ, ਸਿੱਖਾਂ ਦੀ ਦਰਿਆਦਿਲੀ। ਬਿਧੀ ਚੰਦ ਦੀ ਮੌਤ (੧੬੫੮ ਈ.) ਮਗਰੋਂ ਬਾਲ ਚੰਦ ਤੇ ਲਾਹੌਰ ਦਾ ਲਾਲਾ ਪੰਨੂ ਜਨਮ ਸਾਖੀ ਤੀਸਰੇ ਉਤਾਰੇ ਦੇ ਹੁੰਦਿਆਂ ਮਨ ਇੱਛਿਤ ਵਾਧਿਆਂ ਲਈ ਕਾਤਿਬ ਗੋਰਖ ਦਾਸ ਨੂੰ ਨਿਰਦੇਸ਼ਿਤ ਕਰਦੇ ਰਹੇ। ਹੁਣ ਲਾਲਾ ਪੰਨੂ ਨੂੰ ਆਪਣਾ ਨਾਂਅ ਅਮਰ ਕਰ ਲੈਣ ਦੀ ਸੁੱਝੀ। ਉਸ ਨੇ ਆਪਣਾ ਨਾਂਅ ਬਾਲੇ ਦੇ ਨਾਂਅ ਨਾਲ ਜੋੜਿਆ। ਇਸ ਗੋਰਖ ਧੰਦੇ ਦੇ ਚਲਦਿਆਂ ਲਾਲਾ ਪੰਨੂ ਵੀ ਵਗਦੀ ਗੰਗਾ ਵਿੱਚ ਡੁਬਕੀ ਲਗਾ ਲੈਣਾ ਚਾਹੁੰਦਾ ਸੀ। ਸਭ ਤੋਂ ਪਹਿਲਾਂ ਤਾਂ ਉਸ ਨੇ ਜਨਮ ਪੱਤਰੀ ਢੂੰਡ ਕੇ ਲਿਆਉਣ ਵਾਲੇ ਇਕ ਮੋਹਤਬਰ ਸਿੱਖ ਦੇ ਰੂਪ ਵਿੱਚ ਆਪਣਾ ਨਾਂਅ ਅਤੇ ਦਖਲ ਕੁਝ ਸਤਰਾਂ ਉੱਤੇ ਹੜਤਾਲ ਫਿਰਾਅ ਕੇ ਦਰਜ ਕਰਵਾ ਲਿਆ:-

"ਬਾਲੇ ਕਹਿਆ ਗੁਰੂ ਜੀ ਕੋਈ ਭੇਜੋ ਸੋ ਮੈ ਨਾਲਿ ਲੈ ਜਾਂਦਾ ਹਾਂ। ਤਾਂ ਗੁਰੂ ਅੰਗਦ ਲਾਲੇ ਪੰਨੂ ਨੂੰ ਸੱਦਿਆ ਸਿਖ ਸੀ ਜਟੇਟਾ। ਗੁਰੂ ਅੰਗਦ ਕਹਿਆ ਭਾਈ ਲਾਲਾ ਪੰਨੂ ਤੂ ਸਿਖ ਹੈ।

ਸੰਪਰਕ : 98106-02915

(• ਬਾਕੀ ਅਗਲੇ ਐਤਵਾਰਤਾ 'ਚ)

# ਅੰਡੇਮਾਨ ਟਾਪੂ, ਕਾਲ਼ੇ ਪਾਣੀ ਤੇ ਗ਼ਦਰੀ

ਅੰਡੇਮਾਨ ਟਾਪੂਆਂ ਦਾ ਨਾਂਅ 'ਕਾਲੇ ਪਾਣੀ' ਕਿਉਂ ਪਿਆ? ਅੰਦਾਜ਼ੇ ਬਹੁਤ ਨੇ, ਪਰ ਪੱਕਾ ਜੁਆਬ ਕਿਸੇ ਕੋਲ ਨਹੀਂ। ਇੱਕ ਅੰਦਾਜ਼ਾ ਹੈ ਕਿ ਅੰਗਰੇਜ਼ਾਂ ਦੇ ਜ਼ੁਲਮ ਕਰਕੇ ਇਹਨਾਂ ਟਾਪੂਆਂ ਦੇ ਪਾਣੀਆਂ ਨਾਲ 'ਕਾਲ਼ੇ' ਸ਼ਬਦ ਜੁੜ ਗਿਆ। ਦੂਜਾ ਇਹ ਕਿ ਸਮੁੰਦਰ ਦਾ ਪਾਣੀ ਰਾਤ ਨੂੰ ਕਾਲ਼ਾ ਦਿਸਦਾ ਅਤੇ 1857 ਦੇ ਗਦਰ ਦੇ ਉੱਤਰੀ ਭਾਰਤ ਦੇ ਕੈਦੀਆਂ ਨੇ ਸਮੁੰਦਰ ਪਹਿਲੀ ਵਾਰ ਵੇਖਿਆ ਸੀ। ਇਸ ਲਈ ਉਹਨਾਂ ਇਹਨੂੰ ਕਾਲ਼ੇ ਪਾਣੀ ਦਾ ਨਾਂਅ ਦੇ ਦਿੱਤਾ। ਤੀਜਾ ਇਹ ਕਿ ਅਣਛੋਹੇ ਟਾਪੂਆਂ ਦੀ ਬਨਸਪਤੀ ਕੁਦਰਤੀ ਤਰੀਕੇ ਨਾਲ ਕੰਢਿਆਂ 'ਤੇ ਗਲ਼-ਸੜ ਕੇ ਕੰਢਿਆਂ ਨੇੜਲੇ ਪਾਣੀ ਨੂੰ ਕਾਲ਼ੀ ਰੰਗਤ ਦੇ ਦੇਂਦੀ ਸੀ। ਪਰ ਅੰਦਾਜ਼ਾ ਤਾਂ ਆਖਿਰ ਅੰਦਾਜ਼ਾ ਹੀ ਹੁੰਦਾ ਹੈ। ਸੋ ਇਹ ਸਵਾਲ ਇੱਥੇ ਹੀ ਛੱਡਦੇ ਹਾਂ ਤੇ ਇਹਨਾਂ ਟਾਪੂਆਂ ਦੀ ਕੀਤੀ ਚੰਦ ਕੁ ਦਿਨਾਂ ਦੀ 'ਸੈਰ' ਬਾਰੇ ਗੱਲ ਕਰਦੇ ਹਾਂ।

ਭਾਰਤ ਦੇ ਅਜ਼ਾਦੀ ਸੰਘਰਸ਼ ਬਾਰੇ ਕੁਝ ਲਿਖਣ ਦਾ ਵਿਚਾਰ ਕਰੀਬ ਚਾਰ ਸਾਲ ਪਹਿਲਾਂ ਮਨ ਵਿੱਚ ਆਇਆ ਸੀ। ਇਸ ਬਾਰੇ ਪੜ੍ਹਦਿਆਂ 1914 ਦੇ ਗਦਰੀਆਂ ਨਾਲ 'ਕਾਲ਼ੇ ਪਾਣੀ' ਦਾ ਤੇ ਸੈਲੂਲਰ ਜੇਲ੍ਹ ਦਾ ਵਾਰ-ਵਾਰ ਜ਼ਿਕਰ ਆਇਆ। ਇਹ ਨਰਕ ਕੁੰਭ

## ਯਾਤਰਾ ਬਿਰਤਾਂਤ

ਹਰਪਾਲ ਸਿੰਘ ਸੰਧਾਵਾਲੀਆ

ਸੀ। ਜ਼ਿਕਰ ਆਉਂਦਾ ਸੀ ਕਿ ਜਿਹਨੂੰ ਉੱਥੇ ਭੇਜਣ ਦਾ ਹੁਕਮ ਮਿਲਦਾ, ਘਰ ਵਾਲ਼ੇ ਮੰਨ ਲੈਂਦੇ ਕਿ ਉਹਨੇ ਹੁਣ ਵਾਪਸ ਨਹੀਂ ਆਉਣਾ।ਗਦਰੀਆਂ ਨੇ ਉਹ ਨਰਕ ਭੋਗਿਆ ਵੀ ਤੇ ਉਥੇ ਮੌਜੂਦ ਜਮਦੂਤਾਂ ਖਿਲਾਫ਼ ਲੜੇ ਵੀ। ਤਦ ਮਨ ਵਿੱਚ ਖਿਆਲ ਪੈਦਾ ਹੋਇਆ ਕਿ ਇਹਨਾਂ ਟਾਪੂਆਂ ਤੇ ਇਸ ਜੇਲ੍ਹ ਨੂੰ ਅੱਖੀਂ ਵੇਖਣਾ ਚਾਹੀਦਾ, ਨਹੀਂ ਤਾਂ ਉਹਨਾਂ ਹਾਲਤਾਂ ਦੀ ਸਮਝ ਨਹੀਂ ਆਉਣੀ, ਜਿਹਨਾਂ ਵਿੱਚੋਂ ਇਹ ਲੋਕ ਲੰਘੇ ਹੋਣਗੇ। ਸੋ ਉੱਥੇ ਜਾਣ ਦੀ ਖਾਹਿਸ਼ ਪੈਦਾ ਹੋਈ, ਪਰ ਡਿਊਟੀ ਅਤੇ ਹੋਰ ਜ਼ਿੰਮੇਵਾਰੀਆਂ ਨੇ ਇਹ ਖਾਹਿਸ਼ ਕਈ ਸਾਲ ਪੂਰੀ ਨਾ ਹੋਣ ਦਿੱਤੀ। ਅੰਤ 2025 ਵਿੱਚ ਬੇਟੀ ਸੁਪ੍ਰੀਤ ਦੇ ਉੱਦਮ ਸਦਕਾ ਅੰਡੇਮਾਨ ਜਾਣ ਦਾ ਪ੍ਰੋਗਰਾਮ ਬਣ ਹੀ ਗਿਆ।

ਪਹਿਲਾਂ-ਪਹਿਲ ਅੰਡੇਮਾਨ ਜਾਣ ਲਈ ਆਮ ਬੰਦੇ ਲਈ ਕੇਵਲ ਸਮੁੰਦਰੀ ਰਸਤਾ ਹੀ ਸੀ। ਕੇਵਲ ਕੋਈ ਅੰਗਰੇਜ਼ ਅਫਸਰ ਹੀ ਹਵਾ ਰਾਹੀਂ ਗਿਆ ਹੋਵੇ ਤਾਂ ਹੋਰ ਗੱਲ ਹੈ। 1857 ਦੇ ਗਦਰੀਆਂ ਤੋਂ ਸ਼ੁਰੂ ਹੋ ਕੇ ਸਾਰੇ ਕੈਦੀ ਸਮੁੰਦਰੀ ਜਹਾਜ਼ਾਂ ਰਾਹੀਂ ਹੀ ਉੱਥੇ ਢੋਏ ਗਏ ਸਨ। ਵੀਹਵੀਂ ਸਦੀ ਵਿੱਚ ਤਾਂ 'ਮਹਾਰਾਜਾ ਜਹਾਜ਼' ਇਸ ਕੰਮ ਲਈ ਬੜਾ ਬਦਨਾਮ ਸੀ, ਪਰ ਹੁਣ ਆਮ ਲੋਕਾਂ ਲਈ ਹਵਾ ਰਾਹੀਂ ਜਾਣਾ ਸੰਭਵ ਹੋ ਗਿਆ ਹੈ। ਇਸ ਨਾਲ ਚਾਰ ਦਿਨ ਦਾ ਸਫਰ ਤਿੰਨ ਘੰਟੇ ਤੋਂ ਵੀ ਘੱਟ ਸਮੇਂ ਦਾ ਰਹਿ ਗਿਆ ਹੈ। ਬੇਟੀ ਨੇ ਤਿੰਨ ਟਿਕਟਾਂ ਬੁੱਕ ਕਰਵਾ ਦਿੱਤੀਆਂ।ਮੈਂ, ਪਤਨੀ ਰਾਜਵਿੰਦਰ ਤੇ ਬੇਟੀ ਸੁਪ੍ਰੀਤ ਅੰਡੇਮਾਨ ਨੂੰ ਚੱਲ ਪਏ।ਚੱਲਣ ਤੋਂ ਪਹਿਲਾਂ ਮੈਂ ਬਿੰਦਰ ਬਸਰਾ ਦੁਆਰਾ ਅਨੁਵਾਦਿਤ ਕਿਤਾਬ 'ਕਾਲੇ ਪਾਣੀ ਦੀ ਦੰਡੀ ਬਸਤੀ' ਦੁਬਾਰਾ ਪੜ੍ਹਨੀ ਸ਼ੁਰੂ ਕਰ ਲਈ ਸੀ। ਸਾਡਾ ਪਹਿਲਾ ਸਟੇਅ ਚੇਨਈ ਸੀ। ਉਥੋਂ ਜਹਾਜ਼ ਉੱਡਿਆ ਤਾਂ ਅਸੀਂ ਕਰੀਬ ਢਾਈ ਘੰਟੇ ਵਿੱਚ ਪੋਰਟ ਬਲੇਅਰ ਪਹੁੰਚ ਗਏ।'ਦੰਡੀ ਬਸਤੀ' ਮੈਂ ਅੱਧਾ ਕੁ ਘੰਟਾ ਪਹਿਲਾਂ ਪੂਰੀ ਕਰਕੇ ਸੰਭਾਲ ਲਈ ਸੀ।ਦਿਮਾਗ ਵਿੱਚ ਗਦਰੀਆਂ ਦੀ ਦ੍ਰਿੜ੍ਹਤਾ ਘੁੰਮ ਰਹੀ ਸੀ। ਏਅਰ ਪੋਰਟ 'ਤੇ ਉੱਤਰੇ ਤਾਂ ਖੱਬੇ ਹੱਥ 'ਵੀਰ ਸਾਵਰਕਰ ਏਅਰ ਪੋਰਟ' ਲਿਖਿਆ ਨਜ਼ਰੀਂ ਪਿਆ। ਸਾਦਾ ਅਤੇ ਛੋਟਾ ਜਿਹਾ ਹਵਾਈ ਅੱਡਾ ਸਾਫ-ਸੁਥਰਾ ਅਤੇ ਸ਼ਾਂਤ ਲੱਗਾ।ਬਾਹਰਲੇ ਗੇਟ ਲਾਗੇ ਆਏ ਤਾਂ ਪ੍ਰੀ ਪੇਡ ਟੈਕਸੀ ਦਾ ਕਾਊਂਟਰ ਸੀ।ਉੱਥੋਂ ਹੀ ਹੋਟਲ ਲਈ ਟੈਕਸੀ ਬੁੱਕ ਕਰਾਉਣੀ ਠੀਕ ਸਮਝੀ।ਕਾਊਂਟਰ 'ਤੇ ਬੈਠੇ ਵਿਅਕਤੀ ਨੂੰ ਪਹਿਲਾਂ ਤੋਂ ਬੁੱਕ ਹੋਟਲ ਦੇ ਪਤੇ ਵਾਲਾ ਕਾਗਜ਼ ਫੜਾਇਆ। ਉਹਨੇ ਪੜ੍ਹ ਕੇ ਮੂੰਹ ਵਿੱਚ 'ਗੁਰਦੁਆਰਾ ਲੇਨ' ਕਿਹਾ ਤੇ ਮੇਰੇ ਵੱਲ ਵੇਖ ਕੇ ਦੋ ਸੌ ਅੱਸੀ ਰੁਪਏ ਮੰਗੇ। ਫਿਰ ਰਸੀਦ ਉੱਤੇ ਗੱਡੀ ਦਾ ਨੰਬਰ ਤੇ ਡਰਾਈਵਰ ਦਾ ਨਾਂਅ ਲਿਖਿਆ। ਥੋੜ੍ਹਾ ਸਿਰ ਨਿਵਾਂ ਕੇ ਮੁਸਕਰਾਇਆ ਤੇ ਰਸੀਦ ਮੈਨੂੰ ਫੜਾ ਦਿੱਤੀ।ਧੰਨਵਾਦ ਕਰਕੇ ਮੈਂ ਰਸੀਦ ਲੈ ਕੇ ਗੱਡੀ ਦਾ ਨੰਬਰ ਪੜ੍ਹਨ ਲੱਗਾ। ਜਦ ਡਰਾਈਵਰ ਦਾ ਨਾਂਅ ਪੜ੍ਹਿਆ ਤਾਂ 'ਕੰਵਲਜੀਤ' ਲਿਖਿਆ ਸੀ। ਮੈਂ ਸੋਚਿਆ ਚਲੋ ਚੰਗਾ ਹੋਇਆ ਕਿ ਪਹਿਲਾ ਬੰਦਾ ਕੋਈ ਪੰਜਾਬੀ ਮਿਲਿਆ ਹੈ, ਗੱਲਬਾਤ ਕਰਦੇ ਜਾਵਾਂਗੇ।ਬਾਹਰ ਆ ਕੇ ਗੱਡੀਆਂ ਵੱਲ ਗਏ ਤਾਂ ਜਿਹੜਾ ਵਿਅਕਤੀ ਸਾਡੇ ਵੱਲ ਆਇਆ ਉਹ ਦਿੱਖ ਤੋਂ ਮੈਨੂੰ ਪੰਜਾਬੀ ਨਾ ਜਾਪਿਆ। ਫਿਰ ਵੀ ਮੈਂ ਗੱਡੀ ਦਾ ਨੰਬਰ ਵੇਖਿਆ ਤੇ ਰਸੀਦ ਉਹਨੂੰ ਫੜਾ ਦਿੱਤੀ। ਉਹ ਮੇਰੇ ਵੱਲ ਵੇਖ ਕੇ ਮੁਸਕਰਾਇਆ ਤੇ 'ਸਾ'ਸਰੀ ਕਾਲ ਭਾਜੀ' ਕਹਿ ਕੇ ਸਾਮਾਨ ਗੱਡੀ ਦੀ ਡਿੱਗੀ ਵਿੱਚ ਟਿਕਾਉਣ ਲੱਗ ਪਿਆ। ਮੈਂ ਉਹਦੀ ਸਤਿ ਸ੍ਰੀ ਅਕਾਲ ਦਾ ਜਵਾਬ ਦਿੱਤਾ ਤੇ ਸਮਾਨ ਰਖਾ ਕੇ ਗੱਡੀ ਵਿੱਚ ਬਹਿ ਗਿਆ। ਹੋਟਲ ਤੱਕ ਕੇਵਲ ਪੰਦਰਾਂ ਮਿੰਟ ਦਾ ਰਾਹ ਸੀ।ਕੰਵਲਜੀਤ ਨਾਲ ਜਿੰਨੀ ਕੁ ਗੱਲ ਹੋ ਸਕੀ, ਉਹਨੇ ਦੱਸਿਆ ਕਿ ਉਹਦਾ ਦਾਦਾ ਫੌਜ ਵਿੱਚ ਸੀ। ਫੌਜੀਆਂ ਨੂੰ ਅੰਡੇਮਾਨ ਵਿੱਚ ਵਸਾਉਣ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਕਿਸੇ ਸਕੀਮ ਅਧੀਨ ਇੱਥੇ ਆ ਕੇ ਵੱਸਿਆ ਸੀ।ਪਿੱਛੋਂ ਉਹ ਨਕੋਦਰ ਨੇੜੇ ਦੇ ਹਨ। ਮੈਨੂੰ ਕੰਵਲਜੀਤ ਨਾਲ ਹੋਰ ਗੱਲ ਕਰਨ ਦੀ ਉਤਸੁਕਤਾ ਸੀ ਤਾਂ ਜੋ ਇੱਥੇ ਵੱਸੇ ਲੋਕਾਂ ਖਾਸ ਕਰ ਪੰਜਾਬੀਆਂ ਬਾਰੇ ਜਾਣਕਾਰੀ ਮਿਲ ਸਕੇ, ਪਰ ਹੋਟਲ ਆ ਗਿਆ ਸੀ। ਕੰਵਲਜੀਤ ਨੇ ਆਪਣਾ ਕਾਰਡ ਦੇਂਦੇ ਕਿਹਾ, 'ਭਾ ਜੀ ਕਿਤੇ ਜਾਣਾ ਹੋਇਆ ਤਾਂ ਫੋਨ ਕਰ ਲਿਉ, ਮੈਂ ਆ ਜਾਊਂਗਾ'। ਮੈਂ ਕਾਰਡ ਲੈ ਕੇ ਸੰਭਾਲ ਲਿਆ।

ਅਸੀਂ ਕਰੀਬ ਦੋ ਵਜੇ ਹੋਟਲ ਪਹੁੰਚ ਗਏ। ਰੋਟੀ ਖਾ ਕੇ ਅਤੇ ਥੋੜ੍ਹਾ ਅਰਾਮ ਵਗੈਰਾ ਕਰਕੇ ਪੰਜ ਕੁ ਵਜੇ ਹੇਠਾਂ ਆਏ। ਹੋਟਲ ਵਾਲਿਆਂ ਤੋਂ ਪਤਾ ਲੱਗਾ ਕਿ ਸੈਲੂਲਰ ਜੇਲ੍ਹ ਬਿਲਕੁਲ ਨੇੜੇ ਹੀ ਹੈ, ਪਰ ਜੇ ਵੇਖਣੀ ਹੋਵੇ ਤਾਂ ਸਵੇਰੇ ਹੀ ਜਾਣਾ ਬਣਦਾ ਹੈ। ਹਾਂ ਜੇਲ੍ਹ ਦੇ ਵਿਹੜੇ ਵਿੱਚ ਸ਼ਾਮ ਨੂੰ ਚੱਲਣ ਵਾਲਾ ਲਾਈਟ ਐਂਡ ਸਾਊਂਡ ਸ਼ੋਅ ਅੱਜ ਵੇਖਿਆ ਜਾ ਸਕਦਾ ਹੈ। ਇਹਦੇ ਲਈ ਆਨ ਲਾਈਨ ਬੁਕਿੰਗ ਕਰਾਉਣੀ ਹੁੰਦੀ ਹੈ। ਅਸੀਂ ਕੋਸ਼ਿਸ਼ ਕੀਤੀ ਤਾਂ ਸਾਢੇ ਸੱਤ ਵਜੇ ਵਾਲੇ ਸ਼ੋਅ ਦੀ ਬੁਕਿੰਗ ਹੋ ਗਈ। ਸਾਨੂੰ ਹੋਟਲ ਵਾਲਿਆਂ ਨੇ ਤਾਕੀਦ ਕੀਤੀ ਕਿ ਜਾਂਦੇ ਸਮੇਂ ਛਤਰੀ ਲੈ ਕੇ ਜਾਣਾ। ਅਗਸਤ ਦੇ ਮਹੀਨੇ ਇੱਥੇ ਕਿਸੇ ਵੀ ਸਮੇਂ ਛੜਾਕਾ ਲੱਥ ਸਕਦਾ ਹੈ। ਅਸੀਂ ਛੇ ਵਜੇ ਤੋਂ ਪਹਿਲਾਂ ਹੋਟਲ 'ਚੋਂ ਚੱਲ ਪਏ। ਹੋਟਲ ਵਾਲਿਆਂ ਦੇ ਦੱਸਣ ਮੁਤਾਬਕ ਬਾਹਰ ਨਿਕਲਦੇ ਹੀ ਇੱਕ ਆਟੋ ਮਿਲ ਗਿਆ। ਪੰਜਾਹ ਰੁਪਏ ਉਹਨੇ ਮੰਗੇ, ਹੋਟਲ ਵਾਲਿਆਂ ਵੀ ਇੰਨੇ ਹੀ ਦੱਸੇ ਸਨ। ਆਟੋ ਨੇ ਸਾਨੂੰ ਜੇਲ੍ਹ ਦੇ ਬਾਹਰ ਬਣੇ ਪਾਰਕ ਵਿੱਚ ਪਹੁੰਚਾਇਆ ਤਾਂ ਸਾਡੇ ਕੋਲ ਅਜੇ ਕਾਫੀ ਟਾਈਮ ਸੀ।

ਪਾਰਕ ਵਿੱਚ ਦੇਸ਼ ਭਗਤਾਂ ਦੇ ਬੁੱਤ ਲੱਗੇ ਸਨ। ਹਰੇਕ ਬੁੱਤ ਨੂੰ ਧਿਆਨ ਨਾਲ ਵੇਖਣ ਲੱਗੇ। ਚੰਗਾ ਲੱਗਾ।ਸਾਰੇ ਬੁੱਤ ਵੇਖਣ ਤੋਂ ਬਾਅਦ ਦੁਬਾਰਾ ਵੇਖਿਆ। ਸੋਹਣ ਸਿੰਘ ਭਕਨਾ, ਸ਼ੇਰ ਸਿੰਘ ਵੇਈਂਪੁਈਂ, ਹਰਨਾਮ ਸਿੰਘ ਵਰਗੇ ਕਿਸੇ ਵੀ ਗਦਰੀ ਦਾ ਬੁੱਤ ਨਾ ਲੱਭਾ । ਚੰਗਾ ਨਹੀਂ ਲੱਗਾ । ਪਾਰਕ ਦੇ ਸਾਹਮਣੇ ਜੇਲ੍ਹ ਦੇ ਮੁੱਖ ਦੁਆਰ 'ਤੇ 'ਸੈਲੂਲਰ ਜੇਲ੍ਹ' ਲਿਖਿਆ ਸੀ। ਤਿੰਨ-ਚਾਰ ਸਕਿਉਰਟੀ ਵਾਲੇ ਵੀ ਖੜੇ ਸਨ। ਇੱਕ ਨੂੰ ਪੁੱਛ ਕੇ ਮੁੱਖ ਦੁਆਰ ਦੇ ਸਾਹਮਣੇ ਫੋਟੋ ਖਿਚਵਾਉਣ ਲੱਗੇ। ਅਜੇ ਵਿਹਲੇ ਹੋਏ ਹੀ ਸਾਂ ਕਿ ਸਾਢੇ ਸੱਤ ਵਜੇ ਵਾਲਿਆਂ ਨੂੰ ਅਵਾਜ਼ ਪੈ ਗਈ।ਟਾਈਮ ਵੇਖਿਆ ਤਾਂ ਅਜੇ ਸੱਤ ਨਹੀਂ ਵੱਜੇ ਸਨ । ਫਿਰ ਵੀ ਵਾਰੀ ਆਉਣ ਦੀ ਖੁਸ਼ੀ ਹੋਈ । ਖੁਸ਼ੀ-ਖੁਸ਼ੀ ਅੰਦਰ ਗਏ ਤਾਂ ਸਕਿਉਰਟੀ ਵਾਲਿਆਂ ਦੇ ਇਸ਼ਾਰੇ 'ਤੇ ਛੋਟੇ ਜਿਹੇ ਪੰਡਾਲ ਵਿੱਚ ਲੱਗੀਆਂ ਕੁਰਸੀਆਂ 'ਤੇ ਜਾ ਬੈਠੇ। ਇੰਨੇ ਨੂੰ ਮੀਂਹ ਆ ਗਿਆ। ਜਲਦੀ ਨਾਲ ਛਤਰੀਆਂ ਖੋਹਲ ਕੇ ਉੱਪਰ ਲੈ ਲਈਆਂ । ਹਲਕੇ ਮੀਂਹ ਵਿੱਚ ਹੀ ਸ਼ੋਅ ਸ਼ੁਰੂ ਹੋਇਆ। ਜੇਲ੍ਹ ਦੇ ਦੋ ਬਲਾਕਾਂ ਦੀਆਂ ਕੰਧਾਂ ਅਤੇ ਪੰਡਾਲ ਦੇ ਸਾਹਮਣੇ ਲੱਗਾ ਪਰਦਾ ਵਰਤੋਂ ਵਿੱਚ ਆ ਰਿਹਾ ਸੀ। ਸ਼ੋਅ ਸ਼ੁਰੂ ਹੋਇਆ ਤਾਂ ਵਧੀਆ ਜਾਣਕਾਰੀ ਮਿਲਣ ਲੱਗੀ, ਪਰ ਇਹ ਵੇਖ ਕੇ ਹੈਰਾਨੀ ਹੋਈ ਕਿ ਰਿਕਾਰਡਿੰਗ ਕਰਨ ਤੋਂ ਸਖਤੀ ਨਾਲ ਮਨ੍ਹਾ ਕੀਤਾ ਜਾ ਰਿਹਾ ਸੀ।ਜਿਵੇਂ-ਜਿਵੇਂ ਸ਼ੋਅ ਅੱਗੇ ਵਧਣ ਲੱਗਾ ਤਾਂ ਇੰਜ ਜਾਪਣ ਲੱਗਾ ਜਿਵੇਂ ਸ਼ਖ਼ਸੀਅਤਾਂ ਅਤੇ ਇਤਿਹਾਸਕ ਤੱਥਾਂ ਨੂੰ ਸਹੀ ਤਰ੍ਹਾਂ ਨਾਲ ਪੇਸ਼ ਨਹੀਂ ਕੀਤਾ ਜਾ ਰਿਹਾ। ਖੈਰ, ਸ਼ੋਅ ਖਤਮ ਹੋਣ ਤੱਕ ਮੀਂਹ ਵੀ ਹਟ ਚੁੱਕਾ ਸੀ।

'ਦੰਡੀ ਬਸਤੀ' ਪੜ੍ਹਨ ਦਾ ਇਹ ਫਾਇਦਾ ਹੋਇਆ ਕਿ ਅੰਡੇਮਾਨ ਟਾਪੂਆਂ ਦੀ ਇੱਕ ਧੁੰਦਲੀ ਜਿਹੀ ਇਤਿਹਾਸਕ ਅਤੇ ਭੂਗੋਲਿਕ ਤਸਵੀਰ ਦਿਮਾਗ ਵਿੱਚ ਬਣ ਚੁੱਕੀ ਸੀ।ਪੋਰਟ ਬਲੇਅਰ ਤੋਂ ਮੋਟਰ ਬੋਟ ਰਾਹੀਂ ਵੀਹ ਮਿੰਟ ਦੀ ਦੂਰੀ 'ਤੇ ਰੋਸ ਟਾਪੂ [ਹੁਣ ਬੋਸ ਟਾਪੂ] ਹੈ। ਇਸ ਟਾਪੂ 'ਤੇ ਹੀ ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਆਪਣਾ ਪ੍ਰਬੰਧਕੀ ਕੇਂਦਰ ਬਣਾਇਆ ਸੀ। ਸੈਲੂਲਰ ਜੇਲ੍ਹ ਇਹਦੇ ਬਿਲਕੁਲ ਸਾਹਮਣੇ, ਪਰ ਵੱਖਰੇ ਟਾਪੂ ਉੱਤੇ ਹੈ। ਅਗਲੇ ਦਿਨ ਸੈਲੂਲਰ ਜੇਲ੍ਹ ਤੋਂ ਬਾਅਦ ਰੋਸ ਟਾਪੂ ਜਾਣ ਦਾ ਪ੍ਰੋਗਰਾਮ ਬਣਾ ਲਿਆ ।

ਅਗਲੀ ਸਵੇਰ ਦਸ ਕੁ ਵਜੇ ਅਸੀਂ ਆਟੋ ਲੈ ਕੇ ਸੈਲੂਲਰ ਜੇਲ੍ਹ ਪਹੁੰਚ ਗਏ। ਸਾਨੂੰ ਉਤਾਰ ਕੇ ਆਟੋ ਵਾਲੇ ਨੇ ਮੇਰਾ ਨੰਬਰ ਲੈ ਲਿਆ। ਉਹਨੇ ਕਿਹਾ ਕਿ ਸਾਨੂੰ ਬਾਅਦ ਵਿੱਚ ਰੋਸ ਟਾਪੂ ਜਾਣ ਵਾਲੀਆਂ ਕਿਸ਼ਤੀਆਂ ਵਾਲੀ ਜਗ੍ਹਾ ਛੱਡ ਆਵੇਗਾ। ਅਸੀਂ ਕਾਊਂਟਰ ਤੋਂ ਟਿਕਟ ਲਈ ਤੇ ਮੁੱਖ ਦਰਵਾਜ਼ੇ 'ਤੇ ਪਹੁੰਚ ਗਏ।ਦਰਵਾਜ਼ੇ ਵਿੱਚ ਖੜੇ ਸਕਿਉਰਟੀ ਗਾਰਡ ਨੂੰ ਟਿਕਟ ਦਿਖਾਈ ਤਾਂ ਉਹਨਾਂ ਕਿਹਾ ਕਿ ਅਸੀਂ ਗਾਈਡ ਲੈ ਲਈਏ। ਭਾਵੇਂ ਜ਼ਰੂਰਤ ਨਹੀਂ ਸੀ ਲੱਗਦੀ, ਫਿਰ ਵੀ ਹਾਂ ਕਰ ਦਿੱਤੀ। ਗਾਈਡ ਨੇ ਕਿਹਾ ਕਿ ਪਹਿਲਾਂ ਜੇਲ੍ਹ ਦਾ ਚੱਕਰ ਲਾ ਆਈਏ, ਫਿਰ ਵਾਪਸ ਆ ਕੇ ਗੈਲਰੀ ਵੇਖ ਲਈਏ, ਪਰ ਗੈਲਰੀ ਤਾਂ ਦਰਵਾਜ਼ੇ ਦੀ ਡਿਉਢੀ ਦੇ ਦੋਵੇਂ ਪਾਸੇ ਹੀ ਸੀ। ਸੋ ਅਸਾਂ ਪਹਿਲਾਂ ਗੈਲਰੀ ਵੇਖਣ ਦਾ ਫੈਸਲਾ ਕੀਤਾ। ਗਾਈਡ ਉੱਥੇ ਖੜ ਕੇ ਸਾਡੇ ਆਉਣ ਦੀ ਉਡੀਕ ਕਰਨ ਲੱਗਾ। ਅਸੀਂ ਡਿਉਢੀ ਦੇ ਸੱਜੇ ਹੱਥ ਵਾਲੇ ਹਾਲ਼ ਵਿੱਚ ਚਲੇ ਗਏ।ਇੱਥੇ ਜੇਲ੍ਹ ਬਣਨ ਤੋਂ ਲੈ ਕੇ ਬਾਅਦ ਤੱਕ ਦੀ ਜਾਣਕਾਰੀ ਤਸਵੀਰਾਂ ਰਾਹੀਂ ਪੇਸ਼ ਕੀਤੀ ਹੋਈ ਮਿਲੀ। ਕਈ ਮਹੱਤਵਪੂਰਨ ਦਸਤਾਵੇਜ਼ ਵੀ ਸਨ। ਖਾਸ ਚੀਜ਼ ਕਿ ਉਸ ਸਮੇਂ ਕੈਦੀਆਂ ਨੂੰ ਪਵਾਏ ਜਾਂਦੇ ਕੱਪੜੇ ਅਤੇ ਹੋਰ ਵਰਤਿਆ ਜਾਂਦਾ ਸਾਮਾਨ ਵੀ ਸੀ। ਜੇਲ੍ਹ ਦੇ ਬਣਨ, ਸੰਚਾਲਨ ਆਦਿ ਨੂੰ ਜਾਨਣ ਲਈ ਇਹ ਹਾਲ਼ ਮਹੱਤਵਪੂਰਨ ਲੱਗਾ। ਇੱਥੋਂ ਨਿਕਲ ਕੇ ਡਿਉਢੀ ਵਿੱਚ ਆਏ ਤੇ ਫਿਰ ਖੱਬੇ ਹੱਥ ਵਾਲੇ ਹਾਲ ਵਿੱਚ ਚਲੇ ਗਏ। ਇਸ ਹਾਲ ਵਿੱਚ ਮੁੱਖ ਤੌਰ 'ਤੇ ਕੈਦੀਆਂ ਦੀਆਂ ਤਸਵੀਰਾਂ ਸਨ। ਅਜ਼ਾਦੀ ਘੁਲਾਟੀਆਂ ਦੀਆਂ ਕੇਸ ਵਾਈਜ਼ ਤਸਵੀਰਾਂ ਲੱਗੀਆਂ ਹੋਈਆਂ ਸਨ। ਪਹਿਲੀ ਕਤਾਰ ਵਿੱਚ ਹੀ 1914 ਦੇ ਗਦਰੀ ਕੈਦੀਆਂ ਦੀਆਂ ਤਸਵੀਰਾਂ ਦਿਸੀਆਂ। ਆਪਣੇ ਪਿੰਡ ਦੇ ਗਦਰੀ ਬਾਬੇ ਸ਼ੇਰ ਸਿੰਘ ਦੀ ਤਸਵੀਰ ਲਾਗੇ ਖੜੇ ਹੋ ਕੇ ਤਸਵੀਰ ਖਿਚਵਾਈ। ਸਾਰੀਆਂ ਤਸਵੀਰਾਂ ਨੂੰ ਧਿਆਨ ਨਾਲ ਵੇਖਿਆ ਤੇ ਪੜ੍ਹਿਆ। ਇੱਕ ਗੱਲ ਨੇ ਨਿਰਾਸ਼ ਕੀਤਾ ਕਿ ਕਿਸੇ ਗਦਰੀ ਦੀ ਉਸ ਸਮੇਂ ਦੀ ਫੋਟੋ ਨਹੀਂ ਸੀ ਜਦੋਂ ਉਹ ਜੇਲ੍ਹ ਵਿੱਚ ਸਨ। ਉਹੀ ਫੋਟੋਆਂ ਲੱਗੀਆਂ ਸਨ, ਜੋ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਲੱਗੀਆਂ ਹੋਈਆਂ ਹਨ।ਇਹ ਉਹਨਾਂ ਦੀ ਢਲਦੀ ਉਮਰ ਦੀਆਂ ਹਨ। ਸਾਰੀ ਗੈਲਰੀ ਵੇਖਣ ਵਿੱਚ ਸਾਨੂੰ ਅੱਧਾ ਪੌਣਾ ਲੱਗ ਗਿਆ। ਵਾਪਸ ਆਏ ਤਾਂ ਗਾਈਡ ਉਡੀਕ ਰਿਹਾ ਸੀ। ਮੈਂ ਉਹਨੂੰ ਫੋਨ ਵਿੱਚ ਖਿੱਚੀ ਬਾਬੇ ਸ਼ੇਰ ਸਿੰਘ ਦੀ ਫੋਟੋ ਵਿਖਾਈ ਤੇ ਦੱਸਿਆ ਕਿ ਮੈਂ ਇਸ ਗਦਰੀ ਦੇ ਪਿੰਡ ਦਾ ਹਾਂ । ਇਹਨਾਂ ਦੇ ਕਾਰਨ ਹੀ ਮੈਨੂੰ ਜੇਲ੍ਹ ਵਿੱਚ ਕੁਝ ਵਧੇਰੇ ਦਿਲਚਸਪੀ ਹੈ। ਇਸ ਨਾਲ ਗਾਈਡ ਦਾ ਸਾਡੇ ਪ੍ਰਤੀ ਵਤੀਰਾ ਸਨਮਾਨ ਵਾਲਾ ਹੋ ਗਿਆ। ਅਸੀਂ ਉਹਦੇ ਨਾਲ ਡਿਉਢੀ ਲੰਘ ਕੇ ਜੇਲ੍ਹ ਵਿੱਚ ਦਾਖਲ ਹੋ ਗਏ। ਅੰਦਰ ਜਾਂਦੇ ਹੀ ਇੱਕ ਪਿੱਪਲ ਦਿਸਿਆ ।ਇਸ ਕੋਲ ਇੱਕ ਬੋਰਡ ਵੀ ਲੱਗਾ ਹੋਇਆ ਹੈ। ਇਸ ਬੋਰਡ ਦੀ ਇਬਾਰਤ ਦਾ ਭਾਵ ਹੈ ਕਿ ਇਹ ਪਿੱਪਲ ਇੱਥੇ ਹੋਏ ਹਰ ਜ਼ੁਲਮ ਦਾ ਚਸ਼ਮਦੀਦ ਗਵਾਹ ਰਿਹਾ ਹੈ । 1998 ਦੀ ਇੱਕ ਰਾਤ ਨੂੰ ਆਏ ਤੂਫਾਨ ਨਾਲ ਇਹ ਜੜ੍ਹ ਤੋਂ ਪੁੱਟਿਆ ਗਿਆ ਸੀ। ਇਹਨੂੰ ਦੁਬਾਰਾ ਉਸੇ ਹੀ ਜਗ੍ਹਾ ਲਾਇਆ ਗਿਆ, ਪਰ ਕਾਂਟ-ਛਾਂਟ ਕਰਕੇ ਛੋਟਾ ਕਰਨਾ ਪਿਆ। ਪਿੱਪਲ ਦੇ ਅੱਗੇ ਜੇਲ੍ਹ ਦੇ ਇੱਕ ਬਲਾਕ ਦਾ ਪਿਛਲਾ ਪਾਸਾ ਦਿਸਦਾ ਸੀ। ਇਸ ਦੇ ਸੱਜੇ ਹੱਥ ਕੁਝ ਦੂਰੀ 'ਤੇ ਇੱਕ ਹੋਰ ਬਲਾਕ ਦਾ ਸਾਹਮਣਾ ਪਾਸਾ ਦਿਸ ਰਿਹਾ ਸੀ।






ਹਰ ਬਲਾਕ ਸਿੱਧੀ ਰੇਖਾ ਵਿੱਚ ਤੇ ਤਿੰਨ ਮੰਜ਼ਲਾ ਹੈ । ਗਾਈਡ ਸਾਨੂੰ ਸੱਜੇ ਹੱਥ ਵੱਲ ਲੈ ਗਿਆ। ਦੋਨਾਂ ਬਲਾਕਾਂ ਦੇ ਲੱਗਭੱਗ ਅੱਧ ਵਿੱਚ ਜਾ ਕੇ ਉਹ ਇੱਕ ਕੋਠੜੀ ਦੇ ਅੱਗੇ ਰੁਕਿਆ। ਫਿਰ ਉਹਦਾ ਜਿੰਦਰਾ ਖੋਹਲ ਦਿੱਤਾ । ਮੈਂ ਅੰਦਰ ਝਾਕ ਕੇ ਵੇਖਿਆ ਤਾਂ ਉੱਪਰੋਂ ਇੱਕ ਰੱਸਾ ਲਮਕ ਰਿਹਾ ਸੀ। ਰੱਸੇ ਨੂੰ ਹੇਠਾਂ ਗੋਲ ਚੱਕਰ ਬਣਾ ਕੇ ਖਿਸਕਾਵੀਂ ਗੰਢ ਦਿੱਤੀ ਹੋਈ ਸੀ। ਗਾਈਡ ਨੇ ਦੱਸਿਆ ਕਿ ਇਹ ਫਾਂਸੀ ਵਾਲੀ ਕੋਠੜੀ ਹੈ।ਕਿਸੇ ਕੈਦੀ ਵੱਲੋਂ ਕੀਤੇ 'ਜੁਰਮ' ਕਾਰਨ ਜੇਲ੍ਹ ਵਿੱਚ ਹੀ ਮੁਕੱਦਮਾ ਚਲਾ ਕੇ ਸਜ਼ਾ ਦੇਣ ਦਾ ਪ੍ਰਬੰਧ ਸੀ। ਤਖਤੇ ਦੇ ਇੱਕ ਪਾਸੇ ਲੀਵਰ ਲੱਗਾ ਸੀ, ਜਿਸ ਨੂੰ ਖਿੱਚਣ 'ਤੇ ਪੈਰਾਂ ਹੇਠਲਾ ਤਖ਼ਤਾ ਵਿਚਕਾਰੋਂ ਹੇਠਾਂ ਨੂੰ ਖੁੱਲ੍ਹ ਜਾਂਦਾ ਸੀ। ਫਿਰ ਗਾਈਡ ਨੇ ਤਖ਼ਤੇ ਹੇਠਾਂ ਬਣੀ ਛੋਟੀ ਕੋਠੜੀ ਵੀ ਤਾਲਾ ਖੋਹਲ ਕੇ ਦਿਖਾਈ। ਇਸ ਕੋਠੜੀ ਵਿੱਚ ਤਖ਼ਤਾ ਖੁੱਲ੍ਹਦਾ ਸੀ। ਫਾਂਸੀ ਵਾਲੀ ਕੋਠੜੀ ਦੇ ਸੱਜੇ ਹੱਥ ਇੱਕ ਬਲਾਕ [ਸੰਭਵਤ ਬਲਾਕ ਨੰਬਰ ਸੱਤ] ਦਾ ਸਾਹਮਣਾ ਪਾਸਾ ਦਿਸ ਰਿਹਾ ਸੀ। ਪਿੱਛੇ ਕੋਠੜੀਆਂ ਤੇ ਅੱਗੇ ਬਰਾਂਡਾ। ਬਰਾਂਡੇ ਅੱਗੇ ਮੋਟੀਆਂ ਸੀਖਾਂ ਦਾ ਜੰਗਲਾ । ਇੱਕ ਦਰ ਖੁੱਲ੍ਹਾ ਹੋਇਆ ਸੀ। ਅਸੀਂ ਉਸ ਦਰ ਰਾਹੀਂ ਬਰਾਂਡੇ ਵਿੱਚ ਦਾਖਲ ਹੋ ਗਏ। ਅੱਗੇ ਕੋਠੜੀਆਂ ਦੇ ਦਰਵਾਜ਼ੇ ਵੀ ਮੋਟੀਆਂ ਸੀਖਾਂ ਦੇ ਸਨ। ਇਹਨਾਂ ਨੂੰ ਬੰਦ ਕਰਨ ਦਾ ਤਰੀਕਾ ਵੱਖਰਾ ਸੀ।ਅਰਲ ਨੂੰ ਜਿੱਥੇ ਕੁੰਡਾ ਅਤੇ ਜਿੰਦਰਾ ਮਾਰਿਆ ਜਾਂਦਾ ਸੀ ਉਥੇ ਕੋਠੜੀ ਦੇ ਅੰਦਰੋਂ ਹੱਥ ਨਹੀਂ ਪਹੁੰਚਦਾ ਸੀ। ਅਸੀਂ ਵੇਖਿਆ ਕਿ ਸਾਰੀਆਂ ਕੋਠੜੀਆਂ ਦੇ ਦਰਵਾਜ਼ੇ ਖੁੱਲ੍ਹੇ ਸਨ। ਮੈਂ ਇੱਕ ਕੋਠੜੀ ਦੇ ਅੰਦਰ ਦਾਖਲ ਹੋ ਗਿਆ । ਆਇਤਕਾਰ ਕੋਠੜੀ ਸੀ। ਬਾਰਾਂ ਤੇਰਾਂ ਕੁ ਫੁੱਟ ਲੰਮੀ ਅਤੇ ਅੱਠ ਕੁ ਫੁੱਟ ਚੌੜੀ ।ਚੂਨੇ ਤੇ ਇੱਟਾਂ ਦੀਆਂ ਕੰਧਾਂ।ਫਰਸ਼ ਵੀ ਇੱਟਾਂ ਦਾ।ਇੱਟਾਂ ਦੀ ਡਾਟ ਵਾਲੀ ਛੱਤ। ਪਿਛਲੀ ਕੰਧ ਵਿੱਚ ਛੱਤ ਤੋਂ ਥੋੜ੍ਹਾ ਨੀਵਾਂ ਇੱਕ ਰੌਸ਼ਨਦਾਨ। ਫਰਸ਼ ਵਿੱਚ ਅੱਧ ਤੋਂ ਥੋੜ੍ਹਾ ਅਗਾਂਹ ਕਰਕੇ ਦੋ ਜਗ੍ਹਾ ਬਰਤਨ ਰੱਖਣ ਲਈ ਬਣੀਆਂ ਹੋਈਆਂ। ਇਹ ਰਾਤ ਨੂੰ ਪਿਸ਼ਾਬ ਆਦਿ ਕਰਨ ਲਈ ਬਰਤਨ ਰੱਖਣ ਵਾਸਤੇ ਸਨ। ਇਹਨਾਂ ਜਗ੍ਹਾ ਬਾਰੇ ਇੱਕ ਹੋਰ ਗੱਲ। ਉੱਪਰਲੀ ਇੱਕ ਕੋਠੜੀ ਨੂੰ ਵੀਰ ਸਾਵਰਕਰ ਸੈੱਲ ਦਾ ਨਾਂਅ ਦਿੱਤਾ ਹੋਇਆ ਹੈ। ਉੱਥੇ ਰਾਤ ਸੌਣ ਲਈ ਨੀਵਾਂ ਜਿਹਾ ਤਖ਼ਤਾ ਅਤੇ ਕੰਬਲ ਆਦਿ ਵੀ ਰੱਖਿਆ ਹੈ। ਉੱਥੇ ਜੋ ਤਖ਼ਤਾ ਰੱਖਿਆ ਹੈ, ਉਹ ਇਹਨਾਂ ਜਗ੍ਹਾ ਦੇ ਪਿੱਛੇ ਹੈ, ਭਾਵ ਇਹ ਜਗ੍ਹਾ ਤਖ਼ਤੇ ਦੇ ਬਿਲਕੁਲ ਅੱਗੇ। ਇਸ ਨਾਲ ਕੋਠੜੀ ਵਿੱਚ ਰਹਿਣਾ ਹੋਰ ਵੀ ਅਣਮਨੁੱਖੀ ਲੱਗਦਾ ਹੈ। ਖੈਰ, ਰਾਤ ਨੂੰ ਕੋਠੜੀ ਦਾ ਦਰਵਾਜ਼ਾ ਬੰਦ ਕਰ ਦਿੱਤਾ ਜਾਂਦਾ ਸੀ। ਸਾਰੇ ਬਰਾਂਡੇ ਅੱਗੋਂ ਮੋਟੀਆਂ ਸੀਖਾਂ ਨਾਲ ਬੰਦ ਸਨ ਤੇ ਕੇਂਦਰੀ ਬੁਰਜ ਨਾਲ ਜੁੜੇ ਹੋਏ ਸਨ ।ਸੋ ਜੇ ਕੋਈ ਬੰਦਾ ਰਾਤ ਨੂੰ ਕੋਠੜੀ ਵਿੱਚੋਂ ਨਿਕਲ ਵੀ ਜਾਵੇ ਤਾਂ ਕੇਂਦਰੀ ਬੁਰਜ ਤੋਂ ਬਗੈਰ ਹੋਰ ਕੋਈ ਰਸਤਾ ਬਾਹਰ ਨਿਕਲਣ ਨੂੰ ਨਹੀਂ ਸੀ ਬਚਦਾ। ਇੱਕ ਕੋਠੜੀ ਵਿੱਚ ਇੱਕ ਕੈਦੀ ਹੁੰਦਾ ਸੀ । ਕੈਦੀਆਂ ਦੀਆਂ ਕੋਠੜੀਆਂ ਬਦਲ ਦਿੱਤੀਆਂ ਜਾਂਦੀਆਂ ਸਨ। ਇੰਜ ਰਾਤ ਨੂੰ ਕੌਣ ਕਿਸ ਕੋਠੜੀ ਵਿੱਚ ਹੋਵੇਗਾ, ਕਿਸੇ ਨੂੰ ਪਤਾ ਨਹੀਂ ਸੀ ਹੁੰਦਾ। ਬਰਾਂਡੇ ਵਿੱਚ ਤੁਰਦੇ-ਤੁਰਦੇ ਅਸੀਂ ਕੇਂਦਰੀ ਬੁਰਜ ਵਿੱਚ ਆ ਗਏ। ਪੌੜੀਆਂ ਚੜ੍ਹ ਕੇ ਉੱਪਰ ਚਲੇ ਗਏ। ਸਾਰੇ ਸੱਤ ਬਲਾਕ ਇਸ ਬੁਰਜ ਨਾਲ ਜੁੜੇ ਸਨ। ਕੇਂਦਰੀ ਬੁਰਜ ਗੋਲ ਹੈ, ਜਿਸ ਕਰਕੇ ਬਲਾਕਾਂ ਦੀ ਆਪਸੀ ਦੂਰੀ ਇਸ ਬੁਰਜ ਨੇੜੇ ਘੱਟ ਅਤੇ ਇਸ ਤੋਂ ਦੂਰ ਵੱਧ ਹੈ। ਬਲਾਕ ਅਤੇ ਬੁਰਜ ਇੱਕ ਲੱਕੜੀ ਦੇ ਬਣੇ ਪੁਲ ਰਾਹੀਂ ਜੁੜੇ ਸਨ। ਇਹ ਪੁਲ ਰਾਤ ਨੂੰ ਚੁੱਕ ਦਿੱਤਾ ਜਾਂਦਾ ਸੀ ।ਇੱਥੋਂ ਪਹਿਰੇਦਾਰ ਸਾਰੇ ਬਲਾਕਾਂ ਦੀ ਨਿਗਰਾਨੀ ਕਰਦਾ ਸੀ। ਬਲਾਕਾਂ ਵਿੱਚ ਇੱਕ-ਇੱਕ ਵੱਖਰਾ ਪਹਿਰੇਦਾਰ ਹੁੰਦਾ ਸੀ, ਜਿਹੜਾ ਕਿ ਕੇਂਦਰੀ ਬੁਰਜ ਵਾਲੇ ਪਹਿਰੇਦਾਰ ਨੂੰ 'ਸਭ ਠੀਕ' ਦੱਸਦਾ ਰਹਿੰਦਾ ਸੀ। ਅਸੀਂ ਕੇਂਦਰੀ ਬੁਰਜ ਵਿੱਚ ਚੁਫੇਰੇ ਘੁੰਮ ਕੇ ਵੇਖਿਆ। ਇਸ ਵੇਲੇ ਤਿੰਨ ਬਲਾਕ ਸਲਾਮਤ ਹਨ, ਇੱਕ ਦੀ ਇੱਕ ਕੰਧ ਬਚੀ ਹੈ, ਬਾਕੀ ਦੇ ਢੱਠ ਚੁੱਕੇ ਹਨ।ਦੱਸਣ ਅਨੁਸਾਰ ਇਹ ਭੂਚਾਲ ਕਾਰਨ ਢੱਠੇ ਹਨ ਜਾਂ ਦੂਜੇ ਵਿਸ਼ਵ ਯੁੱਧ ਦੌਰਾਨ ਜਪਾਨੀਆਂ ਦੇ ਬੰਬਾਂ ਨਾਲ । ਦੂਜੀ ਗੱਲ ਜ਼ਿਆਦਾ ਠੀਕ ਲੱਗਦੀ ਹੈ, ਕਿਉਂਕਿ ਬਚੇ ਹੋਏ ਬਲਾਕ ਨੰਬਰ ਛੇ, ਸੱਤ ਅਤੇ ਇੱਕ ਹਨ। ਇਹ ਜੇਲ੍ਹ ਦੇ ਇੱਕੋ ਪਾਸੇ 'ਤੇ ਹਨ । ਭੂਚਾਲ ਨੇ ਹਰ ਪਾਸੇ ਇੱਕੋ ਜਿਹਾ ਨੁਕਸਾਨ ਕਰਨਾ ਸੀ, ਪਰ ਬੰਬ ਨੇ ਕੇਵਲ ਉਸ ਪਾਸੇ ਜਿੱਥੇ ਕਿ ਉਹਨੇ ਡਿੱਗਣਾ ਸੀ। ਜੇਲ੍ਹ ਦੀ ਢੱਠੀ ਥਾਂ ਹੁਣ ਆਮ ਸ਼ਹਿਰ ਦਾ ਹਿੱਸਾ ਹੈ ਅਤੇ ਇੱਕ ਢੱਠੇ ਹੋਏ ਬਲਾਕ ਵਾਲੀ ਥਾਂ 'ਤੇ ਹਸਪਤਾਲ ਹੈ। ਫਿਰ ਅਸੀਂ ਬੁਰਜ ਦੀ ਤੀਜੀ ਮੰਜ਼ਲ 'ਤੇ ਚਲੇ ਗਏ । ਸਭ ਕੁਝ ਹੇਠਲੀ ਮੰਜ਼ਲ ਵਰਗਾ ਹੀ ਸੀ। ਬਸ, ਇਸ ਮੰਜ਼ਲ ਉੱਪਰਲੀਆਂ ਸੱਤ ਨੰਬਰ ਬਲਾਕ ਦੀਆਂ ਕੋਠੜੀਆਂ ਕੁਝ ਵੱਡੀਆਂ ਹਨ। ਇਥੇ ਜੇਲ੍ਹ ਦੇ ਛੋਟੇ ਮੁਲਾਜ਼ਮ ਅਤੇ ਕੁਝ ਖੁੱਲ੍ਹ ਪ੍ਰਾਪਤ ਕੈਦੀ ਰਹਿੰਦੇ ਸਨ। ਇਥੇ ਹੀ ਇੱਕ ਕੋਠੜੀ ਦਾ ਨਾਂਅ ਵੀਰ ਸਾਵਰਕਰ ਸੈੱਲ ਹੈ। ਇਸ ਮੰਜ਼ਲ 'ਤੇ ਹੀ ਗਾਈਡ ਨੇ ਕੰਧ ਵਿੱਚ ਤਿੰਨ ਕਿੱਲ ਗੱਡੇ ਦਿਖਾਏ, ਤਿਕੋਣੀ ਸ਼ਕਲ ਵਿੱਚ। ਦੋ ਬੰਦੇ ਦੇ ਸਿਰ ਦੇ ਬਰਾਬਰ ਜਿਹੇ ਅਤੇ ਇੱਕ ਵਿਚਕਾਰ ਹੋਰ ਉੱਚਾ। ਇਹ ਕੈਦੀਆਂ ਨੂੰ ਸਾਰੀ ਰਾਤ ਖੜਾ ਰੱਖਣ ਦੀ ਸਜ਼ਾ ਦੇਣ ਵਾਸਤੇ ਸਨ।

ਕੇਂਦਰੀ ਬੁਰਜ ਤੋਂ ਹੇਠਾਂ ਆ ਕੇ ਮੈਂ ਬਲਾਕ ਨੰਬਰ ਇੱਕ ਦੇ ਸਾਹਮਣੇ ਪਾਸੇ ਵੱਲ ਚਲਾ ਗਿਆ। ਇਹ ਪਾਸਾ ਕਲ਼ੀ ਵਗੈਰਾ ਨਹੀਂ ਸੀ ਕੀਤਾ ਹੋਇਆ, ਕੰਧਾਂ ਕਾਲੀ ਭਾਅ ਮਾਰਦੀਆਂ ਹਨ। ਵਿਹੜਾ ਵੀ ਕੱਚਾ ਹੈ, ਬਾਕੀ ਬਲਾਕਾਂ ਵਾਂਗ ਲਾਅਨ ਵਗੈਰਾ ਨਹੀਂ ਬਣਾਏ ਹੋਏ। ਇਸ ਨਾਲ ਪੁਰਾਣੀ ਜੇਲ੍ਹ ਦੀ ਹੋਰ ਅਸਲੀ ਤਸਵੀਰ ਵੇਖੀ ਜਾ ਸਕਦੀ ਸੀ। ਇੱਥੇ ਹੀ ਕੈਦੀਆਂ ਦੇ ਨਹਾਉਣ ਲਈ ਬਣਿਆ ਚੁਬੱਚਾ ਟਾਈਪ ਇਸ਼ਨਾਨ ਕੁੰਡ ਸੀ। ਇਸ ਤੋਂ ਬਾਅਦ ਗਾਈਡ ਸਾਨੂੰ ਇੱਕ ਸ਼ੈੱਡਨੁਮਾ ਕਮਰੇ ਵਿੱਚ ਲੈ ਗਿਆ, ਜੋ ਕਿ ਫਾਂਸੀ ਵਾਲੀ ਕੋਠੜੀ ਦੇ ਬਿਲਕੁਲ ਸਾਹਮਣੇ ਹੈ। ਇੱਥੇ ਜੇਲ੍ਹ ਅਤੇ ਕੈਦੀਆਂ ਨਾਲ ਸੰਬੰਧਤ ਚੀਜ਼ਾਂ ਹਨ। ਕੈਦੀਆਂ ਕੋਲੋਂ ਤੇਲ ਕਢਵਾਉਣ ਵਾਲਾ ਕੋਹਲੂ, ਜੋ ਬੰਦੇ ਦੇ ਖਿੱਚਣ ਵਾਲਾ ਸੀ। ਨਾਰੀਅਲ ਦੀ ਮੁੰਜ ਕੁੱਟਦੇ ਕੈਦੀ ਦਾ ਬੁੱਤ ਵੀ ਸੀ। ਮੈਂ ਪੜ੍ਹਿਆ ਸੀ ਕਿ ਕੈਦੀ ਨੂੰ ਸਜ਼ਾ ਦੇਣ ਲਈ ਉਹਨੂੰ ਬੋਰੀ ਦੇ ਕੱਪੜੇ ਪਵਾ ਦੇਂਦੇ ਸਨ। ਤਦ ਮੈਨੂੰ ਇਹ ਸਜ਼ਾ ਬਾਹਲੀ ਔਖੀ ਨਹੀਂ ਜਾਪਦੀ ਸੀ, ਕਿਉਂਕਿ ਛੋਟੇ ਹੁੰਦੇ ਮੈਂ ਕਈ ਲੋਕਾਂ ਨੂੰ ਠੰਢ ਤੋਂ ਬਚਣ ਲਈ ਬੋਰੀ ਦੇ ਕੋਟ ਜਿਹੇ ਬਣਵਾ ਕੇ ਪਾਉਂਦੇ ਵੇਖਿਆ ਸੀ, ਪਰ ਉੱਥੇ ਜਦ ਮੈਂ ਬੋਰੀ ਦੀ ਵਰਦੀ ਨੂੰ ਹੱਥ ਲਾ ਕੇ ਵੇਖਿਆ ਤਾਂ ਹੈਰਾਨ ਰਹਿ ਗਿਆ। ਇਹ ਨਾਰੀਅਲ ਦੀ ਮੁੰਜ ਦੀ ਬਣੀ ਸੀ, ਜੋ ਕਿ ਕੈਦੀਆਂ ਵੱਲੋਂ ਹੱਥ ਨਾਲ ਕੁੱਟ ਕੇ ਬਣਾਈ ਜਾਂਦੀ ਸੀ। ਇਸ ਦੇ ਧਾਗੇ ਕੰਡਿਆਂ ਵਰਗੇ ਸਨ। ਮੈਂ ਜੋ ਬੋਰੀ ਸਮਝਦਾ ਸੀ, ਉਹ ਸਣ ਦੇ ਸੇਬੇ ਦੀ ਮਸ਼ੀਨੀ ਬੋਰੀ ਹੁੰਦੀ ਸੀ। ਮੈਨੂੰ ਇਸ ਸਜ਼ਾ ਦੀ ਤਕਲੀਫ ਮਹਿਸੂਸ ਹੋਈ । ਇੱਥੇ ਹੀ ਕੈਦੀਆਂ ਨੂੰ ਸਜ਼ਾ ਦੇਣ ਲਈ ਵਰਤੀਆਂ ਜਾਂਦੀਆਂ ਡੰਡਾ ਬੇੜੀਆਂ, ਖੜ੍ਹੀ ਬੇੜੀ ਆਦਿ ਵੇਖੀਆਂ। ਬੋਰੀ ਤੋਂ ਮੈਨੂੰ ਇੱਕ ਬੰਦੇ ਦਾ ਚੇਤਾ ਆ ਰਿਹਾ ਹੈ, ਇਸ ਬੰਦੇ ਦਾ ਵੀ ਇਸ ਜੇਲ੍ਹ ਜਿੰਨਾ ਹੀ ਕਾਲਾ ਇਤਿਹਾਸ ਹੈ। ਇਹ ਮਿਸਟਰ ਬੇਰੀ ਸੀ, ਜੇਲ੍ਹ ਦਾ ਸੁਪਰਡੈਂਟ ।ਬਹੁਤ ਹੀ ਜ਼ਾਲਮ। ਕਹਿੰਦੇ ਇਹ ਕਿਹਾ ਕਰਦਾ ਸੀ ਕਿ ਇੱਕ ਰੱਬ ਉੱਪਰ ਹੈ, ਪਰ ਇਸ ਜੇਲ੍ਹ ਦਾ ਰੱਬ ਮੈਂ ਹਾਂ। ਜਦੋਂ ਗਦਰੀਆਂ ਦਾ ਪਹਿਲਾ ਜਥਾ ਜੇਲ੍ਹ ਵਿੱਚ ਪਹੁੰਚਿਆ ਤਾਂ ਇਹਨੇ ਉਹਨਾਂ ਉੱਤੇ ਰੋਹਬ ਜਮਾਉਣ ਲਈ ਉਹਨਾਂ ਨੂੰ ਜਾਂਦਿਆਂ ਹੀ ਧਮਕਾਇਆ ਸੀ, ਪਰ ਉਹਨਾਂ ਸੱਚੇ ਦੇਸ਼ ਭਗਤਾਂ ਦੇ ਸਿਦਕ ਨੇ ਇਸ ਝੂਠੇ ਰੱਬ ਨੂੰ ਆਖਰ ਉਹਦੀ ਔਕਾਤ ਦਿਖਾ ਦਿੱਤੀ ਸੀ।

ਜੇਲ੍ਹ ਵੇਖਣ ਦਾ ਕੰਮ ਲੱਗਭੱਗ ਖਤਮ ਹੋ ਗਿਆ ਸੀ। ਗਾਈਡ ਨੂੰ ਉਹਦੀ ਫੀਸ ਪੁੱਛੀ ਤਾਂ ਉਹਨੇ ਕਿਹਾ ਕਿ ਉਂਜ ਤਾਂ ਦੋ ਸੌ ਰੁਪਏ ਹੈ, ਅਸੀਂ ਜਿੰਨੇ ਮਰਜ਼ੀ ਦੇ ਦੇਈਏ। ਮੈਂ ਤੁਝ ਵੱਧ ਪੈਸੇ ਦੇ ਦਿੱਤੇ। ਫਿਰ ਉਹਦੇ ਕੋਲੋਂ ਲਾਇਬਰੇਰੀ ਦਾ ਪਤਾ ਪੁੱਛਿਆ। ਉਹ ਸਾਡੇ ਨਾਲ ਹੀ ਚੱਲ ਪਿਆ। ਬਾਹਰ ਨਿਕਲਣ ਵਾਲੇ ਦਰਵਾਜ਼ੇ ਦੇ ਕੋਲ ਹੀ ਉੱਪਰਲੀ ਮੰਜ਼ਲ ਉੱਤੇ ਪ੍ਰਬੰਧਕੀ ਬਲਾਕ ਹੈ। ਇੱਥੇ ਹੀ ਲਾਇਬਰੇਰੀ ਹੈ। ਅਸੀਂ ਉੱਪਰ ਗਏ ਤਾਂ ਲਾਇਬਰੇਰੀ ਇੰਚਾਰਜ ਮੌਜੂਦ ਸਨ।ਮੈ ਉਹਨਾਂ ਨੂੰ ਦੱਸਿਆ ਕਿ ਮੈਂ ਗਦਰੀਆਂ ਬਾਰੇ ਵਿਸ਼ੇਸ਼ ਤੌਰ 'ਤੇ ਅਤੇ ਜੇਲ੍ਹ ਬਾਰੇ ਆਮ ਜਾਣਕਾਰੀ ਚਾਹੁੰਦਾ ਹਾਂ । ਇੰਚਾਰਜ ਨੇ ਕਿਹਾ ਕਿ ਇੱਕ-ਦੋ ਕਿਤਾਬਾਂ ਸ਼ਾਇਦ ਹੋਣ, ਉਹਨਾ ਲਈ ਵੀ ਕੱਲ੍ਹ ਆਉਣਾ ਪਵੇਗਾ। ਦੁਬਾਰਾ ਗਏ ਤਾਂ ਸ਼ਨੀਵਾਰ ਸੀ। ਪ੍ਰਬੰਧਕੀ ਬਲਾਕ ਦੇ ਇੰਚਾਰਜ ਸਾਹਿਬ ਮੌਜੂਦ ਸਨ। ਉਹਨਾਂ ਨੇ ਸਹਾਇਤਾ ਕਰਨ ਦਾ ਵਚਨ ਦਿੱਤਾ। ਮੇਰਾ ਨੰਬਰ ਵੀ ਲਿਆ, ਪਰ ਕੋਈ ਜਾਣਕਾਰੀ ਨਾ ਮਿਲ ਸਕੀ। ਹਾਂ, ਪਰ ਇਹ ਵੀ ਸੱਚ ਹੈ ਕਿ ਹੋ ਸਕਦਾ ਪੁਰਾਣਾ ਰਿਕਾਰਡ ਹੁਣ ਬਹੁਤਾ ਉਪਲੱਬਧ ਨਾ ਹੋਵੇ । ਜਪਾਨੀਆਂ ਦੇ ਕਬਜ਼ੇ ਵੇਲੇ ਖਤਮ ਹੋ ਗਿਆ ਹੋ ਸਕਦਾ ਹੈ ।

ਵਿਹਲੇ ਹੋ ਕੇ ਜੇਲ੍ਹ ਵਿੱਚੋਂ ਬਾਹਰ ਆ ਗਏ। ਆਟੋ ਵਾਲਾ ਉਡੀਕ ਰਿਹਾ ਸੀ, ਪਰ ਉਹਨੇ ਸਾਨੂੰ ਇਹ ਦੱਸ ਕੇ ਨਿਰਾਸ਼ ਕਰ ਦਿੱਤਾ ਕਿ ਰੋਸ ਟਾਪੂ ਨਹੀਂ ਜਾ ਸਕਦੇ। ਤੇਜ਼ ਹਵਾ ਕਾਰਨ ਕਿਸ਼ਤੀਆਂ ਬੰਦ ਕਰ ਦਿੱਤੀਆਂ ਹਨ । ਸਾਨੂੰ ਯਕੀਨ ਨਾ ਹੋਇਆ। ਇਸ ਲਈ ਇੱਕ ਵਾਰ ਉੱਥੇ ਜਾਣ ਦੀ ਜ਼ਿੱਦ ਕੀਤੀ । ਉਹ ਸਾਨੂੰ ਉੱਥੇ ਲੈ ਗਿਆ । ਉਹਦੀ ਗੱਲ ਸੱਚੀ ਸੀ। ਦਿਨ ਅਜੇ ਕਾਫੀ ਪਿਆ ਸੀ। ਉਹਨੇ ਸਾਨੂੰ 'ਚਿੜੀਆ ਟਾਪੂ' ਬੀਚ ਜਾਣ ਦਾ ਸੁਝਾਅ ਦਿੱਤਾ। ਅਸੀਂ ਉਹਦਾ ਸੁਝਾਅ ਮੰਨ ਕੇ ਉਹਦੇ ਨਾਲ ਤੁਰ ਪਏ। ਆਟੋ ਉੱਪਰ ਇੱਕ ਘੰਟੇ ਦਾ ਰਾਹ ਸੀ। ਸੰਘਣੇ ਜੰਗਲ ਵਿੱਚ ਦੀ ਹੁੰਦੇ ਹੋਏ ਅਸੀਂ ਚਿੜੀਆ ਟਾਪੂ ਪਹੁੰਚ ਗਏ। ਇਹ ਇੱਕ ਸਾਫ-ਸੁਥਰੀ ਅਤੇ ਵਧੀਆ ਬੀਚ ਸੀ, ਪਰ ਸੀ ਸੱਖਣੀ ਜਿਹੀ। ਵਿਰਲੇ ਹੀ ਯਾਤਰੀ ਸਨ। ਭੀੜ-ਭੜੱਕੇ ਵਾਲੀ ਬੀਚ ਜਿੰਨੀ ਬੁਰੀ ਲੱਗਦੀ ਹੈ, ਸੁੰਞੀ ਤੇ ਸੱਖਣੀ ਉਸ ਤੋਂ ਵੀ ਬੁਰੀ । ਅਸੀਂ ਥੋੜ੍ਹੀ ਦੇਰ ਰੁਕ ਕੇ ਵਾਪਸ ਆ ਗਏ। ਸ਼ਾਮ ਨੂੰ ਬਜ਼ਾਰ ਵਿੱਚ ਘੁੰਮੇ । ਜਿਊਲਰੀ ਦੀਆਂ ਥਾਂ-ਥਾਂ ਦੁਕਾਨਾਂ ਵੇਖ ਕੇ ਅਸੀਂ ਹੈਰਾਨ ਹੋ ਰਹੇ ਸੀ। ਇਹ ਤਾਂ ਵਾਪਸੀ 'ਤੇ ਏਅਰਪੋਰਟ ਜਾ ਕੇ ਪਤਾ ਲੱਗਾ। ਉਥੇ ਇੱਕ ਦੁਕਾਨ 'ਤੇ ਮੋਤੀਆਂ ਦੀਆਂ ਕਈ ਮਾਲਾ ਪਈਆਂ ਸਨ। ਗੱਲ ਕਰਨ 'ਤੇ ਪਤਾ ਲੱਗਾ ਕਿ ਅੰਡੇਮਾਨ ਵਿੱਚ ਸਮੁੰਦਰ ਵਿੱਚੋਂ ਨਿਕਲਣ ਵਾਲੇ ਸੁੱਚੇ ਮੋਤੀਆਂ ਦੀਆਂ ਮਾਲਾਂ ਹਨ।ਅੰਡੇਮਾਨ ਵਿੱਚ ਸੁੱਚੇ ਮੋਤੀਆਂ ਆਦਿ ਦੇ ਵਪਾਰ ਦਾ ਵਾਹਵਾ ਕੰਮ ਹੈ।

ਹੋਟਲ ਆ ਕੇ ਅਸੀਂ ਅਗਲੇ ਦਿਨ ਦੇ ਪ੍ਰੋਗਰਾਮ ਬਾਰੇ ਸੋਚਣ ਲੱਗੇ । 'ਹੈਵਲਾਕ ਟਾਪੂ' ਅੰਡੇਮਾਨ ਦੀ ਪ੍ਰਸਿੱਧ ਸੈਰ-ਸਪਾਟਾ ਥਾਂ ਹੈ।ਪੋਰਟ ਬਲੇਅਰ ਤੋਂ 'ਫੇਰੀ' ਰਾਹੀਂ ਡੇਢ ਘੰਟੇ ਦੀ ਵਿੱਥ 'ਤੇ। ਯਾਤਰੀ ਇੱਕ ਤਾਂ ਡੇਢ ਘੰਟਾ ਸਮੁੰਦਰੀ ਸਫਰ ਦਾ ਅਨੰਦ ਮਾਣਦੇ ਹਨ। ਦੂਜਾ ਉਥੋਂ ਦੀਆਂ ਦੁਨੀਆ ਭਰ ਵਿੱਚ ਗਿਣੀਆਂ ਜਾਂਦੀਆਂ ਸਾਫ-ਸੁਥਰੀਆਂ ਅਤੇ ਵਧੀਆ ਬੀਚਾਂ ਦਾ ਅਨੰਦ ਮਾਣਦੇ ਹਨ।ਅਸੀਂ ਹੋਟਲ ਵਾਲਿਆਂ ਕੋਲ ਫੈਰੀ ਦੀਆਂ ਟਿਕਟਾਂ ਅਤੇ ਹੋਟਲ ਆਦਿ ਬੁੱਕ ਕਰਾਉਣ ਬਾਰੇ ਗੱਲ ਕੀਤੀ। ਕੁਝ ਦੇਰ ਬਾਅਦ ਉਹਨਾਂ ਦੱਸਿਆ ਕਿ ਆਫ ਸੀਜ਼ਨ ਹੋਣ ਕਾਰਨ ਇੱਕ ਹੀ ਫੈਰੀ ਸਰਵਿਸ ਚੱਲਦੀ ਹੈ। ਪਬਲਿਕ ਫੈਰੀ ਉਪਲੱਬਧ ਨਹੀਂ ਹੈ। ਕੇਵਲ ਪ੍ਰਾਈਵੇਟ ਫੈਰੀ ਹੀ ਉਪਲੱਬਧ ਹੈ। ਉਸ ਦੀਆਂ ਵੀ ਜਾਣ ਲਈ ਪ੍ਰੀਮੀਅਮ ਸੀਟਾਂ ਹੀ ਬਚੀਆਂ ਸਨ। ਭਾਵ ਜਾਣ ਲਈ ਟਿਕਟ ਮਹਿੰਗੀ ਮਿਲਦੀ ਸੀ, ਹਾਂ ਆਉਣ ਲਈ ਆਮ ਟਿਕਟ ਉਪਲੱਬਧ ਸੀ। ਅਸੀਂ ਟਿਕਟਾਂ ਬੁੱਕ ਕਰਾ ਲਈਆਂ। ਹੋਟਲ ਵੀ ਹੋ ਗਿਆ। ਅਗਲੀ ਸਵੇਰ ਅਸੀਂ ਕਰੀਬ ਸਾਢੇ ਅੱਠ ਵਜੇ 'ਜੈਟੀ' ਭਾਵ ਫੈਰੀ ਚੱਲਣ ਵਾਲੀ ਜਗ੍ਹਾ ਪਹੁੰਚ ਗਏ। ਸਾਮਾਨ ਦੀ ਬਾਕਾਇਦਾ ਸਕੈਨਿੰਗ ਕਰਾਈ ਗਈ। ਨੌਂ ਵਜੇ ਫੈਰੀ ਚੱਲ ਪਈ।ਫੈਰੀ ਵਿੱਚ ਇੱਕ ਵਿਅਕਤੀ ਸਾਡੇ ਕੋਲ ਆਇਆ। 'ਸਾਸਰੀ 'ਕਾਲ' ਕਹਿ ਕੇ ਦੱਸਣ ਲੱਗਾ, 'ਜੀ ਅਸੀਂ ਜਲੰਧਰ ਤੋਂ ਆਏ ਹਾਂ'।ਉਹ ਆਪਣੀ ਪਤਨੀ ਤੇ ਦੋ ਬੇਟੀਆਂ ਨਾਲ ਆਇਆ ਸੀ। ਕੁਝ ਦੇਰ ਗੱਲਬਾਤ ਤੋਂ ਬਾਅਦ ਉਹ ਆਪਣੀ ਸੀਟ 'ਤੇ ਜਾ ਬੈਠਾ। ਅਸੀਂ ਖੁੱਲ੍ਹੇ ਸਮੁੰਦਰ ਦਾ ਅਨੰਦ ਮਾਨਣ ਲੱਗੇ। ਟਾਪੂਆਂ ਦੀ ਇੱਕ-ਦੂਜੇ ਤੋਂ ਦੂਰੀ ਜ਼ਿਆਦਾ ਨਹੀਂ ਹੈ।ਇੱਕ ਤੋਂ ਬਾਅਦ ਦੂਜਾ ਟਾਪੂ ਦਿਸਣ ਲੱਗ ਜਾਂਦਾ ਹੈ। ਅਸੀਂ ਤਸਵੀਰਾਂ ਆਦਿ ਖਿੱਚਦੇ ਸਾਢੇ ਦਸ ਵਜੇ ਦੇ ਕਰੀਬ ਹੈਵਲਾਕ ਟਾਪੂ 'ਤੇ ਜਾ ਲੱਗੇ।ਟੈਕਸੀ ਵੀ ਪਹਿਲਾਂ ਤੋਂ ਬੁੱਕ ਸੀ, ਜੋ ਬਾਹਰ ਇੰਤਜ਼ਾਰ ਵਿੱਚ ਸੀ।ਜੈਟੀ ਦੇ ਨੇੜੇ ਹੀ ਹੋਟਲ ਸੀ। ਖੁੱਲ੍ਹਾ ਅਤੇ ਸਾਫ-ਸੁਥਰਾ ਹੋਟਲ ਸੀ।ਇੱਥੇ ਉਤਾਰ ਕੇ ਡਰਾਈਵਰ ਨੇ ਸਾਨੂੰ ਦੱਸਿਆ ਕਿ ਅਸੀਂ ਅੱਜ ਰਾਧਾਨਗਰ ਬੀਚ ਜਾ ਸਕਦੇ ਹਾਂ। ਐਲੀਫੈਂਟ ਬੀਚ ਜਿੱਥੇ ਕਿ ਸਕੂਬਾ ਡਾਈਵਿੰਗ ਅਤੇ ਹੋਰ ਪਾਣੀ ਵਾਲੀਆਂ ਖੇਡਾਂ ਹੁੰਦੀਆਂ ਹਨ, ਇਸ ਸਮੇਂ ਖਰਾਬ ਮੌਸਮ ਕਾਰਨ ਬੰਦ ਸੀ। ਅਸੀਂ ਕੁਝ ਖਾ-ਪੀ ਕੇ ਅਤੇ ਅਰਾਮ ਕਰ ਕੇ ਦੋ ਕੁ ਘੰਟੇ ਬਾਅਦ ਰਾਧਾਨਗਰ ਬੀਚ ਨੂੰ ਚੱਲ ਪਏ।ਜੰਗਲ ਵਿੱਚ ਦੀ ਹਰਾ-ਭਰਾ ਰਾਹ ਸੋਹਣਾ ਲੱਗ ਰਿਹਾ ਸੀ। ਬੀਚ ਵੀ ਖੁੱਲ੍ਹੀ-ਡੁੱਲ੍ਹੀ ਅਤੇ ਸਾਫ-ਸੁਥਰੀ ਸੀ। ਭੀੜ ਸੀ, ਪਰ ਭੀੜ-ਭੜੱਕਾ ਨਹੀਂ ਸੀ। ਇੱਕ ਪਾਸੇ ਸਮੁੰਦਰ ਅਤੇ ਇੱਕ ਪਾਸੇ ਜੰਗਲ ਸੀ।ਲੱਕੜੀ ਕੱਟ ਕੇ ਅਰਾਮ ਕਰਨ ਲਈ ਕੁਰਸੀਆਂ ਵਰਗੇ ਬੈਂਚ ਸਨ।ਤੈਰਾਕੀ ਲਈ ਜਗ੍ਹਾ ਦੀ ਨਿਸ਼ਾਨਦੇਹੀ ਕੀਤੀ ਹੋਈ ਸੀ। ਗਾਰਡ ਜਗ੍ਹਾ ਤੋਂ ਪਾਸੇ ਜਾਣ ਵਾਲਿਆਂ ਨੂੰ ਵਾਰ-ਵਾਰ ਚਿਤਾਵਨੀ ਦੇ ਰਹੇ ਸਨ।ਅਸੀਂ ਕਈ ਘੰਟੇ ਬੀਚ 'ਤੇ ਬਿਤਾਉਣ ਤੋਂ ਬਾਅਦ ਵਾਪਸ ਆ ਗਏ। ਅਗਲੇ ਦਿਨ ਕਾਲਾ ਪੱਥਰ ਬੀਚ 'ਤੇ ਗਏ। ਸਮੁੰਦਰ ਵਿੱਚ ਥਾਂ-ਥਾਂ ਕਾਲੇ ਰੰਗ ਦੇ ਪੱਥਰ ਦਿਸ ਰਹੇ ਸਨ। ਛੋਟੇ ਸਮੁੰਦਰੀ ਜੀਵ ਕੰਢਿਆਂ 'ਤੇ ਤੁਰ ਫਿਰ ਰਹੇ ਸਨ। ਕੁਝ ਦੇਰ ਇੱਥੇ ਰੁਕਣ ਤੋਂ ਬਾਅਦ ਹੋਟਲ ਵਾਪਸ ਆਏ। ਆਪਣਾ ਸਾਮਾਨ ਲਿਆ ਤੇ ਜੈਟੀ 'ਤੇ ਪਹੁੰਚ ਗਏ । ਸਾਡੀ ਫੈਰੀ ਚਾਰ ਵਜੇ ਚੱਲਣੀ ਸੀ।ਫੈਰੀ ਚੱਲੀ ਤਾਂ ਅਸੀਂ ਫਿਰ ਫੋਟੋਆਂ ਆਦਿ ਖਿੱਚਣ ਦੀ ਤਿਆਰੀ ਕਰਨ ਲੱਗੇ, ਪਰ ਜਲਦੀ ਹੀ ਵੱਖਰਾ ਅਹਿਸਾਸ ਹੋਣ ਲੱਗਾ। ਕਿਸ਼ਤੀ ਹੇਠਾਂ ਉੱਪਰ ਹਿਚਕੋਲੇ ਖਾਣ ਲੱਗੀ। ਸਾਰੇ ਯਾਤਰੂਆਂ ਵਿੱਚ ਘਬਰਾਹਟ ਜਿਹੀ ਦਿਸਣ ਲੱਗੀ। ਛੇਤੀ ਹੀ ਘਬਰਾਹਟ ਇੰਨੀ ਕੁ ਵਧ ਗਈ ਕਿ ਕੈਪਟਨ ਨੂੰ ਅਨਾਊਂਸ ਕਰਨਾ ਪਿਆ ਕਿ ਸਭ 'ਠੀਕ ਠਾਕ' ਹੈ, ਪਰ ਘਬਰਾਹਟ ਹੋਰ ਵਧ ਰਹੀ ਸੀ। ਮੌਸਮ ਖਰਾਬ ਸੀ। ਹਵਾ ਤੇਜ਼ ਵਗ ਰਹੀ ਸੀ, ਜਿਸ ਕਰਕੇ ਸਮੁੰਦਰ ਵਿੱਚ ਲਹਿਰਾਂ ਉੱਠ ਰਹੀਆਂ ਸਨ। ਫੈਰੀ ਅੰਦਰ ਚਾਲੀ ਫੀਸਦੀ ਯਾਤਰੀ ਉਲਟੀਆਂ ਕਰ ਰਹੇ ਸਨ। ਪਚਾਨਵੇਂ ਫੀਸਦੀ ਡਰੇ ਹੋਏ ਸਨ । ਬਾਹਲੇ ਉੱਚੀ ਅਵਾਜ਼ ਵਿੱਚ ਪ੍ਰਾਰਥਨਾ ਵੀ ਕਰ ਰਹੇ ਸਨ। ਸਟਾਫ ਦੇ ਮੈਂਬਰ ਮਦਦ ਵੀ ਕਰ ਰਹੇ ਸਨ ਤੇ ਹੌਸਲਾ ਵੀ ਦੇ ਰਹੇ ਸਨ। ਰੱਬ-ਰੱਬ ਕਰਦਿਆਂ ਡੇਢ ਘੰਟਾ ਲੰਘਿਆ ਅਤੇ ਅਸੀਂ ਧਰਤੀ 'ਤੇ ਉੱਤਰੇ। ਇੱਥੇ ਉੱਤਰ ਕੇ ਬਾਕੀਆਂ ਵਾਂਗ ਕੁਝ ਅਰਾਮ ਕੀਤਾ। ਸਿਹਤ ਅਤੇ ਮਨ ਕੁਝ ਸੰਭਲਣ ਤੋਂ ਬਾਅਦ ਅਸੀਂ ਬਾਹਰ ਆਏ। ਰਾਹ ਵਿੱਚ ਆਟੋ ਵਾਲੇ ਨੇ ਦੱਸਿਆ ਕਿ ਰੋਸ ਟਾਪੂ ਅਜੇ ਵੀ ਬੰਦ ਸੀ।

ਅਗਲੇ ਦਿਨ ਅਸੀਂ 'ਬਾਰਾਟਾਂਗ ਟਾਪੂ' ਜਾਣ ਦਾ ਪ੍ਰੋਗਰਾਮ ਬਣਾਇਆ। ਇਸ ਟਾਪੂ ਦੀ ਖਾਸੀਅਤ ਜਿੱਥੇ 'ਲਾਈਮਸਟੋਨ ਕੇਵ' ਹੈ।ਉੱਥੇ ਵੱਡੀ ਖਿੱਚ ਰਸਤੇ ਵਾਲਾ ਉਹ ਜੰਗਲ ਹੈ, ਜੋ ਕਿ ਆਦਿ ਵਾਸੀ ਕਬੀਲੇ ਲਈ ਰਾਖਵਾਂ ਰੱਖਿਆ ਹੈ। ਇਸ ਕਬੀਲੇ ਦਾ ਨਾਂਅ 'ਜਾੜਵਾ ਕਬੀਲਾ' ਹੈ । ਰਾਖਵਾਂ ਜੰਗਲ ਸ਼ੁਰੂ ਹੁੰਦੇ ਹੀ ਫੋਟੋਗਰਾਫੀ ਦੀ ਮਨਾਹੀ ਸ਼ੁਰੂ ਹੋ ਜਾਂਦੀ ਹੈ। ਗੱਡੀ ਵਾਲੇ ਨੇ ਦੱਸਿਆ ਕਿ ਧਿਆਨ ਨਾਲ ਦੋਵੇਂ ਪਾਸੇ ਵੇਖਦੇ ਜਾਈਏ। ਸੰਘਣੇ ਜੰਗਲ ਵਿੱਚ ਕਿਤੇ ਖੜੇ ਹੋਏ ਕਬੀਲਾਈ ਲੋਕ ਵੀ ਦਿਸ ਸਕਦੇ ਹਨ, ਪਰ ਨਾ ਇਹਨਾਂ ਨੂੰ ਕੋਈ ਇਸ਼ਾਰਾ ਕਰ ਸਕਦੇ ਹੋ ਨਾ ਕੁਝ ਦੇ ਸਕਦੇ ਹੋ ਅਤੇ ਨਾ ਹੀ ਕੋਈ ਗੱਲ ਕਰ ਸਕਦੇ ਹੋ। ਇਸ ਸਭ ਦੀ ਸਖਤ ਮਨਾਹੀ ਹੈ। ਸਾਡੀਆਂ ਨਜ਼ਰਾਂ ਆਦਿ ਵਾਸੀਆਂ ਨੂੰ ਲੱਭਣ ਲੱਗੀਆਂ। ਅੱਧੇ ਕੁ ਘੰਟੇ ਪਿੱਛੋਂ ਡਰਾਈਵਰ ਨੇ ਸਾਨੂੰ ਇਸ਼ਾਰਾ ਕੀਤਾ, 'ਵੁਹ ਖੜੇ ਹੈਂ ਦੋ' । ਅਸੀਂ ਵੇਖਿਆ ਤਾਂ ਸਾਨੂੰ ਇੱਕ ਪਹਾੜੀ ਦੇ ਕੰਢੇ 'ਤੇ ਤਿੰਨ ਜਣੇ ਖੜੇ ਦਿਸੇ। ਚੱਲਦੀ ਗੱਡੀ ਵਿੱਚੋਂ ਬੱਸ ਜਿੰਨਾ ਕੁ ਵੇਖ ਸਕਦੇ ਸੀ, ਝਲਕ ਜਿਹੀ । ਅੱਗੇ ਜਾ ਕੇ ਮੈਂ ਡਰਾਈਵਰ ਨੂੰ ਪੁੱਛਿਆ, 'ਵੁਹ ਸਾਥ ਮੇਂ ਤੀਸਰਾ ਆਦਮੀ ਕੌਨ ਖੜਾ ਥਾ' । ਤਾਂ ਉਹਨੇ ਦੱਸਿਆ ਕਿ ਇਹ ਸਰਕਾਰੀ ਆਦਮੀ ਹੈ। ਇਹ ਇਸ ਲਈ ਹੈ ਕਿ ਇਹ ਲੋਕ ਕਿਸੇ ਯਾਤਰੀ ਨੂੰ ਨੁਕਸਾਨ ਨਾ ਪਹੁੰਚਾਉਣ। ਉਹਨੇ ਇਹ ਵੀ ਦੱਸਿਆ ਕਿ ਪ੍ਰਸ਼ਾਸਨ ਇਸ ਕਬੀਲੇ ਦੇ ਸੰਪਰਕ ਵਿੱਚ ਰਹਿੰਦਾ ਹੈ। ਉਹਨਾ ਨੂੰ ਲੋੜ ਪੈਣ 'ਤੇ ਐਂਬੂਲੈਂਸ, ਦਵਾਈਆਂ ਜਾਂ ਖਾਣ ਦੀਆਂ ਚੀਜ਼ਾਂ ਵੀ ਦਿੱਤੀਆਂ ਜਾਂਦੀਆਂ ਹਨ। ਸਿਰਫ ਇਹੀ ਕਬੀਲਾ ਹੈ, ਜੋ ਥੋੜ੍ਹਾ-ਬਹੁਤ ਪ੍ਰਸ਼ਾਸਨ ਦੇ ਸੰਪਰਕ ਵਿੱਚ ਹੈ। ਅੰਡੇਮਾਨ ਅਤੇ ਨਿਕੋਬਾਰ ਵਿੱਚ ਕਈ ਟਾਪੂਆਂ ਉੱਤੇ ਕਈ ਕਬੀਲੇ ਹਨ । ਇਹ ਬਾਹਰੀ ਸੰਪਰਕ ਤੋਂ ਦੂਰ ਰਹਿੰਦੇ ਹਨ। ਇਹਨਾਂ ਲਈ ਰਿਜ਼ਰਵ ਜੰਗਲਾਂ ਵਿੱਚ ਬਾਕੀ ਲੋਕਾਂ ਦੇ ਜਾਣ ਦੀ ਮਨਾਹੀ ਹੈ। ਅਸੀਂ ਅੱਗੇ ਬਾਰਾਟਾਂਗ ਗਏ ਅਤੇ ਬਿਨਾਂ ਲਾਈਮਸਟੋਨ ਕੇਵ ਵੇਖਿਆਂ ਵਾਪਸ ਆ ਗਏ। ਅਸਲ ਵਿੱਚ ਅਸੀਂ ਸ਼ਾਮ ਨੂੰ ਗੁਰਦੁਆਰਾ 'ਦੀਵਾਨ ਸਿੰਘ ਕਾਲੇ ਪਾਣੀ' ਜਾਣਾ ਚਾਹੁੰਦੇ ਸੀ। ਇਹ ਹੋਟਲ ਤੋਂ ਜ਼ਿਆਦਾ ਦੂਰ ਨਹੀਂ ਸੀ। ਅਸੀਂ ਸ਼ਾਮ ਨੂੰ ਗੁਰਦੁਆਰੇ ਪਹੁੰਚ ਗਏ। ਉੱਪਰਲੀ ਮੰਜ਼ਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਅਸੀਂ ਹੇਠਾਂ ਜੋੜੇ ਲਾਹ ਕੇ ਉੱਪਰ ਚਲੇ ਗਏ। ਮੱਥਾ ਟੇਕ ਕੇ ਬੈਠ ਗਏ। ਪਾਠ ਚੱਲ ਰਿਹਾ ਸੀ। ਪੂਰੀ ਇਮਾਰਤ ਲੱਕੜ ਦੀ ਬਣੀ ਹੋਈ ਹੈ।ਵਿਚਕਾਰ ਕੋਈ ਸਪੋਰਟ ਦੇਣ ਤੋਂ ਬਗੈਰ। ਇਹ ਇਮਾਰਤ 1936 ਦੇ ਕਰੀਬ ਪੂਰੀ ਹੋਈ ਸੀ। ਇਸ ਤੋਂ ਪਹਿਲਾਂ ਇੱਕ ਗੁਰਦੁਆਰਾ ਮੌਜੂਦ ਸੀ, ਜੋ ਕਿ ਪੁਲਸ ਗੁਰਦੁਆਰਾ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ, ਪਰ ਉਸ ਵਿੱਚ ਆਮ ਕੈਦੀਆਂ, ਜੋ ਹੁਣ ਅਜ਼ਾਦ ਜੀਵਨ ਗੁਜ਼ਾਰ ਰਹੇ ਸਨ, ਨੂੰ ਜਾਣ ਦੀ ਮਨਾਹੀ ਸੀ। ਡਾਕਟਰ ਦੀਵਾਨ ਸਿੰਘ ਜੋ ਕਿ ਉੱਥੇ ਫ਼ੌਜ ਵਿੱਚ ਡਾਕਟਰ ਵਜੋਂ ਤਾਇਨਾਤ ਸਨ, ਨੇ ਕੈਦੀਆਂ ਅਤੇ ਹੋਰ ਲੋਕਾਂ ਦੀ ਮਦਦ ਨਾਲ ਇਹ ਗੁਰਦੁਆਰਾ ਬਣਵਾਇਆ। ਦੂਜੇ ਵਿਸ਼ਵ ਯੁੱਧ ਸਮੇਂ ਅੰਡੇਮਾਨ ਟਾਪੂਆਂ ਉੱਤੇ ਜਪਾਨੀਆਂ ਦਾ ਕਬਜ਼ਾ ਹੋ ਗਿਆ। ਉਹਨਾ ਡਾ. ਦੀਵਾਨ ਸਿੰਘ ਨੂੰ ਅੰਗਰੇਜ਼ਾਂ ਲਈ ਜਾਸੂਸੀ ਕਰਨ ਦਾ ਦੋਸ਼ ਲਾ ਕੇ ਭਾਰੀ ਤਸ਼ੱਦਦ ਤੋਂ ਬਾਅਦ ਸ਼ਹੀਦ ਕਰ ਦਿੱਤਾ । ਡਾ. ਦੀਵਾਨ ਸਿੰਘ ਪੰਜਾਬੀ ਦੇ ਪ੍ਰਸਿੱਧ ਕਵੀ ਵੀ ਸਨ। ਉਹਨਾਂ ਦੀ ਇੱਕ ਕਵਿਤਾ ਦੀਆਂ ਲਾਈਨਾਂ ਹਨ

ਮੈਂ ਪਟੇ ਬਿਨਾਂ ਕੁੱਤਾ
ਕੀ ਪਟਿਆਂ ਵਾਲੇ ਇਹ ਸਾਰੇ ਚੰਗੇ, ਬਿਨ ਪਟਿਆਂ ਇਹ ਸਾਰੇ ਮੰਦੇ
ਹੋਣ ਲਈ, ਥੀਨ ਲਈ, ਇਹ ਪਟੇ ਕੀ ਹੈਨ ਜ਼ਰੂਰੀ
ਕਦ ਟੁਟਸਣ ਇਹ ਪਟੇ, ਤੇ ਮੁਕਸਣ ਇਹ ਪਟਿਆਂ ਵਾਲੇ
ਤੇ ਜੀਵਸਾਂ ਮੈਂ ਭੀ ਪਟੇ ਬਿਨਾਂ ਇਹ ਕੁੱਤਾ, ਤੇ ਨਾਲੇ
ਭਰਾ ਮੇਰੇ ਸਾਰੇ

ਹੁਣ ਅੰਡੇਮਾਨ ਦੇ ਸਿੱਖ ਪਰਵਾਰ ਗੁਰਦੁਆਰੇ ਦੀ ਸੇਵਾ-ਸੰਭਾਲ ਕਰਦੇ ਹਨ। ਉਹਨਾ ਨੇ ਇਸ ਦਾ ਪੁਰਾਣਾ ਸਰੂਪ ਕਾਇਮ ਰੱਖਿਆ ਹੋਇਆ ਹੈ। ਕੁਝ ਦੇਰ ਬਾਅਦ ਹੇਠਾਂ ਆਏ ਤਾਂ ਸੇਵਾਦਾਰਾਂ ਵੱਲੋਂ ਸਾਨੂੰ ਚਾਹ ਛਕਾਈ ਗਈ ਅਤੇ ਉੱਥੋਂ ਦੇ ਸਮਾਜਿਕ ਜੀਵਨ ਬਾਰੇ ਵੀ ਗੱਲਬਾਤ ਕੀਤੀ।ਅਗਲੇ ਦਿਨ ਸਾਡੀ ਵਾਪਸੀ ਸੀ।ਹੋਟਲ ਵਾਲਿਆਂ ਨੇ ਟੈਕਸੀ ਦਾ ਪ੍ਰਬੰਧ ਕਰ ਦਿੱਤਾ ਸੀ। ਅਸੀਂ ਸਵੇਰ ਦਾ ਨਾਸ਼ਤਾ ਕਰਕੇ ਏਅਰ ਪੋਰਟ ਨੂੰ ਚੱਲ ਪਏ।ਕੰਵਲਜੀਤ ਨਾਲ ਦੁਬਾਰਾ ਮੁਲਾਕਾਤ ਦਾ ਸਬੱਬ ਨਹੀਂ ਬਣਿਆ।

ਮੋਬਾ. 89683-52349

